

# ਮੇਰੇ ਰੰਗ ਦੇ ਅੱਖਰ

ਖ਼ਾਲਿਦ ਹੁਸੈਨ

CC-0. Sohail Kazmi Collection

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

# ਮੇਰੇ ਰੰਗ ਦੇ ਅੱਖਰ

CC-0. Sohail Kazmi Collection, Jammu. Digitized by eGangotri

**ਏਸੇ ਕਲਮ ਤੋਂ:**

**ਪੰਜਾਬੀ ਕਹਾਣੀ ਸੰਗ੍ਰਹਿ:**

1. ਤੇ ਜਿਹਲਮ ਵਗਦਾ ਰਿਹਾ
2. ਗੋਰੀ ਫਸਲ ਦੇ ਸੌਦਾਗਰ
3. ਡੂੰਘੇ ਪਾਣੀਆਂ ਦਾ ਦੁੱਖ
4. ਬਲਦੀ ਬਰਫ਼ ਦਾ ਸੇਕ
5. ਇਸ਼ਕ ਮਲੰਗੀ (ਛਪਾਈ ਅਧੀਨ)
6. ਗੁਆਚੀ ਝਾਂਜਰ ਦੀ ਚੀਖ (ਨਾਵਲਿਟ)
7. ਨੂਰੀ ਰਿਸ਼ਮਾ (ਜ਼ੀਵਨੀ ਹਜ਼ਰਤ ਮੁਹੰਮਦ, ਬੱਚਿਆਂ ਲਈ)
8. ਮੇਰੇ ਰੰਗ ਦੇ ਅੱਖਰ (ਲੇਖ) (ਪ੍ਰੈੱਸ 'ਚ)

**ਸਵੈ ਜੀਵਨੀ :**

9. ਮਾਟੀ ਕੁਦਮ ਕਰੇਂਦੀ ਯਾਰ

**ਉਰਦੂ ਕਹਾਣੀ ਸੰਗ੍ਰਹਿ:**

9. ਠੰਡੀ ਕਾਂਗੜੀ ਕਾ ਧੂੰਆਂ
10. ਇਸ਼ਤਿਹਾਰੋਂ ਵਾਲੀ ਹਵੇਲੀ
11. ਸਤੀ ਸਰ ਕਾ ਸੂਰਜ

CC-0. Sohail Kazmi Collection, Jammu. Digitized by eGangotri

# ਮੇਰੇ ਰੰਗ ਦੇ ਅੱਖਰ

(ਲੇਖ)

ਖ਼ਾਲਿਦ ਹੁਸੈਨ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

CC-0. Sohail Kazmi Collection, Jammu. Digitized by eGangotri

# *Mere Rang De Akhar*

***Prose by***

**Khalid Hussain©**
Yasir Imran,
Near Government High School, Bathindi
JAMMU-181152 (J&K)
Mob: 098580-00099, 094191-83485
email: hussain.khalid47@gmail.com
website: www.khalidhussain.in

**Edited by: Kamaldeep Singh**

**ISBN : 978-93-82851-64-6**

**Rs. 300/-**

**2013**

*Printing and Bound In India*

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 95011-45039

Printer : R.K. Offset, Delhi

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

CC-0. Sohail Kazmi Collection, Jammu. Digitized by eGangotri

# ਸਮਰਪਣ

ਮਨਮੋਹਨ

ਡਾ ਰਵੇਲ ਸਿੰਘ

ਅਤੇ

ਸਤੀਸ਼ ਗੁਲਾਟੀ

ਦੇ

ਨਾਂ

CC-0. Sohail Kazmi Collection, Jammu. Digitized by eGangotri

# ਤਤਕਰਾ


- ਭੂਮਿਕਾ — *ਜਗਬੀਰ ਸਿੰਘ* — 7
- ਸੰਪਾਦਕੀ — *ਕਮਲਦੀਪ ਸਿੰਘ* — 13
- ਕਸ਼ਮੀਰ ਦੀ ਸੂਫ਼ੀ ਪਰੰਪਰਾ (ਲੱਲ ਮਾਂ ਤੇ ਨੁੰਦ ਰਿਸ਼ੀ) — 19
- ਜੰਮੂ-ਕਸ਼ਮੀਰ ਦੀ ਪੰਜਾਬੀ ਸ਼ਾਇਰੀ ਅਤੇ ਸੂਫ਼ੀ ਪਰੰਪਰਾ — 38
- ਲਹਿੰਦੇ ਪੰਜਾਬ ਦੀ ਪੰਜਾਬੀ ਵਾਰਤਕ — 48
- ਵੰਡੇ ਵਿਹੜੇ ਦੀ ਹੀਰ- ਅੰਮ੍ਰਿਤਾ ਪ੍ਰੀਤਮ — 69
- ਉਰਦੂ ਤੇ ਪੰਜਾਬੀ ਦਾ ਸਿਰਮੌਰ ਕਵੀ ਮੁਨੀਰ ਨਿਆਜ਼ੀ — 82
- ਕਲਮ ਕਬੀਲੇ ਦਾ ਪਾਂਧੀ- ਅਹਿਮਦ ਰਾਹੀ — 90
- ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ — 102
- ਟੈਗੋਰ ਦੀ ਗੀਤਾਂਜਲੀ- ਇੱਕ ਜਾਇਜ਼ਾ — 111
- ਸਾਂਝੀ ਰਹਿਤਲ ਦਾ ਪ੍ਰਤੀਕ- ਮੀਆਂ ਮੀਰ — 117
- ਜੰਮੂ ਕਸ਼ਮੀਰ ਦਾ ਪੰਜਾਬੀ ਸ਼ਾਇਰ- ਨਵਾਬ ਦੀਨ ਨਵਾਬ — 122
- ਬੇਨਾਮ ਨਸਲ ਦਾ ਸ਼ਾਇਰ- ਪ੍ਰਿਤਪਾਲ ਸਿੰਘ ਬੇਤਾਬ — 129
- ਯਾਸੀਨ ਬੇਗ਼ ਦੀ ਸ਼ਾਇਰੀ — 140
- ਸੁਰਜੀਤ ਸਖੀ ਦੀ ਸ਼ਾਇਰੀ ਦਾ ਅਵਲੋਕਣ — 151
- ਸੁਰਿੰਦਰ ਨੀਰ- ਇੱਕ ਜੀਵੰਤ ਕਹਾਣੀਕਾਰ — 161
- ਮਾਸੂਮ ਜਜ਼ਬਿਆਂ ਦਾ ਸ਼ਾਇਰ- ਬੀਬਾ ਬਲਵੰਤ — 167
- ਕਿੱਸੇ ਹੀਰ ਰਾਂਝੇ ਦੇ — 176
- ਮੌਲਵੀ ਗੁਲਾਮ ਰਸੂਲ ਆਲਮਪੁਰੀ ਦਾ ਕਿੱਸਾ ਯੂਸਫ਼ ਜ਼ੁਲੇਖ਼ਾ — 187
- ਦੁੱਖਾਂ ਦੀ ਰੋਟੀ ਖਾਣ ਵਾਲਾ ਵਿੱਦਿਆ ਰਤਨ ਆਸੀ — 205
- ਪੰਜਾਬੀ ਸੂਫ਼ੀ ਸ਼ਾਇਰੀ ਉਤੇ ਭਗਤੀ ਲਹਿਰ ਦਾ ਪ੍ਰਭਾਵ — 216


CC-0. Sohail Kazmi Collection, Jammu. Digitized by eGangotri

# ਭੂਮਿਕਾ

ਖ਼ਾਲਿਦ ਹੁਸੈਨ ਪੰਜਾਬੀ ਦੇ ਉੱਘੇ ਅਤੇ ਸੂਝਵਾਨ ਸਮਕਾਲੀ ਲੇਖਕਾਂ ਵਿੱਚੋਂ ਹੈ। ਜੰਮੂ-ਕਸ਼ਮੀਰ ਨਾਲ ਸੰਬੰਧਿਤ, ਇਸ ਬਹੁ-ਪੱਖੀ ਪ੍ਰਤਿਭਾ ਵਾਲੇ ਲੇਖਕ ਨੇ ਨਵੇਕਲੀ ਸ਼ੈਲੀ ਵਾਲੀਆਂ ਕਹਾਣੀਆਂ ਵੀ ਲਿਖੀਆਂ ਹਨ ਅਤੇ ਖੋਜ-ਭਰਪੂਰ ਲੇਖ ਵੀ। ਉਸਦੀ ਸਿਰਜਣਾ ਦੇ ਇਹ ਦੋਵੇਂ ਖੇਤਰ ਮਹੱਤਵਪੂਰਣ ਹਨ। ਹਥਲੀ ਪੁਸਤਕ **ਮੇਰੇ ਰੰਗ ਦੇ ਅੱਖਰ** ਖ਼ਾਲਿਦ ਹੁਸੈਨ ਦੇ ਆਲੋਚਨਾਤਮਕ ਲੇਖਾਂ ਦਾ ਸੰਗ੍ਰਹਿ ਹੈ। ਇਨ੍ਹਾਂ ਲੇਖਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਉਸਦੀਆਂ ਕਹਾਣੀਆਂ ਬਾਰੇ ਚਰਚਾ ਕਰਨੀ ਉਚਿਤ ਹੈ ਜੋ ਉਸਦੀ ਸਮੁੱਚੀ ਸ਼ਖ਼ਸੀਅਤ ਦੀ ਨੁਮਾਇੰਦਗੀ ਕਰਦੀਆਂ ਹਨ। ਕਾਰਣ ਇਹ ਹੈ ਕਿ ਖ਼ਾਲਿਦ ਦੇ ਕਥਾ-ਸੰਸਾਰ ਦੀਆਂ ਤੰਦਾਂ ਕਿਸੇ ਨਾ ਕਿਸੇ ਰੂਪ ਵਿੱਚ ਉਸਦੇ ਲੇਖਾਂ ਨਾਲ ਜਾ ਜੁੜਦੀਆਂ ਹਨ। ਉਸਦੀ ਰਚਨਾ ਦੇ ਇਨ੍ਹਾਂ ਦੋਹਾਂ ਖੇਤਰਾਂ ਵਿੱਚ ਜੰਮੂ-ਕਸ਼ਮੀਰ ਦੇ ਸੰਕਟ ਅਤੇ ਸੰਤਾਪ ਦੀ ਗੱਲ ਉੱਘੜਵੇਂ ਰੂਪ ਵਿੱਚ ਸਾਮ੍ਹਣੇ ਆਉਂਦੀ ਹੈ ਅਤੇ ਨਾਲ ਹੀ ਇਨਸਾਨ-ਦੋਸਤੀ ਦਾ ਸੰਦੇਸ਼ ਦੇਣ ਵਾਲੇ ਉਸ ਕਦੀਮੀ ਵਿਰਸੇ ਦੀ ਤਲਾਸ਼ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਕਸ਼ਮੀਰ ਦੀ ਪੁਰਾਤਨ ਗਿਆਨ ਪਰੰਪਰਾ (ਰਿਸ਼ੀ ਪਰੰਪਰਾ ਜਾਂ ਸੂਫ਼ੀਆਨਾ ਰਵਾਇਤ) ਨਾਲ ਜੁੜੀ ਹੋਈ ਹੈ।

ਇਸ ਲਈ ਸੱਭ ਤੋਂ ਪਹਿਲਾਂ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦੀ ਗੱਲ। ਮਹੱਤਵਪੂਰਣ ਗੱਲ ਇਹ ਹੈ ਕਿ ਇਸ ਲੇਖਕ ਨੇ ਆਪਣੀ ਕਥਾ-ਸਿਰਜਣਾ ਰਾਹੀਂ ਅਜੋਕੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਵੇਕਲੀ ਪਛਾਣ ਬਣਾਉਣ ਦਾ ਉਪਰਾਲਾ ਕੀਤਾ ਹੈ। ਜੰਮੂ ਕਸ਼ਮੀਰ ਦੇ ਹੋਰਨਾਂ ਪ੍ਰਮੁੱਖ ਕਹਾਣੀਕਾਰਾਂ ਵਾਂਗ ਉਸ ਨੇ ਵੀ ਸੁਭਾਵਕ ਹੀ ਆਪਣੇ ਆਲੇ ਦੁਆਲੇ ਦੇ ਜੀਵਨ ਅਤੇ ਯਥਾਰਥ ਨਾਲ ਸਿਰਜਣਾ ਦਾ ਸਰੋਕਾਰ ਜੋੜਿਆ ਹੈ। ਇਹੀ ਕਾਰਣ ਹੈ ਕਿ ਉਸਦੀਆਂ ਕਹਾਣੀਆਂ ਵਿੱਚ ਇਕ ਵਿਸ਼ੇਸ਼ ਭਾਂਤ ਦੀ ਆਂਚਲਿਕ ਰੰਗਤ ਦਿਖਾਈ ਦਿੰਦੀ ਹੈ।

ਖ਼ਾਲਿਦ ਹੁਸੈਨ ਦੇ ਹੁਣ ਤਕ ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ – 'ਤੇ ਜਿਹਲਮ ਵਗਦਾ ਰਿਹਾ', 'ਗੋਰੀ ਫਸਲ ਦੇ ਸੌਦਾਗਰ', 'ਡੂੰਘੇ ਪਾਣੀਆਂ ਦਾ ਦੁੱਖ' ਅਤੇ 'ਬਲਦੀ ਬਰਫ਼ ਦਾ ਸੇਕ'। ਇਨ੍ਹਾਂ ਕਹਾਣੀਆਂ ਦੀ ਵਿਲੱਖਣਤਾ ਇਹ ਹੈ ਕਿ ਇਨ੍ਹਾਂ ਵਿਚ ਜੰਮੂ-ਕਸ਼ਮੀਰ ਦਾ ਕੁਦਰਤੀ ਵਾਤਾਵਰਣ, ਇਸਦਾ ਬਹੁ-ਭਾਸ਼ਾਈ, ਅਤੇ ਬਹੁ-ਸਭਿਆਚਾਰਕ ਮਾਹੌਲ, ਇਸਦੀ ਸਾਮਾਜਿਕ ਆਰਥਕ ਬਣਤਰ,


CC-0. Sohail Kazmi Collection, Jammu. Digitized by eGangotri

ਇਸਦੀਆਂ ਸਰਬ-ਸਾਂਝੀਆਂ ਲੋਕਧਾਰਾਈ ਰਵਾਇਤਾਂ ਅਤੇ ਇਸਦੀ ਸੰਕਟ ਵਿਚ ਘਿਰੀ ਹੋਈ ਅਜੋਕੀ ਸਥਿਤੀ ਉੱਘੜਵੇਂ ਰੂਪ ਵਿਚ ਮੂਰਤੀਮਾਨ ਹੁੰਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਕਹਾਣੀਆਂ ਵਿਚ ਸਥਾਨਕ ਮੁਸਲਿਮ ਭਾਈਚਾਰੇ ਦੀਆਂ ਧਾਰਮਿਕ ਰਹੁ-ਰੀਤਾਂ ਅਤੇ ਵਿਸ਼ਵਾਸ਼-ਪਰੰਪਰਾਵਾਂ ਨੂੰ ਵੀ ਪਿਛੋਕੜ ਵਿਚ ਰੱਖਿਆ ਗਿਆ ਹੈ ਜੋ ਇਨ੍ਹਾਂ ਦੇ ਆਂਚਲਿਕ ਕਿਰਦਾਰ ਨੂੰ ਹੋਰ ਵਧੇਰੇ ਉਘਾੜਨ ਦਾ ਵਸੀਲਾ ਬਣਦੀਆਂ ਹਨ। ਖ਼ੁਦ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਹੋਣ ਸਦਕਾ ਖ਼ਾਲਿਦ ਹੁਸੈਨ ਇਸ ਪੱਖ ਨੂੰ ਵਧੇਰੇ ਨੀਝ ਅਤੇ ਪ੍ਰਮਾਣਿਕਤਾ ਨਾਲ ਚਿਤਰਦਾ ਹੈ।

ਖ਼ਾਲਿਦ ਹੁਸੈਨ ਦੀ ਖ਼ੂਬੀ ਇਹ ਹੈ ਕਿ ਉਹ ਸਿਰਫ਼ ਕਹਾਣੀ-ਰਸ ਲਈ ਕਹਾਣੀ ਦੀ ਰਚਨਾ ਨਹੀਂ ਕਰਦਾ ਸਗੋਂ ਜੀਵਨ ਅਤੇ ਯਥਾਰਥ ਦਾ ਵਿਸ਼ਲੇਸ਼ਣ ਕਰਨ ਵਾਲੇ ਸਾਰਥਕ ਬਿਰਤਾਂਤ ਦੀ ਉਸਾਰੀ ਕਰਦਾ ਹੈ। ਉਸਦਾ ਮੂਲ ਪ੍ਰੇਰਣਾ ਸਰੋਤ ਉਸਦੀ ਆਪਣੀ ਹੱਡ-ਵਰਤੀ ਜਾਂ ਉਸਦਾ ਆਪਣਾ ਅਨੁਭਵ ਅਤੇ ਗਿਆਨ ਹੈ ਜੋ ਉਸਨੇ ਜੀਵਨ ਦੀਆਂ ਦੁਸ਼ਵਾਰੀਆਂ ਵਿਚੋਂ ਲੰਘਦਿਆਂ ਹੋਇਆਂ ਹਾਸਿਲ ਕੀਤਾ ਹੈ। ਇਹ ਹੱਡ-ਵਰਤੀ ਉਸਦੇ ਮਨ ਅੰਦਰ ਇਨਸਾਨ-ਦੋਸਤੀ ਦੀ ਅਜਿਹੀ ਜੋਤ ਜਗਾ ਦਿੰਦੀ ਹੈ। ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਦੀ ਇਕ ਹੋਰ ਵਿਸ਼ੇਸ਼ਤਾ ਵਿਸ਼ੈਗਤ ਸਰੋਕਾਰਾਂ ਦੀ

ਵੰਨ-ਸੁਵੰਨਤਾ ਹੈ। ਉਹ ਆਪਣੀ ਕਥਾਕਾਰੀ ਰਾਹੀਂ ਇਨਸਾਨੀ ਵਜੂਦ ਦੇ ਅਨੇਕਾਂ ਪੱਖਾਂ ਅਤੇ ਪਹਿਲੂਆਂ ਨੂੰ ਸੰਬੋਧਿਤ ਹੁੰਦਾ ਹੈ। ਇਨ੍ਹਾਂ ਵਿਚ ਵਿਅਕਤੀਗਤ ਪੀੜਾ ਵੀ ਹੈ ਅਤੇ ਲੋਕਾਈ ਦਾ ਦੁੱਖ-ਦਰਦ ਵੀ। ਖ਼ਾਲਿਦ ਹੁਸੈਨ ਜੰਮੂ ਕਸ਼ਮੀਰ ਦੀ ਆਮ ਲੋਕਾਈ ਦੇ ਸੰਕਟ ਅਤੇ ਸੰਤਾਪ ਨੂੰ ਜ਼ੁਬਾਨ ਦਿੰਦਾ ਹੈ। ਉਹ ਦਹਿਸ਼ਤ ਅਤੇ ਦਮਨ ਦੀ ਅੱਗ ਸੇਕਣ ਵਾਲੇ ਅਵਾਮ ਦੇ ਅਵਚੇਤਨ ਵਿਚ ਲੁਕੇ ਇਨਸਾਨ-ਦੋਸਤੀ ਅਤੇ ਅਮਨ ਦੇ ਸਦੀਵੀ ਸੁਪਨੇ ਦੀ ਬਾਤ ਪਾਉਂਦਾ ਹੈ।

ਮਿਸਾਲ ਵਜੋਂ 'ਬਰਫ਼ ਦੀ ਅੱਗ ਦਾ ਸੇਕ' ਕਹਾਣੀ ਦਾ ਮੁੱਖ-ਪਾਤਰ 14ਵੀਂ ਸਦੀ ਦਾ ਪ੍ਰਸਿੱਧ ਸੂਫ਼ੀ ਸ਼ਾਇਰ ਤੇ ਫ਼ਕੀਰ ਸ਼ੇਖ਼ ਨੂਰ-ਉ-ਦੀਨ ਵਲੀ ਹੈ ਜਿਸਨੂੰ ਨੁੰਦ ਰਿਸ਼ੀ ਵੀ ਆਖਿਆ ਜਾਂਦਾ ਹੈ। ਇਸੇ ਤਰ੍ਹਾਂ ਹੀ ਇਸ ਵਿਚ ਇੱਥੋਂ ਦੀ ਇਕ ਹੋਰ ਮਸ਼ਹੂਰ ਸੂਫ਼ੀ ਸ਼ਾਇਰਾ ਲੱਲ ਦੈੱਦ ਜਾਂ ਲਲੇਸ਼ਵਰੀ ਦੇਵੀ ਦਾ ਹਵਾਲਾ ਵੀ ਮਿਲਦਾ ਹੈ। ਲੇਖਕ ਨੇ ਕਸ਼ਮੀਰ ਨਾਲ ਸੰਬੰਧਿਤ ਇਨ੍ਹਾਂ ਇਤਿਹਾਸਕ ਅਤੇ ਮਿਥਿਹਾਸਕ ਬਿੰਬਾਂ ਨੂੰ ਵਰਤਮਾਨ ਵਿਚ ਪੁਨਰ-ਸਿਰਜਿਤ ਕਰਦਿਆਂ ਅਜੋਕੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਇਸ ਕਹਾਣੀ ਦਾ ਬਿਆਨੀਆ ਕਲਾਮ ਜੰਮੂ ਅਤੇ ਕਸ਼ਮੀਰ ਦੇ ਪੁਰ-ਅਮਨ ਮਾਹੌਲ ਵਿਚ ਫ਼ਿਰਕੂ ਨਫ਼ਰਤ ਦੀ ਜ਼ਹਿਰ ਘੋਲਣ ਵਾਲੀਆਂ ਦਾਨਵੀ ਤਾਕਤਾਂ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਨਾਲ ਦਹਿਸ਼ਤ ਅਤੇ ਦਮਨ ਦੇ ਪਿਛੋਕੜ ਵਿਚ ਕੰਮ ਕਰ ਰਹੀ ਸੌੜੀ ਸਿਆਸਤ ਨੂੰ ਵੀ


CC-0. Sohail Kazmi Collection, Jammu. Digitized by eGangotri

ਉਘਾੜਦਾ ਹੈ। ਉਹ ਮਿੱਥ ਅਤੇ ਇਤਿਹਾਸ ਦੇ ਹਵਾਲੇ ਨਾਲ ਕਸ਼ਮੀਰੀ ਅਵਾਮ ਦੇ ਲਾਸ਼ਊਰ ਵਿਚ ਵਸੇ ਹੋਏ ਸਾਂਝ ਅਤੇ ਰਵਾਦਾਰੀ ਦੇ ਇਨ੍ਹਾਂ ਬਿੰਬਾਂ ਨੂੰ ਨਵੇਂ ਸਿਰਿਓਂ ਜਗਾਉਣਾ ਲੋਚਦਾ ਹੈ।

ਹਥਲੀ ਪੁਸਤਕ **'ਮੇਰੇ ਰੰਗ ਦੇ ਅੱਖਰ'** ਦਾ ਪਹਿਲਾ ਲੇਖ - ਕਸ਼ਮੀਰ ਦੀ ਰਿਸ਼ੀ ਪਰੰਪਰਾ - ਇਸੇ ਕਿਸਮ ਦੇ ਮਾਹੌਲ ਨੂੰ ਉਸਾਰਦਾ ਹੈ। ਇਹ ਲੇਖ ਕਸ਼ਮੀਰ ਦੀ ਧਰਤੀ ਦੇ ਕਦੀਮੀ ਇਤਿਹਾਸ ਉੱਤੇ ਨਜ਼ਰ ਮਾਰਦਾ ਹੋਇਆ ਇੱਥੋਂ ਦੀਆਂ ਦੋ ਅਜਿਹੀਆਂ ਨਾਮਵਰ ਹਸਤੀਆਂ ਦੀ ਬਾਤ ਪਾਉਂਦਾ ਹੈ ਜਿਨ੍ਹਾਂ ਨੇ ਕਸ਼ਮੀਰ ਦੇ ਸਰਬ-ਸਾਂਝੇ ਸਭਿਆਚਾਰ ਦੀ ਬੁਨਿਆਦ ਰੱਖੀ। ਇਹ ਹਨ - ਲੱਲ ਮਾਂ ਅਤੇ ਨੁੰਦ ਰਿਸ਼ੀ। ਲੇਖ ਦੀਆਂ ਇਹ ਪੰਗਤੀਆਂ ਦੇਖਣਯੋਗ ਹਨ -

"ਕਸ਼ਮੀਰ ਦੀ ਧਰਤੀ ਮੁੱਢ-ਕਦੀਮ ਤੋਂ ਹੀ ਰਿਸ਼ੀ-ਮੁਨੀਆਂ ਤੇ ਸੂਫ਼ੀ-ਸੰਤਾਂ ਦਾ ਮਸਕਨ ਰਹੀ ਹੈ। ਰਿਸ਼ੀਆਂ ਤੇ ਸੰਤਾਂ ਨੇ ਆਪਣੀਆਂ ਆਂਤਰਿਕ ਕਲਪਨਾਵਾਂ ਰਾਹੀਂ ਕਸ਼ਮੀਰ ਨੂੰ ਸਜਾਇਆ ਤੇ ਸੰਵਾਰਿਆ। ਇੱਥੇ ਜਿੰਨੇ ਵੀ ਰਿਸ਼ੀ ਮੁਨੀਆਂ ਨੇ ਜਨਮ ਲਿਆ, ਉਹਨਾਂ ਨੇ ਆਪਣੇ ਆਤਮ-ਪ੍ਰਕਾਸ਼ ਤੇ ਅਧਿਆਤਮਕ ਗਿਆਨ ਨਾਲ ਆਤਮਾ ਦੇ ਗਹਿਰੇ ਤੇ ਗੁੱਝੇ ਭੇਤਾਂ ਜ਼ਾਹਰ ਕੀਤਾ। ਇਸ ਸੁਰਗਮਈ (ਜੰਨਤ ਵਰਗੀ) ਘਾਟੀ ਦਾ ਨਾਮ ਵੀ ਇਕ ਰਿਸ਼ੀ ਨਾਲ ਮੰਸ਼ਜ ਹੈ, ਜਿਸਨੂੰ ਕਸ਼ਯਪ ਰਿਸ਼ੀ ਕਹਿੰਦੇ ਸਨ। ਕਸ਼ਮੀਰ ਦਾ ਪੁਰਾਣਾ ਨਾਂ 'ਸਤੀਸਰ' ਸੀ। ਕਹਿੰਦੇ ਨੇ ਕਿ ਇਹ ਘਾਟੀ ਪਾਣੀ ਦੀ ਇਕ ਵੱਡੀ ਝੀਲ ਸੀ। ਉਸ ਝੀਲ ਦਾ ਪਾਣੀ ਕਸ਼ਯਪ ਰਿਸ਼ੀ ਨੇ ਖਾਦਨਯਾਰ ਦੀ ਪਹਾੜੀ ਨੂੰ ਕੱਟ ਕੇ ਬਾਹਰ ਕੱਢਿਆ ਤੇ ਲੋਕਾਈ ਨੂੰ ਇੱਥੇ ਵਸਾਇਆ। ਇਸਦਾ ਨਾਂ ਕਸ਼ਪ ਮੀਰ ਜਾਂ ਕਸ਼ਪ ਪੀਰ ਰੱਖਿਆ ਗਿਆ ਜੋ ਹੌਲ਼ੀ ਹੌਲ਼ੀ ਬਦਲਦਾ ਬਦਲਦਾ ਕਸ਼ਮੀਰ ਬਣ ਗਿਆ। ਪ੍ਰਾਚੀਨ ਕਾਲ ਵਿੱਚ ਕਸ਼ਮੀਰ ਸ਼ਿਵ ਭਗਤੀ ਦਾ ਇਕ ਵੱਡਾ ਕੇਂਦਰ ਸੀ, ਪਰ ਕਸ਼ਮੀਰ ਵਿੱਚ ਧਰਮ ਨੇ ਸਮੇਂ-ਸਮੇਂ ਕਈ ਰੰਗ ਬਦਲੇ। ਕਦੇ ਅਸੀਂ ਵੈਦਿਕ ਧਰਮ ਨੂੰ ਮੰਨਣ ਵਾਲੇ ਸੀ ਤੇ ਕਦੇ ਬੁੱਧ ਧਰਮ ਨੂੰ। ਮਗਰੋਂ ਅਸੀਂ ਹਿੰਦੂ ਧਰਮ ਦਾ ਚੋਲਾ ਪਾਇਆ ਤੇ ਅਖ਼ੀਰ ਇਸਲਾਮ ਦੀ ਚਾਦਰ ਨੂੰ ਆਦਰ ਦਿੱਤਾ ਤੇ ਇਸਦੀਆਂ ਨੂਰੀ ਰਿਸ਼ਮਾਂ ਨਾਲ ਆਪਣੀ ਹਯਾਤੀ ਨੂੰ ਰੌਸ਼ਨ ਬਣਾਇਆ।"

ਇਸ ਲ਼ੇਖ ਦਾ ਮਹੱਤਵਪੂਰਣ ਪੱਖ ਇਹ ਹੈ ਕਿ ਇਸ ਵਿੱਚ ਇੱਥੋਂ ਦੀਆਂ ਦੋ ਮਹਾਨ ਹਸਤੀਆਂ - ਲੱਲੇਸ਼ਵਰੀ ਜਾਂ ਲੱਲ ਮਾਂ ਅਤੇ ਨੁੰਦ ਰਿਸ਼ੀ ਜਾਂ ਸ਼ੇਖ਼ ਨੂਰਦੀਨ ਵਲੀ - ਦੇ ਜੀਵਨ ਦਾ ਅਜਿਹਾ ਖੋਜਮਈ ਬਿਰਤਾਂਤ ਪੇਸ਼ ਕੀਤਾ ਗਿਆ ਹੈ ਜੋ ਕਸ਼ਮੀਰ ਦੇ ਸਰਬ-ਸਾਂਝੇ ਸਭਿਆਚਾਰ ਦੀ ਦੱਸ ਪਾਉਂਦਾ ਹੈ। ਇਨ੍ਹਾਂ ਦੋਹਾਂ ਹਸਤੀਆਂ ਦੀ ਰੂਹਾਨੀ ਸ਼ਖ਼ਸੀਅਤ ਵਿੱਚ ਸਰਬ-ਸਾਂਝ ਦੀਆਂ ਤੰਦਾਂ ਇਕ ਦੂਸਰੇ ਵਿੱਚ ਇਸ ਤਰ੍ਹਾਂ ਰਲਗੱਡ ਹਨ ਕਿ ਇਨ੍ਹਾਂ ਨੂੰ ਇਕ ਦੂਸਰੇ ਨਾਲੋਂ ਨਿਖੇੜਨਾ ਮੁਸ਼ਕਿਲ ਹੈ। ਲੇਖਕ ਨੇ ਇਨ੍ਹਾਂ ਦੇ ਰੂਹਾਨੀ ਕਲਾਮ (ਵਾਖ) ਦੀਆਂ ਵੰਨਗੀਆਂ ਵੀ ਦਿੱਤੀਆਂ ਹਨ ਜੋ



CC-0. Sohail Kazmi Collection, Jammu. Digitized by eGangotri

ਇਸ ਲੇਖ ਦੀ ਗਿਆਨਮੂਲਕ ਸਾਰਥਕਤਾ ਦਾ ਆਧਾਰ ਹਨ। ਮਿਸਾਲ ਵਜੋਂ ਲੱਲੇਸ਼ਵਰੀ ਦੇ ਕਲਾਮ ਦੀਆਂ ਕੁਝ ਵੰਨਗੀਆਂ ਪੇਸ਼ ਹਨ –

ਸ਼ਿਵ ਤੈਨੂੰ ਟਿਕ-ਟਿਕ ਵੇਖ ਰਿਹਾ ਏ
ਮੂਰਖ ਤੂੰ ਕਿਉਂ ਹਿੰਦੂ ਤੇ ਮੁਸਲਮਾਨ 'ਚ
ਫਰਕ ਕਰਦਾ ਏਂ
ਤੈਨੂੰ ਆਪਣੇ ਆਪ ਦੀ ਸੁੱਧ ਨਹੀਂ ਹੈ
ਜੇ ਮੁਕਤੀ ਚਾਹੁੰਦਾ ਏਂ ਤਾਂ
ਮਨੁੱਖ ਨੂੰ ਵੰਡਣ ਦੀ ਥਾਂ ਆਪਣੇ ਆਪ ਨੂੰ ਪਛਾਣ।
. . .
ਜੇ ਤੂੰ ਅਕਲਮੰਦ ਏਂ
ਤਾਂ ਬਾਹਰ ਤੋਂ ਅੰਦਰ ਪ੍ਰਵੇਸ਼ ਕਰ
ਇਸੇ ਗੱਲ ਨੇ ਲੱਲ ਦੀ ਕਾਯਾ ਕਲਪ ਕਰ ਦਿੱਤੀ
ਤੇ ਉਹ ਮਸਤੀ ਵਿੱਚ ਨੱਚਣ ਲੱਗੀ।

ਲੱਲੇਸ਼ਵਰੀ ਦੇ ਇਹ ਵਾਖ ਅਸਲ ਵਿੱਚ ਭਾਰਤੀ ਸਾਹਿਤ ਦੀ ਉਸ ਅਮੀਰ ਪਰੰਪਰਾ ਦਾ ਅੰਗ ਹਨ ਜਿਸਨੂੰ ਵਚਨ-ਪਰੰਪਰਾ ਜਾਂ ਬਚਨ-ਪਰੰਪਰਾ ਆਖਿਆ ਜਾਂਦਾ ਹੈ। ਇਨ੍ਹਾਂ ਵਾਖਾਂ ਵਿੱਚ ਸ਼ੈਵ-ਮਤ ਅਤੇ ਸੂਫ਼ੀ ਵਿਚਾਰਧਾਰਾ ਦਾ ਅਨੋਖਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਕਸ਼ਮੀਰ ਦੀ ਉਦਾਰ ਰੂਹਾਨੀ ਪਰੰਪਰਾ ਦਾ ਪ੍ਰਮਾਣ ਹੈ। ਇਸੇ ਤਰ੍ਹਾਂ ਦੀ ਵਿਸ਼ੇਸ਼ਤਾ ਨੁੰਦ ਰਿਸ਼ੀ ਦੇ ਕਲਾਮ ਵਿੱਚ ਦਿਖਾਈ ਦਿੰਦੀ ਹੈ। ਉਦਾਹਰਣ ਵਜੋਂ ਕੁਝ ਪੰਗਤੀਆਂ ਪੇਸ਼ ਹਨ –

ਅਸੀਂ ਇਕੋ ਮਾਂ ਬਾਪ ਦੀ ਔਲਾਦ ਹਾਂ
ਫਿਰ ਇਹ ਵੱਖਵਾਦ ਅਤੇ ਫ਼ਰਕ ਕਿਉਂ
ਅਸੀਂ ਕਿਉਂ ਮਿਲ ਕੇ ਰੱਬ ਦੀ ਪੂਜਾ ਨਹੀਂ ਕਰਦੇ
ਅਸੀਂ ਦੁਨੀਆਂ ਵਿੱਚ ਸੰਗੀ-ਸਾਥੀ ਬਣ ਕੇ ਆਏ ਹਾਂ
ਸਾਨੂੰ ਆਪਣੀਆਂ ਖ਼ੁਸ਼ੀਆਂ ਤੇ ਦੁੱਖ
ਮਿਲ ਕੇ ਸਾਂਝੇ ਕਰਨੇ ਚਾਹੀਦੇ ਹਨ।

ਕੁਝ ਇਸੇ ਤਰ੍ਹਾਂ ਦੀ ਸਰਬ-ਸਾਂਝ ਦਾ ਜ਼ਿਕਰ ਖ਼ਾਲਿਦ ਹੁਸੈਨ ਦੇ ਅਗਲੇ ਲੇਖ 'ਜੰਮੂ-ਕਸ਼ਮੀਰ ਦੀ ਪੰਜਾਬੀ ਸੂਫ਼ੀ ਸ਼ਾਇਰੀ' ਵਿੱਚ ਹੋਇਆ ਹੈ। ਇਸ ਲੇਖ ਵਿੱਚ ਖ਼ਾਸ ਤੌਰ ਤੇ ਮੀਆਂ ਮੁਹੰਮਦ ਬਖ਼ਸ਼ ਦੇ ਜੀਵਨ ਅਤੇ ਉਸਦੀ ਸ਼ਾਹਕਾਰ ਰਚਨਾ 'ਸੈਫ਼ਲ-ਉਲ-ਮਲੂਕ' ਦਾ ਖੋਜ-ਭਰਪੂਰ ਵਰਣਨ ਬਹੁਤ ਮੁੱਲਵਾਨ ਅਤੇ ਸਾਰਥਕ ਹੈ। ਇਸ ਰਚਨਾ ਦੇ ਅਨੇਕਾਂ ਸ਼ਿਅਰ ਅੱਜ ਵੀ ਪੰਜਾਬੀਆਂ ਦੀ ਜ਼ੁਬਾਨ ਉੱਤੇ ਚੜ੍ਹੇ ਹੋਏ ਹਨ –


CC-0. Sohail Kazmi Collection, Jammu. Digitized by eGangotri

ਦੁਸ਼ਮਨ ਮਰੇ ਤੇ ਖ਼ੁਸ਼ੀ ਨਾ ਕਰੀਏ ਸੱਜਣਾਂ ਵੀ ਮਰ ਜਾਣਾ
ਦੀਗਰ ਤੇ ਦਿਨ ਹੋਇਆ ਮੁਹੰਮਦ ਓੜਕ ਨੂੰ ਤੁਰ ਜਾਣਾ।

ਜਿਸ ਵਿੱਚ ਗੁੱਝੀ ਰਮਜ਼ ਨਾ ਹੋਵੇ ਦਰਦਮੰਦਾਂ ਦੇ ਹਾਲੋਂ
ਬਿਹਤਰ ਚੁੱਪ ਮੁਹੰਮਦ ਬਖ਼ਸ਼ਾ ਸੁਖ਼ਣ ਅਜਿਹੇ ਨਾਲੋਂ।

ਇਸ ਤਰ੍ਹਾਂ ਇਹ ਲੇਖ ਕਸ਼ਮੀਰ ਦੀ ਪੰਜਾਬੀ ਸੂਫ਼ੀ ਪਰੰਪਰਾ ਨਾਲ ਭਰਵੀਂ ਜਾਣ-ਪਛਾਣ ਕਰਾਉਂਦਾ ਹੈ। ਇਸੇ ਤਰ੍ਹਾਂ ਪੁਸਤਕ ਦਾ ਅਗਲਾ ਲੇਖ 'ਲਹਿੰਦੇ ਪੰਜਾਬ ਦੀ ਪੰਜਾਬੀ ਵਾਰਤਕ' ਵੀ ਬਹੁਤ ਵਾਕਫ਼ੀ ਭਰਪੂਰ ਹੈ। ਇਸ ਵਿੱਚ ਲੇਖਕ ਨੇ ਮੁੱਖ ਤੌਰ 'ਤੇ ਲਹਿੰਦੇ ਪੰਜਾਬ ਦੀਆਂ ਕਹਾਣੀਆਂ ਅਤੇ ਨਾਵਲਾਂ ਦਾ ਜ਼ਿਕਰ ਕੀਤਾ ਹੈ। ਇਸ ਵਿੱਚ ਉਸ ਨੇ ਬੜੀ ਮਿਹਨਤ ਨਾਲ ਪਾਕਿਸਤਾਨੀ ਪੰਜਾਬ ਦੀ ਇਸ ਸਾਹਿਤਕ ਵਿਰਾਸਤ ਨਾਲ ਸਾਡੀ ਜਾਣ-ਪਛਾਣ ਕਰਾਈ ਹੈ।

ਇਸ ਪੁਸਤਕ ਵਿੱਚ ਸਮਕਾਲੀ ਮਸਲਿਆਂ ਅਤੇ ਸਾਹਿਤਕ ਵਿਸ਼ਿਆਂ ਬਾਰੇ ਹੋਰ ਵੀ ਕਈ ਮਹੱਤਵਪੂਰਣ ਲੇਖ ਸ਼ਾਮਿਲ ਕੀਤੇ ਗਏ ਹਨ ਜੋ ਖ਼ਾਲਿਦ ਹੁਸੈਨ ਦੀ ਖੋਜੀ ਤਬੀਅਤ ਅਤੇ ਗੰਭੀਰ ਅਧਿਐਨ ਕਰਨ ਦੀ ਬਿਰਤੀ ਦਾ ਪ੍ਰਗਟਾਵਾ ਹਨ। ਇਨ੍ਹਾਂ ਵਿੱਚੋਂ ਕੁਝ ਅਹਿਮ ਲੇਖ ਹਨ – **ਵੱਡੇ ਵਿਹੜੇ ਦੀ ਹੀਰ- ਅਮ੍ਰਿਤਾ ਪ੍ਰੀਤਮ, ਕਲਮ ਕਬੀਲੇ ਦਾ ਪਾਂਧੀ ਅਹਿਮਦ ਰਾਹੀ, ਸਾਂਝੀ ਰਹਿਤਲ ਦਾ ਪ੍ਰਤੀਕ- ਮੀਆਂ ਮੀਰ, ਮਾਸੂਮ ਜਜ਼ਬਿਆਂ ਦਾ ਸ਼ਾਇਰ ਬੀਬਾ ਬਲਵੰਤ, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦਾ ਕਿੱਸਾ ਯੂਸਫ਼ ਜ਼ੁਲੈਖਾ ਅਤੇ ਸੂਫ਼ੀ ਸ਼ਾਇਰੀ ਉੱਤੇ ਭਗਤੀ ਲਹਿਰ ਦਾ ਪ੍ਰਭਾਵ।** ਖਾਲਿਦ ਹੁਸੈਨ ਇਕ ਸਿਰਜਣਾਤਮਕ ਲੇਖਕ ਹੈ। ਉਸ ਕੋਲੋਂ ਕਿਸੇ ਕਿਸਮ ਦੇ ਕਸਬੀ ਆਲੋਚਕ ਜਾਂ ਅਕਾਦਮਿਕ ਚਿੰਤਕ ਦੀ ਆਸ ਨਹੀਂ ਰੱਖੀ ਜਾ ਸਕਦੀ। ਉਹ ਤਾਂ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਵਿਚਕਾਰ ਸਦਭਾਵਨਾ ਅਤੇ ਇਨਸਾਨ-ਦੋਸਤੀ ਦਾ ਸ਼ੈਦਾਈ ਹੈ। ਇਨ੍ਹਾਂ ਲੇਖਾਂ ਨੂੰ ਇਸੇ ਰੰਗ ਵਿੱਚ ਲਿਖਿਆ ਗਿਆ ਹੈ। ਸਚਮੁਚ ਹੀ ਇਹ ਲੇਖ ਖ਼ਾਲਿਦ ਹੁਸੈਨ ਦੇ ਰੰਗ ਦੇ ਅੱਖਰ ਹਨ। ਇਸ ਪੁਸਤਕ ਦਾ ਅਸਲ ਮਹੱਤਵ ਇਸਦੀ ਚਿੰਤਨਸ਼ੀਲ ਬਿਰਤੀ ਅਤੇ ਸਰਬ-ਸਾਂਝ ਦੀ ਬਾਤ ਪਾਉਣ ਵਾਲੀ ਭਾਵਨਾ ਵਿੱਚ ਲੁਕਿਆ ਹੋਇਆ ਹੈ।

***ਜਗਬੀਰ ਸਿੰਘ***
***ਸਾਬਕਾ ਪ੍ਰੋਫ਼ੈਸਰ ਤੇ ਮੁਖੀ,***
***ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।***



CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

# ਸੰਪਾਦਕੀ

ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਿਥੇ ਦੁਨੀਆ ਸਿਮਟ ਕੇ ਇੱਕ ਗਲੋਬਲ-ਪਿੰਡ ਬਣ ਰਹੀ ਹੈ, ਉਥੇ ਜਿੰਨਾ ਵੀ ਪੰਜਾਬੀ ਸਾਹਿਤ ਦੇਸ਼-ਵਿਦੇਸ਼ ਵਿੱਚ ਰਚਿਆ ਜਾ ਰਿਹਾ ਹੈ, ਉਸ ਸਾਰੇ ਨੂੰ ਪੜ੍ਹ ਸਕਣਾ ਔਖਾ ਹੀ ਨਹੀਂ, ਬਲਕਿ ਨਾਮੁਮਕਿਨ ਹੈ। ਸਾਹਿਤ ਦੇ ਏਨੇ ਵੱਡੇ ਭੰਡਾਰ ਵਿਚੋਂ ਪਾਠਕਾਂ, ਖ਼ਾਸਕਰ ਸੁਹਿਰਦ ਪਾਠਕਾਂ ਦਾ ਕੰਮ ਹੁੰਦਾ ਹੈ ਕਿ ਉਹ ਵਧੀਆ ਰਚੇ ਜਾ ਰਹੇ ਸਾਹਿਤ ਨੂੰ ਆਪ ਪੜ੍ਹਨ ਅਤੇ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰਣਾ ਦੇਣ। ਪੰਜਾਬੀ ਸਾਹਿਤ ਵਿੱਚ ਜਿੱਥੇ ਕਹਾਣੀਆਂ, ਨਾਵਲ, ਕਵਿਤਾਵਾਂ ਲਿਖੀਆਂ ਜਾ ਰਹੀਆਂ ਹਨ, ਉਥੇ ਨਾਲ ਦੀ ਨਾਲ ਉਨ੍ਹਾਂ ਉਪੱਰ ਆਲੋਚਨਾਤਮਕ ਲੇਖ ਵੀ ਲਿਖੇ ਜਾ ਰਹੇ ਹਨ, ਜੋ ਰਚੀਆਂ ਜਾ ਰਹੀਆਂ ਰਚਨਾਵਾਂ ਦੀਆਂ ਉਪਲਭਦੀਆਂ ਅਤੇ ਖ਼ਾਮੀਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕਰਦੇ ਹਨ, ਪਰ ਇਨ੍ਹਾਂ ਲੇਖਾਂ ਵਿੱਚ ਵਰਤੀ ਜਾਂਦੀ ਭਾਸ਼ਾ ਵਿੱਚ ਸੰਸਕ੍ਰਿਤ ਅਤੇ ਹਿੰਦੀ ਦੇ ਸ਼ਬਦਾਂ ਦੀ ਭਰਮਾਰ ਹੋਣ ਕਾਰਣ ਇਨ੍ਹਾਂ ਲੇਖਾਂ ਵਿੱਚ ਦਰਜ ਜਾਣਕਾਰੀ ਅਤੇ ਸੰਦੇਸ਼ ਆਮ ਪਾਠਕਾਂ ਦੇ ਹੀ ਨਹੀਂ ਬਲਕਿ ਖੋਜਾਰਥੀਆਂ ਦੀ ਸਮਝ ਤੋਂ ਬਾਹਰ ਹੁੰਦੀ ਹੈ। ਇਸ ਪੁਸਤਕ 'ਮੇਰੇ ਰੰਗ ਦੇ ਅੱਖਰ' ਵਿੱਚ ਲਿਖੇ ਲੇਖ ਜਨਾਬ ਖ਼ਾਲਿਦ ਹੁਸੈਨ ਹੋਰਾਂ ਦੇ ਹਨ। ਇਨ੍ਹਾਂ ਲੇਖਾਂ ਵਿੱਚ ਵਰਤੀ ਭਾਸ਼ਾ ਖ਼ਾਲਿਦ ਹੁਸੈਨ ਦੀਆਂ ਕਹਾਣੀਆਂ ਵਰਗੀ ਸਰਲ, ਆਮ ਬੋਲ-ਚਾਲ ਤੇ ਹੋਰਨਾਂ ਆਲੋਚਕਾਂ ਦੀ ਭਾਸ਼ਾ ਤੋਂ ਵੱਖਰੀ ਅਤੇ ਸੌਖਿਆਂ ਸਮਝ ਆਉਣ ਵਾਲੀ ਹੈ।

ਜਦ ਖ਼ਾਲਿਦ ਹੁਸੈਨ ਹੋਰਾਂ ਦਾ ਇੱਕ ਲੇਖ ਪੜ੍ਹਿਆ ਤਾਂ ਮੈਂ ਉਸ ਲੇਖ ਵਿੱਚ ਵਰਤੀ ਸਰਲ ਭਾਸ਼ਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਤੋਂ ਹੋਰ ਲੇਖ ਜੋ ਉਨ੍ਹਾਂ ਨੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸੈਮੀਨਾਰਾਂ ਵਿੱਚ ਪੜ੍ਹੇ ਸਨ ਲੈ ਕੇ ਪੜ੍ਹੇ, ਤਾਂ, ਮੈਂ ਉਨ੍ਹਾਂ ਤੋਂ ਇਨ੍ਹਾਂ ਲੇਖਾਂ ਨੂੰ ਕਿਤਾਬ ਰੂਪ ਵਿੱਚ ਛਪਵਾਉਣ ਦੀ ਇਜਾਜ਼ਤ ਮੰਗੀ, ਕਿਉਂਕਿ ਮੇਰਾ ਇਹ ਮੰਨਣਾ ਹੈ ਕਿ ਲੇਖ ਲਿਖਣ ਦਾ ਇੱਕ ਨਵਾਂ ਰੁਝਾਨ ਹੋਂਦ ਵਿੱਚ ਆਉਣਾ ਚਾਹੀਦਾ ਹੈ, ਜਿਸ ਵਿੱਚ ਸੰਸਕ੍ਰਿਤ ਅਤੇ ਹਿੰਦੀ ਦੇ ਸ਼ਬਦਾਂ ਦੀ ਜਗ੍ਹਾ ਪੰਜਾਬੀ ਦੀਆਂ ਉਪਬੋਲੀਆਂ ਵਿਚੋਂ ਸ਼ਬਦ ਵਰਤੇ ਜਾਣ ਅਤੇ ਮੈਂ ਚਾਹੁੰਦਾ ਹਾਂ ਕਿ ਇਸ ਰੁਝਾਨ ਦੀ ਸ਼ੁਰੂਆਤ ਇਸ ਕਿਤਾਬ ਤੋਂ ਹੋਵੇ।

'ਮੇਰੇ ਰੰਗ ਦੇ ਅੱਖਰ' ਵਿੱਚ ਦਰਜ ਲੇਖਾਂ ਵਿਚੋਂ ਪ੍ਰਾਪਤ ਹੋਣ ਵਾਲੀ ਜਾਣਕਾਰੀ ਪਾਠਕਾਂ ਅਤੇ ਖੋਜਾਰਥੀਆਂ ਲਈ ਨਵੀਂ ਅਤੇ ਖੋਜ ਭਰਪੂਰ ਸਾਬਤ


CC-0. Sohail Kazmi Collection, Jammu. Digitized by eGangotri

ਹੋਵੇਗੀ। ਇਸ ਕਿਤਾਬ ਵਿੱਚ ਸ਼ਾਮਿਲ ਲੇਖ 'ਕਸ਼ਮੀਰ ਦੀ ਸੂਫੀ ਪਰੰਪਰਾ' 'ਚ ਲੱਲ ਦੈਦ ਅਤੇ ਨੁੰਦ ਰਿਸ਼ੀ ਦੇ ਸੂਫੀ ਕਲਾਮ ਰਾਹੀਂ ਕਸ਼ਮੀਰ ਦੀ ਲੋਕਾਈ ਦਾ ਇਤਿਹਾਸ ਅਤੇ ਸੂਫੀ ਪਰੰਪਰਾ ਬਾਰੇ ਚਰਚਾ ਕੀਤੀ ਗਈ ਹੈ। ਲੱਲ ਦੈਦ ਦੇ ਕਲਾਮ ਨੂੰ ਪੜ੍ਹ ਕੇ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਜਿਥੇ ਲੱਲ ਮਾਂ ਨੇ ਕਸ਼ਮੀਰ ਦੀ ਲੋਕਾਈ ਨੂੰ ਧਾਰਮਿਕ ਲੁੱਟ-ਖਸੁੱਟ ਅਤੇ ਅਬਰਾਬਰਤਾ ਤੋਂ ਬਚਾਉਣ ਲਈ ਆਵਾਜ਼ ਉਠਾਈ, ਉਸਦੇ ਨਾਲ-ਨਾਲ ਔਰਤਾਂ 'ਤੇ ਹੋ ਰਹੇ ਜ਼ੁਲਮ ਦੇ ਖ਼ਿਲਾਫ ਆਪਣੀ ਕਲਮ ਵੀ ਚੁੱਕੀ ਤੇ ਔਰਤਾਂ ਦੇ ਹੱਕਾਂ ਦੀ ਪੈਰਵੀ ਕੀਤੀ, ਜਿਵੇਂ-

"ਐ ਬੰਦੇ! ਜਿਸ ਨਾਰੀ ਨੂੰ ਤੂੰ ਬਾਜ਼ਾਰੀ ਬਣਾਇਆ
ਤੂੰ ਸਮਝਦਾ ਨਹੀਂ ਕਿ ਉਹ ਨਾਰੀ
ਕਦੇ ਮਾਂ ਬਣਦੀ ਹੈ
ਕਦੇ ਧੀ, ਕਦੇ ਭੈਣ
ਕਦੇ ਪਤਨੀ ਬਣਕੇ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ
ਇਹ ਨਾਰੀ ਈਸ਼ਵਰ ਦਾ ਸਰੂਪ ਹੈ
ਤੇ ਇਹਦੇ ਕਦਮਾਂ ਹੇਠ ਸਵਰਗ ਹੈ।"

ਲੱਲ ਦੈਦ ਦੇ ਇਸ ਕਲਾਮ ਨੂੰ ਪੜ੍ਹ ਕੇ ਇਹ ਮੰਨਣਾ ਪਵੇਗਾ ਕਿ ਔਰਤਾਂ ਦੇ ਹੱਕਾਂ ਬਾਰੇ ਲਿਖਣ ਵਾਲੀ ਉਹ ਪਹਿਲੀ ਔਰਤ ਹੀ ਨਹੀਂ, ਸਗੋਂ ਪਹਿਲੀ ਕਵਿਤਰੀ ਵੀ ਬਣ ਜਾਂਦੀ ਹੈ। ਅੱਜ ਨਾਰੀ ਚੇਤਨਾ ਦੀ ਗੱਲ ਜੋ ਪੂਰੇ ਵਿਸ਼ਵ ਵਿੱਚ ਚੱਲ ਰਹੀ ਹੈ ਉਸ ਨਾਰੀ ਚੇਤਨਾ ਦਾ ਮੁੱਢ ਲੱਲ ਦੈਦ ਦੀ ਸ਼ਾਇਰੀ ਤੋਂ ਬੱਝਦਾ ਹੈ। ਇਸ ਲੇਖ ਵਿੱਚ ਨੁੰਦ ਰਿਸ਼ੀ ਦੇ ਜੀਵਨ ਅਤੇ ਕਲਾਮ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਉਸਨੇ ਆਪਣੇ ਕਲਾਮ ਵਿੱਚ ਧਾਰਮਿਕ ਫਿਰਕਾ ਪਰਸਤੀ ਅਤੇ ਕੱਟਰਤਾ ਨੂੰ ਨਕਾਰਦਿਆਂ ਮਨੁੱਖੀ ਏਕਤਾ ਦੇ ਗੀਤ ਗਾਏ ਹਨ-

"ਹਿੰਦੂ ਸ਼ੱਕਰ ਨੇ ਤੇ ਮੁਸਲਮਾਨ ਦੁੱਧ,
ਦੋਨਾਂ ਨੂੰ ਮਿਲਾਓ
ਤੇ ਪੀਣ ਦਾ ਸੁਆਦ ਚੱਖੋ...।"

ਇਸ ਲੇਖ ਰਾਹੀਂ ਖ਼ਾਲਿਦ ਹੁਸੈਨ ਹੋਰਾਂ ਨੇ ਇਨ੍ਹਾਂ ਸੂਫੀਆਂ ਦੇ ਕਲਾਮ ਦੀ ਅੱਜ ਦੇ ਸਮੇਂ ਵਿੱਚ ਪ੍ਰਸੰਗਗਿਤਾ ਵੱਲ ਵੀ ਧਿਆਨ ਦਵਾਉਣ ਦਾ ਯਤਨ ਕੀਤਾ ਹੈ, ਨਾਲੇ ਦੱਸਿਆ ਹੈ ਕਿ ਕਸ਼ਮੀਰ ਦੇ ਧਾਰਮਿਕ ਇਤਿਹਾਸ ਅਨੁਸਾਰ ਵੈਦਿਕ ਫਲਸਫਾ, ਬੁੱਧ ਦਰਸ਼ਨ ਤੇ ਇਸਲਾਮੀ ਤੌਹੀਦ ਦਾ ਨਿਚੋੜ ਹੀ ਰਿਸ਼ੀ ਦਰਸ਼ਨ ਅਤੇ ਕਸ਼ਮੀਰੀਅਤ ਹੈ ਅਤੇ ਸ਼ਿਵ ਦ੍ਰਿਸ਼ਟੀ ਤੇ ਸੂਫੀ ਮੱਤ ਕਸ਼ਮੀਰ ਵਿੱਚ ਇਕੋ ਮਾਲਾ ਦੇ ਮਣਕੇ ਹਨ। ਜੰਮੂ-ਕਸ਼ਮੀਰ ਦੀ ਪੰਜਾਬੀ ਸ਼ਾਇਰੀ ਅਤੇ ਸੂਫੀ ਪਰੰਪਰਾ


CC-0. Sohail Kazmi Collection, Jammu. Digitized by eGangotri

ਵਿੱਚ ਜੰਮੂ-ਕਸ਼ਮੀਰ ਵਿੱਚ ਪੰਜਾਬੀ ਸੂਫੀ ਸ਼ਾਇਰਾਂ ਦੇ ਇਤਿਹਾਸ, ਜਿਸ ਵਿੱਚ ਮੀਆਂ ਮੁਹੰਮਦ ਬਖ਼ਸ਼ ਤੋਂ ਸ਼ੁਰੂ ਕਰਕੇ ਬਾਬਾ ਅਬਦੁੱਲਾ ਲਾਰਵੀ ਤੇ ਉਨ੍ਹਾਂ ਦੇ ਪੁੱਤਰ ਮੀਆਂ ਨਿਜ਼ਾਮਦੀਨ ਲਾਰਵੀ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਲਿਖੀਆਂ ਰਚਨਾਵਾਂ ਦਾ ਵਿਸਥਾਰ ਨਾਲ ਅਤੇ ਮੌਲਵੀ ਮਿਹਰਦੀਨ, ਸਾਈਂ ਕਾਦਰ ਬਖ਼ਸ਼ ਤੇ ਸਾਈਂ ਫਕਰ ਦੀਨ ਦਾ ਸੰਖੇਪ ਵਿੱਚ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਸ਼ੇਅਰ ਵੀ ਦਿੱਤੇ ਗਏ ਹਨ। ਇਸ ਲੇਖ ਰਾਹੀਂ ਜਿੱਥੇ ਇਨ੍ਹਾਂ ਸ਼ਾਇਰਾਂ ਨੂੰ ਪੰਜਾਬੀ ਜਗਤ ਵਿੱਚ ਉਨ੍ਹਾਂ ਦੀ ਪਹਿਚਾਣ ਦਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ, ਉਥੇ ਹੋਰ ਖੋਜਾਰਥੀਆਂ ਨੂੰ ਉਨ੍ਹਾਂ ਉਪੱਰ ਕੰਮ ਕਰਨ ਲਈ ਪ੍ਰੇਰਿਤ ਕਰਨਾ ਵੀ ਹੈ। 'ਲਹਿੰਦੇ ਪੰਜਾਬ ਦੀ ਪੰਜਾਬੀ ਵਾਰਤਕ' ਇਸ ਪੁਸਤਕ ਵਿੱਚ ਇੱਕ ਅਹਿਮ ਅਤੇ ਮਹੱਤਵਪੂਰਨ ਲੇਖ ਹੈ, ਜਿਸ ਵਿੱਚ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਸਾਹਿਤ ਵਿੱਚ ਹੋ ਰਹੇ ਕੰਮ ਦੀ ਖੋਜ ਭਰਪੂਰ ਜਾਣਕਾਰੀ ਦਿੱਤੀ ਗਈ। ਬੇਸ਼ੱਕ ਲਹਿੰਦੇ ਪੰਜਾਬ ਦੇ ਸਾਹਿਤ ਬਾਰੇ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ, ਪਰ ਇੱਕ ਲੇਖ ਦੀ ਸੀਮਾ ਨੂੰ ਸਮਝਦੇ ਹੋਏ ਇਸ ਲੇਖ ਵਿੱਚ ਲਹਿੰਦੇ ਪੰਜਾਬ ਦੇ ਚੁਣਿੰਦੇ ਸਾਹਿਤ ਤੇ ਉਸਦੇ ਰਚਨਹਾਰਿਆਂ ਬਾਰੇ ਸੰਖੇਪ ਜਾਣਕਾਰੀ ਉਪਲਭਧ ਕਰਵਾਈ ਗਈ ਹੈ, ਜਿਸ ਨਾਲ ਇਹ ਲੇਖ 'ਗਾਗਰ ਵਿੱਚ ਸਾਗਰ' ਵਰਗਾ ਹੋ ਗਿਆ ਹੈ। 'ਵੰਡੇ ਵਿਹੜੇ ਦੀ ਹੀਰ' ਅੰਮ੍ਰਿਤਾ ਪ੍ਰੀਤਮ ਬਾਰੇ ਲਿਖਿਆ ਇੱਕ ਰੌਚਕ ਲੇਖ ਹੈ, ਜਿਸ ਵਿੱਚ ਉਸਦੀ ਸ਼ਾਇਰੀ ਬਾਰੇ ਸੰਖੇਪ ਜਾਣਕਾਰੀ ਤੋਂ ਇਲਾਵਾ ਖ਼ਾਲਿਦ ਹੁਸੈਨ ਦੀਆਂ ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਦਾ ਬੜਾ ਰੌਚਕ ਵਰਣਨ ਹੈ, ਜਿਸ ਨੂੰ ਖ਼ਾਲਿਦ ਹੁਸੈਨ ਹੋਰਾਂ ਬੜੇ ਹੀ ਸੋਹਣੇ ਢੰਗ ਨਾਲ ਆਪਣੇ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਦੋ ਲੇਖ ਪਾਕਿਸਤਾਨੀ ਪੰਜਾਬੀ ਸ਼ਾਇਰ ਮੁਨੀਰ ਨਿਆਜ਼ੀ ਅਤੇ ਅਹਿਮਦ ਰਾਹੀ ਦੀ ਸ਼ਾਇਰੀ ਬਾਰੇ ਹਨ। ਇਹ ਦੋਵੇਂ ਸ਼ਾਇਰ ਪੰਜਾਬੀ ਸਾਹਿਤ ਜਗਤ ਅੰਦਰ ਇੱਕ ਅਹਿਮ ਮੁਕਾਮ ਰੱਖਦੇ ਹਨ, ਪਰ ਸਿਆਸੀ ਲੋਕਾਂ ਦੀ ਤਰ੍ਹਾਂ ਅਸਾਂ ਵੀ ਸਾਹਿਤ ਨੂੰ ਕਈ ਨਾਵਾਂ ਨਾਲ ਵੰਡ ਲਿਆ ਹੈ, ਜਿਸ ਕਾਰਣ ਇਨ੍ਹਾਂ ਸ਼ਾਇਰਾਂ ਨੂੰ ਪਾਕਿਸਤਾਨੀ ਪੰਜਾਬੀ ਸ਼ਾਇਰ ਮੰਨ ਕੇ ਚੜ੍ਹਦੇ ਪੰਜਾਬ ਵਿੱਚ ਇਨ੍ਹਾਂ ਬਾਰੇ ਕੋਈ ਗੱਲ ਨਹੀਂ ਕੀਤੀ ਗਈ, ਜਦਕਿ ਅਹਿਮਦ ਰਾਹੀ ਵਰਗੇ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ ਦੇ ਬਰਾਬਰ ਕੱਦ ਦੇ ਸ਼ਾਇਰ ਸਨ।

ਬੁੱਲ੍ਹੇ ਸ਼ਾਹ ਦੀ ਸੂਫੀ ਸ਼ਾਇਰੀ ਬਾਰੇ ਲਿਖਦਿਆਂ ਹੋਇਆਂ ਖ਼ਾਲਿਦ ਹੁਸੈਨ ਹੋਰਾਂ ਦੱਸਣ ਦਾ ਯਤਨ ਕੀਤਾ ਹੈ ਕਿ ਸਾਇੰਸ ਨੇ ਮਨੁੱਖੀ ਜੀਵਨ ਨੂੰ ਸੁਖਾਲਾ ਤਾਂ ਬਣਾਇਆ ਹੈ, ਪਰ ਮਨੁੱਖੀ ਮਨ ਨੂੰ ਰੌਸ਼ਨ ਨਹੀਂ ਕੀਤਾ। ਮਨੁੱਖੀ ਮਨ ਨੂੰ ਹਨ੍ਹੇਰੇ ਵਿਚੋਂ ਕੱਢਣ ਲਈ ਸੂਫੀਆਂ ਦਾ ਕਲਾਮ ਹੀ ਅਹਿਮ ਰੋਲ ਨਿਭਾਅ ਸਕਦਾ ਹੈ ਅਤੇ ਮਨੁੱਖ ਨੂੰ ਫਿਰਕਾਪਰਸਤੀ ਦੀ ਬੁੱਕਲ ਤੋਂ ਬਾਹਰ ਲਿਆ ਸਕਦਾ ਹੈ।


CC-0. Sohail Kazmi Collection, Jammu. Digitized by eGangotri

'ਟੈਗੋਰ ਦੀ ਗੀਤਾਂਜਲੀ' 'ਤੇ ਲਿਖੇ ਲੇਖ ਵਿੱਚ 'ਟੈਗੋਰ ਦੀ ਗੀਤਾਂਜਲੀ' ਨੂੰ ਸੂਫੀ ਸੰਤਾਂ ਅਤੇ ਰੂਹਾਨੀ ਦਰਵੇਸ਼ਾਂ ਦੇ ਕਲਾਮ ਦੇ ਮੁਕਾਬਲੇ ਵਿੱਚ ਤੁਲਨਾ ਕਰਦੇ ਹੋਏ, 'ਟੈਗੋਰ ਦੀ ਗੀਤਾਂਜਲੀ' ਨੂੰ ਸੂਫੀ ਕਲਾਮ ਦੀ ਅਗਲੀ ਕੜੀ ਸਾਬਿਤ ਕਰਨ ਦਾ ਸਫਲ ਯਤਨ ਕੀਤਾ ਗਿਆ ਹੈ। ਸਾਈਂ ਮੀਆਂ ਮੀਰ ਦੇ ਜੀਵਨ ਬਾਰੇ ਵੀ ਇੱਕ ਲੇਖ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਦੇ ਰੂਹਾਨੀ ਜੀਵਨ ਦੇ ਪਹਿਲੂਆਂ ਨੂੰ ਉਭਾਰਿਆ ਗਿਆ ਹੈ। ਇਸ ਕਿਤਾਬ ਵਿੱਚ ਸ਼ਾਮਿਲ ਲੇਖ 'ਜੰਮੂ-ਕਸ਼ਮੀਰ ਦਾ ਪੰਜਾਬੀ ਸ਼ਾਇਰ' ਨਵਾਬ ਦੀਨ ਨਵਾਬ ਬਾਰੇ ਹੈ ਜੋ ਪੰਜਾਬੀ ਦਾ ਇੱਕ ਉੱਚ-ਕੋਟੀ ਦਾ ਸ਼ਾਇਰ ਸੀ, ਜਿਸਨੇ ਆਪਣੇ ਹੀ ਅੰਦਾਜ਼ ਵਿੱਚ ਆਪਣੀ ਸ਼ਾਇਰੀ ਵਿੱਚ ਸੱਭਿਆਚਾਰ, ਰਹਿਤਲ ਅਤੇ ਆਮ ਲੋਕਾਂ ਦੀ ਰਹਿਨੁਮਾਈ ਕੀਤੀ। ਪੰਜਾਬੀ ਦਾ ਇਹ ਅਨਮੋਲ ਸ਼ਾਇਰ ਹੁਣ ਤਕ ਪੰਜਾਬੀ ਆਲੋਚਕਾਂ ਅਤੇ ਖੋਜਾਰਥੀਆਂ ਦੀਆਂ ਨਜ਼ਰਾਂ ਤੋਂ ਅਲੋਪ ਸੀ। ਇਸ ਲੇਖ ਰਾਹੀਂ ਇਸ ਸ਼ਾਇਰ ਦੇ ਕਲਾਮ ਨੂੰ ਪੇਸ਼ ਕਰਨਾ ਅਤੇ ਇਸ ਸ਼ਾਇਰ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਪਹਿਚਾਣ ਦਵਾਉਣ ਦਾ ਯਤਨ ਵੀ ਹੈ। ਖ਼ਾਲਿਦ ਹੁਸੈਨ ਦਾ ਇਹ ਲੇਖ ਜਿਥੇ ਨਵਾਬ ਦੀਨ ਨਵਾਬ ਨੂੰ ਪਹਿਚਾਣ ਦਵਾਏਗਾ ਉਥੇ ਨਾਲ ਦੇ ਨਾਲ ਇਸਦੀ ਸ਼ਾਇਰੀ ਰਾਹੀਂ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿੱਚ ਵਾਧਾ ਵੀ ਕਰੇਗਾ।

ਇਸ ਕਿਤਾਬ ਵਿੱਚ ਸ਼ਾਮਿਲ ਤਿੰਨ ਲੇਖ ਜੰਮੂ ਦੇ ਉਰਦੂ ਸ਼ਾਇਰਾਂ: ਪ੍ਰਿਤਪਾਲ ਸਿੰਘ ਬੇਤਾਬ, ਯਾਸੀਨ ਬੇਗ਼ ਅਤੇ ਵਿੱਦਿਆ ਰਤਨ ਆਸੀ ਬਾਰੇ ਹਨ, ਜਿਸ ਵਿੱਚ ਉਨ੍ਹਾਂ ਦੇ ਜੀਵਨ ਬਾਰੇ ਸੰਖੇਪ ਚਰਚਾ ਕਰਦੇ ਹੋਏ ਉਨ੍ਹਾਂ ਦੀ ਸ਼ਾਇਰੀ ਵਿੱਚ ਗਹਿਰਾਈ ਅਤੇ ਨਿਵੇਕਲੇਪਣ ਦੇ ਨਾਲ-ਨਾਲ ਉਨ੍ਹਾਂ ਵੱਲੋਂ ਵਰਤੀ ਸਰਲ ਅਤੇ ਸਾਦੀ ਭਾਸ਼ਾ ਨੂੰ ਵੀ ਉਭਾਰਿਆ ਗਿਆ ਹੈ। ਪ੍ਰਿਤਪਾਲ ਸਿੰਘ ਬੇਤਾਬ ਤੇ ਯਾਸੀਨ ਬੇਗ਼ ਜੰਮੂ-ਕਸ਼ਮੀਰ ਪ੍ਰਸ਼ਾਸਨ ਵਿੱਚ ਉਚੇ ਅਹੁਦਿਆਂ 'ਤੇ ਰਹੇ, ਪਰ ਫਿਰ ਵੀ ਇਨ੍ਹਾਂ ਦੀ ਸ਼ਾਇਰੀ ਆਮ ਲੋਕਾਂ ਦੇ ਮਨਾਂ ਦੀ ਤਰਜੁਮਾਨੀ ਕਰਦੀ ਨਜ਼ਰ ਆਉਂਦੀ ਹੈ।

ਸੁਰਜੀਤ ਸਖੀ ਜੰਮੂ-ਕਸ਼ਮੀਰ ਦੀ ਹੀ ਨਹੀਂ, ਬਲਕਿ ਪੂਰੇ ਪੰਜਾਬੀ ਜਗਤ ਵਿੱਚ ਆਪਣੀਆਂ ਕਵਿਤਾਵਾਂ ਰਾਹੀਂ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ। ਉਸਦੀ ਸ਼ਾਇਰੀ ਬਾਰੇ ਲਿਖਦਿਆਂ ਖ਼ਾਲਿਦ ਸਾਹਿਬ ਨੇ ਉਸਨੂੰ ਅੰਮ੍ਰਿਤਾ ਪ੍ਰੀਤਮ ਅਤੇ ਅਹਿਮਦ ਰਾਹੀ ਵਰਗੇ ਸ਼ਾਇਰਾਂ ਦੀ ਕਤਾਰ ਵਿੱਚ ਖੜਾ ਕੀਤਾ ਹੈ ਅਤੇ ਦੱਸਿਆ ਹੈ ਕਿ ਉਹ ਮਨੁੱਖੀ ਸੋਚ ਵਿੱਚ ਇਨਕਲਾਬੀ ਬਦਲਾਵ ਦੀ ਚਾਹਵਾਨ ਹੈ ਅਤੇ ਮਨੁੱਖੀ ਏਕਤਾ ਨੂੰ ਹੀ ਆਪਣੀ ਕਵਿਤਾ ਵਿੱਚ ਕੇਂਦਰੀ ਸਥਾਨ ਦੇਂਦੀ ਹੈ। ਸੁਰਿੰਦਰ ਨੀਰ 'ਤੇ ਲਿਖੇ ਲੇਖ ਵਿੱਚ ਉਸਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਉਸਦੀ ਕਲਾਕੁਸ਼ਲਤਾ ਅਤੇ ਭਾਸ਼ਾ ਦੀ ਪਕੜ ਦੀ ਤਾਰੀਫ ਦੇ ਨਾਲ-ਨਾਲ ਕੁੱਝ ਤਰੁਟੀਆਂ ਵੱਲ ਵੀ ਧਿਆਨ ਦਵਾਇਆ ਹੈ। ਸੁਰਿੰਦਰ ਨੀਰ ਨੂੰ ਸਮੁੱਚੇ ਪੰਜਾਬੀ ਸਾਹਿਤ


CC-0. Sohail Kazmi Collection, Jammu. Digitized by eGangotri

ਦੀ ਵਧੀਆ ਕਹਾਣੀਕਾਰ ਮੰਨਦਿਆਂ ਉਸਦੀ ਹੋਰ ਤਰੱਕੀ ਕਰਨ ਦੀ ਆਸ ਵੀ ਕੀਤੀ ਹੈ। ਬੀਬਾ ਬਲਵੰਤ ਦੀਆਂ ਕਵਿਤਾਵਾਂ ਬਾਰੇ ਲਿਖਦਿਆਂ ਖ਼ਾਲਿਦ ਹੁਸੈਨ ਹੋਰਾਂ ਉਸਨੂੰ ਯਥਾਰਥਵਾਦ ਦਾ ਕਵੀ ਕਿਹਾ ਹੈ, ਜੋ ਇਆਣ ਉਮਰ ਦੀਆਂ ਰੀਝਾਂ ਤੇ ਸੱਧਰਾਂ ਦੀ ਤਰਜੁਮਾਨੀ ਕਰਦਾ ਹੈ ਅਤੇ ਉਸਦੀਆਂ ਨਜ਼ਮਾਂ ਜੀਵਨ ਦੇ ਬਹੁਤ ਨੇੜੇ ਹੁੰਦੀਆਂ ਹਨ। ਉਹ ਕਵਿਤਾਵਾਂ ਵਿੱਚ ਯਥਾਰਥ ਤੇ ਕਲਪਨਾ ਦਾ ਮੇਲ ਸਾਧਾਰਨ ਅਤੇ ਸਾਦੇ, ਪਰ ਡੂੰਘੇ ਅਰਥ ਦੱਸਣ ਵਾਲੇ ਸ਼ਬਦਾਂ ਰਾਹੀਂ ਕਰਦਾ ਹੈ। ਇਸ ਕਿਤਾਬ ਵਿੱਚ ਸ਼ਾਮਿਲ ਲੇਖ 'ਕਿੱਸੇ ਹੀਰ-ਰਾਂਝੇ ਦੇ' ਇੱਕ ਮਹੱਤਵਪੂਰਨ ਲੇਖ ਹੈ, ਜਿਸ ਵਿੱਚ ਵਾਰਿਸ ਸ਼ਾਹ ਦੀ ਹੀਰ ਦੀ ਬਾਕੀ ਕਿੱਸਾਕਾਰਾਂ ਵਲੋਂ ਲਿਖੀ ਹੀਰ ਨਾਲ ਤੁਲਨਾ ਕੀਤੀ ਗਈ ਹੈ, ਜਿਸ ਨਾਲ ਵਾਰਿਸ ਸ਼ਾਹ ਦੀ ਹੀਰ 'ਚ ਖ਼ਿਆਲਾਂ ਦੀ ਤਾਜ਼ਗੀ ਅਤੇ ਵੱਖਰਾਪਣ ਸਾਹਮਣੇ ਆਉਂਦਾ ਹੈ। ਇਸ ਲੇਖ ਵਿੱਚ ਵਾਰਿਸ ਸ਼ਾਹ ਦੀ ਹੀਰ ਵਿੱਚ ਹੋਈ ਮਿਲਾਵਟ ਅਤੇ ਇਹ ਮਿਲਾਵਟ ਕਿਸ ਨੇ ਕਦੋਂ ਕੀਤੀ ਅਤੇ ਕਿੰਨੇ ਮਿਸਰੇ ਜੋੜੇ ਦਾ ਵੀ ਲੇਖਾ-ਜੋਖਾ ਕੀਤਾ ਗਿਆ ਮਿਲਦਾ ਹੈ। ਵਾਰਿਸ ਸ਼ਾਹ ਵਲੋਂ ਲਿਖੀ ਹੀਰ ਵਿੱਚ ਜਿਥੇ ਪੰਜਾਬੀ ਦੀਆਂ ਸਾਰੀਆਂ ਉਪਬੋਲੀਆਂ ਦੇ ਸ਼ਬਦਾਂ ਦੀ ਵਰਤੋਂ ਮਿਲਦੀ ਹੈ, ਉਥੇ ਉਸ ਵਲੋਂ ਵਰਤੀ ਭਾਸ਼ਾ ਇੰਨੀ ਸਾਦੀ ਅਤੇ ਸੌਖੀ ਹੈ ਕਿ ਆਮ ਲੋਕਾਂ ਨੂੰ ਉਸਦੀ ਹੀਰ ਜ਼ੁਬਾਨੀ ਯਾਦ ਹੋ ਜਾਂਦੀ ਹੈ।

ਮੌਲਵੀ ਗੁਲਾਮ ਰਸੂਲ ਆਲਮਪੁਰੀ ਦਾ ਕਿੱਸਾ 'ਯੂਸਫ ਜ਼ੁਲੇਖ਼ਾ' ਲੇਖ ਵਿੱਚ ਆਲਮਪੁਰੀ ਦਾ ਜੀਵਨ, ਰਚਨਾਵਾਂ ਅਤੇ ਉਨ੍ਹਾਂ ਵਲੋਂ ਰਚਿਤ ਕਿੱਸਾ 'ਯੂਸਫ ਜ਼ੁਲੇਖ਼ਾ' ਦਾ ਵਿਸਥਾਰ ਨਾਲ ਜ਼ਿਕਰ ਕੀਤਾ ਹੈ। ਇਸ ਲੇਖ ਰਾਹੀਂ ਆਲਮਪੁਰੀ ਦੀ ਬਹੁਗੁਣੀ ਸ਼ਖ਼ਸੀਅਤ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਕਿਸ ਤਰ੍ਹਾਂ ਛੋਟੀ ਜਿਹੀ ਜ਼ਿੰਦਗੀ ਵਿੱਚ ਉਨ੍ਹਾਂ ਢੇਰ ਸਾਰਾ ਸਾਹਿਤ ਹੀ ਨਹੀਂ ਰਚਿਆ, ਬਲਕਿ ਕਮਾਲ ਦਾ ਸਾਹਿਤ ਰਚਿਆ ਹੈ, ਜਿਵੇਂ ਉਨ੍ਹਾਂ ਆਪਣੀ ਰਚਨਾ 'ਪੰਧ ਨਾਮਾ' ਵਿੱਚ ਪੰਜਾਬੀ ਦੇ ਸੈਂਕੜਿਆਂ ਪਿੰਡਾਂ ਦੇ ਨਾਂ ਕਵਿਤਾ ਰੂਪ ਵਿੱਚ ਪੇਸ਼ ਕੀਤੇ ਹਨ। 'ਸੂਫੀ ਸ਼ਾਇਰੀ ਉਤੇ ਭਗਤੀ ਲਹਿਰ ਦਾ ਪ੍ਰਭਾਵ' ਲੇਖ ਵਿੱਚ ਸੂਫੀਆਂ ਦੇ ਇਤਿਹਾਸਕ ਵਿਕਾਸ ਨੂੰ ਦਰਸਾਉਂਦਿਆਂ ਹੋਇਆਂ ਉਨ੍ਹਾਂ ਉੱਪਰ ਪਏ ਭਗਤੀ ਲਹਿਰ ਦੇ ਪ੍ਰਭਾਵ ਨੂੰ ਦੱਸਣ ਦਾ ਯਤਨ ਕੀਤਾ ਗਿਆ ਹੈ। ਇਸ ਲਈ ਸੂਫੀਆਂ ਵਲੋਂ ਵਰਤੀ ਸਾਧ ਭਾਸ਼ਾ ਨੂੰ ਵੀ ਆਧਾਰ ਬਣਾਇਆ ਗਿਆ ਹੈ ਅਤੇ ਇਸ ਦੇ ਨਾਲ-ਨਾਲ ਸੂਫੀ ਅਤੇ ਭਗਤੀ ਲਹਿਰ ਦੀ ਤੁਲਨਾ ਰਾਹੀਂ ਉਨ੍ਹਾਂ ਵਿੱਚ ਸਮਾਨਤਾਵਾ ਨੂੰ ਵੀ ਉਘਾੜਿਆ ਗਿਆ ਹੈ।

ਇਸ ਕਿਤਾਬ ਵਿੱਚ ਸ਼ਾਮਿਲ ਲੇਖ ਅਲੱਗ-ਅਲੱਗ ਵਿਸ਼ਿਆਂ, ਸੱਭਿਆਚਾਰਾਂ ਤੇ ਰਹਿਤਲ ਅਤੇ ਭਾਸ਼ਾ ਬਾਰੇ ਜ਼ਰੂਰ ਹਨ, ਪਰ ਫਿਰ ਵੀ ਇਹ ਸਾਰੇ ਪਾਠਕਾਂ ਨੂੰ ਸਾਹਿਤ ਦੀ ਰੂਹ ਤਕ ਅਪੜਣ ਵਿੱਚ ਜਿੱਥੇ ਸਹਾਈ ਹੋਣਗੇ, ਉਥੇ ਖੋਜਾਰਥੀਆਂ



CC-0. Sohail Kazmi Collection, Jammu. Digitized by eGangotri

ਨੂੰ ਇਨ੍ਹਾਂ ਲਿਖਾਰੀਆਂ ਉਪੱਰ ਹੋਰ ਖੋਜ ਕਰਨ ਲਈ ਪ੍ਰੇਰਿਤ ਵੀ ਕਰਨਗੇ। ਆਖ਼ੀਰ ਵਿੱਚ ਮੈਂ ਖ਼ਾਲਿਦ ਸਾਹਿਬ ਦਾ ਵਿਸ਼ੇਸ਼ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਆਪਣੇ ਇਨ੍ਹਾਂ ਵਿਸ਼ੇਸ਼ ਲੇਖਾਂ ਨੂੰ ਮੈਨੂੰ ਸੰਪਾਦਿਤ ਕਰਕੇ ਕਿਤਾਬ ਰੂਪ ਵਿੱਚ ਛਾਪਣ ਦੀ ਇਜਾਜ਼ਤ ਹੀ ਨਹੀਂ ਦਿੱਤੀ, ਬਲਕਿ ਮਾਇਕ ਸਹਾਇਤਾ ਨਾਲ ਇਸ ਕਿਤਾਬ ਨੂੰ ਛਪਵਾਉਣ ਵਿੱਚ ਵੀ ਯੋਗਦਾਨ ਦਿੱਤਾ। ਮੈਂ ਡਾ. ਜਸਬੀਰ ਸਿੰਘ ਸਾਬਕਾ ਮੁਖੀ ਤੇ ਡੀਨ ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ ਦਾ ਵੀ ਆਭਾਰੀ ਹਾਂ ਜਿਨ੍ਹਾਂ ਮੇਰੀ ਬੇਨਤੀ ਨੂੰ ਕਬੂਲ ਕਰਦਿਆਂ ਹੋਇਆਂ ਖ਼ਾਲਿਦ ਸਾਹਿਬ ਹੋਰਾਂ ਦੇ ਲੇਖਾਂ ਬਾਰੇ ਆਪਣੇ ਵਿਚਾਰ ਲਿਖ ਕੇ ਘੱਲੇ ਜੋ ਭੂਮਿਕਾ ਦੇ ਰੂਪ ਵਿੱਚ ਇਸ ਪੁਸਤਕ ਵਿੱਚ ਸ਼ਾਮਿਲ ਕੀਤੇ ਗਏ ਹਨ।

*ਕਮਲਦੀਪ ਸਿੰਘ,*
*ਰਿਸਰਚ ਸਕਾਲਰ, ਪੰਜਾਬੀ ਵਿਭਾਗ,*
*ਯੂਨੀਵਰਸਿਟੀ ਆਫ਼ ਜੰਮੂ,*
*ਜੰਮੂ (ਜੇ. ਐਂਡ ਕੇ.)*


CC-0. Sohail Kazmi Collection, Jammu. Digitized by eGangotri

# ਕਸ਼ਮੀਰ ਦੀ ਸੂਫ਼ੀ ਪਰੰਪਰਾ

## ਲੱਲ ਮਾਂ ਤੇ ਨੁੰਦ ਰਿਸ਼ੀ

'ਰਿਸ਼ੀ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ- ਮੁਕਤੀ ਤੇ ਨਿਜਾਤ ਲਈ ਪ੍ਰਾਰਥਨਾ ਕਰਨਾ ਤੇ ਈਸ਼ਵਰ ਦੀ ਵਡਿਆਈ ਲਈ ਭਜਨ ਕੀਰਤਨ ਕਰਨਾ। ਰਿਸ਼ੀ ਉਸ ਨੇਕ ਤੇ ਪਾਕ ਬੰਦੇ ਨੂੰ ਕਹਿੰਦੇ ਨੇ ਜੋ ਦੁਨੀਆਦਾਰੀ ਦੀ ਦੀਵਾਰ ਲੰਘ ਕੇ ਰੱਬੀ ਹੱਕ ਤੇ ਸੱਚ ਨੂੰ ਖੋਜਦਾ ਹੈ ਅਤੇ ਅਖ਼ੀਰ ਰੱਬੀ ਨੂਰ ਦੀ ਮਸਤੀ ਵਿੱਚ ਡੁੱਬ ਜਾਂਦਾ ਹੈ। ਵੇਦਾਂ ਦੇ ਰਚਨਹਾਰ ਵੀ ਰਿਸ਼ੀ ਹੀ ਸਨ। ਸਾਰੇ ਵੇਦ, ਪੁਰਾਣਾਂ ਵਿੱਚ ਰੱਬੀ ਗਿਆਨ ਹੈ ਜੋ ਰਿਸ਼ੀਆਂ ਨੂੰ ਆਲਮ-ਈ-ਗੈਬ ਤੋਂ ਹਾਸਿਲ ਹੋਇਆ। ਤਾਹੀਓਂ ਵੇਦਾਂ ਦੇ ਸ਼ਲੋਕਾਂ ਨੂੰ ਰਿਸ਼ੀ ਬਾਣੀ ਵੀ ਕਹਿੰਦੇ ਨੇ, ਇਹ ਗੱਲ ਵੱਖਰੀ ਏ ਕਿ ਬਾਅਦ ਵਿੱਚ ਬ੍ਰਾਹਮਣਾਂ ਨੇ ਆਪਣੀ ਇਜਾਰੇਦਾਰੀ ਕਾਇਮ ਰੱਖਣ ਲਈ ਉਹਨਾਂ ਵਿੱਚ ਚੋਖੀ ਤਬਦੀਲੀ ਕੀਤੀ।

ਕਸ਼ਮੀਰ ਦੀ ਧਰਤੀ ਮੁੱਢ ਕਦੀਮ ਤੋਂ ਹੀ ਰਿਸ਼ੀ-ਮੁਨੀਆਂ ਤੇ ਸੂਫ਼ੀ-ਸੰਤਾਂ ਦਾ ਮਸਕਣ ਰਹੀ ਹੈ। ਰਿਸ਼ੀਆਂ ਤੇ ਸੰਤਾਂ ਨੇ ਆਪਣੀਆਂ ਆਂਤਰਿਕ ਕਲਪਨਾਵਾਂ ਨਾਲ ਕਸ਼ਮੀਰ ਨੂੰ ਸਜਾਇਆ ਤੇ ਸੰਵਾਰਿਆ। ਇੱਥੇ ਜਿੰਨੇ ਵੀ ਰਿਸ਼ੀਆਂ-ਮੁਨੀਆਂ ਨੇ ਜਨਮ ਲਿਆ, ਉਹਨਾਂ ਆਪਣੇ ਆਤਮ-ਪ੍ਰਕਾਸ਼ ਤੇ ਅਧਿਆਤਮਕ ਗਿਆਨ ਨਾਲ ਆਤਮਾ ਦੇ ਗਹਿਰੇ ਤੇ ਗੁੱਝੇ ਭੇਤਾਂ ਨੂੰ ਜ਼ਾਹਰ ਕੀਤਾ। ਇਸ ਸੁਰਗਮਈ (ਜੰਨਤ ਵਰਗੀ) ਘਾਟੀ ਦਾ ਨਾਮ ਵੀ ਇੱਕ ਰਿਸ਼ੀ ਨਾਲ ਮੰਸ਼ੂਜ ਹੈ, ਜਿਸਨੂੰ ਕਸ਼ਯਪ ਰਿਸ਼ੀ ਕਹਿੰਦੇ ਸਨ। ਕਸ਼ਮੀਰ ਦਾ ਪੁਰਾਣਾ ਨਾਂ 'ਸਤੀਸਰ' ਸੀ। ਕਹਿੰਦੇ ਨੇ ਕਿ ਇਹ ਘਾਟੀ ਪਾਣੀ ਦੀ ਇੱਕ ਵੱਡੀ ਝੀਲ ਸੀ। ਉਸ ਝੀਲ ਦਾ ਪਾਣੀ ਕਸ਼ਯਪ ਰਿਸ਼ੀ ਨੇ ਖਾਦਨਯਾਰ ਦੀ ਪਹਾੜੀ ਨੂੰ ਕੱਟ ਕੇ ਬਾਹਰ ਕੱਢਿਆ ਤੇ ਲੋਕਾਈ ਨੂੰ ਇੱਥੇ ਵਸਾਇਆ। ਇਸਦਾ ਨਾਂ ਕਸ਼ਪ ਮੀਰ ਜਾਂ ਕਸ਼ਪ ਪੀਰ ਰੱਖਿਆ ਗਿਆ ਜੋ ਹੌਲੀ-ਹੌਲੀ ਬਦਲਦਾ-ਬਦਲਦਾ ਕਸ਼ਮੀਰ ਬਣ ਗਿਆ।

ਪ੍ਰਾਚੀਨ ਕਾਲ ਵਿੱਚ ਕਸ਼ਮੀਰ ਸ਼ਿਵ ਭਗਤੀ ਦਾ ਇੱਕ ਵੱਡਾ ਕੇਂਦਰ ਸੀ, ਪਰ ਕਸ਼ਮੀਰ ਵਿੱਚ ਧਰਮ ਨੇ ਸਮੇਂ-ਸਮੇਂ 'ਤੇ ਰੰਗ ਬਦਲੇ। ਕਦੇ ਅਸੀਂ ਵੈਦਿਕ ਧਰਮ ਨੂੰ ਮੰਨਣ ਵਾਲੇ ਸੀ ਤੇ ਕਦੇ ਬੁੱਧ ਧਰਮ ਨੂੰ। ਮਗਰੋਂ ਅਸੀਂ ਹਿੰਦੂ ਧਰਮ



CC-0. Sohail Kazmi Collection, Jammu. Digitized by eGangotri

ਦਾ ਚੋਲਾ ਪਾਇਆ ਤੇ ਅਖ਼ੀਰ ਇਸਲਾਮ ਦੀ ਚਾਦਰ ਨੂੰ ਆਦਰ ਦਿੱਤਾ ਤੇ ਇਸ ਦੀਆਂ ਨੂਰੀ ਰਿਸ਼ਮਾਂ ਨਾਲ ਆਪਣੀ ਹਯਾਤੀ ਨੂੰ ਰੌਸ਼ਨ ਬਣਾਇਆ। ਬੁੱਧ ਮੱਤ ਕਸ਼ਮੀਰ ਤੋਂ ਹੀ ਅਫ਼ਗਾਨਿਸਤਾਨ, ਸੈਂਟਰਲ ਏਸ਼ੀਆ, ਤਿੱਬਤ, ਚੀਨ, ਜਾਪਾਨ, ਮੰਗੋਲੀਆ ਤੇ ਹੋਰ ਦੇਸ਼ਾਂ ਵਿੱਚ ਗਿਆ। ਬੁੱਧ ਮੱਤ ਨੇ ਰਿਸ਼ੀ ਫਲਸਫੇ ਉਤੇ ਬੜਾ ਪ੍ਰਭਾਵ ਪਾਇਆ। ਬੁੱਧ ਪ੍ਰਚਾਰਕ, ਜਿਨ੍ਹਾਂ ਨੂੰ ਸਰਮਨ ਸੰਘ ਜਾਂ ਬੁੱਧ ਭਿਕਸ਼ੂ ਵੀ ਕਹਿੰਦੇ ਸਨ, ਉਹ ਬਸਤੀਆਂ ਵਿੱਚ ਜਾ ਕੇ ਬੁੱਧ ਧਰਮ ਦੇ ਦੱਸੇ ਹੋਏ ਅਸ਼ਟਾਂਗ ਮਾਰਗ (ਅੱਠ ਰਸਤੇ) ਲੋਕਾਂ ਨੂੰ ਸਮਝਾਉਂਦੇ। ਯਾਨੀ ਮੁਕਤੀ ਜਾਂ ਨਿਰਵਾਣ ਹਾਸਿਲ ਕਰਨ ਲਈ ਅੱਠ ਮਾਰਗਾਂ ’ਤੇ ਲੋਕਾਈ ਚੱਲੇ। ਦੁਨੀਆ ਦੀ ਚੌਥੀ ਬੋਧੀ ਕਾਨਫਰੰਸ ਮਹਾਰਾਜਾ ਕਨਿਸ਼ਕ ਦੇ ਰਾਜ ਵਿੱਚ ਕਸ਼ਮੀਰ ਦੇ ਕਸਬੇ ਬਾਰਾਮੂਲਾ ਕੋਲ ਪਹਿਲੀ ਸਦੀ ਈਸਵੀ ਵਿੱਚ ਹੋਈ ਸੀ, ਜਿਸ ਅੰਦਰ ਚਾਰ ਸੌ ਬੁੱਧ ਫਿਲਾਸਫਰਾਂ ਨੇ ਹਿੱਸਾ ਲਿਆ ਸੀ। ਵੈਦਿਕ ਧਰਮ ਅਤੇ ਬੁੱਧ ਮੱਤ ਦੀ ਸੰਗਤ ਨਾਲ ਕਸ਼ਮੀਰ ਵਿੱਚ ਇੱਕ ਅਜਿਹਾ ਮਾਰਗ ਦਰਸ਼ਨ ਵਜੂਦ ਵਿੱਚ ਆਇਆ ਜਿਹੜਾ ‘ਕਸ਼ਮੀਰ ਸ਼ਿਵ ਦਰਸ਼ਨ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਜਿਸਦੀ ਬੁਨਿਆਦ ਰਿਸ਼ੀ ਵਾਸੁਗੁਪਤ ਨੇ ਨੌਵੀਂ ਸਦੀ ਈਸਵੀ ਵਿੱਚ ਰੱਖੀ। ਉਸਨੇ ‘ਕਸ਼ਮੀਰੀ ਸ਼ਿਵਮੱਤ’ ਦੇ ਫਲਸਫੇ ਨੂੰ ਸਮਝਾਉਣ ਲਈ ਇੱਕ ਪੁਸਤਕ ‘ਸ਼ਿਵ ਸੂਤਰ’ ਲਿਖੀ। ਮਗਰੋਂ ਵਾਸੁਗੁਪਤ ਦੇ ਮੁਰੀਦ ਰਿਸ਼ੀ ਸੋਮਾਨੰਦ ਨੇ ‘ਸ਼ਿਵ ਦ੍ਰਿਸ਼ਟੀ’ ਨਾਂ ਦੀ ਕਿਤਾਬ ਲਿਖੀ। ‘ਕਸ਼ਮੀਰ ਸ਼ਿਵ ਦਰਸ਼ਨ’ ਨੇ ਅਜਿਹੇ ਵਿਦਵਾਨਾਂ ਨੂੰ ਜਨਮ ਦਿੱਤਾ ਜੋ ਸਾਰੇ ਸੰਸਾਰ ਵਿੱਚ ਮਸ਼ਹੂਰ ਹੋਏ। ਉਹਨਾਂ ਰਿਸ਼ੀਆਂ ਮੁਤਾਬਕ ਇਸ ਸੰਸਾਰ ਵਿੱਚ ਜੋ ਕੁੱਝ ਵੀ ਦਿਸਦਾ ਹੈ, ਉਹ ਸ਼ਿਵ ਹੀ ਹੈ। ‘ਕਸ਼ਮੀਰੀ ਸ਼ਿਵਮੱਤ’ ਇੱਕ ਮੁਕੰਮਲ ਮਜ਼੍ਹਬੀ ਤੇ ਇਖ਼ਲਾਕੀ ਫਲਸਫਾ ਹੈ, ਜਿਸਨੂੰ ‘ਤ੍ਰਿਕ ਸ਼ਾਸਤਰ’ ਵੀ ਕਹਿੰਦੇ ਹਨ। ‘ਤ੍ਰਿਕ’ ਇੱਛਾ (ਮਰਜ਼ੀ, ਖ਼ਵਾਹਿਸ਼) ਗਿਆਨ ਤੇ ਕਿਰਿਆ (ਅਮਲ) ਦਾ ਸੁਮੇਲ ਹੈ। ਇਹਨੂੰ ਪ੍ਰਤੀਭਗਿਆ (ਪਿੱਛੇ ਮੁੜ ਕੇ ਦੇਖਣਾ) ਫਿਲਾਸਫੀ ਵੀ ਕਹਿੰਦੇ ਹਨ, ਜਿਸਦਾ ਅਰਥ ਆਪਣੇ ਅਸਲ ਨੂੰ, ਆਪਣੀ ਬੁਨਿਆਦ ਨੂੰ ਜਾਨਣਾ ਹੈ।

“ਵੋ ਫਰੇਬ ਖੋਰਦਾ ਸ਼ਾਹੀਨ ਜੋ ਫੰਸਾ ਹੋ ਕਰਗਸੂੰ ਮੇਂ
ਉਸੇ ਕਿਆ ਖ਼ਬਰ ਕਿ ਕਿਆ ਹੈ ਰਾਹ ਰਸਮ ਸ਼ਾਹਬਾਜ਼ੀ।”

ਬਾਜ਼ ਦਾ ਕੰਮ ਹੈ ਸ਼ਿਕਾਰ ਕਰਨਾ ਤੇ ਗਿੱਧ ਦਾ ਕੰਮ ਹੈ ਮੁਰਦਾ ਮਾਸ ਖਾਣਾ। ਜੇ ਬਾਜ਼ ਦਾ ਬੱਚਾ ਗਿੱਧਾਂ ਵਿੱਚ ਪਲੇਗਾ ਤਾਂ ਆਪਣੀ ਫਿਤਰਤ ਭੁੱਲ ਜਾਏਗਾ। ਇਸ ਲਈ ਪ੍ਰਤੀਭਗਿਆ ਆਪਣੇ ਅਸਲ ਨੂੰ ਜਾਣਨ ਦਾ ਨਾਮ ਹੈ। ‘ਤ੍ਰਿਕ ਸ਼ਾਸਤਰ’ ਜ਼ਾਤ-ਪਾਤ ਦੇ ਭੇਦ-ਭਾਵ ਨੂੰ ਖ਼ਤਮ ਕਰਨਾ ਸਿਖਾਉਂਦਾ ਹੈ। ‘ਤ੍ਰਿਕ


CC-0. Sohail Kazmi Collection, Jammu. Digitized by eGangotri

ਜੀਵਨ ਦ੍ਰਿਸ਼ਟੀ' ਵਾਸੁਗੁਪਤ ਦੀ ਦੇਣ ਸੀ, ਪਰ ਰਾਜਤਰੰਗਣੀ ਮੁਜ਼ਬ ਕਸ਼ਮੀਰ ਵਿੱਚ ਬੁੱਧ ਮੱਤ ਤੋਂ ਪਹਿਲਾਂ ਵੀ ਸ਼ਿਵ ਮੱਠ ਤੇ ਮੰਦਰ ਮੌਜੂਦ ਸਨ। ਲੋਕਾਂ ਦਾ ਸ਼ਿਵ ਸ਼ਕਤੀ 'ਤੇ ਪੂਰਾ ਵਿਸ਼ਵਾਸ ਸੀ। ਕਸ਼ਮੀਰ ਵਿੱਚ ਸ਼ਿਵ ਮੱਤ ਤਿੰਨ ਬੁਨਿਆਦੀ ਚੀਜ਼ਾਂ 'ਤੇ ਅਧਾਰਿਤ ਸੀ- ਸ਼ਿਵ, ਸ਼ਕਤੀ ਤੇ ਨਰ। ਤ੍ਰਿਕ ਫਲਸਫੇ ਮੁਤਾਬਿਕ ਸ਼ਿਵ ਦੀ ਕੋਈ ਸ਼ਕਲ ਤੇ ਸੂਰਤ ਨਹੀਂ। ਉਹ ਧਰਤੀ ਤੇ ਆਕਾਸ਼ ਦੇ ਬੰਧਨ ਤੋਂ ਆਜ਼ਾਦ ਹੈ। ਉਹ ਕਾਇਮ ਹੈ ਤੇ ਸਦਾ ਕਾਇਮ ਰਹੇਗਾ। ਉਹਦੀ ਕੋਈ ਹੱਦ ਨਹੀਂ। ਉਹ ਲਾ-ਮਹਿਦੂਦ ਹੈ। ਉਸ ਕੋਲ ਦੋ ਖ਼ਾਸ ਤ਼ਾਕਤਾਂ ਹਨ। ਇੱਕ 'ਸ਼ਕਤੀ' ਤੇ ਦੂਜੀ 'ਨਰ'। ਸ਼ਕਤੀ ਸ਼ਿਵ ਦੀ ਉਹ ਤਾਕਤ ਹੈ ਜੋ ਤਖ਼ਲੀਕ ਕਰਦੀ ਹੈ। ਸ੍ਰਿਸ਼ਟੀ ਦੀ ਰਚਨਾਤਮਕ ਤਾਕਤ ਤੇ 'ਨਰ' ਸ਼ਿਵ ਦੀ ਤਾਕਤ ਦਾ ਪੁਲਿੰਗ ਹੈ। ਇਸਨੂੰ ਪ੍ਰਕਿਰਤੀ ਅਤੇ ਪੁਰਸ਼ ਵੀ ਕਿਹਾ ਗਿਆ ਹੈ। ਨਰ ਤੇ ਮਾਦਾ ਦੇ ਮਿਲਾਪ ਨਾਲ ਹੀ ਇਹ ਸ੍ਰਿਸ਼ਟੀ ਕਾਇਮ ਹੈ। ਕਸ਼ਮੀਰ ਸ਼ਿਵ ਦਰਸ਼ਨ ਜਦ ਆਪਣੇ ਸਿਖ਼ਰ 'ਤੇ ਸੀ, ਤਦ ਕਸ਼ਮੀਰ ਵਿੱਚ ਇਸਲਾਮ ਧਰਮ ਨੇ ਦਸਤਕ ਦਿੱਤੀ ਤੇ ਸੰਨ 1319 ਵਿੱਚ ਇਰਾਕ ਤੋਂ ਇੱਕ ਸੂਫ਼ੀ ਦਰਵੇਸ਼ ਸ਼ਰਫਦੀਨ ਬੁਲਬੁਲ ਸ਼ਾਹ ਇਸਲਾਮੀ ਗਿਆਨ ਲੈ ਕੇ ਕਸ਼ਮੀਰ ਆਇਆ। ਉਸ ਵੇਲੇ ਕਸ਼ਮੀਰ ਵਿੱਚ ਆਖ਼ਰੀ ਹਿੰਦੂ ਰਾਜਾ ਸਹਿਦੇਵ ਰਾਜ ਕਰ ਰਿਹਾ ਸੀ। ਸੰਨ 1319 ਵਿੱਚ ਹੀ ਇਰਾਨ ਤੋਂ ਇੱਕ ਮੁਸਲਮਾਨ ਸੌਦਾਗਰ ਸ਼ਾਹ ਮੀਰ ਕਸ਼ਮੀਰ ਅਪੜਿਆ ਤੇ ਰਾਜਾ ਸਹਿਦੇਵ ਦਾ ਦਰਬਾਰੀ ਬਣ ਗਿਆ। ਜਦਕਿ ਸੰਨ 1320 ਵਿੱਚ ਲਦਾਖ਼ ਤੋਂ ਇੱਕ ਬੋਧੀ ਰਾਜ ਕੁਮਾਰ ਆਪਣੇ ਬਾਪ ਦੀ ਬਦ-ਸਲੂਕੀ ਤੋਂ ਤੰਗ ਆ ਕੇ ਕਸ਼ਮੀਰ ਆ ਗਿਆ ਤੇ ਰਾਜਾ ਸਹਿਦੇਵ ਦੇ ਸੈਨਾਪਤੀ ਰਾਮ ਚੰਦਰ ਰੈਨਾ ਦੀ ਚਾਕਰੀ ਕਰਨ ਲੱਗਾ। ਉਸਦਾ ਨਾਂ ਲਹਾਚਿਨ ਗਿਆਲਪੂ ਰਿਨਚਿਨ ਜਾਂ ਰਿਨਚੰਨ ਸ਼ਾਹ ਸੀ। ਸੰਨ 1321 ਵਿੱਚ ਜ਼ਿਵਾਲੱਚੂ ਨਾਂ ਦੇ ਇੱਕ ਤਾਤਾਰੀ ਰਾਜ ਕੁਮਾਰ ਨੇ ਕਸ਼ਮੀਰ 'ਤੇ ਹਮਲਾ ਕਰ ਦਿੱਤਾ। ਰਾਜਾ ਸਹਿਦੇਵ ਲੜਾਈ ਹਾਰਨ ਮਗਰੋਂ ਕਿਸ਼ਤਵਾੜ ਵੱਲ ਭੱਜ ਗਿਆ। ਜ਼ਿਵਾਲੱਚੂ ਨੇ ਡਾਹਢੀ ਲੁੱਟ-ਮਾਰ ਮਚਾਈ ਅਤੇ ਅਖ਼ੀਰ ਆਪਣੀਆਂ ਫੌਜਾਂ ਲੈ ਕੇ ਵਾਪਸ ਆਪਣੇ ਦੇਸ਼ ਮੰਗੋਲੀਆ ਚਲਾ ਗਿਆ। ਰਿਨਚੰਨ ਸ਼ਾਹ ਨੇ ਸ਼ਾਹ ਮੀਰ ਨਾਲ ਮਿਲਕੇ ਸੈਨਾਪਤੀ ਰਾਮ ਚੰਦਰ ਰੈਨਾ ਦਾ ਕਤਲ ਕਰ ਦਿੱਤਾ ਤੇ ਕਸ਼ਮੀਰ ਦੀ ਹਕੂਮਤ ਸੰਭਾਲ ਲਈ। ਰਿਨਚੰਨ ਸ਼ਾਹ ਰਾਜਾ ਬਣ ਗਿਆ ਤੇ ਸ਼ਾਹ ਮੀਰ ਉਸਦਾ ਵਜ਼ੀਰ। ਰਿਨਚੰਨ ਸ਼ਾਹ ਨੇ ਰਾਮ ਚੰਦਰ ਰੈਨਾ ਦੀ ਧੀ ਕੂਟਾ ਰਾਣੀ ਨਾਲ ਵਿਆਹ ਕਰ ਲਿਆ। ਪਰ ਇਹ ਗੱਲ ਬ੍ਰਾਹਮਣਾਂ ਨੂੰ ਚੰਗੀ ਨਾ ਲੱਗੀ, ਕਿਉਂਕਿ ਰਿਨਚੰਨ ਸ਼ਾਹ ਬੁੱਧ ਧਰਮ ਨੂੰ ਮੰਨਣ ਵਾਲਾ ਸੀ। ਦਰਬਾਰੀ ਬ੍ਰਾਹਮਣਾਂ ਨੇ ਉਸਨੂੰ ਕਤਲ ਕਰਨ ਦੀਆਂ ਸਾਜ਼ਸ਼ਾਂ ਰਚਨੀਆਂ ਸ਼ੁਰੂ ਕਰ ਦਿੱਤੀਆਂ। ਰਿਨਚੰਨ



CC-0. Sohail Kazmi Collection, Jammu. Digitized by eGangotri

ਸ਼ਾਹ ਹਿੰਦੂ ਧਰਮ ਕਬੂਲ ਕਰਨ ਲਈ ਤਿਆਰ ਸੀ, ਪਰ ਬ੍ਰਾਹਮਣਾਂ ਨੇ ਉਸਦਾ ਵਿਰੋਧ ਕੀਤਾ ਤੇ ਅਖ਼ੀਰ ਰਿਨਚੰਨ ਸ਼ਾਹ ਹਜ਼ਰਤ ਬੁਲਬੁਲ ਸ਼ਾਹ ਕੋਲ ਗਿਆ ਤੇ ਇਸਲਾਮ ਧਰਮ ਕਬੂਲ ਕਰ ਲਿਆ। ਬੁਲਬੁਲ ਸ਼ਾਹ ਨੇ ਉਸਦਾ ਨਾਂ ਸਦਰ ਦੀਨ ਰੱਖਿਆ। ਜਦ ਰਾਜਾ ਮੁਸਲਮਾਨ ਬਣ ਗਿਆ ਤਾਂ ਪਰਜਾ ਵੀ ਹੌਲੀ-ਹੌਲੀ ਇਸਲਾਮ ਧਰਮ ਵਿੱਚ ਸ਼ਾਮਲ ਹੁੰਦੀ ਗਈ। ਸਾਰੇ ਦਰਬਾਰੀ ਮੁਸਲਮਾਨ ਹੋ ਗਏ। ਕੂਟਾ ਰਾਣੀ ਦਾ ਨਾਂ ਸ਼ਾਹਬਾਨੋ ਰੱਖਿਆ ਗਿਆ। ਉਸਨੇ ਇੱਕ ਪੁੱਤਰ ਨੂੰ ਜਨਮ ਦਿੱਤਾ, ਜਿਸਦਾ ਨਾਂ ਹੈਦਰਸ਼ਾਹ ਸੀ। ਰਿਨਚੰਨ ਸ਼ਾਹ ਸੰਨ 1323 'ਚ ਮਰ ਗਿਆ। ਉਹ ਪਹਿਲਾ ਮੁਸਲਮਾਨ ਸੀ ਜਿਸਨੂੰ ਕਸ਼ਮੀਰ ਵਿੱਚ ਜਿਹਲਮ ਦੇ ਦੰਦੇ ਆਲੀ ਕਦਲ, ਬੁਲਬੁਲ ਲੰਕਰ ਦੀ ਇੱਕ ਖ਼ਾਨਗਾਹ ਅੰਦਰ ਦਫਨਾਇਆ ਗਿਆ। ਸੰਨ 1327 ਵਿੱਚ ਬੁਲਬੁਲ ਸ਼ਾਹ ਵੀ ਅਕਾਲ ਚਲਾਨਾ ਕਰ ਗਿਆ ਤੇ ਉਸੇ ਦਰਗਾਹ ਅੰਦਰ ਦਫਨਾਇਆ ਗਿਆ ਜਿੱਥੇ ਰਿਨਚੰਨ ਸ਼ਾਹ ਦਫਨ ਸੀ। ਰਿਨਚੰਨ ਸ਼ਾਹ ਦੇ ਮਰਨ ਮਗਰੋਂ ਸ਼ਾਹ ਮੀਰ ਨੇ ਗੱਦੀ 'ਤੇ ਕਬਜ਼ਾ ਕਰ ਲਿਆ ਤੇ ਸੁਲਤਾਨ ਸ਼ਮਸ-ਉਲ-ਦੀਨ ਦੇ ਨਾਂ ਨਾਲ ਹਕੂਮਤ ਕਰਨ ਲੱਗਾ। ਇਹ ਖ਼ਾਨਦਾਨ ਕਸ਼ਮੀਰ ਵਿੱਚ ਸ਼ਾਹ ਮੀਰੀ ਨਾਮ ਨਾਲ ਜਾਣਿਆ ਜਾਂਦਾ ਹੈ ਤੇ ਇਸ ਖ਼ਾਨਦਾਨ ਨੇ ਕਸ਼ਮੀਰ ਉਤੇ 230 ਸਾਲ ਤਕ ਹਕੂਮਤ ਕੀਤੀ।

ਬੁਲਬੁਲ ਸ਼ਾਹ ਦੇ ਬਾਅਦ ਇੱਕ ਹੋਰ ਸੂਫ਼ੀ ਸ਼ਾਇਰ ਤੇ ਦਰਵੇਸ਼ ਸਯੱਦ ਅਲੀ ਸ਼ਾਹ ਹਮਦਾਨੀ, ਈਰਾਨ ਦੇ ਸ਼ਹਿਰ ਹਮਦਾਨ ਤੋਂ ਸੱਤ ਸੌ ਮੁਰੀਦਾਂ ਨਾਲ ਕਸ਼ਮੀਰ ਆਏ। ਉਹਨਾਂ ਕਸ਼ਮੀਰ ਵਿੱਚ ਇਸਲਾਮ ਦਾ ਰੂਹਾਨੀ ਤੇ ਇਰਫਾਨੀ ਪਹਿਲੂ ਲੋਕਾਈ ਨੂੰ ਸਮਝਾਇਆ ਤੇ ਸਾਰੀ ਖ਼ਲਕਤ ਨੂੰ ਰੱਬੀ ਮਖ਼ਲੂਕ ਕਿਹਾ। ਉਹਨਾਂ ਦੇ ਪ੍ਰਚਾਰ (ਤਬਲੀਗ) ਨੇ ਵੀ ਕਸ਼ਮੀਰ ਵਿੱਚ ਇਸਲਾਮ ਨੂੰ ਇੱਕ ਮਜ਼ਬੂਤ ਬੁਨਿਆਦ ਬਖਸ਼ੀ। ਇਹ ਸੂਫ਼ੀ ਦਰਵੇਸ਼ ਆਜ਼ਾਦ ਖਿਆਲ ਸਨ, ਇਸ ਲਈ ਛੇਤੀ ਹੀ ਲੋਕਾਂ ਦਾ ਦਿਲ ਜਿੱਤਣ ਲੱਗੇ। ਇੰਝ ਵੈਦਿਕ ਫਲਸਫਾ, ਬੁੱਧ ਦਰਸ਼ਨ ਤੇ ਇਸਲਾਮੀ ਤੌਹੀਦ ਦਾ ਨਿਚੋੜ ਹੀ ਰਿਸ਼ੀ ਦਰਸ਼ਨ ਅਤੇ ਕਸ਼ਮੀਰੀਅਤ ਹੈ। ਸ਼ਿਵ ਦ੍ਰਿਸ਼ਟੀ ਤੇ ਸੂਫ਼ੀ ਮੱਤ ਕਸ਼ਮੀਰ ਵਿੱਚ ਇੱਕੋ ਮਾਲਾ ਦੇ ਮਣਕੇ ਬਣ ਗਏ। ਕਸ਼ਮੀਰ ਦੇ ਸੂਫ਼ੀ ਤੇ ਸੰਤ ਸ਼ਾਇਰਾਂ ਨੇ ਜਿੱਥੇ ਰਿਸ਼ੀ ਪਰੰਪਰਾ (ਰਵਾਇਤ) ਨੂੰ ਆਪਣੇ ਲਹੂ ਨਾਲ ਸਿੰਜਿਆ, ਉਥੇ ਕਵਿੱਤਰੀਆਂ (ਸ਼ਾਇਰਾਤ) ਨੇ ਵੀ ਰਿਸ਼ੀਅਤ ਦੀ ਜੋਤ ਜਗਾਈ ਰੱਖੀ। ਸਗੋਂ ਇਹ ਗੱਲ ਸਪੱਸ਼ਟ (ਸਾਫ) ਹੈ ਕਿ ਕਸ਼ਮੀਰੀ ਕਾਵਿ-ਸਾਹਿਤ ਦਾ ਇਤਿਹਾਸ ਵੀ ਸਭ ਤੋਂ ਪਹਿਲਾਂ ਇੱਕ ਅਜਿਹੀ ਸੁਆਣੀ ਨੇ ਰਚਿਆ ਜਿਸਦਾ ਨਾਂ ਲੱਲੇਸ਼ਵਰੀ ਸੀ ਤੇ ਉਹ ਲੱਲ ਮਾਂ ਦੇ ਨਾਂ ਨਾਲ ਮਸ਼ਹੂਰ ਹੋਈ।

ਲੱਲੇਸ਼ਵਰੀ ਦੇ ਜਨਮ, ਖ਼ਾਨਦਾਨ ਅਤੇ ਪਾਲਣ-ਪੋਸ਼ਣ ਬਾਰੇ ਖੋਜਕਾਰ ਹਾਲੇ


CC-0. Sohail Kazmi Collection, Jammu. Digitized by eGangotri

ਤਕ ਵੀ ਕਿਸੇ ਸਿੱਟੇ 'ਤੇ ਨਹੀਂ ਪਹੁੰਚ ਸਕੇ ਹਨ। ਉਹਨੇ ਕਦੋਂ ਨਿਰਵਾਣ ਪ੍ਰਾਪਤ ਕੀਤਾ, ਇਸ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਹੈ। ਸਾਨੂੰ ਉਸ ਬਾਰੇ ਜਿੰਨਾ ਵੀ ਗਿਆਨ ਮਿਲਦਾ ਹੈ, ਉਹ ਸਿਰਫ ਉਸਦੇ ਵਾਕਾਂ ਤੋਂ ਹੀ ਪ੍ਰਾਪਤ ਹੋਇਆ ਹੈ, ਜਿਸਦੇ ਮੁਤਾਬਕ ਲੱਲ ਮਾਂ ਨੇ ਸੰਨ 1335 ਵਿੱਚ ਤਹਿਸੀਲ ਪਾਂਪੋਰ ਦੇ ਪਿੰਡ ਪਾਂਦਰਠੰਨ ਦੇ ਇੱਕ ਪੰਡਿਤ ਘਰਾਣੇ ਵਿੱਚ ਜਨਮ ਲਿਆ। ਉਹ ਬਚਪਨ ਤੋਂ ਹੀ ਬ੍ਰਾਹਮਣੀ ਸੋਚ ਰੰਗ-ਨਸਲ, ਜ਼ਾਤ-ਪਾਤ ਤੇ ਮਜ਼੍ਹਬੀ ਰਸਮਾਂ ਨੂੰ ਨਹੀਂ ਸੀ ਮੰਨਦੀ। ਉਹ ਸ਼ਿਵ ਯੋਗਿਨੀ ਸੀ। ਉਸਦੇ ਰੂਹਾਨੀ, ਵਤੀਰੇ ਨੂੰ ਅੱਖੋਂ ਓਹਲੇ ਕਰਦਿਆਂ ਹੋਇਆਂ ਉਸਦੇ ਮਾਪਿਆਂ ਨੇ ਉਸਦਾ ਵਿਆਹ ਇੱਕ ਕੱਟੜ ਬ੍ਰਾਹਮਣ ਪਰਿਵਾਰ ਵਿੱਚ ਕਰ ਦਿੱਤਾ, ਜਿਸ ਕਾਰਨ ਉਸਨੂੰ ਆਪਣੇ ਪਤੀ ਤੇ ਸੱਸ ਹੱਥੋਂ ਬੜੇ ਜ਼ੁਲਮ ਸਹਿਣੇ ਪਏ। ਚੋਖੇ ਤਸੀਹੇ ਸਹਿਣ ਮਗਰੋਂ ਅਖ਼ਿਰ ਲੱਲੇਸ਼ਵਰੀ ਘਰ ਗ੍ਰਹਿਸਤੀ ਛੱਡ ਕੇ ਯੋਗਨੀ ਬਣ ਗਈ। ਹੌਲੀ-ਹੌਲੀ ਈਸ਼ਵਰ ਦੇ ਸਰੂਪ ਵਿੱਚ ਗਰਕ ਹੋ ਗਈ। ਉਹਨੇ ਤਨ ਦੇ ਲੀੜੇ ਫਾੜ ਛੱਡੇ ਤੇ ਮਸਤੀ ਦੀ ਬੁੱਕਲ ਲਪੇਟ ਲਈ। ਉਹ ਨੱਚਣ-ਗਾਉਣ ਲੱਗੀ। ਮਸਤੀ ਦੇ ਐਸੇ ਆਲਮ ਵਿੱਚ ਉਸਨੂੰ ਇੱਕ ਸ਼ਿਵ ਭਗਤ ਸਿੱਧ ਮੋਲ ਮਿਲਿਆ, ਜਿਸਨੇ ਲੱਲੇਸ਼ਵਰੀ ਨੂੰ ਇੱਕ ਤ੍ਰਿਕ ਦ੍ਰਿਸ਼ਟੀ ਅਤੇ ਕਸ਼ਮੀਰ ਦੀ ਪ੍ਰਾਚੀਨ ਸੱਭਿਅਤਾ ਬਾਰੇ ਦੱਸਿਆ। ਕਹਿੰਦੇ ਨੇ ਕਿ ਉਸਦਾ ਟਾਕਰਾ ਸਯੱਦ ਅਲੀ ਸ਼ਾਹ ਹਮਦਾਨੀ ਨਾਲ ਵੀ ਹੋਇਆ, ਜਿਸਨੇ ਲੱਲੇਸ਼ਵਰੀ ਨੂੰ ਇਸਲਾਮੀ ਤੌਹੀਦ ਦਾ ਗਿਆਨ ਦਿੱਤਾ। ਇਸ ਤਰ੍ਹਾਂ ਸੰਤ-ਦਰਵੇਸ਼ਾਂ ਨੇ ਲੱਲੇਸ਼ਵਰੀ ਦੀ ਹਯਾਤੀ ਵਿੱਚ ਇੱਕ ਇਨਕਲਾਬ ਲੈ ਆਂਦਾ। ਉਸਨੇ ਸ਼ਿਵ ਦਰਸ਼ਨ ਅਤੇ ਇਸਲਾਮੀ ਤਸੱਵੁਫ ਨੂੰ ਆਪਣੇ ਅੰਦਰ ਜਜ਼ਬ ਕਰ ਲਿਆ। ਆਪਣੇ ਵਿਚਾਰਾਂ ਨੂੰ ਵਾਕਾਂ ਜਾਂ ਸ਼ਲੋਕਾਂ ਰਾਹੀਂ ਲੋਕਾਂ ਸਾਹਮਣੇ ਰੱਖਿਆ। ਹਿੰਦੂ ਤੇ ਮੁਸਲਮਾਨ ਦੋਹਾਂ ਲਈ ਉਹ ਰੂਹਾਨੀ ਪ੍ਰਚਾਰਕ ਬਣ ਗਈ। ਲੱਲੇਸ਼ਵਰੀ ਇੱਕ ਸ਼ਿਵ ਯੋਗਿਨੀ ਵੀ ਸੀ ਤੇ ਇੱਕ ਮੁਸਲਿਮ ਸੂਫੀ ਵੀ।

ਉਹ ਕਹਿੰਦੀ ਹੈ-

"ਸ਼ਿਵ ਤੈਨੂੰ ਟਿਕ-ਟਿਕ ਵੇਖ ਰਿਹਾ ਏ
ਮੂਰਖ, ਤੂੰ ਕਿਉਂ ਹਿੰਦੂ ਤੇ ਮੁਸਲਮਾਨ 'ਚ
ਫਰਕ ਕਰਨਾ ਏਂ
ਤੈਨੂੰ ਆਪਣੇ ਆਪ ਦੀ ਸੁੱਧ ਨਹੀਂ ਹੈ
ਜੇ ਮੁਕਤੀ ਚਾਹੁੰਦਾ ਏਂ ਤਾਂ
ਮਨੁੱਖ ਨੂੰ ਵੰਡਣ ਦੀ ਥਾਂ
ਆਪਣੇ ਆਪ ਨੂੰ ਪਛਾਣ।"



CC-0. Sohail Kazmi Collection, Jammu. Digitized by eGangotri

ਇੱਕ ਹੋਰ ਵਾਕ ਵਿੱਚ ਕਹਿੰਦੀ ਹੈ-

"ਜੇ ਤੂੰ ਅਕਲਮੰਦ ਏਂ
ਤਾਂ ਬਾਹਰ ਦੀ ਦੁਨੀਆ ਵੱਲ ਜਾਣ ਦੀ ਥਾਂ
ਅੰਦਰ ਦੀ ਦੁਨੀਆ ਦੀ ਖੋਜ ਕਰ।"

ਇੱਕ ਦੂਜੇ ਵਾਕ ਵਿੱਚ ਆਖਦੀ ਹੈ-

"ਗੁਰੂ ਨੇ ਇੱਕੋ ਗੱਲ ਕਹੀ
ਬਾਹਰ ਤੋਂ ਅੰਦਰ ਪ੍ਰਵੇਸ਼ ਕਰ
ਇਸੇ ਗੱਲ ਨੇ ਲੱਲ ਦੀ ਕਾਯਾ ਕਲਪ ਕਰ ਦਿੱਤੀ
ਤੇ ਉਹ ਮਸਤੀ ਵਿੱਚ ਨੱਚਣ ਲੱਗੀ।"

ਕਸ਼ਮੀਰੀ ਸ਼ਿਵ-ਦਰਸ਼ਨ ਤੇ ਸੂਫ਼ੀ ਮੱਤ ਦਾ ਸੁਮੇਲ (ਮਿਲਾਪ) ਇਸ ਵਾਕ ਵਿੱਚ ਦੇਖੋ:

"ਓਹੋ ਪੱਥਰ ਰਸਤੇ ਵਿੱਚ
ਤੇ ਓਹੋ ਦੀਵਾਰ ਵਿੱਚ
ਓਹੋ ਪੱਥਰ ਮੰਦਰ ਵਿੱਚ
ਓਹੋ ਚੱਕੀ ਦੇ ਪਾਟ ਬਣਕੇ ਘੁੰਮਦਾ
ਸ਼ਿਵ ਤੀਕਰ ਪੁੱਜਣਾ ਬਹੁਤ ਔਖਾ ਹੈ
ਇਸ ਲਈ ਗੁਰੂ ਕੋਲੋਂ ਰਾਹ ਪੁੱਛ।"

ਲੱਲੇਸ਼ਵਰੀ ਨੇ ਆਪਣੇ ਵਾਕ ਮਾਂ-ਬੋਲੀ ਕਸ਼ਮੀਰੀ ਵਿੱਚ ਕਹੇ। ਲੱਲ ਮਾਂ ਨੇ ਆਉਣ ਵਾਲੀਆਂ ਨਸਲਾਂ ਲਈ ਮਾਨਵ ਵਿਕਾਸ, ਪ੍ਰਗਤੀਸ਼ੀਲ ਤੇ ਚਿੰਤਨ (ਫ਼ਿਕਰ) ਨੂੰ ਇੱਕ ਨਵੀਂ ਦਿਸ਼ਾ ਦੇਣ ਦਾ ਯਤਨ ਕੀਤਾ ਹੈ।

ਉਹ ਕਹਿੰਦੀ ਹੈ-

"ਪਾਖੰਡੀ ਸਾਧੂ
ਤੂੰ ਕੀ ਨੰਗਿਆਂ ਰਹਿਣ ਦਾ ਨਾਟਕ ਕਰਦਾ ਏਂ
ਤੈਨੂੰ ਪਤਾ ਨਹੀਂ ਪਈ ਤੀਰਥਾਂ 'ਤੇ ਨਹਾਉਣ ਦੇ ਬਦਲੇ
ਜੇ ਤੂੰ ਇੱਕ ਵਾਰੀ ਵੀ ਈਸ਼ਵਰ ਨੂੰ ਢੂੰਡਣ ਦਾ ਯਤਨ ਕਰਦਾ
ਤਾਂ ਤੂੰ ਉਹਨੂੰ ਆਪਣੇ ਕੋਲ ਪਾਂਵਦਾ।"

ਆਪਣੇ ਬਾਰੇ ਲੱਲ ਮਾਂ ਕਹਿੰਦੀ ਏ-

"ਮਨ ਦੀ ਮੈਲ ਨੂੰ ਸਾੜਿਆ
ਰੀਝਾਂ ਤੇ ਤਾਂਘਾਂ ਦਾ ਗਲਾ ਘੋਟਿਆ
ਤਦ ਕਿਤੇ ਸਿੱਧ ਹੋਇਆ ਲੱਲ ਨਾਮ।"


CC-0. Sohail Kazmi Collection, Jammu. Digitized by eGangotri

ਇਹ ਵਾਕ ਦੇਖੋ-

"ਮੈਂ ਅਮਲਾਂ ਦੇ ਸੰਘਰਸ਼ ਵਿੱਚ ਥੱਕ ਗਈ ਹਾਂ
ਮੇਰੇ ਅਮਲਾਂ ਦਾ ਸਫ਼ਰ ਲੰਮੇਰਾ ਹੈ
ਸੂਲਾਂ ਮੈਨੂੰ ਲਹੂ ਲੁਹਾਨ ਕਰ ਦਿੱਤਾ ਹੈ
ਮੈਂ ਸਫ਼ਰ ਵਿੱਚ ਵੱਖ-ਵੱਖ ਤਰ੍ਹਾਂ ਦੇ ਲੋਕ ਵੇਖੇ
ਸਾਰੀ ਹਕੀਕਤ ਨੂੰ ਗੌਰ ਨਾਲ ਵੇਖਿਆ
ਮੈਨੂੰ ਮੇਰੇ ਗੁਰੂ ਮਹਾਰਾਜ ਦੇ ਦਰਸ਼ਨ ਹੋਏ
ਉਸਦੇ ਸਮਝਾਣ ਨਾਲ ਮੈਨੂੰ ਸਮਝ ਆ ਗਈ
ਬਈ ਸਾਰੇ ਇੱਕ ਨੇ
ਦੂਈ (ਦੁਸ਼ਮਣੀ) ਦਾ ਕੋਈ ਮਸਲਾ ਨਹੀਂ।
ਉਹ ਇੱਕ ਹੈ ਤੇ ਉਸਦੀ ਬਣਾਈ ਸ੍ਰਿਸ਼ਟੀ
ਉਸਦਾ ਹੀ ਰੂਪ ਹੈ।"

ਲੱਲੇਸ਼ਵਰੀ ਦੇ ਵਾਕਾਂ ਵਿੱਚ ਕਸ਼ਮੀਰੀ ਸ਼ਿਵ ਦਰਸ਼ਨ ਦੇ ਦ੍ਰਿਸ਼ਟੀਕੋਣ ਨਾਲ ਜੀਵ, ਜਗਤ ਤੇ ਈਸ਼ਵਰ ਦੇ ਸਵਰੂਪ ਤੇ ਸੰਬੰਧ ਦੀ ਵਿਆਖਿਆ ਹੁੰਦੀ ਹੈ। ਲੱਲ ਮਾਂ ਨੇ ਸ਼ਿਵ ਵਿੱਚ ਲੀਨ ਹੋਣ ਦਾ ਕਥਨ ਜਾਂ ਹੁਕਮ ਹੀ ਨਹੀਂ ਦਿੱਤਾ, ਸਗੋਂ ਸਾਧਨਾ ਪੱਥ ਦੀ ਪਗਡੰਡੀ ਨੂੰ ਰਾਜ ਮਾਰਗ ਵਿੱਚ ਬਦਲ ਦਿੱਤਾ।

ਲੱਲੇਸ਼ਵਰੀ ਦੇ ਕਲਾਮ ਦੀ ਸੰਪਾਦਨਾ ਜਾਰਜ ਗ੍ਰੀਅਰਸਨ, ਸਰ ਰਿਚਰਡ ਟੈਂਪਲ, ਏ.ਕੇ. ਵਾਚੂੰ, ਸ਼ੰਭੂਨਾਥ ਭਟ ਹਲੀਮ ਤੇ ਜਾਨਕੀ ਨਾਥ ਭਾਨ ਨੇ ਕੀਤੀ। ਪਰ ਸਤਾਰ੍ਹਵੀਂ ਸਦੀ ਤੇ ਅਠਾਰ੍ਹਵੀਂ ਸਦੀ ਈਸਵੀ ਵਿੱਚ ਭਾਸਕਰ ਰਾਜ਼ਦਾਨ (ਕਸ਼ਮੀਰੀ ਪੰਡਿਤਾਂ ਦੀ ਇੱਕ ਜ਼ਾਤ) ਨੇ ਉਸਦੇ ਵਾਕਾਂ ਦਾ ਸੰਸਕ੍ਰਿਤ ਵਿੱਚ ਤਰਜ਼ਮਾ ਕੀਤਾ। ਲੱਲ ਮਾਂ ਕਸ਼ਮੀਰ ਦੀ ਸਾਂਝੀ ਸੰਸਕ੍ਰਿਤੀ ਦੀ ਪਛਾਣ ਹੈ। ਲੱਲੇਸ਼ਵਰੀ ਨੇ ਸਮਾਜੀ ਠੇਕੇਦਾਰਾਂ, ਲੋਕਾਂ 'ਤੇ ਜ਼ੁਲਮ ਕਰਨ ਵਾਲਿਆਂ, ਗ਼ਰੀਬਾਂ ਨੂੰ ਲੁੱਟਣ ਵਾਲਿਆਂ ਤੇ ਉਹਨਾਂ ਦੀ ਇੱਜ਼ਤ ਨਾਲ ਖੇਡਣ ਵਾਲਿਆਂ ਦੇ ਖ਼ਿਲਾਫ਼ ਅਤੇ ਧਰਮ ਦੇ ਨਾਮ 'ਤੇ ਅਧਰਮ ਫੈਲਾਉਣ ਵਾਲਿਆਂ ਦੇ ਖ਼ਿਲਾਫ਼ ਇੱਕ ਜ਼ੋਰਦਾਰ ਤਹਿਰੀਕ ਚਲਾਈ। ਭਗਤੀ ਲਹਿਰ ਦੀ ਮੁੱਢਲੀ ਕਵਿੱਤਰੀ ਵੀ ਲੱਲ ਮਾਂ ਹੀ ਹੈ। ਉਸਨੇ ਆਪਣੇ ਇੱਕ ਵਾਕ ਵਿੱਚ ਸੱਤ ਸੌ ਸਾਲ ਪਹਿਲਾਂ ਕਿਹਾ ਸੀ, "ਇੱਕੋ ਓਂਕਾਰ ਹੈ ਜੋ ਮਨ ਅੰਦਰ ਵੱਸਦਾ ਹੈ"। ਲੱਲ ਮਾਂ ਦੇ ਵਾਕ ਉਸ ਸਮੇਂ ਦੀ ਸਿਆਸਤ ਤੇ ਸਮਾਜੀ ਲੁੱਟ-ਕਸੁੱਟ ਦਾ ਇੱਕ ਪੂਰਾ ਗ੍ਰਾਫ਼ ਤੇ ਤਿੱਖਾ ਵਿਅੰਗ ਹੈ, ਜੋ ਅੱਜ ਵੀ ਓਨਾਂ ਹੀ ਸੱਚ ਹੈ ਜਿੰਨਾ ਉਸ ਵੇਲੇ ਸੀ।

"ਤੂੰ ਅਟਨ (ਬਾਰਾਮੂਲਾ) ਵਿੱਚ ਚੋਰੀ ਕਰਕੇ



CC-0. Sohail Kazmi Collection, Jammu. Digitized by eGangotri

ਮਟਨ ਵਿੱਚ ਚੋਰੀ ਦਾ ਮਾਲ ਛੁਪਾਨਾ ਏਂ।
ਮੇਰੇ ਲੋਕਾਂ ਨੂੰ ਪਰਮ ਗਿਆਨ ਦਾ ਭਾਸ਼ਣ ਦੇ ਕੇ
ਉਹਨਾਂ ਨੂੰ ਠੱਗਨਾ ਏਂ
ਤੇਰੇ ਜਿਹੇ ਲੋਕ/ਦੁਨੀਆ ਵਿੱਚ ਕੁੱਝ ਹਾਸਲ ਨਹੀਂ ਕਰ ਸਕਦੇ।
ਤੇਰੇ ਵਰਗੇ ਲੋਕ
ਬੇਨਾਮ ਆਉਂਦੇ ਤੇ ਬੇਨਾਮ ਜਾਂਦੇ ਨੇ।"

ਲੱਲ ਮਾਂ ਨਿਰਗੁਣਵਾਦੀ (ਰੱਬੀ ਹਮਦ ਪੜ੍ਹਨ ਵਾਲੀ) ਸੀ। ਇੱਕ ਥਾਂ ਉਹ ਕਹਿੰਦੀ ਹੈ-

"ਮੰਦਰ ਵਿੱਚ ਤੂੰ ਜਿਹੜਾ ਦੇਵਤਾ ਰੱਖਿਆ ਹੈ
ਉਹ ਪੱਥਰ ਦਾ ਬਣਿਆ ਹੋਇਆ ਹੈ
ਜਿਸਨੇ ਦੇਵਤਿਆਂ ਨੂੰ ਰੱਖਿਆ ਹੈ
ਉਹ ਵੀ ਪੱਥਰ ਦਾ ਹੀ ਹੈ
ਉਤੋਂ ਦੀ ਹੇਠਾਂ ਤਕ ਉਹ ਜੁੜਿਆ ਹੋਇਆ ਹੈ
ਉਹ ਨਾ ਬੋਲਦਾ ਹੈ
ਨਾ ਹਰਕਤ ਕਰਦਾ ਹੈ
ਉਹ ਮੂਰਖ ਪੰਡਿਤ
ਤੂੰ ਕਿਸ ਨੂੰ ਪੂਜਨਾ ਏਂ
ਤੈਨੂੰ ਪਤਾ ਹੈ ਕਿ ਭਗਵਾਨ ਇਸ ਵਿੱਚ
ਟਿਕਿਆ ਹੋਇਆ ਹੈ
ਪਰ ਨਹੀਂ
ਤੂੰ ਆਪਣੇ ਮਨ ਨੂੰ ਪਰਮਾਤਮਾ ਨਾਲ ਜੋੜ
ਇਹੀ ਸੱਚੀ ਪੂਜਾ ਹੈ।"

ਇਹ ਹੋਰ ਥਾਂ ਲੱਲ ਮਾਂ ਕਹਿੰਦੀ ਹੈ-

"ਮੈਂ ਸਿੱਧੀ ਰਾਹੀਂ ਆਈ ਸਾਂ
ਪਰ ਉਸੇ ਰਾਹੀਂ ਮੁੜੀ ਨਹੀਂ
ਮਨ ਰੂਪੀ ਸੇਤੂ (ਰਸਤਾ) ਵੱਲ ਜਾਂਦਿਆਂ
ਅਧਰਾਹੇ ਦਿਨ ਢਲ ਗਿਆ
ਮੈਂ ਖੀਸੇ ਵਿੱਚ ਹੱਥ ਪਾਇਆ
ਤਾਂ ਉਥੇ ਕੁੱਝ ਵੀ ਨਹੀਂ ਸੀ।"

ਛੇ ਸੌ ਸਾਲ ਮਗਰੋਂ ਇਸੇ ਖ਼ਿਆਲ ਨੂੰ ਮੀਆਂ ਮੁਹੰਮਦ ਬਖਸ਼ ਨੇ ਆਪਣੇ


CC-0. Sohail Kazmi Collection, Jammu. Digitized by eGangotri

ਸ਼ੇਅਰ ਵਿੱਚ ਇੰਝ ਲਿਖਿਆ ਸੀ-

"ਲੋਏ ਲੋਏ ਭਰ ਲੈ ਕੁੜੀਏ ਜੇ ਤੁਦ ਭਾਂਡਾ ਭਰਨਾ।
ਸ਼ਾਮ ਪਈ ਬਿਨ ਸ਼ਾਮ ਮੁਹੰਮਦ ਘਰ ਜਾਂਦੀ ਨੇ ਡਰਨਾ।"

ਲੱਲ ਮਾਂ ਦਾ ਇਹ ਵਾਕ ਦੇਖੋ-

"ਸਾਗਰ ਵਿੱਚ ਮੈਂ ਕੱਚੇ ਧਾਗੇ ਨਾਲ ਬੇੜੀ ਖਿੱਚ ਰਹੀ ਹਾਂ
ਕਾਸ਼! ਈਸ਼ਵਰ ਮੇਰੀ ਸੁਣੇ ਤੇ ਮੈਨੂੰ ਪਾਰ ਲੰਘਾਵੇ।
ਮੇਰੀ ਦਸ਼ਾ ਮਿੱਟੀ ਦੇ ਉਸ ਕੱਚੇ ਭਾਂਡੇ ਵਾਂਗਰ ਹੈ
ਜੋ ਪਾਣੀ ਚੂਸਦਾ ਰਹਿੰਦਾ ਹੈ
ਮੇਰਾ ਜੀਅ ਬੇਚੈਨ ਹੈ ਆਪਣੇ ਘਰ ਜਾਣ ਲਈ
ਆਪਣੀ ਆਤਮਾ ਨੂੰ ਪਰਮਾਤਮਾ ਨਾਲ ਮਿਲਾਣ ਲਈ"

ਕਈ ਵਾਕਾਂ ਵਿੱਚ ਲੱਲੇਸ਼ਵਰੀ ਨੇ ਸੁਆਣੀਆਂ ਦੇ ਹੱਕਾਂ ਦੀ ਗੱਲ ਕੀਤੀ ਹੈ, ਜਿਵੇਂ:

"ਐ ਬੰਦੇ! ਜਿਸ ਨਾਰੀ ਨੂੰ ਤੂੰ ਬਾਜ਼ਾਰੀ ਬਣਾਇਆ
ਤੂੰ ਸਮਝਦਾ ਨਹੀਂ ਕਿ ਉਹ ਨਾਰੀ
ਕਦੇ ਮਾਂ ਬਣਦੀ ਹੈ
ਕਦੇ ਧੀਅ, ਕਦੇ ਭੈਣ
ਕਦੇ ਪਤਨੀ ਬਣਕੇ ਸ੍ਰਿਸ਼ਟੀ ਦੀ ਰਚਨਾ ਕਰਦੀ ਹੈ
ਇਹ ਨਾਰੀ ਈਸ਼ਵਰ ਦਾ ਸਰੂਪ ਹੈ
ਇਹ ਔਰਤ ਸ਼ਿਵ ਸ਼ਕਤੀ ਹੈ
ਤੇ ਇਹਦੇ ਕਦਮਾਂ ਹੇਠ ਸਵਰਗ ਹੈ।"

ਜਾਂ ਫਿਰ ਇਹ ਸ਼ਲੋਕ-

"ਮੈਂ ਵਿੱਚ ਬਾਜ਼ਾਰੇ ਜੰਦਰੇ ਬਗ਼ੈਰ ਦੁਕਾਨ ਬਣ ਗਈ ਆਂ
ਮੇਰਾ ਵਜੂਦ ਇੱਕ ਬਾਂਝ ਧਰਤੀ ਹੈ ਤੀਰਥ ਬਗ਼ੈਰ
ਮੇਰੀ ਇਹ ਪੀੜ੍ਹਾ ਕੌਣ ਜਾਣੇ।"

ਲੱਲੇਸ਼ਵਰੀ ਦਾ ਕਲਾਮ ਲੋਕਾਈ ਲਈ ਸਵਰਗਾਂ ਦਾ ਫਲ ਸੀ, ਪਰ ਧਰਮੀ ਠੇਕੇਦਾਰਾਂ ਤੇ ਬ੍ਰਾਹਮਣਾਂ ਉਹਦੀ ਚੋਖੀ ਵਿਰੋਧਤਾ ਕੀਤੀ। ਤਾਹੀਓਂ ਕਸ਼ਮੀਰ ਦੇ ਪੁਰਾਤਨ ਇਤਿਹਾਸ ਵਿੱਚ ਲੱਲ ਮਾਂ ਦਾ ਕਿਤੇ ਜ਼ਿਕਰ ਨਹੀਂ ਮਿਲਦਾ। ਸਿਰਫ ਜੋਨ ਰਾਜ ਦੀ 'ਜੌਨਾ ਰਾਜ ਤਰੰਗਨੀ' ਵਿੱਚ ਇਹ ਜ਼ਿਕਰ ਮਿਲਦਾ ਹੈ ਕਿ ਕਸ਼ਮੀਰ ਦਾ ਸੁਲਤਾਨ ਬਢ ਸ਼ਾਹ ਇੱਕ ਪਾਰਸ ਹਿੰਦੂ ਯੋਗਿਨੀ ਨੂੰ ਮਿਲਣ ਜਾਂਦਾ ਸੀ। 1620 ਵਿੱਚ ਪਹਿਲੀ ਵਾਰ ਰਿਸ਼ੀ ਦਾਊਦ ਮਸ਼ਕਵਾਤੀ ਨੇ ਆਪਣੀ ਪੁਸਤਕ



CC-0. Sohail Kazmi Collection, Jammu. Digitized by eGangotri

'ਅਸਰਾਰ-ਉਲ-ਅਬਰਾਰ' ਵਿੱਚ ਲੱਲੇਸ਼ਵਰੀ ਦਾ ਜ਼ਿਕਰ ਇੰਝ ਕੀਤਾ ਹੈ। "ਲੱਲਾ ਆਰਫ਼ਾ ਨੇ ਸੰਸਕ੍ਰਿਤ ਦੀ ਥਾਂ ਆਪਣੀ ਮਾਂ ਬੋਲੀ ਕਸ਼ਮੀਰੀ ਨੂੰ ਇਜ਼ਹਾਰ ਦਾ ਵਸੀਲਾ ਬਣਾਇਆ। ਉਸਨੇ ਰਾਜ ਦਰਬਾਰ ਦੀ ਸਰਪ੍ਰਸਤੀ ਨੂੰ ਲੱਤ ਮਾਰ ਦਿੱਤੀ। ਉਸਨੇ ਹਿੰਦੂ-ਮੁਸਲਮ ਏਕਤਾ ਦੇ ਗੀਤ ਗਾਏ। ਨਕਲੀ ਦਰਵੇਸ਼ਾਂ ਤੇ ਫਜ਼ੂਲ ਰਸਮਾਂ ਨੂੰ ਨੰਗਿਆਂ ਕੀਤਾ।" ਲੱਲੇਸ਼ਵਰੀ ਨੇ ਅਖੌਤੀ ਰਿਸ਼ੀ-ਮੁਨੀਆਂ ਤੇ ਦਰਵੇਸ਼ਾਂ ਦੀਆਂ ਕਰਾਮਾਤਾਂ ਨੂੰ ਨਕਾਰਦਿਆਂ ਹੋਇਆਂ ਕਿਹਾ:

"ਵਗਦੀ ਨਦੀ ਨੂੰ ਰੋਕ ਲੈਣਾ
ਅੱਗ ਦੇ ਭਾਂਬੜ ਨੂੰ ਬੁਝਾਣਾ
ਅਸਮਾਨ 'ਤੇ ਚੱਲਣਾ
ਲੱਕੜੀ ਦੀ ਗਾਂ ਤੋਂ ਦੁੱਧ ਚੋਣਾ
ਇਹ ਸਭ ਮਕਾਰ ਤੇ ਫਰੇਬ ਦੀਆਂ ਚਾਲਾਂ ਨੇ।"

ਹੁਣ ਤਕ ਸਾਡੇ ਸਾਹਮਣੇ ਲੱਲ ਮਾਂ ਦੇ ਕੁੱਲ 258 ਵਾਕ ਆਏ ਨੇ। ਲੱਲ ਮਾਂ ਦਾ ਕਲਾਮ ਚੌਦਵੀਂ ਸਦੀ ਈਸਵੀ ਦੀ ਕਸ਼ਮੀਰੀ ਭਾਸ਼ਾ ਦਾ ਸ਼ਾਨਦਾਰ ਨਮੂਨਾ ਹੈ। ਉਹਨੇ ਆਪਣੇ ਵਾਕਾਂ ਰਾਹੀਂ ਕਸ਼ਮੀਰ ਵਾਸੀਆਂ ਨੂੰ ਆਪਣਾ ਸ਼ਰਧਾਲੂ ਬਣਾ ਲਿਆ। ਕਸ਼ਮੀਰੀਆਂ ਉਹਦੇ ਕਲਾਮ ਨੂੰ ਆਪਣੀ ਰੂਹ ਦੀ ਖ਼ੁਰਾਕ ਬਣਾਇਆ। ਲੱਲਾ ਆਰਫ਼ਾ ਨੇ ਆਪਣੇ ਨਫਸ (ਅੰਤਰ ਮਨ) ਨੂੰ ਮਾਰਿਆ ਤੇ ਈਸ਼ਵਰ ਭਗਤੀ ਵਿੱਚ ਮਸਤ ਰਹਿਣ ਲੱਗੀ। ਇੰਨੀ ਤਪੱਸਿਆ (ਇਬਾਦਤ) ਕੀਤੀ ਕਿ ਫਨਾ ਫਿਲਾ ਹੋ ਗਈ। ਕਹਿੰਦੇ ਨੇ ਉਹ ਕਸ਼ਮੀਰ ਦੇ ਕਸਬੇ ਬੀਜ-ਬਿਹਾੜੇ ਦੇ ਇੱਕ ਪਿੰਡ ਵਿੱਚ ਸੰਨ 1431 ਨੂੰ ਅਕਾਲ ਚਲਾਨਾ ਕਰ ਗਈ।

ਲੱਲੇਸ਼ਵਰੀ ਦੀ ਜ਼ਿੰਦਗੀ ਦੌਰਾਨ ਹੀ ਸ਼ੇਖ਼ ਨੂਰਦੀਨ ਵਲੀ ਸੰਨ 1377 ਵਿੱਚ ਕਸ਼ਮੀਰ ਦੇ ਪਿੰਡ ਕੀਮੂ ਵਿਖੇ ਪੈਦਾ ਹੋਇਆ। ਕਸ਼ਮੀਰੀ ਸ਼ੇਖ਼ ਨੂਰਦੀਨ ਵਲੀ ਨੂੰ ਪਿਆਰ ਤੇ ਸ਼ਰਧਾ ਨਾਲ ਨੁੰਦ ਰਿਸ਼ੀ ਤੇ ਸ਼ੇਖ਼-ਉਲ-ਆਲਮ ਕਹਿੰਦੇ ਨੇ। ਨੁੰਦ ਕਸ਼ਮੀਰੀ ਵਿੱਚ ਪਿਆਰੇ ਨੂੰ ਆਖਦੇ ਨੇ। ਨੁੰਦ ਰਿਸ਼ੀ ਦੇ ਪੁਰਖੇ ਕਿਸ਼ਤਵਾੜ ਦੇ ਹਿੰਦੂ ਰਾਜਪੂਤ ਰਾਜੇ ਸਨ। ਜਦ ਕਿਸ਼ਤਵਾੜ ਵਿੱਚ ਬਦ-ਅਮਨੀ ਫੈਲੀ ਤੇ ਇਲਾਕੇ ਉਤੇ ਕਬਜ਼ਾ ਕਰਨ ਲਈ ਲੜਾਈਆਂ ਹੋਣ ਲੱਗੀਆਂ ਤਾਂ ਨੁੰਦ ਰਿਸ਼ੀ ਦਾ ਪਿਤਾ ਸਲਰ ਸੈਨ ਕਿਸ਼ਤਵਾੜ ਛੱਡ ਕੇ ਕਸ਼ਮੀਰ ਆ ਗਿਆ ਤੇ ਇਸਲਾਮ ਧਰਮ ਕਬੂਲ ਕਰ ਲਿਆ। ਕਹਿੰਦੇ ਨੇ ਕਿ ਜਨਮ ਮਗਰੋਂ ਨੁੰਦ ਰਿਸ਼ੀ ਮਾਂ ਦਾ ਦੁੱਧ ਨਹੀਂ ਸੀ ਪੀ ਰਿਹਾ ਤੇ ਰੋਈ ਜਾ ਰਿਹਾ ਸੀ। ਮਾਂ-ਪਿਓ ਦੋਵੇਂ ਪ੍ਰੇਸ਼ਾਨ ਸਨ। ਉਸ ਵੇਲੇ ਉਥੋਂ ਲੱਲੇਸ਼ਵਰੀ ਲੰਘੀ। ਉਹਨੇ ਬੱਚੇ ਨੂੰ ਛਾਤੀ ਨਾਲ ਲਾਇਆ ਤੇ ਕਿਹਾ, "ਜੇ ਤੂੰ ਜੰਮਣ ਵੇਲੇ ਨਹੀਂ ਸ਼ਰਮਾਇਆ ਫਿਰ ਮਾਂ ਦਾ ਦੁੱਧ ਪੀਂਦਿਆਂ ਕਿਉਂ ਸ਼ਰਮਾ ਰਿਹਾਂ।"


CC-0. Sohail Kazmi Collection, Jammu. Digitized by eGangotri

ਲੱਲਾ ਆਰਫ਼ਾ ਨੇ ਬੱਚੇ ਨੂੰ ਉਸਦੀ ਮਾਂ ਦੇ ਹਵਾਲੇ ਕੀਤਾ ਤੇ ਉਹਨੂੰ ਕਸ਼ਮੀਰੀ ਵਿੱਚ 'ਨੁੰਦ' ਕਿਹਾ। ਯਾਨੀ ਪਿਆਰਾ ਤੇ ਫਿਰ ਸ਼ੇਖ਼ ਨੂਰਦੀਨ, ਨੁੰਦ ਰਿਸ਼ੀ ਦੇ ਨਾਮ ਨਾਲ ਮਸ਼ਹੂਰ ਹੋਇਆ। ਨੁੰਦ ਰਿਸ਼ੀ ਨੇ ਲੱਲ ਮਾਂ ਦੀ ਇਰਫਾਨ ਤੇ ਗਿਆਨ ਭਰੀ ਗੋਦ ਵਿੱਚ ਅੱਖ ਖੋਲ੍ਹੀ। ਉਹ ਅੰਞਾਣ ਉਮਰ ਵਿੱਚ ਹੀ ਸੂਫੀਆਂ, ਦਰਵੇਸ਼ਾਂ ਤੇ ਰਿਸ਼ੀਆਂ ਦੀ ਸੋਹਬਤ ਵਿੱਚ ਬਹਿਣ ਲੱਗਾ। ਉਹਨੂੰ ਅਮੀਰ ਕਬੀਰ ਸਯੱਦ ਅਲੀ ਸ਼ਾਹ ਹਮਦਾਨੀ ਨੇ ਤਸੱਵੁਫ ਦੇ ਸਾਰੇ ਮਾਰਗ ਸਮਝਾਏ। ਨੁੰਦ ਰਿਸ਼ੀ ਨੇ ਕਈ ਵਰ੍ਹਿਆਂ ਤਕ ਗੁਫਾਵਾਂ ਵਿੱਚ ਰਹਿ ਕੇ ਤਪੱਸਿਆ ਕੀਤੀ ਤੇ ਗਿਆਨ-ਧਿਆਨ ਦੀਆਂ ਮੰਜ਼ਿਲਾਂ ਤੈਅ ਕੀਤੀਆਂ। ਕਸ਼ਮੀਰੀ ਸ਼ਿਵ ਦਰਸ਼ਨ ਨੂੰ ਸਮਝਿਆ ਤੇ ਲੱਲੇਸ਼ਵਰੀ ਦੇ ਰੂਹਾਨੀ ਕਲਾਮ ਤੋਂ ਮੁਤਾਸਰ ਹੋ ਕੇ ਆਪ ਵੀ ਸ਼ੇਅਰ ਕਹਿਣ ਲੱਗਾ।

ਨੁੰਦ ਰਿਸ਼ੀ ਕਹਿੰਦਾ ਹੈ-

"ਉਹ ਪਦਮਾਨ ਪੁਰ (ਪਾਂਪੋਰ) ਦੀ ਰਹਿਣ ਵਾਲੀ ਅਜ਼ੀਮ ਔਰਤ ਲੱਲ ਮਾਂ
ਜਿਸ ਨੇ ਆਬੇ ਹਯਾਤ ਦਾ ਸਾਗਰ ਪੀਤਾ ਸੀ
ਜੋ ਅਵਤਾਰ ਬਣ ਕੇ ਧਰਤੀ 'ਤੇ ਆਏ ਸੀ
ਉਸ ਨੇ ਹੀ ਮੈਨੂੰ ਗੋਦ ਵਿੱਚ ਪਾਲਿਆ
ਆਪਣਾ ਦੁੱਧ ਪਿਲਾਇਆ
ਰੱਬਾ, ਜੋ ਰਾਹ ਤੂੰ ਉਸ ਮਹਾਨ ਯੋਗਨੀ ਨੂੰ ਦੱਸਿਆ
ਮੈਨੂੰ ਉਹ ਰਸਤਾ ਦੱਸ।"

ਉਹ ਰੱਬੀ ਇਸ਼ਕ ਵਿੱਚ ਮਸਤ ਰਹਿੰਦਾ। ਉਹਨੇ ਤਿਆਗ ਤੇ ਤਪੱਸਿਆ ਦਾ ਦਰਸ ਦਿੱਤਾ। ਨੁੰਦ ਰਿਸ਼ੀ ਨੇ ਆਪਣੇ ਸ਼ਲੋਕਾਂ ਰਾਹੀਂ ਇਨਸਾਨੀ ਰਿਸ਼ਤਿਆਂ ਦੀ ਗੱਲ ਕੀਤੀ ਤੇ ਰੱਬੀ ਗਿਆਨ ਤੇ ਇਰਫਾਨ ਦੀਆਂ ਵੱਖ-ਵੱਖ ਦਿਸ਼ਾਵਾਂ ਨੂੰ ਰਿਸ਼ੀਅਤ ਦੇ ਸਾਂਚੇ ਵਿੱਚ ਢਾਲਿਆ। ਸ਼ਿਵ ਦਰਸ਼ਨ ਤੇ ਇਸਲਾਮੀ ਤੌਹੀਦ ਨੂੰ ਜੋੜ ਕੇ ਇੱਕ ਨਵਾਂ ਇਤਿਹਾਸ ਰਚਿਆ। ਨੁੰਦ ਰਿਸ਼ੀ ਇੱਕ ਇਨਕਲਾਬੀ ਨਜ਼ਰੀਏ ਤੇ ਸੋਚ ਨੂੰ ਲੈ ਕੇ ਅਮਲੀ ਦੁਨੀਆ ਵਿੱਚ ਆਇਆ ਤੇ ਉਹਨੇ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਗਲੇ ਲਾ ਕੇ ਇੱਕ ਸੱਭਿਆਚਾਰਕ ਇਨਕਲਾਬ ਲਿਆਂਦਾ। ਉਹਨੇ ਸਾਂਝ ਤੇ ਪਿਆਰ ਦੇ ਗੀਤ ਗਾਏ। ਸ਼ਿਵ ਦਰਸ਼ਨ ਤੇ ਸੂਫੀ ਮੱਤ ਦੀ ਅੰਦਰੂਨੀ ਕੈਫੀਅਤ ਨੂੰ ਸ਼ੇਆਰਾਂ ਰਾਹੀਂ ਪੇਸ਼ ਕੀਤਾ। ਨੁੰਦ ਰਿਸ਼ੀ ਨੇ ਕਸ਼ਮੀਰ ਦੀ ਲੋਕਾਈ ਨੂੰ ਸਾਂਝੀ ਭਾਸ਼ਾ, ਸੱਭਿਆਚਾਰ ਤੇ ਸਾਂਝੀ ਰਹਿਤਲ ਦਿੱਤੀ। ਕਸ਼ਮੀਰ ਵਿੱਚ ਰਿਸ਼ੀ ਮੱਤ ਜਾਂ ਤ੍ਰਿਕ ਫਿਲਾਸਫੀ ਨੂੰ ਨੁੰਦ ਰਿਸ਼ੀ ਨੇ ਪ੍ਰਵਾਨ ਚੜ੍ਹਾਇਆ ਅਤੇ ਇਹ ਅੰਮ੍ਰਿਤਧਾਰਾ ਹਰ ਕਿਸੇ ਲਈ ਰਹਿਮਤ ਸਾਬਤ ਹੋਈ। ਨੁੰਦ ਰਿਸ਼ੀ


CC-0. Sohail Kazmi Collection, Jammu. Digitized by eGangotri

ਨੇ ਇਸਲਾਮ ਦੀ ਹੱਦ ਅੰਦਰ ਰਹਿੰਦਿਆਂ ਹੋਇਆਂ ਰਿਸ਼ੀ ਸਿਲਸਿਲੇ ਨੂੰ ਇੱਕ ਨਵੀਂ ਦਿਸ਼ਾ ਦਿੱਤੀ।

"ਮੈਂ ਏਸ ਮਾਇਆ ਰੂਪੀ ਸੰਸਾਰ
ਦੇ ਚੱਕਰ ਵਿੱਚ ਅਜਿਹਾ ਫਸਿਆ
ਕਿ ਮੈਨੂੰ ਉਪੱਰ ਚੜ੍ਹਨ ਦੀ ਪਉੜੀ ਹੀ ਭੁੱਲ ਗਈ,
ਮੇਰੇ ਹਿੰਦੂ ਤੇ ਮੁਸਲਮਾਨ ਭਰਾਓ-
ਇਹ ਚਾਰ ਦਿਨਾਂ ਦੀ ਚਾਨਣੀ ਏ
ਅਸੀਂ ਇੱਥੇ ਕੁੱਝ ਚਿਰ ਲਈ ਖੇਡ ਕੇ
ਮੁੜ ਆਪਣੇ ਘਰ ਨੂੰ ਜਾਣਾ ਏ।"

ਕਸ਼ਮੀਰ ਵਿੱਚ ਰਿਸ਼ੀਆਂ ਦੇ ਤਿੰਨ ਗਰੋਹ ਹਨ। ਪਹਿਲਾ ਦੇਵ ਰਿਸ਼ੀ, ਦੂਜਾ ਬ੍ਰਹਮ ਰਿਸ਼ੀ ਤੇ ਤੀਜਾ ਰਾਜ ਰਿਸ਼ੀ। ਫਿਰ ਮੁਸਲਮ ਸੂਫੀ ਦਰਵੇਸ਼ ਆਏ। ਕਸ਼ਮੀਰੀਆਂ ਉਹਨਾਂ ਨੂੰ ਵੀ ਰਿਸ਼ੀ ਕਿਹਾ, ਕਿਉਂਕਿ ਉਨ੍ਹਾਂ ਸੂਫੀਆਂ ਕਦੇ ਇਨਸਾਨ ਨੂੰ ਮੁਸਲਮਾਨ ਜਾਂ ਹਿੰਦੂ ਨਹੀਂ ਸਮਝਿਆ, ਸਗੋਂ ਇਸਲਾਮੀ ਫਲਸਫੇ ਦੇ ਬੁਨਿਆਦੀ ਸੱਚ ਨੂੰ ਆਪਣੇ ਅਮਲਾਂ ਰਾਹੀਂ ਬਿਆਨ ਕੀਤਾ ਅਤੇ ਹਿੰਦੂਆਂ ਨੂੰ ਖ਼ਲਕ ਵਿੱਚ ਖ਼ਾਲਕ ਦੀ ਖ਼ਿਦਮਤ ਦੇ ਦਾਇਰੇ ਵਿੱਚ ਬਰਾਬਰ ਦਾ ਹੱਕਦਾਰ ਬਣਾਇਆ। ਰਿਸ਼ੀ ਮਾਰਗ ਦਾ ਇਹ ਇਤਿਹਾਸਕ ਸਰਮਾਇਆ ਹੈ।

ਨੁੰਦ ਰਿਸ਼ੀ ਕਹਿੰਦਾ ਹੈ-

"ਅਸੀਂ ਇੱਕੋ ਮਾਂ ਬਾਪ ਦੀ ਔਲਾਦ ਹਾਂ
ਫਿਰ ਇਹ ਵੱਖਵਾਦ ਤੇ ਫਰਕ ਕਿਉਂ
ਅਸੀਂ ਕਿਉਂ ਮਿਲ ਕੇ ਰੱਬ ਦੀ ਪੂਜਾ ਨਹੀਂ ਕਰਦੇ
ਅਸੀਂ ਦੁਨੀਆ ਵਿੱਚ ਸੰਗੀ-ਸਾਥੀ ਬਣ ਕੇ ਆਏ ਹਾਂ
ਸਾਨੂੰ ਆਪਣੀਆਂ ਖੁਸ਼ੀਆਂ ਤੇ ਦੁੱਖ
ਮਿਲਕੇ ਸਾਂਝੇ ਕਰਨੇ ਚਾਹੀਦੇ ਨੇ।"

ਲੱਲ ਮਾਂ ਤੇ ਨੁੰਦ ਰਿਸ਼ੀ ਦੇ ਵਾਕਾਂ ਤੇ ਸ਼ਲੋਕਾਂ ਵਿੱਚ ਰੂਹਾਨੀਅਤ, ਇਸਲਾਮੀ ਤੌਹੀਦ, ਵੇਦਾਂਤ, ਸ਼ਿਵ ਦਰਸ਼ਨ ਦਾ ਗੁਲਕੰਦ ਮਿਲਿਆ ਹੋਇਆ ਹੈ, ਜਿਸ ਨੇ ਕਸ਼ਮੀਰੀਆਂ ਨੂੰ ਆਨੰਦ ਤੇ ਸਾਕੂਨ ਬਖ਼ਸ਼ਿਆ ਹੈ। ਸ਼ਿਵ ਗਿਆਨ ਤੇ ਇਸਲਾਮੀ ਵਹਿਦਤ ਦੀ ਸਾਂਝ ਦਾ ਇੱਕ ਨਮੂਨਾ ਨੁੰਦ ਰਿਸ਼ੀ ਦਾ ਇਹ ਸ਼ਲੋਕ ਹੈ-

"ਆਪ ਹੀ ਕਸਾਈ ਤੇ ਆਪ ਹੀ ਛੁਰੀ
ਆਪ ਹੀ ਦੁਕਾਨਦਾਰ ਤੇ ਆਪ ਹੀ ਖ਼ਰੀਦਦਾਰ
ਜੋ ਇਸ ਜਗ ਵਿੱਚ ਮੌਜੂਦ ਹੈ


CC-0. Sohail Kazmi Collection, Jammu. Digitized by eGangotri

ਉਹ ਹੀ ਲਾਮਕਾਂ ਵਿੱਚ ਮੌਜੂਦ ਹੈ
ਰੱਬ ਦੀ ਜ਼ਾਤ ਹਰ ਸ਼ੈਅ ਵਿੱਚ ਹੈ
ਉਹੋ ਪਿਆਦਾ ਹੈ ਤੇ ਉਹੋ ਰੱਥ ਵਿੱਚ ਸਵਾਰ
ਉਹੋ ਰਾਜ਼ ਨਜ਼ਰ ਦੇ ਸਾਹਮਣੇ ਤੇ ਉਹੋ ਪਰਦੇ 'ਚ
ਲੁਕਿਆ ਹੋਇਆ ਹੈ।"

ਇੱਕ ਥਾਂ 'ਤੇ ਨੁੰਦ ਰਿਸ਼ੀ ਆਖਦਾ ਹੈ-

"ਹਿੰਦੂ ਸ਼ੱਕਰ ਨੇ ਤੇ ਮੁਸਲਮਾਨ ਦੁੱਧ
ਦੋਨਾਂ ਨੂੰ ਮਿਲਾਓ
ਤੇ ਪੀਣ ਦਾ ਸੁਆਦ ਚੱਖੋ.....।"

-0-0-0-

"ਮੁੱਲਾਂ ਤੇ ਮਸੀਤ ਵਿੱਚ ਉਹੋ ਸੰਬੰਧ ਹੈ
ਜੋ ਮੂਰਤੀ ਤੇ ਪੁਜਾਰੀ ਵਿੱਚ ਹੈ
ਮੁੱਲਾਂ ਤੇ ਪੁਜਾਰੀ ਰਿਜ਼ਕ ਕਮਾਣ ਜਾਂਦੇ ਨੇ
ਅਮਲ ਕਮਾਉਣ ਨਹੀਂ।"

ਇੱਕ ਹੋਰ ਸ਼ਲੋਕ ਇੰਝ ਹੈ-

"ਹਕੀਕੀ ਸੰਤ ਫਕੀਰ ਆਪਣੀ ਤਪੱਸਿਆ
ਤੇ ਇਬਾਦਤ ਨਾਲ ਪੱਥਰ ਫਾੜ ਸਕਦੇ ਨੇ
ਇਸ ਲਈ ਫਕੀਰ ਦਾ ਹੱਕ ਅਦਾ ਕਰੋ
ਜੀਵਨ ਨੂੰ ਮੋਹ ਮਾਇਆ ਦੇ ਪਾਖੰਡ ਵਿੱਚ ਬਰਬਾਦ ਨਾ ਕਰੋ।"

ਨੁੰਦ ਰਿਸ਼ੀ ਦੀ ਸੋਚ ਨਾਲ ਕਈ ਸੂਫੀ ਸੰਤ ਜੁੜਦੇ ਗਏ। ਉਸਦਾ ਕਲਾਮ ਸੁਣ ਕੇ ਸਾਰਾ ਕਸ਼ਮੀਰ ਉਸਦਾ ਮੁਰੀਦ ਬਣ ਗਿਆ ਤੇ ਰਿਸ਼ੀਅਤ ਦੀ ਇਸ ਪਰੰਪਰਾ ਨੂੰ ਕਸ਼ਮੀਰੀਆਂ ਨੇ ਅੱਜ ਤਕ ਜ਼ਿੰਦਾ ਰੱਖਿਆ ਹੈ। ਕਲਹਣ ਪੰਡਿਤ ਆਪਣੀ ਚਰਚਿਤ ਪੁਸਤਕ 'ਰਾਜ ਤਰੰਗਨੀ' ਵਿੱਚ ਇੱਕ ਥਾਂ 'ਤੇ ਲਿਖਦਾ ਹੈ, ਕਿ ਕਸ਼ਮੀਰੀ ਤਲਵਾਰ ਤੋਂ ਨਹੀਂ ਡਰਦੇ, ਪਰ ਆਪਣੇ ਬੁਰੇ ਕਰਮਾਂ ਤੋਂ ਡਰਦੇ ਨੇ। ਇਹ ਇਸ ਲਈ ਹੈ ਕਿ ਉਹਨਾਂ ਦੀ ਰੂਹ ਅੰਦਰ ਰਿਸ਼ੀਆਂ-ਮੁਨੀਆਂ ਤੇ ਸੂਫੀਆਂ ਦੇ ਵਿਚਾਰ ਸਮਾਏ ਹੋਏ ਨੇ। ਜਿਨ੍ਹਾਂ ਦਾ ਸਬੂਤ ਨੁੰਦ ਰਿਸ਼ੀ ਦੇ ਇਹ ਸ਼ਲੋਕ ਹਨ-

"ਆਪਣੇ ਅਮਲਾਂ ਦੇ ਖੇਤ 'ਚੋਂ ਫਜ਼ੂਲ ਘਾਹ ਕੱਢਦੇ ਰਹੋ
ਉਸ 'ਤੇ ਸੁਹਾਗਾ ਫੇਰਦੇ ਰਹੋ
ਤਾਂ ਜੋ ਫਸਲ ਚੰਗੀ ਉਗ ਸਕੇ



CC-0. Sohail Kazmi Collection, Jammu. Digitized by eGangotri

ਕਿਉਂਕਿ ਜੋ ਬੀਜੋਗੇ, ਉਹੋ ਕੱਟੋਗੇ।"

-0-0-0-

"ਲਾਲਸਾ ਤੇ ਅਮੀਰੀ ਬੇਹਯਾਈ ਨੂੰ ਜਨਮ ਦਿੰਦੀ ਹੈ
ਆਪਣੇ ਜ਼ਮੀਰ ਨੂੰ ਮੋਹ, ਮਾਇਆ ਦੇ ਜਾਲ 'ਚ ਨਾ ਫਸਾ
ਆਪਣੀ ਜਾਨ ਤੇ ਮਾਲ ਦਾ ਵਪਾਰ ਰੱਬ ਨਾਲ ਕਰ
ਤਾਹੀਓਂ ਸਵਰਗ ਮਿਲੇਗਾ।"

-0-0-0-

"ਦੁਨੀਆਦਾਰੀ ਵਿੱਚ ਫਸੇ ਪਾਖੰਡੀ
ਆਪਣੇ ਆਪ ਨੂੰ ਫਕੀਰ ਤੇ ਦਰਵੇਸ਼ ਅਖਵਾਂਦੇ ਨੇ
ਜੇ ਮੈਂ ਇਹਨਾਂ ਨੂੰ ਦਰਵੇਸ਼ ਕਹਾਂ
ਤਾਂ ਫਿਰ ਚੋਰ ਕਿਸ ਨੂੰ ਆਖਾਂ।"

-0-0-0-

"ਉਚੀ ਜ਼ਾਤ ਅਤੇ ਖ਼ਾਨਦਾਨ 'ਤੇ ਫ਼ਖ਼ਰ ਕਰਨਾ
ਬੇਵਕੂਫ਼ੀ ਹੈ, ਮੂਰਖਤਾ ਹੈ
ਕਬਰ ਤੇ ਸ਼ਮਸ਼ਾਨ
ਜ਼ਾਤਾਂ ਤੇ ਖ਼ਾਨਦਾਨ ਨਹੀਂ ਵੇਖਦੇ।"

-0-0-0-

"ਮਨ ਬਲਦ ਵਾਂਗਰ ਹੈ
ਇਸ ਨੂੰ ਡਰ ਦੀ ਰੱਸੀ ਨਾਲ
ਬੰਨ੍ਹ ਕੇ ਰੱਖ।"

ਨੁੰਦ ਰਿਸ਼ੀ ਦੇ ਮੁਰੀਦਾਂ ਵਿੱਚ ਹਿੰਦੂ ਤੇ ਮੁਸਲਮਾਨ ਦੋਵੇਂ ਸਨ। ਜਿਹੜੇ ਉਸਦੀ ਵਿਚਾਰਧਾਰਾ ਨਾਲ ਜੁੜਦੇ ਗਏ, ਉਹਨਾਂ 'ਚੋਂ ਕੁੱਝ ਨੇ ਇਸਲਾਮ ਕਬੂਲ ਕਰ ਲਿਆ। ਇਸਲਾਮ ਕਬੂਲਣ ਵਾਲੇ ਬਾਮ ਰਿਸ਼ੀ, ਨਸਰ ਰਿਸ਼ੀ, ਲਤੀਫ ਰਿਸ਼ੀ, ਜ਼ੈਨਾ ਰਿਸ਼ੀ, ਹਿਰਦੇ ਰਿਸ਼ੀ ਤੇ ਕੁਤਬ ਰਿਸ਼ੀ ਖਾਸੇ ਮਸ਼ਹੂਰ ਹੋਏ। ਜਹਾਂਗੀਰ ਬਾਦਸ਼ਾਹ ਆਪਣੀ ਆਤਮ ਕਥਾ 'ਤੁਜ਼ਕ-ਏ-ਜਹਾਂਗੀਰੀ' ਵਿੱਚ ਕਸ਼ਮੀਰ ਦੇ ਇਹਨਾਂ ਰਿਸ਼ੀਆਂ ਬਾਰੇ ਲਿਖਦਾ ਹੈ, "ਇਹ ਲੋਕ ਬਹੁਤੇ ਪੜ੍ਹੇ ਲਿਖੇ ਨਹੀਂ ਹੁੰਦੇ, ਪਰ ਸਾਦਗੀ ਨਾਲ ਜੀਵਨ ਗੁਜ਼ਾਰਦੇ ਨੇ। ਪਹਾੜਾਂ, ਗਾਰਾਂ ਤੇ ਜੰਗਲਾਂ ਵਿੱਚ ਰਹਿੰਦੇ ਨੇ। ਆਪਣੇ ਮਨ ਤੇ ਤਨ ਨੂੰ ਕਾਬੂ ਵਿੱਚ ਰੱਖਣ ਲਈ ਆਪਣੇ ਸਰੀਰ ਨੂੰ ਤਸੀਹੇ ਦਿੰਦੇ ਨੇ। ਦਿਖਾਵਾ ਬਿਲਕੁਲ ਨਹੀਂ ਕਰਦੇ। ਮੋਹ, ਮਾਇਆ, ਲੋਭ, ਕ੍ਰੋਧ ਤੇ ਹੰਕਾਰ ਤੋਂ ਦੂਰ ਰਹਿੰਦੇ ਨੇ। ਕਿਸੇ ਨਾਲ ਝਗੜਦੇ ਨਹੀਂ। ਮਾਸ, ਮੱਛੀ ਨਹੀਂ ਖਾਂਦੇ।


CC-0. Sohail Kazmi Collection, Jammu. Digitized by eGangotri

ਫਲਦਾਰ ਬੂਟੇ ਤੇ ਛਾਂ ਲਈ ਰੁੱਖ ਲਗਾਂਦੇ ਹਨ ਅਤੇ ਆਪਣੀ ਮਸਤੀ ਤੇ ਮਲੰਗੀ ਵਿੱਚ ਰਹਿੰਦੇ ਨੇ।" ਰੱਬੀ ਇਸ਼ਕ ਦੀ ਮਸਤੀ ਵਿੱਚ ਰਹਿਣ ਵਾਲੇ ਉਹਨਾਂ ਸੰਤਾਂ, ਰਿਸ਼ੀਆਂ ਤੇ ਸੂਫੀਆਂ ਨੇ ਹੀ ਕਸ਼ਮੀਰ ਵਿੱਚ ਇਰਫਾਨ ਦੀ ਜੋਤ ਜਗਾਈ ਰੱਖੀ। ਇਸ ਲਈ ਕਸ਼ਮੀਰ ਨੂੰ ਪੀਰ, ਪਰੋਹਤਾਂ ਦੀ ਭੂਮੀ ਵੀ ਕਹਿੰਦੇ ਨੇ। ਸਰ ਵਾਲਟਰ ਲਾਰੰਸ ਨੇ ਆਪਣੀ ਮਸ਼ਹੂਰ ਕਿਤਾਬ 'ਵੈਲੀ ਆਫ ਕਸ਼ਮੀਰ' ਵਿੱਚ ਇਹਨਾਂ ਰਿਸ਼ੀਆਂ ਬਾਰੇ ਲਿਖਿਆ ਹੈ, "The most respectable people of this country are the Rishies."

ਕਸ਼ਮੀਰ ਦਾ ਮਸ਼ਹੂਰ ਬਾਦਸ਼ਾਹ ਸੁਲਤਾਨ ਜ਼ੈਨ-ਉਲ-ਆਬਦੀਨ ਜਿਸਨੂੰ ਕਸ਼ਮੀਰੀ 'ਬਢਸ਼ਾਹ' ਦੇ ਨਾਮ ਨਾਲ ਜਾਣਦੇ ਨੇ, ਲੱਲ ਮਾਂ ਤੇ ਨੁੰਦ ਰਿਸ਼ੀ ਦੇ ਹੁਜਰਿਆਂ (ਕੁਟੀਆ) ਉਤੇ ਹਾਜ਼ਰੀ ਦਿੰਦਾ ਸੀ ਤੇ ਸ਼ਰਧਾ ਨਾਲ ਉਹਨਾਂ ਅੱਗੇ ਸੀਸ ਨਿਵਾਉਂਦਾ ਸੀ। ਬਢਸ਼ਾਹ ਨੇ ਤਾਂ ਨੁੰਦ ਰਿਸ਼ੀ ਦੇ ਨਾਂ 'ਤੇ ਸੋਨੇ ਦਾ ਸਿੱਕਾ ਵੀ ਚਲਾਇਆ। ਇਸੇ ਤਰ੍ਹਾਂ ਪਠਾਨ ਗਵਰਨਰ ਅਤਾਹ ਮੁਹੰਮਦ ਖਾਂ (1808-10) ਨੇ ਵੀ ਆਪਣੇ ਵੇਲੇ ਨੁੰਦ ਰਿਸ਼ੀ ਦੇ ਨਾਂ ਦਾ ਇੱਕ ਸਿੱਕਾ ਜਾਰੀ ਕੀਤਾ। ਕਸ਼ਮੀਰ ਦੇ ਇਤਿਹਾਸ ਵਿੱਚ ਸ਼ਾਇਦ ਇਹ ਇੱਕ ਨਿਵੇਕਲਾ ਵਾਕਿਆ ਹੈ ਕਿ ਕਿਸੇ ਕਲੰਦਰ ਸੂਫੀ ਦਰਵੇਸ਼ ਦੇ ਨਾਂ 'ਤੇ ਸਿੱਕਾ ਚਲਾਇਆ ਗਿਆ। ਇਹ ਦੋਵੇਂ ਸਿੱਕੇ ਅੱਜ ਵੀ ਮਿਊਜ਼ੀਅਮ ਵਿੱਚ ਮਹਿਫੂਜ਼ ਨੇ। ਨੁੰਦ ਰਿਸ਼ੀ ਦੀ ਅਜ਼ਮਤ ਇਹਨਾਂ ਸ਼ਲੋਕਾਂ ਵਿੱਚ ਮਿਲਦੀ ਹੈ।

"ਵੇਲਾ ਆਏਗਾ
ਜਦ ਸੂਰਾਂ ਦੇ ਸਿਰ ਵੀ ਮੋਰ ਦੀ ਕਲਗੀ ਹੋਵੇਗੀ
ਲੋਕਾਈ ਚੋਰ-ਉਚੱਕਿਆਂ ਦੇ ਪਿੱਛੇ ਪਿੱਛੇ ਚੱਲੇਗੀ
ਇਹ ਚੋਰ ਉਚੱਕੇ ਮਸੀਤਾਂ ਅਤੇ ਮੰਦਰਾਂ 'ਤੇ
ਕਬਜ਼ਾ ਕਰਨਗੇ
ਪੁਜਾਰੀ ਤੇ ਮੁਲਵਾਣੇ ਇਹਨਾਂ ਦੇ ਹੀ ਗੁਣ ਗਾਣਗੇ
ਨਾਸ਼ਪਤੀ ਤੇ ਖੁਬਾਨੀ ਇੱਕੋ ਮੌਸਮ 'ਚ ਉਗੱਣਗੇ
ਮਾਵਾਂ-ਧੀਆਂ ਇੱਕੱਠੇ ਪਰਾਏ ਮਰਦਾਂ ਨਾਲ ਫਿਰਨਗੀਆਂ
ਬੇਸ਼ਰਮੀ ਸ਼ਰਮ ਨੂੰ ਖਾ ਜਾਏਗੀ
ਦੁਨੀਆ ਬਰਬਾਦ ਹੋ ਜਾਏਗੀ
ਇਹੋ ਰੱਬ ਦੀ ਮਰਜ਼ੀ ਹੋਵੇਗੀ।"

ਚੌਦਵੀਂ ਸਦੀ ਈਸਵੀ ਵਿੱਚ ਕਹੇ ਨੁੰਦ ਰਿਸ਼ੀ ਦੇ ਸ਼ਲੋਕ ਅੱਜ ਦੇ ਵੇਲੇ ਦੀ ਸੱਚਾਈ ਦਰਸਾ ਰਹੇ ਹਨ। ਇਹਨਾਂ ਸ਼ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ।



CC-0. Sohail Kazmi Collection, Jammu. Digitized by eGangotri

"ਅਕਲ ਕਿਸਮਤ ਦੀ ਗੁਲਾਮੀ ਕਰਦੀ ਹੈ
ਕਿਉਂਕਿ ਮੈਂ ਇੱਕ ਅਕਲ ਤੋਂ ਕ਼ੋਰੇ ਬੰਦੇ ਨੂੰ
ਸਿੰਘਾਸਨ 'ਤੇ ਬੈਠਿਆਂ ਵੇਖਿਆ
ਤੇ ਗਿਆਨੀ ਨੂੰ
ਉਸ ਬੇਵਕੂਫ ਦੀ ਚਾਕਰੀ ਕਰਦਿਆਂ।"

-0-0-0-

"ਕੁੱਤੇ ਨੂੰ ਸੋਨੇ ਦਾ ਜ਼ੇਵਰ ਪੁਆਉਣ ਦਾ ਕੀ ਮਤਲਬ
ਅੰਨ੍ਹਾ ਸੋਹਣੀ ਮੁਟਿਆਰ ਦਾ ਦੀਦਾਰ ਕਿੰਝ ਕਰ ਸਕਦਾ ਹੈ
ਦੰਦਾਂ ਬਗੈਰ ਬੁੱਢਾ ਅਖਰੋਟ ਕਿੰਝ ਤੋੜ ਸਕਦਾ ਏ
ਇਸ ਲਈ ਹੱਕ ਤੇ ਸੱਚ ਦਾ ਸਾਥ ਦੇਵੋ।"

-0-0-0-

"ਅਜ਼ਮਾਇਸ਼ ਸਬਰ ਦਾ ਨਾਂ ਹੈ
ਅਸਮਾਨੀ ਬਿਜਲੀ ਦੀ ਗਨਗਰਜ ਤੇ ਕੜਕ
ਦਾ ਮੁਕਾਬਲਾ ਕਰਨਾ
ਮੋਢੇ 'ਤੇ ਜ਼ੁਲਮ ਦਾ ਪਹਾੜ ਚੁੱਕਣਾ
ਨੰਗੇ ਹੱਥਾਂ ਉਤੇ ਅੱਗ ਦੇ ਅੰਗਿਆਰਾਂ ਨੂੰ ਰੱਖਣਾ
ਆਪਣੇ ਆਪ ਨੂੰ ਚੱਕੀ ਦੇ ਦੋ ਪਾਟਾਂ ਵਿੱਚ ਪਿਸਵਾਣਾ
ਤੇ ਇੱਕੋ ਬੁਰਕੀ ਵਿੱਚ ਮਣਾਂ ਜ਼ਹਿਰ ਨਿਗਲ ਜਾਣਾ
ਹੀ ਅਜ਼ਮਾਇਸ਼ ਹੈ।"

-0-0-0-

"ਦੁਨੀਆਪ੍ਰਸਤੀ, ਲੋਭ, ਕ੍ਰੋਧ
ਗਰੂਰ, ਤਕੱਬਰ ਤੇ ਮਾਇਆ
ਆਤਮਾ ਦੀਆਂ ਬਿਮਾਰੀਆਂ ਨੇ
ਜਿਹੜੀਆਂ ਬੰਦੇ ਨੂੰ ਜ਼ਲੀਲ ਕਰਦੀਆਂ ਨੇ।
ਗੁਨਾਹ, ਸ਼ਰਮਿੰਦਗੀ ਦਿੰਦਾ ਹੈ
ਤੇ ਤੋਬਾ ਬਖਸ਼ਣ ਦੀ ਦਵਾ ਹੈ।"

ਸੂਫ਼ੀਆਂ ਨੇ ਨਫ਼ਸ ਨੂੰ ਕੁੱਤਾ ਕਿਹਾ ਹੈ। ਨੁੰਦ ਰਿਸ਼ੀ ਵੀ ਕਹਿੰਦਾ ਹੈ-

"ਤੇਰੇ ਨਫਸ ਦੇ ਖੂਹ ਵਿੱਚ ਕੁੱਤਾ ਸੜ ਰਿਹਾ ਏ।
ਤੂੰ ਦੱਸ ਖਾਂ
ਤੇਰਾ ਪਾਣੀ ਕਿੰਝ ਪਾਕ ਹੋਵੇਗਾ।



CC-0. Sohail Kazmi Collection, Jammu. Digitized by eGangotri

ਤੂੰ ਕਿੰਝ ਇਸ ਪਾਣੀ ਨੂੰ ਪੀ ਸਕੇਂਗਾ।"

ਨੁੰਦ ਰਿਸ਼ੀ ਦੇ ਸ਼ਲੋਕ ਕਸ਼ਮੀਰੀਅਤ ਦਾ Ethos (ਸੁਭਾਵਿਕ ਵਿਸ਼ਸ਼ਟਤਾ) ਹੈ। ਕਸ਼ਮੀਰ ਦਾ ਸੱਭਿਆਚਾਰਕ, ਸਮਾਜਿਕ ਤੇ ਸਾਹਿਤਕ ਸ਼ੀਸ਼ਾ, ਇਖ਼ਲਾਕੀ ਤੇ ਰੂਹਾਨੀ ਫਲਸਫੇ ਦੀ ਦਲੀਲ ਹੈ। ਇਸ ਕਸ਼ਮੀਰੀਅਤ ਨੂੰ ਲੱਲ ਮਾਂ ਤੇ ਨੁੰਦ ਰਿਸ਼ੀ ਨੇ ਆਪਣੀ ਸੋਚ ਤੇ ਸਮਝ ਨਾਲ ਸਿਖ਼ਰ 'ਤੇ ਪਹੁੰਚਾਇਆ।

ਨੁੰਦ ਰਿਸ਼ੀ ਕਹਿੰਦਾ ਹੈ-

"ਮਾਂ ਦੇ ਦੁੱਧ ਨਾਲ ਸਰੀਰ ਪਲਦਾ ਹੈ
ਤੇ ਗਿਆਨ ਦੀ ਰੋਟੀ
ਦਿਲ ਤੇ ਦਿਮਾਗ ਨੂੰ ਪ੍ਰਵਾਨ ਚੜ੍ਹਾਉਂਦੀ ਹੈ
ਗਿਆਨ ਜੀਵਨ ਦੀ ਰੂਹ ਹੈ।"

-0-0-0-

"ਮੇਰੇ ਮਨਾਂ! ਤੂੰ ਕੀ ਹਿਰਨ ਵਾਂਗਰ ਫੁਦਕਦਾ ਰਹਿੰਦਾਂ
ਆਪਣੇ ਆਪ ਨੂੰ ਕਾਬੂ ਵਿੱਚ ਰੱਖ
ਦਿਲ ਦੇ ਸਵਾਦ ਛੱਡ
ਨੂਰੀ ਰਿਸ਼ਮਾਂ ਨੂੰ ਫੜ
ਇਹ ਹਵੇਲੀਆਂ, ਸੋਨਾ, ਚਾਂਦੀ ਕਿਸ ਲਈ
ਤੂੰ ਤਾਂ ਮਿੱਟੀ ਦਾ ਖਿਡੌਣਾ ਏਂ
ਤੇ ਖ਼ਾਕ ਵਿੱਚ ਹੀ ਸਮਾਉਣਾ ਏਂ।"

ਆਪਣੇ ਮੁਰੀਦ ਬਾਬਾ ਨਸਰ ਰਿਸ਼ੀ ਨੂੰ ਉਹ ਇੱਕ ਸ਼ਲੋਕ ਵਿੱਚ ਕਹਿੰਦਾ ਹੈ-

"ਨਸਰ ਬਾਬਾ, ਜੰਗਲ ਬੇਲੇ ਜਾ ਕੇ ਮੈਂ ਬੜੀ ਗ਼ਲਤੀ ਕੀਤੀ
ਸੋਚਿਆ ਸੀ ਕਿ ਬੇਲੇ ਡੇਰੇ ਲਾਣ ਨਾਲ ਤਪੱਸਿਆ ਹੋਵੇਗੀ
ਪਰ ਮੈਨੂੰ ਦੱਸ ਪਈ
ਕਿ ਇਹ ਤਾਂ ਇੱਕ ਕਿਸਮ ਦੀ ਬਦਨਾਮੀ ਹੈ
ਮੂਲ ਮਕਸਦ ਤਾਂ ਸੱਚਾਈ ਤੀਕਰ
ਰਸਾਈ ਹਾਸਲ ਕਰਨਾ ਏ।"

ਨੁੰਦ ਰਿਸ਼ੀ ਦਾ ਕਲਾਮ ਸਭ ਤੋਂ ਪਹਿਲਾਂ ਭਾਸਕਰ ਰਾਜ਼ਦਾਨ ਨੇ ਸ਼ਾਰਦਾ ਲਿੱਪੀ ਵਿੱਚ ਛਾਪਿਆ, ਜਿਹੜੀ ਕਸ਼ਮੀਰੀ ਭਾਸ਼ਾ ਦੀ ਕਦੀਮੀ ਲਿੱਪੀ ਸੀ। ਨੁੰਦ ਰਿਸ਼ੀ 63 ਸਾਲ ਦੀ ਉਮਰ 'ਚ 1440 ਈਸਵੀ ਵਿੱਚ ਦੁਨਿਆਵੀ ਯਾਤਰਾ ਪੂਰੀ ਕਰਕੇ ਆਪਣੇ ਮੌਲਾ ਕੋਲ ਚਲਾ ਗਿਆ। ਉਹਨੇ ਇਨਸਾਨੀ ਕਦਰਾਂ ਨੂੰ


CC-0. Sohail Kazmi Collection, Jammu. Digitized by eGangotri

ਇਨਕਲਾਬੀ ਰੰਗ ਵਿੱਚ ਪੇਸ਼ ਕੀਤਾ ਅਤੇ ਹਿੰਦੂ ਤੇ ਮੁਸਲਮਾਨ ਦੋਨਾਂ ਨੂੰ ਗਲੇ ਲਗਾਇਆ। ਨੁੰਦ ਰਿਸ਼ੀ ਦੀ ਸ਼ਾਇਰੀ ਮੁਹੱਬਤ ਤੇ ਇਨਸਾਨ ਦੋਸਤੀ ਦੀ ਸ਼ਾਇਰੀ ਹੈ। ਮੁਹੱਬਤ ਤੇ ਦੋਸਤੀ ਜੀਵਨ ਨੂੰ ਸੁਆਦਲਾ ਬਣਾਉਂਦੀ ਹੈ। ਮੁਹੱਬਤ ਦੁਸ਼ਮਣੀ ਨੂੰ ਖ਼ਤਮ ਕਰਦੀ ਹੈ। ਲੱਲ ਮਾਂ ਤੇ ਨੁੰਦ ਰਿਸ਼ੀ ਨੇ ਸਾਨੂੰ ਤਪ, ਗਿਆਨ ਤੇ ਜ਼ਿਕਰ ਦਾ ਸਬਕ ਪੜ੍ਹਾਇਆ, ਪਰ ਦੁਨੀਆ ਨੇ ਅੱਜ ਇਸ ਸਬਕ ਨੂੰ ਭੁਲਾ ਦਿੱਤਾ ਹੈ ਤੇ ਆਤੰਕ, ਨਫ਼ਰਤ ਤੇ ਜ਼ੁਲਮ ਦੇ ਰਸਤੇ 'ਤੇ ਚੱਲ ਪਈ ਹੈ। ਗੰਦੀ ਸਿਆਸਤ ਤੇ ਮਜ਼੍ਹਬੀ ਬੁਨਿਆਦ ਪ੍ਰਸਤੀ ਦੀ ਚੱਕੀ ਵਿੱਚ ਅੱਜ ਲੋਕਾਈ ਪਿਸ ਰਹੀ ਹੈ। ਭਾਰਤ ਉਪ ਮਹਾਂਦੀਪ ਵਿੱਚ ਹਿੰਦੂ ਤੇ ਮੁਸਲਮਾਨ ਇੱਕ ਹਜ਼ਾਰ ਸਾਲ ਤੋਂ ਇੱਕੱਠੇ ਰਹਿ ਰਹੇ ਨੇ, ਪਰ ਹਾਲੇ ਤਕ ਵੀ ਇਹ ਦੋਵੇਂ ਕੌਮਾਂ ਇੱਕ ਦੂਜੇ ਨੂੰ ਸਮਝ ਨਹੀਂ ਸਕੀਆਂ। ਦੋਵੇਂ ਇੱਕ ਦੂਜੇ ਦੇ ਧਰਮ ਗ੍ਰੰਥਾਂ ਤੋਂ ਅਨਜਾਣ ਨੇ। ਹਿੰਦੂ ਕੋਲ ਏਨੀ ਵਿਹਲ ਨਹੀਂ ਕਿ ਇਸਲਾਮੀ ਵਹਿਦਤ ਤੇ ਮੁਸਲਿਮ ਜ਼ਾਬਤੇ ਦੀ ਖੋਜ ਕਰੇ ਅਤੇ ਨਾ ਹੀ ਮੁਸਲਮਾਨ ਕੋਲ ਏਨਾ ਸਮਾਂ ਹੈ ਕਿ ਉਹ ਹਿੰਦੂ ਧਰਮ ਦੇ ਮਹਾਂਸਾਗਰ ਵਿੱਚ ਗੋਤਾ ਲਗਾਏ ਤੇ ਗਿਆਨ ਦੇ ਮੋਤੀ ਤਲਾਸ਼ੇ। ਹਿੰਦੂ ਸਮਝਦਾ ਹੈ ਕਿ ਦੁਨੀਆ ਭਰ ਦੀਆਂ ਬੁਰਾਈਆਂ ਮੁਸਲਮਾਨਾਂ ਵਿੱਚ ਭਰੀਆਂ ਹੋਈਆਂ ਨੇ ਤੇ ਮੁਸਲਮਾਨ ਸਮਝਦਾ ਹੈ ਕਿ ਉਹਨਾਂ ਦੀ ਆਰਥਿਕ, ਤਾਲੀਮੀ ਤੇ ਸਮਾਜੀ ਪਸਮਾਂਦਗੀ ਦਾ ਕਾਰਨ ਹਿੰਦੂ ਹਨ। ਇਹ ਉਨ੍ਹਾਂ ਦੀ ਜਾਨ ਤੇ ਮਾਲ ਦੇ ਦੁਸ਼ਮਣ ਹਨ ਤੇ ਉਹਨਾਂ ਨਾਲ ਨਫ਼ਰਤ ਕਰਦੇ ਨੇ। ਮੁਸਲਮਾਨਾਂ ਨੂੰ ਨੀਚ ਤੇ ਮਲੇਛ ਜਨੌਰ ਸਮਝਦੇ ਨੇ। ਪਰ ਅਸਲ ਵਿੱਚ ਦੋਨੋਂ ਭੁਲੇਖੇ ਵਿੱਚ ਨੇ। ਦੋਨਾਂ ਨੂੰ ਕੱਟੜਵਾਦ ਨਕਾਰਨਾ ਪਵੇਗਾ। ਅੱਜ ਸਾਨੂੰ ਵਹਾਬੀ ਤੇ ਤਾਲਿਬਾਨੀ ਇਸਲਾਮ ਨਹੀਂ, ਸਗੋਂ ਸੂਫ਼ੀ ਇਸਲਾਮ ਦੀ ਲੋੜ ਹੈ। ਬਜਰੰਗੀ ਧਰਮ ਨਹੀਂ, ਸਗੋਂ ਭਗਤੀ ਰਸ ਵਿੱਚ ਡੁੱਬੀ ਰਿਸ਼ੀਆਂ-ਮੁਨੀਆਂ ਦੀ ਬਾਣੀ ਦੀ ਜ਼ਰੂਰਤ ਹੈ ਤਾਂ ਜੋ ਅਸੀਂ ਅਮਨ ਤੇ ਦੋਸਤੀ ਨਾਲ ਜ਼ਿੰਦਾ ਰਹਿ ਸਕੀਏ ਤੇ ਇੱਕ ਦੂਜੇ ਨੂੰ ਬਰਦਾਸ਼ਤ ਕਰ ਸਕੀਏ।

ਲੱਲ ਮਾਂ ਤੇ ਨੁੰਦ ਰਿਸ਼ੀ ਦੇ ਸ਼ਲੋਕ ਜ਼ਿੰਦਗੀ ਦਾ ਮੁਹੱਬਤਨਾਮਾ ਨੇ ਜੋ ਸਾਨੂੰ ਮਜ਼੍ਹਬੀ ਰਵਾਦਾਰੀ ਤੇ ਬਰਾਬਰੀ ਦਾ ਪਾਠ ਪੜ੍ਹਾਉਂਦੇ ਨੇ। ਸਾਇੰਸ ਦੀ ਤਰੱਕੀ ਤੇ ਆਰਥਿਕ ਉਨੱਤੀ ਦੇ ਬਾਵਜੂਦ ਅੱਜ ਦਾ ਮਨੁੱਖ ਸ਼ਾਂਤੀ ਲਈ ਭਟਕ ਰਿਹਾ ਹੈ। ਪਰ ਸ਼ਾਂਤੀ ਤੇ ਸਕੂਨ ਸਾਨੂੰ ਲੱਲ ਮਾਂ ਤੇ ਨੁੰਦ ਰਿਸ਼ੀ ਦੇ ਕਲਾਮ ਵਿੱਚ ਮਿਲਦਾ ਹੈ। ਬਾਬਾ ਫ਼ਰੀਦ, ਬਾਬਾ ਨਾਨਕ, ਮਾਧੋਲਾਲ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ, ਮੀਆਂ ਮੁਹੰਮਦ ਬਖ਼ਸ਼ ਦੇ ਆਰਫ਼ਾਨਾ ਕਲਾਮ ਵਿੱਚ ਮਿਲਦਾ ਹੈ। ਕਬੀਰ, ਰਹੀਮ, ਸੂਰਦਾਸ ਤੇ ਮੀਰਾ ਬਾਈ ਦੀ ਬਾਣੀ ਵਿੱਚ ਮਿਲਦਾ ਹੈ। ਇਹ ਸਾਰੇ ਸੂਫ਼ੀ ਸੰਤ ਸਾਨੂੰ ਇਨਸਾਨ ਦੋਸਤੀ, ਖ਼ੁਦਾਪ੍ਰਸਤੀ ਤੇ ਹਰ ਧਰਮ ਦੀ ਇਜ਼ੱਤ ਕਰਨਾ


CC-0. Sohail Kazmi Collection, Jammu. Digitized by eGangotri

ਸਿਖਾਉਂਦੇ ਨੇ। ਇਹਨਾਂ ਰਿਸ਼ੀ ਸੂਫੀ ਦਰਵੇਸ਼ਾਂ ਦਾ ਕਲਾਮ ਮਨ ਦੀ ਮੈਲ ਨੂੰ ਧੋਂਦਾ ਹੈ। ਕਸ਼ਮੀਰ ਦੇ ਰਿਸ਼ੀਆਂ ਨੇ ਚਾਰ ਇਨਕਲਾਬ ਲਿਆਂਦੇ। ਸਮਾਜੀ ਇਨਕਲਾਬ, ਧਾਰਮਿਕ ਇਨਕਲਾਬ, ਸਿਆਸੀ ਇਨਕਲਾਬ ਤੇ ਰੂਹਾਨੀ ਇਨਕਲਾਬ।

ਨੁੰਦ ਰਿਸ਼ੀ ਕਹਿੰਦਾ ਹੈ-

"ਫਕੀਰੀ ਪਰਦਾਦਾਰੀ ਕਰਦੀ ਹੈ ਤੇ ਖੁਸ਼ਬੋਈ ਦਾ ਸਾਗ ਖੁਆਂਦੀ ਹੈ।"

ਰਿਸ਼ੀਅਤ ਸਾਂਝੇ ਚੁੱਲ੍ਹੇ ਦੀ ਰੋਟੀ ਹੈ ਜਿਸਦੇ ਖਾਣ ਨਾਲ ਮੁਹੱਬਤ ਪ੍ਰਵਾਨ ਚੜ੍ਹਦੀ ਹੈ। ਰਿਸ਼ੀਅਤ ਦੇ ਸਰਤਾਜ ਨੁੰਦ ਰਿਸ਼ੀ ਤੇ ਲੱਲੇਸ਼ਵਰੀ ਦੇ ਜੋਤੀ-ਜੋਤ ਸਮਾਉਣ ਮਗਰੋਂ ਕਸ਼ਮੀਰ ਵਿੱਚ ਬਾਬਾ ਨਸਰਦੀਨ, ਦਾਊਦ ਖਾਕੀ, ਸ਼ਮਸ ਫਕੀਰ, ਬਾਬਾ ਦਾਊਦ ਮੁਸਕਾਤੀ, ਵਹਾਬ ਖਾਰ, ਆਹਦ ਜ਼ਰਗਰ, ਕ੍ਰਿਸ਼ਨਜੂ ਰਾਜ਼ਦਾਨ, ਲਕਸ਼ਮਣ ਜੂ ਬੁਲਬੁਲ ਨਗਾਮੀ, ਪ੍ਰਕਾਸ਼ ਰਾਮ ਕੌਰੇਗਾਰੀ ਤੇ ਪਰਮਾਨੰਦ ਵਰਗੇ ਰਿਸ਼ੀਆਂ ਰਿਸ਼ੀਅਤ ਦਾ ਦੀਵਾ ਬਾਲੀ ਰੱਖਿਆ। ਨੁੰਦ ਰਿਸ਼ੀ ਦੀ ਫੌਤਗੀ ਦੇ ਡੇਢ ਸੌ ਸਾਲ ਮਗਰੋਂ ਕਸ਼ਮੀਰ ਵਿੱਚ ਹੱਬਾਖਾਤੂਨ ਨੇ ਆਪਣੇ ਗੀਤਾਂ ਰਾਹੀਂ ਕਸ਼ਮੀਰੀਆਂ ਦੇ ਦਿਲਾਂ 'ਤੇ ਰਾਜ ਕੀਤਾ। ਉਹਦੀ ਸ਼ਾਇਰੀ ਇਨਸਾਨੀ ਜਜ਼ਬਿਆਂ ਦੇ ਇਜ਼ਹਾਰ ਦੀ ਸ਼ਾਇਰੀ ਹੈ। ਭਾਸ਼ਾ ਦੀ ਖੂਬਸੂਰਤੀ ਤੇ ਖਿਆਲਾਂ ਦਾ ਸੱਜਰਾਪਨ ਸੋਲ੍ਹਵੀਂ ਸਦੀ ਦੀ ਇਸ ਕਵਿੱਤਰੀ ਨੂੰ ਅਮਰ ਬਣਾਉਂਦਾ ਹੈ। ਉਸਦੀ ਸ਼ਾਇਰੀ ਵਿੱਚ ਮੁਹੱਬਤ ਹੀ ਮੁਹੱਬਤ ਹੈ, ਜੋ ਤ੍ਰਿਕ ਦ੍ਰਿਸ਼ਟੀ ਦੀ ਦੇਣ ਹੈ। ਇਸ ਤਰ੍ਹਾਂ ਕਸ਼ਮੀਰ ਵਿੱਚ ਰਿਸ਼ੀ ਫਲਸਫੇ ਦਾ ਸਿਲਸਿਲਾ ਨਿਰੰਤਰ ਜਾਰੀ ਹੈ।

*** *** ***



CC-0. Sohail Kazmi Collection, Jammu. Digitized by eGangotri

# ਜੰਮੂ-ਕਸ਼ਮੀਰ ਦੀ ਪੰਜਾਬੀ ਸ਼ਾਇਰੀ ਅਤੇ ਸੂਫ਼ੀ ਪਰੰਪਰਾ

ਰੱਬ ਦੇ ਬੋਲੀਆਂ ਨੂੰ ਦੁਨੀਆ ਤੇ ਆਖ਼ਰਤ ਦਾ ਡਰ ਨਹੀਂ ਹੁੰਦਾ। ਰੱਬ ਦੇ ਪਾਕ ਤੇ ਨੇਕ ਬੰਦੇ ਦੁਨੀਆ ਵਿੱਚ ਹੁਦਾਇਤ ਦੇਣ ਤੇ ਨਿਜਾਤ ਦਾ ਵਸੀਲਾ ਬਣਨ ਲਈ ਆਉਂਦੇ ਹਨ। ਕਸ਼ਮੀਰ ਦੀ ਲੁਕਾਈ ਹਮੇਸ਼ਾ ਤੋਂ ਪੀਰ-ਪ੍ਰਸਤ ਰਹੀ ਹੈ ਤੇ ਅੱਜ ਵੀ ਹੈ। ਇੱਥੇ ਸੂਫ਼ੀਆਂ ਤੇ ਰਿਸ਼ੀਆਂ ਨੂੰ ਆਦਰ-ਮਾਨ ਤੇ ਅਕੀਦਤ ਮਿਲੀ ਹੈ। ਇੱਥੋਂ ਦੇ ਸੂਫ਼ੀਆਂ ਤੇ ਰਿਸ਼ੀਆਂ ਨੇ ਖ਼ਲਕਤ ਨੂੰ ਹੱਕ ਤੇ ਸੱਚ ਦਾ ਰਾਹ ਦੱਸਿਆ ਹੈ। ਪਿਆਰ ਮੁਹੱਬਤ ਤੇ ਸਾਂਝ ਦਾ ਸਬਕ ਪੜ੍ਹਾਇਆ ਹੈ। ਸ਼ਿਵ ਯੋਗਨੀ ਲੱਲੇਸ਼ਵਰੀ ਜਾਂ ਲੱਲ ਮਾਂ ਅਤੇ ਸ਼ੇਖ਼ ਨੂਰਦੀਨ ਵਲੀ ਜਾਂ ਨੁੰਦ ਰਿਸ਼ੀ ਇਸ ਦੀ ਮਿਸਾਲ ਹਨ, ਜਿਨ੍ਹਾਂ 14ਵੀਂ ਸਦੀ ਵਿੱਚ ਆਪਣੇ ਵਾਕਾਂ ਤੇ ਸ਼ਲੋਕਾਂ ਰਾਹੀਂ ਲੋਕਾਈ ਨੂੰ ਜੋੜਣ ਦੀ ਗੱਲ ਕੀਤੀ। ਕਾਮ, ਕ੍ਰੋਧ, ਮੋਹ, ਮਾਇਆ ਤੇ ਅਹੰਕਾਰ ਨੂੰ ਛੱਡਣ ਤੇ ਮਨ ਨੂੰ ਕਾਬੂ ਵਿੱਚ ਰੱਖਣ ਦਾ ਪਾਠ ਪੜ੍ਹਾਇਆ।

ਜੰਮੂ-ਕਸ਼ਮੀਰ ਵਿੱਚ ਅਜਿਹੇ ਸੂਫ਼ੀ, ਕਾਮਲ ਦਰਵੇਸ਼ ਵੀ ਹੋਏ ਹਨ, ਜਿਨ੍ਹਾਂ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਮਾਰਫ਼ਤ ਦੇ ਦੀਵੇ ਜਗਾਏ, ਆਪਣੀ ਸੂਫ਼ੀਆਨਾ ਸ਼ਾਇਰੀ ਵਿੱਚ ਰੱਬੀ ਗਿਆਨ ਦਾ ਸਬਕ ਦਿੱਤਾ। ਆਪਣੇ ਕਰਮਾਂ ਅਤੇ ਸੂਫ਼ੀ ਸ਼ਾਇਰੀ ਰਾਹੀਂ ਲੋਕਾਂ ਦੇ ਦਿਲਾਂ 'ਚ ਘਰ ਬਣਾਇਆ ਤੇ ਲੋਕਾਂ ਦੇ ਅੰਦਰ ਤੇ ਬਾਹਰ ਨੂੰ ਪਾਕ ਤੇ ਸਾਫ਼ ਕਰਨ ਦਾ ਯਤਨ ਕੀਤਾ। ਇਨ੍ਹਾਂ ਵਿੱਚ ਸਭ ਤੋਂ ਉੱਚਾ ਤੇ ਸੁੱਚਾ ਨਾਂ ਹਜ਼ਰਤ ਪੀਰਾਂ ਸ਼ਾਹ ਗ਼ਾਜ਼ੀ ਕਲੰਦਰ ਜਾਂ ਦਮੜੀ ਵਾਲੇ ਪੀਰ ਦਾ ਹੈ, ਜਿਨ੍ਹਾਂ ਦੀ ਦਰਗਾਹ ਮੀਰਪੁਰ (ਪਾਕਿਸਤਾਨੀ ਕੰਟਰੋਲ ਵਾਲੇ ਕਸ਼ਮੀਰ) ਤੋਂ ਕੋਈ ਤੇਰ੍ਹਾਂ ਕਿਲੋਮੀਟਰ ਦੂਰ ਪਿੰਡ ਖੜੀ ਵਿੱਚ ਹੈ ਤੇ ਲੋਕੀਂ ਇਸ ਥਾਰ ਨੂੰ ਆਦਰ ਨਾਲ 'ਖੜੀ ਸ਼ਰੀਫ' ਕਹਿੰਦੇ ਹਨ। ਇਸ ਖ਼ਾਨਕਾਹ ਦੇ ਸਜਾਦਾ ਨਸ਼ੀਨ (ਮਜੌਰ) ਮੀਆਂ ਸ਼ਮੱਸ ਦੀਨ ਸਨ, ਉਨ੍ਹਾਂ ਦੀ ਫ਼ੌਤਗੀ ਮਗਰੋਂ ਉਨ੍ਹਾਂ ਦੇ ਸਭ ਤੋਂ ਵੱਡੇ ਪੁੱਤਰ ਮੀਆਂ ਬਹਾਵਲ ਬਖ਼ਸ਼ ਦਮੜੀ ਵਾਲੇ ਪੀਰ ਦੀ ਦਰਗਾਹ ਦੇ ਮਜੌਰ ਬਣੇ। ਮੀਆਂ ਸ਼ਮੱਸ ਦੀਨ ਦੇ ਦੂਜੇ ਪੁੱਤਰ ਦਾ ਨਾਂ ਮੀਆਂ ਮੁਹੰਮਦ ਬਖ਼ਸ਼ ਸੀ ਅਤੇ ਤੀਜੇ ਸਪੁੱਤਰ ਦਾ ਨਾਂ ਮੀਆਂ ਅਲੀ ਬਖ਼ਸ਼ ਸੀ। ਮੀਆਂ ਬਹਾਵਲ ਬਖ਼ਸ਼ ਤੇ ਮੀਆਂ



CC-0. Sohail Kazmi Collection, Jammu. Digitized by eGangotri

ਅਲੀ ਬਖ਼ਸ਼ ਵਿਆਹੇ ਵਰੇ ਸਨ ਤੇ ਉਨ੍ਹਾਂ ਦੀ ਔਲਾਦ ਅੱਜ ਵੀ ਇਸ ਜ਼ਿਆਰਤ ਦੀ ਮਜੌਰੀ ਦਾ ਫਰਜ਼ ਨਿਭਾਉਂਦੀ ਹੈ, ਪਰ ਮੀਆਂ ਮੁਹੰਮਦ ਬਖ਼ਸ਼ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ ਤੇ ਕਲੰਦਰੀ ਜੀਵਨ ਨੂੰ ਗਲੇ ਲਗਾਇਆ। ਇਹ ਖਾਨਦਾਨ ਕਾਦਰੀ ਸਿਲਸਿਲੇ ਨਾਲ ਸੰਬੰਧ ਰੱਖਦਾ ਸੀ।

ਮੀਆਂ ਮੁਹੰਮਦ ਬਖ਼ਸ਼ ਕੌਮ ਦੇ ਗੁੱਜਰ ਸਨ। ਉਨ੍ਹਾਂ ਦਾ ਜਨਮ 1826 ਵਿੱਚ ਹੋਇਆ। ਜਦ ਉਨ੍ਹਾਂ ਦੇ ਪਿਤਾ ਮੀਆਂ ਸ਼ੱਮਸ ਦੀਨ ਨੇ ਅਕਾਲ ਚਲਾਨਾ ਕੀਤਾ ਤਾਂ ਉਸ ਵੇਲੇ ਮੀਆਂ ਮੁਹੰਮਦ ਬਖ਼ਸ਼ ਦੀ ਉਮਰ 15 ਸਾਲ ਸੀ ਤੇ ਉਹ ਧਾਰਮਿਕ ਅਤੇ ਦੁਨਿਆਵੀ ਤਾਲੀਮ ਹਾਸਿਲ ਕਰ ਰਹੇ ਸਨ। 19 ਸਾਲ ਦੀ ਉਮਰ ਵਿੱਚ ਮੀਆਂ ਮੁਹੰਮਦ ਬਖ਼ਸ਼ ਨੇ ਆਪਣਾ ਘਰ ਛੱਡ ਦਿੱਤਾ ਤੇ ਆਪਣੇ ਮੁਰਸ਼ਦ ਪੀਰ ਸਾਈਂ ਗੁਲਾਮ ਮੁਹੰਮਦ ਦੇ ਹੁਜਰੇ ’ਤੇ ਆ ਗਏ। ਮੀਆਂ ਸਾਹਿਬ ਨੇ ਉਨ੍ਹਾਂ ਕੋਲੋਂ ਦੀਨੀ (ਧਾਰਮਿਕ) ਤੇ ਰੂਹਾਨੀ ਇਲਮ ਹਾਸਿਲ ਕੀਤਾ ਤੇ ਫਿਰ ਮੁਰਸ਼ਦ ਦੇ ਹੁਕਮ ਮੁਤਾਬਿਕ ਉਹ ਕਸ਼ਮੀਰ ਚਲੇ ਗਏ। ਉਥੇ ਦੇ ਕਾਮਲ ਦਰਵੇਸ਼ ਸ਼ੇਖ਼ ਅਹਿਮਦ ਵਲੀ ਕੋਲੋਂ ਮਾਰਫਤ ਤੇ ਤਰੀਕੱਤ ਦਾ ਸਬਕ ਸਿੱਖਿਆ। ਮਗਰੋਂ ਉਨ੍ਹਾਂ ਦੇ ਹੁਕਮ ਅਨੁਸਾਰ ਵਾਪਿਸ ਖੜੀ ਸ਼ਰੀਫ ਪਹੁੰਚ ਕੇ ਪੀਰ ਗਾਜ਼ੀ ਕਲੰਦਰ (ਦਮੜੀ ਵਾਲੇ) ਦੇ ਆਸਤਾਨੇ ਦੀ ਸੇਵਾ ਕਰਨ ਲੱਗੇ। ਉਹ ਕਈ ਕਈ ਦਿਨ ਫਾਕੇ ਰਹਿੰਦੇ ਤੇ ਆਪਣੇ ਮਨ ਨੂੰ ਕਾਬੂ ਰੱਖਣ ਲਈ ਚਿੱਲੇ ਕੱਟਦੇ ਤੇ ਰਾਤ-ਦਿਨ ਰੱਬ ਸੱਚੇ ਦੇ ਨਾਂ ਦੀ ਮਾਲਾ ਜਪਦੇ।

ਮੀਆਂ ਮੁਹੰਮਦ ਬਖ਼ਸ਼ ਫਾਰਸੀ, ਅਰਬੀ, ਉਰਦੂ ਤੇ ਪੰਜਾਬੀ ਦੇ ਵਿਦਵਾਨ ਸਨ। ਉਨ੍ਹਾਂ ਫਾਰਸੀ, ਉਰਦੂ ਤੇ ਪੰਜਾਬੀ ਵਿੱਚ ਸ਼ਾਇਰੀ ਕੀਤੀ ਅਤੇ ਵਾਰਤਾ ਵੀ ਲਿਖੀ। ਪੰਜਾਬੀ ਵਿੱਚ ਉਨ੍ਹਾਂ ‘ਸੋਹਣੀ ਮਹੀਵਾਲ’, ‘ਸ਼ੀਰੀਂ ਫਰਿਹਾਦ’, ਸੱਸੀ ਪੁੰਨੂ’, ‘ਸੀਹਰਫੀ ਹੀਰ ਰਾਂਝਾ’ ਅਤੇ ‘ਸ਼ਾਹ ਮੰਸੂਰ’ ਦੇ ਕਿੱਸੇ ਲਿਖੇ। ਇੰਝ ਹੀ ਫਾਰਸੀ ਵਿੱਚ ‘ਨੈਰੰਗ-ਏ-ਇਸ਼ਕ’, ‘ਗੁਲਜ਼ਾਰ-ਏ-ਫ਼ਖ਼ਰ’, ‘ਕਿੱਸਾ ਸ਼ੇਖ਼ ਸਨਆਣ’, ‘ਹਦਾਇਤ-ਉਲੱ-ਮੁਸਲਮੀਨ’ ਅਤੇ ‘ਤਜ਼ਕਰਾ ਕਦੀਮੀ’ ਲਿਖੀਆਂ। ਇਹ ਸਾਰੀਆਂ ਪੁਸਤਕਾਂ ਖੜੀ ਸ਼ਰੀਫ ਦੀ ਲਾਇਬ੍ਰੇਰੀ ਵਿੱਚ ਮੌਜੂਦ ਹਨ ਅਤੇ ਦੋ ਹਜ਼ਾਰ ਪੰਜ ਵਿੱਚ ਜਦੋਂ ਮੈਂ ਸ਼ਰੀਫ ਮੀਆਂ ਮੁਹੰਮਦ ਬਖ਼ਸ਼ ਦੀ ਦਰਗਾਹ ’ਤੇ ਹਾਜ਼ਰੀ ਭਰੀ ਤਾਂ ਇਹ ਪੁਸਤਕਾਂ ਮੈਂ ਆਪ ਵੇਖੀਆਂ ਸਨ, ਪਰ ਜਿਸ ਕਾਵਿ ਕਿੱਸੇ ਨੇ ਮੀਆਂ ਮੁਹੰਮਦ ਬਖ਼ਸ਼ ਨੂੰ ਅਮਰ ਬਣਾਇਆ ਉਹ ਪੰਜਾਬੀ ਵਿੱਚ ‘ਸ਼ੈਫ-ਉਲੱ-ਮਲੂਕ’ ਦੇ ਨਾਂ ਤੋਂ ਮਸ਼ਹੂਰ ਹੋਇਆ ਜਦਕਿ ਪੁਸਤਕ ਦਾ ਨਾਂ ‘ਸ਼ੈਫ-ਉਲੱ-ਮਲੂਕ ਬੱਦੀ-ਉਲੱ-ਜਮਾਲ’ ਹੈ। ਮੀਆਂ ਮੁਹੰਮਦ ਬਖ਼ਸ਼ ਦੀ ਕਬਰ ਦਮੜੀ ਵਾਲੇ ਪੀਰ ਦੀ ਦਰਗਾਹ ਦੇ ਅੰਦਰ ਅਤੇ ਲਾਗੇ ਹੀ ਹੈ। ਉਨ੍ਹਾਂ ਦਾ ਮਜ਼ਾਰ ਵੱਖਰਾ



CC-0. Sohail Kazmi Collection, Jammu. Digitized by eGangotri

ਬਣਾਇਆ ਗਿਆ ਹੈ ਤੇ ਹਜ਼ਾਰਾਂ ਲੋਕੀਂ ਇੱਥੇ ਹਾਜ਼ਰੀ ਦੇਣ ਤੇ ਮੁਰਾਦਾਂ ਪਾਉਣ ਲਈ ਆਉਂਦੇ ਹਨ। ਇਸ ਦਰਗਾਹ 'ਤੇ ਦਿਨ-ਰਾਤ ਲੰਗਰ ਤਿਆਰ ਹੁੰਦਾ ਰਹਿੰਦਾ ਹੈ ਤੇ ਲੋਕੀਂ ਪ੍ਰਸ਼ਾਦ ਵੱਜੋਂ ਲੰਗਰ ਛੱਕਦੇ ਹਨ। ਮੀਆਂ ਸਾਹਿਬ ਦਾ ਉਰਸ ਹਰ ਸਾਲ ਮਨਾਇਆ ਜਾਂਦਾ ਹੈ। ਭਾਵੇਂ ਮੀਆਂ ਮੁਹੰਮਦ ਬਖ਼ਸ਼ 1907 ਵਿੱਚ ਆਪਣੇ ਹਕੀਕੀ ਮਾਲਕ ਕੋਲ ਚਲੇ ਗਏ, ਪਰ ਆਪਣੀ ਸ਼ਾਇਰੀ ਤੇ ਖ਼ਾਸਕਰ 'ਸ਼ੈਫ-ਉਲੱ-ਮਲੂਕ' ਦੀ ਰਚਨਾ ਕਾਰਨ ਉਹ ਰਹਿੰਦੀ ਦੁਨੀਆ ਤਕ ਜ਼ਿੰਦਾ ਰਹਿਣਗੇ। 'ਸ਼ੈਫ-ਉਲੱ-ਮਲੂਕ' ਦਾ ਕਿੱਸਾ ਕਈ ਹੋਰ ਪੰਜਾਬੀ ਸ਼ਾਇਰਾਂ ਨੇ ਵੀ ਲਿਖਿਆ, ਜਿਨ੍ਹਾਂ ਵਿੱਚ ਇਕਬਾਲ ਦਾਇਮ ਦੇ ਕਿੱਸੇ ਨੂੰ ਮਾਨਤਾ ਵੀ ਮਿਲੀ, ਪਰ ਜੋ ਸ਼ੁਹਰਤ ਮੀਆਂ ਮੁਹੰਮਦ ਬਖ਼ਸ਼ ਦੇ ਕਿੱਸੇ 'ਸ਼ੈਫ-ਉਲੱ-ਮਲੂਕ ਬੱਦੀ-ਉਲੱ-ਜਮਾਲ' ਨੂੰ ਨਸੀਬ ਹੋਈ, ਉਹ ਕਿਸੇ ਹੋਰ ਸ਼ਾਇਰ ਨੂੰ ਨਸੀਬ ਨਹੀਂ ਹੋ ਸਕੀ। ਆਪਣੀ ਜ਼ਾਤ ਬਾਰੇ ਉਨ੍ਹਾਂ ਦੋ ਸ਼ੇਅਰ ਲਿਖੇ ਹਨ:

"ਜਿਹਲਮ ਘਾਟੋਂ ਪਰਬਤ ਪਾਸੇ ਮੀਰ ਪੁਰੇ ਥੀਂ ਦੱਖਣ
ਖੜੀ ਮੁਲਕ ਵਿੱਚ ਲੋੜਣ ਜਿਹੜੇ ਤਲਬ ਬੰਦੇ ਦੀ ਰੱਖਣ।"

-0-0-0-

"ਪੀਰ ਮੇਰਾ ਉਹ ਦਮੜੀ ਵਾਲਾ ਪੀਰਾਂ ਸ਼ਾਹ ਕਲੰਦਰ
ਹਰ ਮੁਸ਼ਕਲ ਵਿੱਚ ਮਦਦ ਕਰਦਾ ਦੋਹਾਂ ਜਹਾਨਾਂ ਅੰਦਰ।"

'ਸ਼ੈਫ-ਉਲ-ਮਲੂਕ' ਦਾ ਕਿੱਸਾ ਮੀਆਂ ਮੁਹੰਮਦ ਬਖ਼ਸ਼ ਨੇ ਇਸ ਦੁਆ ਨਾਲ ਆਰੰਭ ਕੀਤਾ ਹੈ:

"ਰਹਿਮਤ ਦਾ ਮੀਂਹ ਪਾ ਖ਼ੁਦਾਇਆ ਬਾਗ਼ ਸੁੱਕਾ ਕਰ ਹਰਿਆ
ਬੂਟਾ ਆਸ ਉਮੀਦ ਮੇਰੀ ਦਾ ਕਰਦੇ ਮੇਵੇ ਭਰਿਆ।
ਸਦਾ ਬਹਾਰ ਦਈਂ ਇਸ ਬਾਗ਼ੇ ਕਦੇ ਖਜ਼ਾ ਨਾ ਆਵੇ
ਹੋਵਣ ਫ਼ੈਜ਼ ਹਜ਼ਾਰਾਂ ਤਾਈਂ ਹਰ ਭੁੱਖਾ ਫਲ ਖਾਵੇ।
ਬਾਲ ਚਰਾਗ਼ ਇਸ਼ਕ ਦਾ ਮੇਰਾ ਰੌਸ਼ਨ ਕਰਦੇ ਸੀਨਾ
ਦਿਲ ਦੇ ਦੀਵੇ ਦੀ ਰੌਸ਼ਨਾਈ ਜਾਵੇ ਵਿੱਚ ਜ਼ਮੀਨਾਂ"

'ਸ਼ੈਫ-ਉਲ-ਮਲੂਕ' ਵਿੱਚ ਹਿਕਮਤ ਵਾਲੇ ਤੇ ਨਸੀਹਤ ਵਾਲੇ ਸ਼ੇਅਰ ਹਨ, ਜਿਹੜੇ ਜ਼ਿੰਦਗੀ ਦੀ ਸੱਚਾਈ ਨੂੰ ਦਰਸਾਉਂਦੇ ਹਨ। ਇਨ੍ਹਾਂ ਸ਼ੇਅਰਾਂ ਵਿੱਚ ਮਾਰਫਤ ਦਾ ਰੰਗ ਹੈ, ਰੱਬੀ ਗਿਆਨ ਹੈ, ਗੁੱਝੀ ਰਮਜ਼ ਹੈ ਤੇ ਪੂਰਾ ਕਾਵਿ-ਕਿੱਸਾ ਸੂਫੀਆਨਾ ਸ਼ੈਲੀ ਵਿੱਚ ਲਿਖਿਆ ਗਿਆ ਹੈ। ਲੋਕ ਇਸ ਕਿੱਸੇ ਨੂੰ ਪੜ੍ਹਦਿਆਂ ਵੱਜਦ ਵਿੱਚ ਆ ਜਾਂਦੇ ਹਨ। ਇਹ ਕਿੱਸਾ ਅਤੇ ਇਸ ਵਿੱਚ ਲਿਖੇ ਗਏ ਸ਼ੇਅਰ ਪੰਜਾਬੀ ਦੀ ਲੋਕ ਵਿਰਾਸਤ ਦਾ ਹਿੱਸਾ ਬਣ ਚੁੱਕੇ ਹਨ। ਜਿੱਥੇ 'ਹੀਰ-ਰਾਂਝਾ'


CC-0. Sohail Kazmi Collection, Jammu. Digitized by eGangotri

'ਸੱਸੀ-ਪੁੰਨੂ', 'ਮਿਰਜ਼ਾ-ਸਾਹਿਬਾਂ' ਦੇ ਕਿੱਸਿਆਂ ਲਈ ਪੰਜਾਬੀ ਸੰਗੀਤਕਾਰਾਂ ਤੇ ਗਾਉਣ ਵਾਲਿਆਂ ਹਰ ਕਿੱਸੇ ਲਈ ਵੱਖ-ਵੱਖ ਲੋਕ ਧੁਨਾਂ ਬਣਾਈਆਂ ਹਨ, ਉਥੇ 'ਸ਼ੈਫ-ਉਲ-ਮਲੂਕ' ਲਈ ਕਈ ਲੋਕ ਧੁਨਾਂ ਮੌਜੂਦ ਹਨ, ਜਿੰਨਾ ਵਿੱਚ ਵੱਖ-ਵੱਖ ਇਲਾਕਿਆਂ ਦੇ ਲੋਕ ਗਾਉਂਦੇ ਹਨ। ਜਿਵੇਂ ਪੋਠੋਹਾਰੀ ਉਪ-ਬੋਲੀ ਬੋਲਣ ਵਾਲੇ ਇਸ ਕਿੱਸੇ ਨੂੰ ਇੱਕ ਖ਼ਾਸ ਧੁਨ ਵਿੱਚ ਗਾਉਂਦੇ ਹਨ ਤੇ ਮਾਝੇ ਵਾਲੇ ਦੂਜੀ ਧੁਨ ਵਿੱਚ, ਇੰਝ ਹੀ ਦੁਆਬੇ ਵਾਲਿਆਂ ਨੇ ਇਸ ਕਿੱਸੇ ਨੂੰ ਵੱਖਰੀ ਧੁਨ ਬਖ਼ਸ਼ੀ ਹੈ। ਇਸ ਕਿੱਸੇ ਨੂੰ ਪੰਜਾਬੀ ਦੇ ਲੋਕ ਫਨਕਾਰਾਂ ਤੇ ਮਸ਼ਹੂਰ ਗਾਇਕਾਂ ਨੇ ਗਾਇਆ ਹੈ ਅਤੇ ਵਾਰਿਸ ਸ਼ਾਹ ਦੀ ਹੀਰ ਮਗਰੋਂ ਸਭ ਤੋਂ ਵੱਧ ਪੜ੍ਹਣ ਤੇ ਗਾਉਣ ਵਾਲਾ ਕਿੱਸਾ 'ਸ਼ੈਫ-ਉਲ-ਮਲੂਕ' ਹੀ ਹੈ ਤੇ ਜੰਮੂ-ਕਸ਼ਮੀਰ ਦੇ ਪੰਜਾਬੀ, ਪਹਾੜੀ ਤੇ ਗੁੱਜਰ ਇਸ ਗੱਲ ਲਈ ਮਾਨ ਕਰ ਸਕਦੇ ਹਨ। ਦਿਲਾਂ 'ਤੇ ਨਕਸ਼ ਕਰਨ ਵਾਲੇ 'ਸ਼ੈਫ-ਉਲ-ਮਲੂਕ' ਦੇ ਕੁੱਝ ਸ਼ੇਅਰ ਪਾਠਕਾਂ ਲਈ ਦਰਜ ਕਰ ਰਿਹਾ ਹਾਂ।

1. ਦੁਸ਼ਮਣ ਮਰੇ ਤੇ ਖੁਸ਼ੀ ਨਾ ਕਰੀਏ ਸੱਜਣਾ ਵੀ ਮਰ ਜਾਣਾ
   ਦੀਗਰ ਤੇ ਦਿਨ ਹੋਇਆ ਮੁਹੰਮਦ ਓੜਕ ਨੂੰ ਤੁਰ ਜਾਣਾ।
2. ਨੀਚਾਂ ਦੀ ਅਸ਼ਨਾਈ ਕੋਲੋਂ ਫੈਜ਼ ਕਿਸੇ ਨਾ ਪਾਇਆ
   ਕਿੱਕਰ 'ਤੇ ਅੰਗੂਰ ਚੜ੍ਹਾਇਆ ਹਰ ਗੁੱਛਾ ਜ਼ਖ਼ਮਾਇਆ।
3. ਖ਼ਾਸਾਂ ਦੀ ਗੱਲ ਆਮਾਂ ਅੱਗੇ ਨਹੀਂ ਮੁਨਾਸਿਬ ਕਰਨੀ
   ਮਿੱਠੀ ਖੀਰ ਪਕਾ ਮੁਹੰਮਦ ਕੁੱਤਿਆਂ ਅੱਗੇ ਧਰਨੀ।
4. ਲੋਏ ਲੋਏ ਭਰ ਲੈ ਕੁੜੀਏ ਜੇ ਤੁੱਧ ਭਾਂਡਾ ਭਰਣਾ
   ਸ਼ਾਮ ਪਈ ਬਿਨ ਸ਼ਾਮ ਮੁਹੰਮਦ ਘਰ ਜਾਂਦੀ ਨੇ ਡਰਨਾ।
5. ਜਿਸ ਵਿੱਚ ਗੁੱਝੀ ਰਮਜ਼ ਨਾ ਹੋਵੇ ਦਰਦਮੰਦਾਂ ਦੇ ਹਾਲੋਂ
   ਬਿਹਤਰ ਚੁੱਪ ਮੁਹੰਮਦ ਬਖ਼ਸ਼ਾ ਸੁਖਣ ਅਜਿਹੇ ਨਾਲੋਂ।
6. ਸਦਾ ਨਾ ਬਾਗੀਂ ਬੁੱਲਬੁੱਲ ਬੋਲੇ ਸਦਾ ਨਾ ਬਾਗ ਬਹਾਰਾਂ
   ਸਦਾ ਨਾ ਮਾਪੇ, ਹੁਸਨ, ਜਵਾਨੀ, ਸਦਾ ਨਾ ਸੋਹਬਤ ਯਾਰਾਂ।
7. ਜਿਸ ਦਿਲ ਅੰਦਰ ਇਸ਼ਕ ਨਾ ਰਚਿਆ ਕੁੱਤੇ ਉਸ ਥੀਂ ਚੰਗੇ
   ਖਾਵੰਦ ਦੇ ਘਰ ਰਾਖੀ ਕਰਦੇ ਸਾਬਰ ਭੁੱਖੇ ਨੰਗੇ।
8. ਜੀਵਨ ਜੀਵਨ ਝੂਠਾ ਨਾਵਾਂ ਮੌਤ ਖੜੀ ਸਿਰ ਉਤੇ
   ਲੱਖ ਕਰੋੜ ਤੇਰੇ ਥੀਂ ਸੋਹਣੇ ਖ਼ਾਕ ਅੰਦਰ ਰੁਲ ਸੁੱਤੇ।
9. ਬਾਗ ਬਹਾਰਾਂ ਤੇ ਗੁਲਜ਼ਾਰਾਂ ਬਿਨ ਯਾਰਾਂ ਕਿਸ ਕਾਰੀ
   ਯਾਰ ਮਿਲਣ 'ਤੇ ਖੁਸ਼ੀ ਮਨਾਵਾਂ ਸ਼ੁਕਰ ਕਰਾਂ ਲੱਖ ਵਾਰੀ।
10. ਮਾਂਗਤ ਕੋਲੋਂ ਮੰਗਣ ਵਾਲਾ ਰਵੇ ਹਮੇਸ਼ਾ ਖ਼ਾਲੀ



CC-0. Sohail Kazmi Collection, Jammu. Digitized by eGangotri

ਉਸ ਕੀ ਕਰਨਾ ਦਾਨ ਮੁਹੰਮਦ ਜਿਹੜਾ ਆਪ ਹੋਵੇ ਸਵਾਲੀ।

11. ਮੂਰਖ ਨੂੰ ਕੀ ਪੰਧ ਨਸੀਹਤ, ਪੱਥਰ ਨੂੰ ਕੀ ਪਾਲਾ
ਦੋਵਾਂ ਅੰਦਰ ਕਾਗ ਨੁਵਾਈਏ ਅੰਤ ਕਾਲੇ ਦਾ ਕਾਲਾ।

12. ਜ਼ਾਤਾਂ ਦਾ ਤੂੰ ਮਾਨ ਕਰੀਂ ਨਾ ਛੱਡ ਦੇ ਸਭ ਭੁਲੇਖੇ
ਬੁੱਲ੍ਹੇ ਵਰਗੇ ਕੰਜਰਾਂ ਦੇ ਘਰ ਸੌਦਾ ਢੋਂਦੇ ਵੇਖੇ।

13. ਛੋਟੀ ਉਮਰੇ ਮਰਨ ਨਾ ਮਾਪੇ ਛੱਡ ਨਾ ਜਾਵਣ ਮਾਵਾਂ
ਮਤਰੇਈਆਂ ਕਦੇ ਬਣਨ ਨਾ ਮਾਵਾਂ ਸੱਚੀ ਗੱਲ ਸੁਣਾਵਾਂ।

14. ਬੰਦਾ ਬੰਦੇ ਦਾ ਦਰਦ ਵੰਡਾਂਦਾ ਬੰਦਾ ਬੰਦੇ ਦਾ ਮਾਰੂ
ਸੱਚ ਸਿਆਣੇ ਕਹਿਣ ਮੁਹੰਮਦ ਡੁੱਬਦੇ ਉਹ ਜੋ ਹੋਵਣ ਤਾਰੂ।

15. ਨਾ ਰੋ ਝੱਲੀਏ ਕਰਮਾਂ ਸੜੀਏ ਕਰ ਕੁੱਝ ਅਕਲ ਸ਼ਦੈਣੇ
ਬੇਕਦਰਾਂ ਨਾਲ ਯਾਰੀ ਲਾ ਕੇ ਪੈਂਦੇ ਨੀ ਦੁੱਖ ਸਹਿਣੇ।

16. ਮਾਂ ਮਰੇ ਤੇ ਮੁੱਕ ਜਾਣ ਮਾਪੇ, ਪਿਓ ਮਰੇ ਘਰ ਵੇਲ੍ਹਾ
ਜੇਕਰ ਵੀਰ ਪਿਆਰੇ ਮਰ ਜਾਣ ਉਜੱੜ ਜਾਂਦਾ ਏ ਮੇਲਾ।

ਮੀਆਂ ਮੁਹੰਮਦ ਬਖ਼ਸ਼ ਤੋਂ ਬਾਅਦ ਜਿਹੜਾ ਦੂਜਾ ਨਾਂ ਬੜੇ ਮਾਨ ਤੇ ਆਦਰ ਨਾਲ ਲਿਆ ਜਾਂਦਾ ਹੈ, ਉਹ ਬਾਬਾ ਅਬਦੁੱਲਾ ਲਾਰਵੀ ਹੋਰਾਂ ਦਾ ਹੈ, ਜਿਨ੍ਹਾਂ ਨੂੰ ਪਿਆਰ ਨਾਲ ਲੋਕੀ ਬਾਬਾ ਜੀ ਸਾਹਿਬ ਵੀ ਬੁਲਾਉਂਦੇ ਹਨ। ਹਜ਼ਰਤ ਬਾਬਾ ਅਬਦੁੱਲਾ ਲਾਰਵੀ ਆਪਣੇ ਵੇਲੇ ਦੇ ਇੱਕ ਉਚੱ-ਕੋਟੀ ਦੇ ਵਲੀ ਅੱਲ੍ਹਾ ਤੇ ਵੱਡਮੁੱਲੇ ਸੂਫ਼ੀ ਸ਼ਾਇਰ ਸਨ। ਉਹ ਨਕਸ਼ਬੰਦੀ ਸਿਲਸਿਲੇ ਦੇ ਸੂਫ਼ੀ ਦਰਵੇਸ਼ ਸਨ। ਬਾਬਾ ਜੀ ਸਾਹਿਬ ਕੌਮ ਦੇ ਗੁੱਜਰ ਸਨ ਤੇ ਬਜਰਾਣ ਗੋਤ ਨਾਲ ਸੰਬੰਧ ਰੱਖਦੇ ਸਨ। ਉਨ੍ਹਾਂ ਦਾ ਜਨਮ ਪਾਕਿਸਤਾਨ ਦੇ ਪ੍ਰਾਂਤ ਖ਼ੈਬਰ ਪਖਤੂਨਖਾ ਦੀ ਹਜ਼ਾਰਾ ਡਵੀਜ਼ਨ ਦੇ ਮਸ਼ਹੂਰ ਕਸਬੇ ਬਾਲਾ ਕੋਟ ਦੇ ਪਿੰਡ ਸੰਜੌੜਾ ਵਿੱਚ ਹੋਇਆ ਤੇ ਧਾਰਮਿਕ ਤਾਲੀਮ ਹਾਸਿਲ ਕਰਨ ਲਈ ਉਨ੍ਹਾਂ ਦੇ ਬਾਪ ਨੇ ਉਨ੍ਹਾਂ ਨੂੰ ਕੁਨਈਆ ਸ਼ਰੀਫ ਭੇਜ ਦਿੱਤਾ। ਉਥੇ ਆਪਣੇ ਮੁਰਸ਼ਦ ਮੀਆਂ ਨਜ਼ਾਮਦੀਨ ਕੋਲੋਂ ਰੱਬੀ ਗਿਆਨ, ਰੂਹਾਨੀਅਤ ਤੇ ਇਰਫਾਨ ਦੇ ਸਬਕ ਪੜ੍ਹੇ, ਫਿਰ ਆਪਣੇ ਮੁਰਸ਼ਦ ਦੇ ਹੁਕਮ ਅਨੁਸਾਰ ਜੰਮੂ-ਕਸ਼ਮੀਰ ਦੇ ਪਿੰਡਾਂ ਵਿੱਚ ਜਾ ਕੇ ਰੱਬ ਸੱਚੇ ਦੀ ਵਡਿਆਈ ਦਾ ਸਬਕ ਲੋਕਾਈ ਨੂੰ ਪੜ੍ਹਾਉਣ ਲੱਗੇ ਤੇ ਹੱਕ ਸੱਚ ਦਾ ਰਾਹ ਸਮਝਾਉਣ ਲੱਗੇ। ਬਾਬਾ ਜੀ ਸਾਹਿਬ ਹਜ਼ਾਰੇ ਤੋਂ ਮੁਜ਼ਫਰਾਬਾਦ, ਊੜੀ, ਕਰਨਾਹ, ਪੁਣਛ, ਮੀਰਪੁਰ ਤੇ ਰਾਜੌਰੀ ਗਏ ਤੇ ਆਖਿਰ ਗਾਂਦਰਬਲ ਦੀ ਤਹਿਸੀਲ ਕੰਘਨ ਦੇ ਪ੍ਰਗੱਨਾ ਲਾਰ ਦੇ ਪਿੰਡ ਵਾਂਗਤ ਵਿੱਚ ਆ ਵੱਸੇ। ਉਹ ਪੰਜਾਬੀ ਦੇ ਨਾਲ ਨਾਲ ਗੋਜਰੀ, ਪੋਠੋਹਾਰੀ (ਪਹਾੜੀ), ਹਿੰਦਕੂ, ਸਰਾਇਕੀ ਤੇ ਧਨੀ ਉਪ ਬੋਲੀਆਂ ਵਿੱਚ ਵੀ ਗੱਲਬਾਤ ਕਰਦੇ


CC-0. Sohail Kazmi Collection, Jammu. Digitized by eGangotri

ਸਨ, ਪਰ ਉਨ੍ਹਾਂ ਨੇ ਆਪਣੇ ਖਿਆਲਾਂ ਦੇ ਇਜ਼ਹਾਰ ਦਾ ਵਸੀਲਾ ਪੰਜਾਬੀ ਨੂੰ ਹੀ ਬਣਾਇਆ। ਉਨ੍ਹਾਂ ਪੰਜਾਬੀ ਵਿੱਚ ਸੀਹਰਫੀਆਂ, ਬਾਰਾਂਮਾਹ, ਹਮੱਦ, ਨਾਅਤਾਂ ਤੇ ਮਨਾਜਾਤਾਂ ਦੇ ਜ਼ਰੀਏ ਰੱਬੀ ਪੈਗਾਮ ਤੇ ਉਸਦੇ ਅਰਥ ਲੋਕਾਂ ਨੂੰ ਸਮਝਾਏ। ਨਕਸ਼ਬੰਦੀ ਦੇ ਸਿਲਸਿਲੇ ਮੁਜਬ ਹਰ ਮੁਸਲਮਾਨ ਲਈ ਕੁਰਾਨ ਤੇ ਸੁਨਅਤ ਦੀ ਤਾਬਿਆਦਾਰੀ ਲਾਜ਼ਮੀ ਹੈ। ਬਾਬਾ ਅਬਦੁੱਲਾ ਲਾਵਰੀ ਹਨਫੀ ਅਕੀਦੇ 'ਤੇ ਚੱਲਣ ਵਾਲੇ ਦਰਵੇਸ਼ ਸਨ, ਉਹ ਵਿਆਹੇ ਵਰੇ ਸਨ, ਉਨ੍ਹਾਂ ਨੇ ਆਪਣੇ ਇੱਕ ਸਪੁੱਤਰ ਦਾ ਨਾਂ ਆਪਣੇ ਮੁਰਸ਼ਦ ਦੇ ਨਾਂ 'ਤੇ ਨਜ਼ਾਮਦੀਨ ਰੱਖਿਆ, ਜਿਹੜੇ ਬਾਬਾ ਜੀ ਸਾਹਿਬ ਦੀ ਫੌਤਗੀ ਮਗਰੋਂ ਬਾਬਾ ਜੀ ਸਾਹਿਬ ਦੀ ਗੱਦੀ ਉਪੱਰ ਬੈਠੇ। ਬਾਬਾ ਜੀ ਸਾਹਿਬ ਨੇ ਪੰਜਾਬੀ ਵਿੱਚ ਕਈ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ 'ਇਸਰਾਰ-ਏ-ਕਬੀਰੀ', 'ਮਲਫੂਜ਼ਾਤ ਨਿਜ਼ਾਮੀਆ' ਅਤੇ 'ਸ਼ਰੀਅਤ ਤੇ ਤਰੀਕਤ' (ਵਾਰਤਾ) ਤੇ ਸੀਹਰਫੀਆਂ (ਸ਼ਾਇਰੀ) ਮਸ਼ਹੂਰ ਹਨ। ਉਨ੍ਹਾਂ ਦੀ ਸ਼ਾਇਰੀ ਵਿੱਚ ਦੁਨੀਆ, ਜ਼ਿੰਦਗੀ ਦਾ ਰਾਜ਼, ਖੁਸ਼ੀ-ਗਮੀ, ਕਾਮਯਾਬੀ ਤੇ ਨਾਕਾਮੀ, ਕਿਆਮਤ ਤੇ ਰੱਬੀ ਇਸ਼ਕ ਦੀ ਹੂਕ ਮਿਲਦੀ ਹੈ, ਜਿਵੇਂ:

"ਤਾਂਘ ਸਲੂਕ ਦੀ ਤਰਫ ਰੱਖੀਏ ਅੰਦਰ ਦਿਲ ਦੇ ਜ਼ਮੀਨ ਆਸਮਾਨ ਯਾਰਾ
ਅੰਬੀਆਂ ਅਵੱਲੀਆਂ ਸਭ ਦਿਲ ਅੰਦਰ, ਅੰਦਰ ਦਿਲ ਦੇ ਖਾਣਾ ਆਲੀਸ਼ਾਨ ਯਾਰਾ
ਦਿਲ ਜਗ੍ਹਾ ਹੈ ਗਮਾਂ ਅੰਦੇਸ਼ਿਆਂ ਦੀ ਅੰਦਰ ਦਿਲ ਦੇ ਰੱਬ ਰਹਿਮਾਨ ਯਾਰਾ
ਲੋਹ ਮਫੂਜ਼ ਵੀ ਅਬਦਾ ਦਿਲ ਅੰਦਰ, ਅੰਦਰ ਦਿਲ ਦੇ ਕਲਮਾ ਕੁਰਆਨ ਯਾਰਾ।"

-0-0-0-

"ਇਸ਼ਕ ਬਹਿਰ ਅਮੀਕ ਅੰਦਰ ਕਈ ਆਸ਼ਿਕ ਤੇ ਬੇੜੀਆਂ ਪਾਉਂਦੇ ਨੀਂ
ਕੋਈ ਹੋ ਮਲਾਹ ਹਲਾਨ ਚੱਪੇ ਕੋਈ ਨਾਲ ਵਸੇਲੜੇ ਆਉਂਦੇ ਨੀ
ਕੋਈ ਵੇਖੇ ਕੰਡੇ ਪਾਰ-ਉਰਾਰ ਵਾਲੇ ਕੋਈ ਵਿੱਚੇ ਡੁੱਬਕੀਆਂ ਖਾਂਵਦੇ ਨੇ
ਕੋਈ ਸਵੇਲੜੇ ਅਬਦਾ ਉਂਠ ਲੱਦਗੇ ਕੋਈ ਥੱਲਾਂ ਦੀ ਰੇਤ ਉਠਾਂਦੇ ਨੀ"

-0-0-0-

"ਨਦੀ ਹੈ ਇਸ਼ਕ ਦੀ ਬਹੁਤ ਡੂੰਘੀ ਕਈ ਡੁੱਬ ਮੋਏ ਘੁੰਮਣ ਘੇਰ ਅੰਦਰ
ਕੰਡਾ ਨਜ਼ਰ ਨਾ ਆਉਂਦਾ ਪਾਰ ਦਾ ਜੀ ਆਸ਼ਿਕ ਦੌੜਦੇ ਚਾਰ ਚੁਫੇਰ ਅੰਦਰ
ਮੰਜ਼ਿਲ ਇਸ਼ਕ ਦੀ ਕਦੇ ਨਾ ਮੁੱਕਦੀ ਹੈ, ਪਏ ਤੁਰਦੇ ਲੰਬੇਰੇ ਫੇਰ ਅੰਦਰ
ਬੀਆਬਾਨ ਤੇ ਅਬਦ ਉਜਾੜ ਡਾਢ ਮਾਰਨ, ਚੀਤੜੇ ਨਾਲੇ ਸ਼ੇਰ ਅੰਦਰ।"

-0-0-0-

ਆਪਣੇ ਆਪ ਨੂੰ ਆਸ਼ਿਕ ਤੇ ਰੱਬ ਸੱਚੇ ਨੂੰ ਮਾਸ਼ੂਕ ਕਹਿਣਾ ਫਕਰਾਂ ਦਾ ਕਮਾਲ ਰਿਹਾ ਹੈ, ਤਸਵੱਫ ਵਿੱਚ ਤੂੰ ਤੇ ਮੈਂ ਦਾ ਫਰਕ ਮਿਟ ਜਾਂਦਾ ਹੈ ਤੇ ਕਤਰਾ



CC-0. Sohail Kazmi Collection, Jammu. Digitized by eGangotri

ਸਮੁੰਦਰ ਵਿੱਚ ਜਜ਼ਬ ਹੋ ਕੇ ਆਪ ਸਮੁੰਦਰ ਬਣ ਜਾਂਦਾ ਹੈ।

"ਵਿੱਚ ਜਹਾਨ ਦੇ ਲੋੜ ਰਿਹਾ, ਨਈ ਇਸ਼ਕ ਹੋਰ ਮਕਾਨ ਦਿਸਦਾ
ਖ਼ਾਲੀ ਜਿਨ ਮਲਾਈਕ ਤਾਂ ਮੂਲ ਨਾਹੀਂ ਸਿਰ ਇਸ਼ਕ ਦਾ ਵਿੱਚ ਇਨਸਾਨ ਦਿਸਦਾ
ਇਲਮ ਨਾ ਤੁਰੈਤ, ਅੰਜੀਲ, ਜ਼ਬੂਰ ਅੰਦਰ ਨਾਹੀ ਵਿੱਚ ਕੁਰਾਨ ਬਿਆਨ ਦਿਸਦਾ
ਅਬਦ ਜਾ ਕੇ ਇਸ਼ਕ ਦੀ ਰਾਸ ਅੰਦਰ ਨਾ ਹੀ ਧਰਮ ਤੇ ਹੋਰ ਇਮਾਨ ਦਿਸਦਾ।
ਨਾਗ ਦੇ ਡੰਗ ਦਾ ਖ਼ੌਫ ਨਾਹੀਂ ਡੰਗ ਇਸ਼ਕ ਦਾ ਬਹੁਤ ਮੁਹਾਲ ਇਸਦਾ
ਖਾਣ ਪੀਣ ਸੌਣ ਹਰਾਮ ਤਿੰਨ੍ਹਾਂ ਮਾਰਨ ਆਹੀਂ ਤੇ ਬਹੁਤ ਬੇਹਾਲ ਦਿਸਦਾ
ਪੇਸ਼ਾ ਇਸ਼ਕ ਦਾ ਜਲੀ ਜਾਣ ਸਾੜੇ ਆਵੇ ਦਰਦ ਤੇ ਬਹੁਤ ਨਿਹਾਲ ਦਿਸਦਾ
ਅਬਦਾ ਰਾਜ ਇਸ਼ਕ ਦੇ ਅਸਾਂ ਲੱਭ ਲਿੱਤੇ ਆਵੇ ਦਰਦ ਤੇ ਤੁੱਧ ਵਿਸ਼ਾਲ ਦਿਸਦਾ।"

ਬਾਬਾ ਜੀ ਸਾਹਿਬ 1914 ਵਿੱਚ ਫੌਤ ਹੋਏ। ਤਸਵੱਫ ਤੇ ਤੌਹੀਦ ਦਾ ਚਸਕਾ ਉਨ੍ਹਾਂ ਨੂੰ ਇਯਾਨ ਉਮਰੇ ਹੀ ਲੱਗ ਗਿਆ ਸੀ, ਪਰ ਮੁਰਸ਼ਦ ਨੇ ਜਦ ਉਨ੍ਹਾਂ ਨੂੰ ਇਬਾਦਤ ਤੇ ਤਰੀਕਤ ਦੀਆਂ ਮੰਜ਼ਿਲਾਂ ਦੀ ਸੈਰ ਕਰਾਈ ਤਾਂ ਹੀ ਬਾਬਾ ਜੀ ਸਾਹਿਬ ਨੇ ਨੂਰ ਦੀ ਲਾਟ ਲੋਕਾਈ ਨੂੰ ਵਿਖਾਈ। ਬਾਬਾ ਜੀ ਸਾਹਿਬ ਦਾ ਬਚਪਨ ਯਤੀਮੀ ਤੇ ਗ਼ਰੀਬੀ ਵਿੱਚ ਗੁਜ਼ਰਿਆ, ਜਿਸਦਾ ਹਾਲ ਉਨ੍ਹਾਂ ਇਸ ਸੀਹਰਫੀ ਵਿੱਚ ਦੱਸਿਆ ਹੈ:

"ਹਾਲ ਯਤੀਮਾਂ ਰੱਬ ਨਾ ਦੱਸੇ ਜਦੋਂ ਮੁਸੀਬਤ ਆਵੇ
ਝਿੜਕਾਂ ਦੇਵਣ ਲੋਕ ਤਮਾਮੀਂ ਤਨ ਮਨ ਸਭ ਜਲ ਜਾਵੇ
ਵਕਤ ਗ਼ਰੀਬੀ ਯਾਰ ਨਾ ਕੋਈ ਹੋਵਣ ਸਾਕ ਕਬੀਲੇ
ਵਿੱਚ ਗਲੀਆਂ ਦੇ ਫਿਰਨ ਨਿਆਣੇ ਸਿਰ ਨੰਗੇ ਰੰਗ ਪੀਲੇ।"

ਬਾਬਾ ਜੀ ਸਾਹਿਬ ਜਦ ਇਰਫਾਨ ਦੇ ਆਖ਼ਰੀ ਪਾਇਦਾਨ 'ਤੇ ਪਹੁੰਚੇ ਤਾਂ ਉਨ੍ਹਾਂ ਕਿਹਾ:

"ਗੁਜ਼ਰਿਆ ਵਕਤ ਜੁਦਾਈਆਂ ਵਾਲਾ ਹੋਈ ਦੂਰ ਹੈਰਾਨੀ
ਵਾਂਗ ਜ਼ੁਲੇਖਾਂ ਖ਼ਾਬਾਂ ਅੰਦਰ ਮਿਲਿਆ ਯਾਰ ਹੱਕਾਨੀ
ਹਮਦ ਇਲਾਹੀ ਹਮਦ ਇਲਾਹੀ ਮਿਲਿਆ ਯਾਰ ਸੁਹਾਣਾ
ਅੰਦਰ ਠਾਠ ਸਮੁੰਦਰ ਗ਼ਮ ਦਾ ਸਾਹਿਬ ਫੈਜ਼ ਸਿਆਣਾ।"

ਬਾਬਾ ਅਬਦੁੱਲਾ ਲਾਰਵੀ ਦੀ ਸ਼ਾਇਰੀ ਵੱਲ ਝਾਤ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਇਹ ਮੁਲਾਨਾ ਰੂਮੀ ਦੇ ਕਲਾਮ ਤੋਂ ਬੜੇ ਪ੍ਰਭਾਵਿਤ ਸਨ ਤੇ ਇਸ਼ਕ ਹਕੀਕੀ ਦੇ ਦਿਲਦਾਰ ਸਨ। ਉਨ੍ਹਾਂ ਦਾ ਕਹਿਣਾ ਸੀ, ਜਿਸਨੇ ਆਪਣੀ ਜ਼ਾਤ ਪਛਾਣ ਲਈ ਉਸਨੇ ਰੱਬ ਨੂੰ ਪਛਾਣ ਲਿਆ। ਬਾਬਾ ਜੀ ਸਾਹਿਬ ਦਾ ਮਜ਼ਾਰ ਵਾਂਗਤ ਵਿੱਚ ਹੈ ਤੇ ਹਜ਼ਾਰਾਂ ਲੱਖਾਂ ਸ਼ਰਧਾਲੂ ਉਥੇ ਹਾਜ਼ਰੀ ਭਰਦੇ ਹਨ। ਉਨ੍ਹਾਂ ਦੇ ਅਕਾਲ ਚਲਾਨਾ


CC-0. Sohail Kazmi Collection, Jammu. Digitized by eGangotri

ਕਰਨ ਮਗਰੋਂ ਉਨ੍ਹਾਂ ਦੇ ਸਪੁੱਤਰ ਮੀਆਂ ਨਿਜ਼ਾਮਦੀਨ ਲਾਰਵੀ ਗੱਦੀਨਸ਼ੀਨ ਹੋਏ। ਮੀਆਂ ਨਿਜ਼ਾਮਦੀਨ ਹੋਰਾਂ ਵੀ ਪੰਜਾਬੀ ਵਿੱਚ ਸ਼ਾਇਰੀ ਕੀਤੀ ਤੇ ਪੰਜਾਬੀ ਸੂਫੀ ਕਾਵਿ ਦੇ ਭੰਡਾਰ ਵਿੱਚ ਆਪਣਾ ਯੋਗਦਾਨ ਪਾਇਆ। ਇਹ ਸ਼ੇਅਰ ਤੇ ਇੱਕ ਕਾਫੀ ਵਰਣਨਯੋਗ ਹੈ:

ਜਾਲਣਾ ਹਿਜਰ ਫਰਾਕ ਔਖਾ ਜਿਨ੍ਹਾਂ ਜਾਲਿਆ ਨੂਰ ਥੀ ਨੂਰ ਹੋਏ
ਜਾਨ ਇਸ਼ਕ ਵਿੱਚ ਸਾੜ੍ਹ ਕਬਾਬ ਕੀਤੀ ਤਾਂ ਯਾਰ ਦੇ ਕੋਲ ਮੰਜ਼ੂਰ ਹੋਏ।

-0-0-0-

**ਕਾਫੀ**

"ਕਿਸੇ ਨੇਕ ਘੜੀ ਮੈਨੂੰ ਲਾਇਆਂ ਜਾਵਾਂ ਮੈਂ ਕੁਰਬਾਨ ਖ਼ੁਦਾਇਆ
ਉਹ ਮੈਂ ਮੋਈ ਪੜ੍ਹ ਪੜ੍ਹ ਨਵਾਜ਼ਾਂ ਮੇਰੀ ਮੂਲ ਨਾ ਖੁੱਲੀਆਂ ਰਾਜ਼ਾਂ
ਦਿਲ ਸਖ਼ਤ ਉਦਾਸੀਆਂ ਚਾਇਆ ਜਾਵਾਂ ਮੈਂ ਕੁਰਬਾਨ ਖ਼ੁਦਾਇਆ
ਉਹ ਮੈਂ ਕੀਤੇ ਚਿੱਲੇ ਚਿੱਲੀਆਂ ਮੇਰੀਆਂ ਨਈਂ ਮੁਰਾਦਾਂ ਮਿਲੀਆਂ
ਐਵੇਂ ਵਕਤ ਫਜ਼ੂਲ ਗਵਾਇਆ ਜਾਵਾਂ ਮੈਂ ਕੁਰਬਾਨ ਖ਼ੁਦਾਇਆ
ਉਹ ਮੈਂ ਕਾਮਲ ਆਮਲ ਹੋਈਆਂ ਮੈਲਾਂ ਐਬ ਸੱਜਣ ਨੇ ਧੋਈਆਂ
ਜਦੋਂ ਸੱਜਣਾਂ ਰਹਿਮ ਕਮਾਇਆ ਜਾਵਾਂ ਮੈਂ ਕੁਰਬਾਨ ਖ਼ੁਦਾਇਆ।"

ਮੀਆਂ ਨਿਜ਼ਾਮਦੀਨ ਲਾਰਵੀ ਪੜ੍ਹੇ ਲਿਖੇ ਵਿਅਕਤੀ ਸਨ। ਉਨ੍ਹਾਂ ਨੂੰ ਜੰਮੂ-ਕਸ਼ਮੀਰ ਵਿੱਚ ਰਹਿਣ ਵਾਲੇ ਲੱਖਾਂ ਗੁੱਜਰਾਂ ਦੀ ਅਨਪੜ੍ਹਤਾ, ਗੁਰਬਤ, ਮਸਕੀਨੀ ਤੇ ਪਿਛੜੇਪਣ ਦਾ ਚੋਖਾ ਦੁੱਖ ਸੀ। ਗੁੱਜਰ ਕੌਮ ਦੇ 90% ਲੋਕ ਗਾਵਾਂ, ਮੱਝਾਂ ਤੇ ਭੇਡਾਂ, ਬੱਕਰੀਆਂ ਚਾਰਨ ਦਾ ਕੰਮ ਕਰਦੇ ਹਨ, ਇਨ੍ਹਾਂ ਦਾ ਇੱਕ ਸਥਾਨ ਤੇ ਕੋਈ ਠਿਕਾਣਾ ਤੇ ਘਰ-ਬਾਰ ਨਹੀਂ ਹੁੰਦਾ। ਇਹ ਆਪਣੇ ਮਾਲ-ਡੰਗਰ ਲੈ ਕੇ ਗਰਮੀਆਂ ਵਿੱਚ ਪਹਾੜਾਂ ਵੱਲ ਚਲੇ ਜਾਂਦੇ ਨੇ ਤਾਂ ਜੋ ਚਾਰਾ ਮਿਲ ਸਕੇ ਅਤੇ ਸਿਆਲ ਵਿੱਚ ਮੈਦਾਨੀ ਇਲਾਕਿਆਂ ਵੱਲ ਪਰਤ ਆਉਂਦੇ ਹਨ। ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੇ ਚੌਧਰੀ ਤੇ ਵਡੇਰੇ ਠਾਠ-ਬਾਠ ਨਾਲ ਰਹਿੰਦੇ ਹਨ। ਗੁੱਜਰ ਕੌਮ ਦੇ ਸੁਧਾਰ ਲਈ ਮੀਆਂ ਨਿਜ਼ਾਮਦੀਨ ਲਾਰਵੀ ਨੇ ਰਾਜਨੀਤੀ ਵਿੱਚ ਵੀ ਪੈਰ ਪਾਇਆ ਤੇ ਕੰਗਣ ਅਸੈਂਬਲੀ ਹਲਕੇ ਤੋਂ ਮੈਂਬਰ ਚੁਣੇ ਗਏ। ਉਹ ਰਿਆਸਤ ਜੰਮੂ-ਕਸ਼ਮੀਰ ਦੇ ਪਹਿਲੇ ਪ੍ਰਧਾਨ ਮੰਤਰੀ ਸ਼ੇਖ਼ ਮੁਹੰਮਦ ਅਬਦੁੱਲਾ ਨਾਲ ਜੁੜ ਕੇ ਕਸ਼ਮੀਰ ਦੀ ਆਜ਼ਾਦੀ ਤੇ ਡੋਗਰੇ-ਸ਼ਾਹੀ ਦੇ ਖ਼ਾਤਮੇ ਲਈ ਅੰਦੋਲਤਨ ਵਿੱਚ ਸ਼ਾਮਿਲ ਹੋਏ। ਉਨ੍ਹਾਂ ਦਾ ਜਨਮ 25 ਮਾਰਚ 1896 ਨੂੰ ਹੋਇਆ ਤੇ 10 ਅਕਤੂਬਰ 1972 ਵਿੱਚ ਉਹ ਅਕਾਲ ਚਲਾਨਾ ਕਰ ਗਏ।

ਉਨ੍ਹਾਂ ਦੀ ਜੱਨਤ ਮਕਾਨੀ ਮਗਰੋਂ ਮੀਆਂ ਬਸ਼ੀਰ ਅਹਿਮਦ ਲਾਰਵੀ



CC-0. Sohail Kazmi Collection, Jammu. Digitized by eGangotri

ਨਕਸ਼ਬੰਦੀ ਦਰਬਾਰ ਬਾਬਾ ਜੀ ਸਾਹਿਬ, ਬਾਬਾ ਨਗਰੀ ਵਾਂਗਤ ਦੇ ਗੱਦੀਨਸ਼ੀਨ ਹੋਏ। ਮੀਆਂ ਬਸ਼ੀਰ ਹੋਰਾਂ ਆਪਣੇ ਦਾਦਾ ਬਾਬਾ ਜੀ ਸਾਹਿਬ ਤੇ ਪਿਤਾ ਮੀਆਂ ਨਿਜ਼ਾਮਦੀਨ ਦੇ ਕਲਾਮ ਨੂੰ ਕਿਤਾਬੀ ਸ਼ਕਲ ਵਿੱਚ ਛਪਵਾਇਆ। ਗੁੱਜਰ ਕੌਮ ਅੱਜ ਜੰਮੂ-ਕਸ਼ਮੀਰ ਵਿੱਚ ਆਬਾਦੀ ਦੇ ਲਿਹਾਜ਼ ਨਾਲ ਇੱਕ ਵੱਡੀ ਸਿਆਸੀ ਤਾਕਤ ਬਣ ਚੁੱਕੀ ਹੈ। ਮੀਆਂ ਬਸ਼ੀਰ ਅਤੇ ਦੂਜੇ ਗੁੱਜਰ ਸਿਆਸੀ ਲੀਡਰਾਂ ਦੇ ਯਤਨਾਂ ਨਾਲ ਅੱਜ ਗੁੱਜਰ ਕੌਮ ਨੂੰ ਸ਼ੈਡਿਊਲਡ ਟਰਾਇਬ (Scheduled Tribe) ਦਾ ਦਰਜਾ ਮਿਲ ਚੁੱਕਿਆ ਹੈ। ਗੁੱਜਰ ਬੱਚੇ ਅੱਜ ਤਾਲੀਮ ਹਾਸਿਲ ਕਰ ਰਹੇ ਹਨ। ਡਾਕਟਰ, ਇੰਜੀਨੀਅਰ ਤੇ ਕਈ ਵੱਡੇ ਅਫਸਰ ਬਣ ਰਹੇ ਹਨ, ਇਹ ਸਭ ਮੀਆਂ ਬਸ਼ੀਰ, ਮਸੂਦ ਚੌਧਰੀ, ਤਾਜ ਮੁਹੀ-ਉ-ਦੀਨ, ਹਾਜੀ ਬੁਲੰਦ ਖਾਂ ਤੇ ਦੂਜੇ ਗੁੱਜਰ ਆਗੂਆਂ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ। ਮੀਆਂ ਬਸ਼ੀਰ ਸਾਹਿਬ ਸਿਆਸਤ ਵਿੱਚ ਵੀ ਸਰਗਰਮ ਰਹੇ ਹਨ। ਉਹ ਕਈ ਵਰ੍ਹਿਆਂ ਤਕ ਕਾਂਗਰਸ ਪਾਰਟੀ ਦੇ ਰਿਆਸਤੀ ਸਦਰ ਰਹੇ ਹਨ ਤੇ ਕਾਫੀ ਚਿਰ ਤਕ ਮੰਤਰੀ ਵੀ ਰਹੇ ਹਨ। ਅੱਜਕੱਲ੍ਹ ਉਨ੍ਹਾਂ ਦੇ ਸਪੁੱਤਰ ਮੀਆਂ ਅਲਤਾਫ ਹੁਸੈਨ ਕੰਗਣ ਅਸੈਂਬਲੀ ਸੀਟ ਤੋਂ ਚਾਰ ਵਾਰੀ ਜਿੱਤ ਕੇ ਆਏ ਹਨ ਤੇ ਰਿਆਸਤ ਦੇ ਮੰਤਰੀ ਚਲੇ ਆ ਰਹੇ ਹਨ। ਉਹ ਸ਼ਰਾਫਤ, ਮੁਹੱਬਤ ਤੇ ਨਿਮਰਤਾ ਦੀ ਮੂਰਤ ਹਨ। ਮੀਆਂ ਅਲਤਾਫ ਹੁਰੀਂ ਸਾਹਿਤ ਤੇ ਸੰਗੀਤ ਨਾਲ ਖ਼ਾਸ ਲਗਾਵ ਰੱਖਦੇ ਹਨ, ਉਹ ਸੱਚੇ ਤੇ ਸੁੱਚੇ ਇਨਸਾਨ ਹਨ ਤੇ ਗ਼ਰੀਬਾਂ ਦੇ ਮਦਦਗਾਰ ਹਨ।

ਇਨ੍ਹਾਂ ਤੋਂ ਛੁੱਟ ਜੰਮੂ-ਕਸ਼ਮੀਰ ਵਿੱਚ ਕਈ ਦੂਜੇ ਸੂਫੀ ਦਰਵੇਸ਼ਾਂ ਨੇ ਸ਼ਾਇਰੀ ਨੂੰ ਆਪਣੀ ਰੂਹ ਦੀ ਖੁਰਾਕ ਬਣਾਇਆ, ਜਿਨ੍ਹਾਂ ਵਿੱਚੋਂ ਮੌਲਵੀ ਮਿਹਰਦੀਨ ਕਮਰ, ਸਾਈਂ ਕਾਦਰ ਬਖ਼ਸ਼ ਤੇ ਸਾਈਂ ਫਕਰਦੀਨ ਵਰਣਨਯੋਗ ਹਨ। ਮੈਂ ਇਨ੍ਹਾਂ ਸੂਫੀਆਂ ਦੀ ਸ਼ਾਇਰੀ ਦੇ ਨਮੂਨੇ ਵੱਜੋਂ ਇੱਕ-ਇੱਕ, ਦੋ-ਦੋ ਸ਼ੇਅਰ ਲਿਖ ਕੇ ਆਪਣੇ ਲੇਖ ਨੂੰ ਪੂਰਾ ਕਰਨ ਦਾ ਯਤਨ ਕਰਾਂਗਾ।

**ਮੌਲਵੀ ਮਿਹਰਦੀਨ:**

"ਔਗੁਣਹਾਰਾਂ ਬਦਕਾਰਾਂ ਨੂੰ ਗੌਸ ਅਬਦਾਲ ਬਣਾਵੇ
ਨੇਕੋਕਾਰਾਂ ਨੂੰ ਜੇ ਪਕੜੇ ਦੱਸੋ ਕੌਣ ਛੁਡਾਵੇ।"

-0-0-0-

"ਉਸਦੇ ਕਹਿਰ ਗ਼ਜ਼ਬ ਦੇ ਅੱਗੇ ਕੌਣ ਕੋਈ ਦਮ ਮਾਰੇ
ਥਰ ਥਰ ਕੰਬਣ ਦਹਿਸ਼ਤ ਯਾਰੋ ਪੀਰ ਪੈਗੰਬਰ ਸਾਰੇ।"

-0-0-0-

"ਬਾਗ਼ਾਂ ਅੰਦਰ ਮਸਤ ਅਦਾਓਂ ਬੁਲਬੁਲ ਭਾਗਾਂ ਵਾਲੀ


CC-0. Sohail Kazmi Collection, Jammu. Digitized by eGangotri

ਗਾਵੇ ਗੀਤ ਪ੍ਰੀਤ ਸੱਚੀ ਦੇ ਹਰ ਪੱਤਾ ਹਰ ਡਾਲੀ।"

**ਸਾਈਂ ਕਾਦਰ ਬਖ਼ਸ਼:**

"ਕਲਬ ਰੋਸ਼ਨ ਇਸਮ ਜ਼ਾਤ ਕਰਦਾ ਤੇਲ ਬਾਜ ਨਾ ਹੋਂਦਾ ਚਿਰਾਗ ਰੋਸ਼ਨ
ਰੋਸ਼ਨ ਨਾਮ ਹੁੰਦਾ ਨੇਕ ਆਦਤਾਂ ਥੀਂ ਫੁੱਲ ਫੁੱਲ ਥੀਂ ਹੁੰਦਾ ਬਾਗ ਰੋਸ਼ਨ
ਦਿਨੇ ਸੂਰਜ ਤੇ ਰਾਤੀ ਚੰਨ ਰੌਸ਼ਨ ਅਕਲ ਇਲਮ ਜੀਉਂ ਕਰਦਾ ਦਿਮਾਗ਼ ਰੌਸ਼ਨ
ਕਾਦਰ ਬਖ਼ਸ਼ ਤਸਵੁੱਰ ਥੀਂ ਚੀਸ਼ਮ ਰੌਸ਼ਨ ਹੁੰਦਾ ਹਿਜਰ ਦਾ ਦਾਗ ਰੌਸ਼ਨ।"

ਸਾਈਂ ਕਾਦਰ ਬਖਸ਼ ਪੁਣਛ ਦੇ ਰਹਿਣ ਵਾਲੇ ਸਨ ਤੇ ਸਾਈਂ ਫਕਰਦੀਨ ਵੀ ਪੁਣਛ ਦੇ ਪਿੰਡ ਦਗਵਾਰ ਦੇ ਰਹਿਣ ਵਾਲੇ ਸਨ। ਦੋਵਾਂ ਦੀਆਂ ਦਰਗਾਹਾਂ ਉਤੇ ਹਜ਼ਾਰਾ ਸ਼ਰਧਾਲੂ ਹਾਜ਼ਰੀ ਭਰਦੇ ਹਨ।

ਸਾਡੇ ਬਹੁਤੇ ਪੰਜਾਬੀ ਸੂਫੀ ਸ਼ਾਇਰ 'ਹੀਰ-ਰਾਂਝਾ', 'ਸੱਸੀ-ਪੰਨੂੰ', 'ਯੂਸਫ-ਜ਼ੁਲੇਖਾ', 'ਸੋਹਣੀ-ਮਹੀਂਵਾਲ' ਤੇ 'ਸ਼ੈਫ-ਉਲ-ਮਲੂਕ' ਜਿਹੇ ਕਿੱਸਿਆਂ ਤੋਂ ਚੋਖੇ ਪ੍ਰਭਾਵਿਤ ਸਨ। ਇੰਝ ਹੀ ਜੰਮੂ-ਕਸ਼ਮੀਰ ਦੇ ਸੂਫੀ ਸ਼ਾਇਰ ਵੀ ਬੜੇ ਮੁਤਾਸਿਰ ਸਨ, ਉਨ੍ਹਾਂ ਵੀ ਉਹੋ ਬੈਹਰਾਂ ਤੇ ਛੰਦ ਵਰਤੇ ਜਿਹੜੇ ਸਮੁੱਚੇ ਕਿੱਸੇ ਕਾਵਿ ਵਿੱਚ ਇਸਤੇਮਾਲ ਹੋਏ ਹਨ। ਸੀਹਰਫੀਆਂ, ਕਾਫ਼ੀਆਂ, ਦੋਹੜੇ, ਹਮਦ, ਨਾਥ, ਦਰੂਦ, ਸਲਾਮ ਤੇ ਬਾਰਾਂਮਾਹ ਸਾਰਿਆਂ ਨੇ ਇੱਕੋ ਜ਼ਮੀਨ ਵਿੱਚ ਹੀ ਲਿਖੇ ਹਨ। ਆਖ਼ੀਰ ਵਿੱਚ ਮੈਂ ਸਾਈਂ ਫਕਰ ਦੀਨ ਦੇ ਇਸ ਚੁਮਿਸਰੇ 'ਤੇ ਆਪਣਾ ਲੇਖ ਸਮਾਪਤ ਕਰ ਰਿਹਾ ਹਾਂ:

"ਸ਼ਾਇਰ ਦਾ ਕੋਈ ਵਕਤ ਅਜਿਹਾ, ਵਾਂਗ ਨਦੀ ਵਗ ਜਾਵੇ
ਕਦੇ ਕਦੇ ਲੱਖ ਹੀਲਾ ਕਰੀਏ ਮਿਸਰਾ ਇੱਕ ਨਾ ਆਵੇ
ਕਦੇ ਕਦੇ ਰਫਤਾਰ ਕਲਬ ਦੀ ਬੋਲਣ ਤੋਂ ਨਾ ਥੱਕਦੀ
ਕਲਮ ਨਿਮਾਣੀ ਦਰਦ ਰੰਝਾਣੀ ਜਲਦੀ ਲਿਖ ਨਾ ਸਕਦੀ।"

*** *** ***



CC-0. Sohail Kazmi Collection, Jammu. Digitized by eGangotri

# ਲਹਿੰਦੇ ਪੰਜਾਬ ਦੀ ਪੰਜਾਬੀ ਵਾਰਤਕ

ਪੰਜਾਬੀ ਭਾਸ਼ਾ ਨੂੰ ਪੰਜਾਬ ਅਤੇ ਇਸਦੇ ਆਲੇ-ਦੁਆਲੇ ਦੀ ਰਹਿਤਲ, ਧਾਰਮਿਕ ਤੇ ਸੱਭਿਆਚਾਰਕ ਇਤਿਹਾਸ ਨਾਲ ਜੋੜ ਕੇ ਵੇਖਣਾ ਪੈਂਦਾ ਹੈ। ਪ੍ਰਾਚੀਨ ਕਾਲ ਵਿੱਚ ਜਿਸ ਖੇਤਰ ਨੂੰ ਸਪਤ ਸੰਧੂ ਆਖਿਆ ਜਾਂਦਾ ਸੀ, ਉਸ ਵਿੱਚ ਪੰਜਾਬ ਵੀ ਸ਼ਾਮਿਲ ਸੀ। ਆਰਿਆਈ ਕਬੀਲਿਆਂ ਦੇ ਆਉਣ ਤੋਂ ਪਹਿਲਾਂ ਇੱਥੇ ਹੜੱਪਾਈ ਤੇ ਦਰਾਵੜੀ ਰਹਿਤਲ ਆਨ ਬਾਨ ਤੇ ਸ਼ਾਨ ਨਾਲ ਕਾਇਮ ਸੀ, ਜਿਸਦਾ ਸਬੂਤ ਹੜੱਪਾ (ਸਾਈਵਾਲ, ਪੰਜਾਬ), ਮੋਹਨਜੋਦੜੋ (ਲਾੜਕਾਨਾ-ਸਿੰਧ) ਤੇ ਚੰਨ ਹੋਡਰੋ (ਨਵਾਬ ਸ਼ਾਹ) ਦੇ ਆਸਾਰ ਹਨ। ਇਤਿਹਾਸ ਮੁਜਬ ਆਰੀਆ ਕਬੀਲੇ 'ਈਸਾ' ਦੇ ਜਨਮ ਤੋਂ ਕੋਈ ਡੇਢ ਹਜ਼ਾਰ ਸਾਲ ਪਹਿਲਾਂ ਪੰਜਾਬ ਵਿੱਚ ਆਉਣ ਲੱਗੇ ਤੇ ਇੱਕ ਹਜ਼ਾਰ ਸਾਲ ਤਕ ਅਪੜਦੇ ਰਹੇ। ਅਖ਼ੀਰਲਾ ਵੇਦ ਯਾਨੀ 'ਅਥਰ ਵੇਦ', 'ਈਸਾ' ਦੇ ਜਨਮ ਤੋਂ ਚਾਰ ਸੌ ਸਾਲ ਪਹਿਲਾਂ ਇੱਥੇ ਰਚਿਆ ਗਿਆ। ਇਸੇ ਸਮੇਂ ਵਿੱਚ ਪਾਨਣੀ ਨੇ ਵਿਆਕਰਣ ਰਚੀ। ਆਰੀਆਂ ਦੀ ਮਾਂ ਬੋਲੀ ਵੈਦਿਕ ਜਾਂ ਸੰਸਕ੍ਰਿਤ ਅਤੇ ਫ਼ਾਰਸੀ ਸੀ, ਪਰ ਉਸ ਵੇਲੇ ਪੰਜਾਬ ਵਿੱਚ ਰਹਿਣ ਵਾਲੇ ਅਸਲ ਬਸ਼ਿੰਦੇ ਪ੍ਰਾਕਿਰਤ ਬੋਲਦੇ ਸਨ। ਸਮਰਾਟ ਅਸ਼ੋਕ ਦੇ ਜ਼ਮਾਨੇ ਵਿੱਚ ਜਿਹੜੀ ਪ੍ਰਾਕਿਰਤ ਪੰਜਾਬ ਵਿੱਚ ਪ੍ਰਚਲਿਤ ਸੀ ਉਸਨੂੰ ਪਾਲੀ ਪ੍ਰਾਕਿਰਤ ਕਹਿੰਦੇ ਸਨ ਤੇ ਇਹ ਖਰੋਸ਼ਠੀ ਲਿੱਪੀ ਵਿੱਚ ਲਿਖੀ ਜਾਂਦੀ ਸੀ। ਬੁੱਧ ਧਰਮ ਦਾ ਪ੍ਰਚਾਰ ਵੀ ਪਾਲੀ ਪ੍ਰਾਕਿਰਤ ਵਿੱਚ ਹੋਇਆ ਤੇ ਕਈ ਖੋਜਕਾਰਾਂ ਦਾ ਮੰਨਣਾ ਹੈ ਕਿ ਪੰਜਾਬੀ ਬੋਲੀ ਦੀ ਮਾਂ ਪਾਲੀ ਹੈ। ਪੰਜਾਬ ਨੂੰ ਪਸ਼ਾਜ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਤਾਹੀਓਂ ਪਸ਼ਾਜੀ ਉਪੱ-ਭ੍ਰੰਸ਼ ਨੂੰ ਪੰਜਾਬ ਨਾਲ ਜੋੜਿਆ ਜਾਂਦਾ ਹੈ। ਇਸ ਵਿੱਚ ਪੰਜਾਬੀ ਦੀਆਂ ਸਾਰੀਆਂ 64 ਖੇਤਰੀ ਬੋਲੀਆਂ ਅਤੇ ਡਾਇਲੇਕਟਸ ਸ਼ਾਮਿਲ ਹਨ, ਜਿਵੇਂ ਪੂਰਬੀ ਪੰਜਾਬ ਦੀਆਂ ਬੋਲੀਆਂ 'ਬਠਿਆਈ', 'ਰਾਠੀ', 'ਮਲਵਈ', 'ਦਬਾਵੀ' ਤੇ 'ਪੁਆਦੀ' ਮਸ਼ਹੂਰ ਨੇ ਅਤੇ ਪੱਛਮੀ ਪੰਜਾਬ ਦੀਆਂ ਬੋਲੀਆਂ 'ਮਲਤਾਨੀ', 'ਲਹਿੰਦੀ', 'ਪੋਠੋਹਾਰੀ', 'ਹਿੰਦਕੂ', 'ਧਨੀ', 'ਛਾਛੀ', 'ਸਰਾਇਕੀ' ਤੇ 'ਮਾਝੀ' ਆਦਿ। ਇਨ੍ਹਾਂ ਬੋਲੀਆਂ ਵਿੱਚੋਂ ਟਕਸਾਲੀ ਭਾਸ਼ਾ


CC-0. Sohail Kazmi Collection, Jammu. Digitized by eGangotri

ਉਭਰਦੀ ਰਹੀ, ਜਿਸਦੀ ਆਖਰੀ ਸ਼ਕਲ ਮਾਝੀ ਹੈ, ਜਿਸ ਵਿੱਚ ਪੰਜਾਬੀ ਦਾ ਬਹੁਤਾ ਸਾਹਿਤ ਰਚਿਆ ਜਾ ਰਿਹਾ ਹੈ, ਜਿਸਨੂੰ ਟਕਸਾਲੀ ਪੰਜਾਬੀ ਜਾਂ ਕੇਂਦਰੀ ਪੰਜਾਬੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਰਿਹਾ ਹੈ।

ਪੰਜਾਬ ਤੇ ਪੰਜਾਬੀ ਬਾਹਰਲੇ ਹਮਲਾਵਰਾਂ ਦੀ ਮਾਰ ਸਦੀਆਂ ਤੋਂ ਸਹਿੰਦੇ ਆ ਰਹੇ ਹਨ, ਉਹ ਭਾਵੇਂ ਸਕੰਦਰ ਦਾ ਹਮਲਾ ਹੋਵੇ, ਮਹਿਮੂਦ ਗਜ਼ਨਵੀ ਜਾਂ ਮੁਹੰਮਦ ਗੋਰੀ ਦੇ ਹਮਲੇ ਹੋਣ, ਚੰਗੇਜ਼ ਹਲਾਕੂ ਤੇ ਤੈਮੂਰ ਦੇ ਹਮਲੇ, ਜਾਂ ਅਬਦਾਲੀ ਤੇ ਨਾਦਰ ਸ਼ਾਹ ਦੇ ਹਮਲੇ ਹੋਣ ਜਾਂ ਫਿਰ ਅੰਗਰੇਜ਼ਾਂ ਦੇ ਹਮਲੇ ਹੋਣ ਜਾਂ ਆਪਸੀ ਖੇਤਰੀ ਜੰਗਾਂ ਹੋਣ....... ਇਨ੍ਹਾਂ ਹਮਲਿਆਂ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬ ਦੀ ਸਾਂਝ, ਸੱਭਿਆਚਾਰ, ਵਸੇਬ ਤੇ ਭਾਸ਼ਾ ਨੂੰ ਡਾਹਢੀ ਸੱਟ ਲੱਗੀ। ਪੰਜਾਬੀ ਕੌਮ ਦਾ ਇਹ ਦੁਖਾਂਤ ਹੈ ਕਿ ਕੁੱਝ ਹੀ ਕੋਹਾਂ ਦੇ ਫਾਸਲੇ 'ਤੇ ਰਹਿੰਦਿਆਂ ਹੋਇਆਂ ਵੀ ਅਸੀਂ ਇੱਕ ਦੂਜੇ ਨਾਲੋਂ ਪੂਰੀ ਤਰ੍ਹਾਂ ਟੁੱਟੇ ਹੋਏ ਹਾਂ। ਦੁੱਧ ਤੇ ਲਹੂ ਦੇ ਰਿਸ਼ਤੇ ਉਸਾਰੀਆਂ ਗਈਆਂ ਕੰਧਾਂ ਵਿੱਚ ਦਫਨ ਹੋ ਚੁੱਕੇ ਹਨ। ਸਾਡੀਆਂ ਰੀਝਾਂ, ਤਾਂਘਾਂ ਤੇ ਖਵਾਇਸ਼ਾਂ ਰਾਜਨੀਤੀ ਦੀ ਬਦਬੂਦਾਰ ਮਿੱਟੀ ਹੇਠ ਦੱਬੀਆਂ ਪਈਆਂ ਹਨ। ਦੁਨੀਆ ਵਿੱਚ ਇਹ ਇੱਕ ਨਵੇਕਲੀ ਮਿਸਾਲ ਹੈ ਕਿ ਇੱਕੋ ਨਸਲ, ਇੱਕੋ ਭਾਸ਼ਾ ਤੇ ਇੱਕੋ ਸੱਭਿਆਚਾਰਕ ਹਯਾਤੀ ਜੀਊਣ ਵਾਲੇ ਅਤੇ ਇੱਕੋ ਧਰਤੀ ਦਾ ਅਨਾਜ ਖਾਣ ਵਾਲੇ ਰਾਜਨੀਤੀ ਤੇ ਮਜ਼ਬੀ ਜਨੂੰਨ ਦੀਆਂ ਸਥਿਤੀਆਂ ਕਾਰਨ ਉਸਰੀਆਂ ਕੰਧਾਂ ਦੇ ਆਰ-ਪਾਰ ਬੇਬਸੀ ਤੇ ਲਾਚਾਰੀ ਨਾਲ ਖਿੰਡੇ ਪਏ ਨੇ ਅਤੇ ਨਾ ਕੀਤੇ ਗਏ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਹਨ। ਇੰਨੇ ਵੱਡੇ ਦੁਖਾਂਤ ਦੇ ਬਾਵਜੂਦ ਵੀ ਦੋਵੇਂ ਪੰਜਾਬਾਂ ਵਿੱਚ ਜ਼ਿੰਦਗੀ ਦੌੜ ਰਹੀ ਹੈ ਤੇ ਸਾਹਿਤਕ ਖੇਤਰ ਵਿੱਚ ਵੀ ਪ੍ਰਗਤੀ ਤੇ ਉਨੱਤੀ ਹੋ ਰਹੀ ਹੈ।

ਉਂਝ ਤਾਂ ਕੁਰਆਨੀ ਤਫਸੀਰਾਂ, ਹਦੀਸਾਂ ਤੇ ਸਾਖੀਆਂ ਦੇ ਰੂਪ ਵਿੱਚ ਅਤੇ ਪੁਰਾਣਿਆਂ ਕਿੱਸਿਆਂ ਵਿੱਚ ਸਾਨੂੰ ਪੰਜਾਬੀ ਵਾਰਤਕ ਮਿਲਦੀ ਹੈ, ਪਰ ਸਾਂਝੇ ਪੰਜਾਬ ਦੀ ਆਧੁਨਿਕ ਪੰਜਾਬੀ ਵਾਰਤਕ ਵਿੱਚ ਪਹਿਲਾ ਨਾਂ 'ਸ਼ਰਧਾ ਰਾਮ ਫਲੌਰੀ' ਦਾ ਆਉਂਦਾ ਹੈ, ਜਿਸਨੇ 1875 ਵਿੱਚ ਅੰਗਰੇਜ਼ਾਂ ਨੂੰ ਪੰਜਾਬੀ ਪੜ੍ਹਾਉਣ ਤੇ ਪੰਜਾਬੀ ਸੱਭਿਆਚਾਰ ਦੀ ਪਛਾਣ ਕਰਾਉਣ ਲਈ 'ਪੰਜਾਬੀ ਗੱਲਬਾਤ' ਨਾਂ ਦੀ ਇੱਕ ਕਿਤਾਬ ਲਿਖੀ। ਮਗਰੋਂ 20ਵੀਂ ਸਦੀ ਦੇ ਆਰੰਭ ਵਿੱਚ 'ਲਾਲ ਸਿੰਘ ਕਮਲਾ ਅਕਾਲੀ' ਨੇ 1911 ਵਿੱਚ ਇੱਕ ਨਿੱਕੀ ਜਿਹੀ ਵਾਰਤਾ ਲਿਖੀ ਜੋ ਕਹਾਣੀ ਵਰਗੀ ਸੀ। ਫਿਰ 1913 ਵਿੱਚ



CC-0. Sohail Kazmi Collection, Jammu. Digitized by eGangotri

'ਗੁਰਬਖਸ਼ ਸਿੰਘ ਜੀ' ਨੇ 'ਪ੍ਰੀਤਮਾਂ' ਨਾਂ ਦੀ ਕਹਾਣੀ ਲਿਖੀ, ਜਿਹੜੀ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਪ੍ਰੀਤ ਕਹਾਣੀਆਂ' ਵਿੱਚ ਸ਼ਾਮਿਲ ਹੈ, ਜੋ 1938 ਵਿੱਚ ਛਪਿਆ। ਇਸ ਤੋਂ ਪਹਿਲਾਂ 'ਜੋਸ਼ਵਾ ਫਜ਼ਲਦੀਨ' ਨੇ 1929 ਵਿੱਚ ਲਾਇਲਪੁਰ ਤੋਂ ਸ਼ਾਹਮੁਖੀ ਅੱਖਰਾਂ ਵਿੱਚ ਪਹਿਲਾ ਮਾਸਿਕ ਪਰਚਾ 'ਪੰਜਾਬੀ ਦਰਬਾਰ' ਕੱਢਿਆ ਤੇ ਆਪਣੇ ਤੋਂ ਅੱਡ ਅਫਜ਼ਾਲ ਹੈਦਰ, ਫਜ਼ਲਸ਼ਾਹ, ਸੰਤ ਸਿੰਘ ਸੇਖੋਂ, ਮੋਹਨ ਸਿੰਘ ਮਾਹਿਰ ਆਦਿ ਦੀਆਂ ਕਹਾਣੀਆਂ ਛਾਪੀਆਂ, ਜਿਨ੍ਹਾਂ ਵਿੱਚ ਧਾਰਮਿਕ ਕਦਰਾਂ ਦਾ ਬੋਲ ਬਾਲਾ ਸੀ। ਨਿਬੰਧ ਤੇ ਹਾਸ-ਵਿਅੰਗ ਦੇ ਲੇਖ ਵੀ 'ਪੰਜਾਬੀ ਦਰਬਾਰ' ਵਿੱਚ ਛਪੇ।

ਦੇਸ ਦੀ ਵੰਡ ਮਗਰੋਂ ਲਹਿੰਦੇ ਪੰਜਾਬ ਦੇ ਸਾਹਿਤ ਵਿੱਚ ਵਾਰਤਕ ਦਾ ਚੋਖਾ ਯੋਗਦਾਨ ਹੈ। ਫਿਲਮੀ ਸਕਰਿਪਟ, ਨਾਟਕ, ਨਾਵਲ, ਕਹਾਣੀਆਂ, ਪਰਖ-ਪੜਚੋਲ, ਖੋਜ ਤੇ ਅਲੋਚਨਾ, ਸਫਰਨਾਮੇ, ਖ਼ਾਕੇ, ਨਿਬੰਧ, ਤਨਜ਼, ਹਾਸ-ਰਸ ਤੇ ਵਿਅੰਗ, ਪੱਤਰਕਾਰੀ, ਬਾਲ ਸਾਹਿਤ ਤੇ ਲੋਕ ਅਦੱਬ ਗਰਜ਼ ਹਰ ਵਿਧੀ ਤੇ ਵਾਰਤਕ ਮਿਲਦੀ ਹੈ।

ਲਹਿੰਦੇ ਪੰਜਾਬ ਦੀ ਪੰਜਾਬੀ ਵਾਰਤਕ ਦਾ ਮੁਹਾਂਦਰਾ ਉਸਾਰਨ ਤੇ ਸੰਵਾਰਨ ਵਿੱਚ ਉਥੋਂ ਦੀ ਕਹਾਣੀਆਂ, ਨਾਵਲਾਂ ਤੇ ਨਾਟਕਾਂ ਨੇ ਬੜਾ ਅਹਿਮ ਰੋਲ ਨਿਭਾਇਆ ਹੈ। ਸਾਡੇ ਕਈ ਵਿਦਵਾਨ ਭਾਵੇਂ ਨਾਟਕ ਨੂੰ ਵਾਰਤਕ ਦਾ ਹਿੱਸਾ ਨਹੀਂ ਮੰਨਦੇ ਤੇ ਨਾਟਕ ਨੂੰ ਵੱਖਰੀ ਸਿਨਫ਼ ਕਹਿੰਦੇ ਹਨ, ਪਰ ਨਾਟਕ ਵਿੱਚ ਵਰਤੀ ਗਈ ਪਾਤਰਾਂ ਦੀ ਭਾਸ਼ਾ ਵਾਰਤਕ ਹੀ ਹੁੰਦੀ ਹੈ। ਇਸ ਲਈ ਮੈਂ ਨਾਟਕ ਨੂੰ ਵਾਰਤਕ ਦੀ ਉਸਾਰੀ ਦਾ ਇੱਕ ਅੰਗ ਮੰਨਦਾ ਹਾਂ। ਹਰ ਕਿਸਮ ਦੀ ਨਸਰ ਮੇਰੀ ਸੋਚ ਅਨੁਸਾਰ ਵਾਰਤਕ ਹੀ ਹੈ, ਇਸ ਲਈ ਮੈਂ ਸਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੀ ਪੰਜਾਬੀ ਕਹਾਣੀ ਬਾਰੇ ਗੱਲ ਕਰਾਂਗਾ।

ਪਾਕਿਸਤਾਨ ਬਣਨ ਮਗਰੋਂ 1948 ਵਿੱਚ ਰੋਜ਼ਨਾਮਾ 'ਆਗਾਜ਼' ਉਰਦੂ ਵਿੱਚ ਨਿਕਲਿਆ, ਉਸ ਵਿੱਚ ਇੱਕ ਹਿੱਸਾ ਪੰਜਾਬੀ ਸਾਹਿਤ ਲਈ ਵੀ ਰੱਖਿਆ ਗਿਆ। ਉਸ ਅਖ਼ਬਾਰ ਦੇ ਪੰਜਾਬੀ ਸਪਲੀਮੈਂਟ ਵਿੱਚ ਹੀ 'ਸੱਜਾਦ ਹੈਦਰ' ਦੀ ਕਹਾਣੀ 'ਆਖ਼ਰੀ ਉਡਾਰੀ' ਛਪੀ ਸੀ, ਜਿਸਦੀ ਬਹੁਤ ਚਰਚਾ ਹੋਈ। 1951 ਵਿੱਚ ਮੌਲਵੀ ਮਜੀਦ ਸਾਲਕ, ਸ਼ੇਖ਼ ਸਲਾਮ ਕਸੂਰੀ ਤੇ ਡਾ. ਫਕੀਰ ਮੁਹੰਮਦ ਫਕੀਰ ਦੇ ਉੱਦਮ ਨਾਲ ਮਾਸਿਕ ਪਰਚਾ 'ਪੰਜਾਬੀ' ਪ੍ਰਕਾਸ਼ਿਤ ਹੋਇਆ, ਇਸ ਤੋਂ ਪਹਿਲਾਂ ਉਰਦੂ ਮਾਸਿਕ


CC-0. Sohail Kazmi Collection, Jammu. Digitized by eGangotri

'ਸਵੇਰ' ਜਿਸਨੂੰ ਵੰਡ ਤੋਂ ਪਹਿਲਾਂ ਸਾਹਿਰ ਲੁਧਿਆਣਵੀ ਐਡਿਟ ਕਰਦੇ ਸਨ, ਉਹ ਸਾਹਿਰ ਲੁਧਿਆਣਵੀ ਦੇ ਮੁੰਬਈ ਤੁਰ ਜਾਣ ਮਗਰੋਂ 'ਸਵੇਰ' ਮਾਸਿਕ ਪਰਚਾ 'ਅਹਿਮਦ ਰਾਹੀ' ਦੇ ਪੇਟੇ ਪੈ ਗਿਆ। ਤੇ 'ਅਹਿਮਦ ਰਾਹੀ' ਨੇ ਉਰਦੂ ਮਾਸਿਕ 'ਸਵੇਰ' ਵਿੱਚ ਪੰਜਾਬੀ ਰੰਗ ਵੀ ਸ਼ਾਮਿਲ ਕੀਤਾ ਅਤੇ ਕਵਿਤਾ, ਕਹਾਣੀ ਤੇ ਨਿਬੰਧ ਛਪਣ ਲੱਗੇ। ਅਹਿਮਦ ਰਾਹੀ ਨੇ ਪੰਜਾਬੀ ਫਿਲਮਾਂ ਦੇ ਸਕਰੀਨ ਪਲੇਅ ਅਤੇ ਗੀਤ ਲਿਖੇ ਜਿਹੜੇ ਅੱਜ ਵੀ ਪੰਜਾਬੀਆਂ ਦੇ ਦਿਲਾਂ ਨੂੰ ਟੁੰਬਦੇ ਨੇ। 1952 ਵਿੱਚ ਮਾਸਿਕ 'ਪੰਜਾਬੀ' ਦਾ ਸਾਲ-ਨਾਮਾ ਛਪਿਆ, ਜਿਸ ਵਿੱਚ ਅਕਬਰ ਲਾਹੌਰੀ ਦੀ ਕਹਾਣੀ 'ਉਹ ਕੌਣ ਸੀ', ਸੁਹੇਲ ਯਜ਼ਦਾਨੀ ਦੀ 'ਮੁਹਾਨੇ ਦੀ ਧੀਅ', ਸਾਦਿਕ ਭੱਟੀ ਦੀ ਕਹਾਣੀ 'ਗਿਆਨੀ ਜੀ', ਚੌਧਰੀ ਅਮਾਨਤ ਅਲੀ ਖ਼ਾਨ ਦੀ ਕਹਾਣੀ 'ਨਿੱਕਾ ਬਾਵਲ', ਸਾਦਿਕ ਕੁਰੇਸ਼ੀ ਦੀ ਕਹਾਣੀ 'ਸੱਚੀ ਕਹਾਣੀ' ਸ਼ਾਮਲ ਸਨ। 1955 ਵਿੱਚ ਡਾ. ਫਕੀਰ ਮੁਹੰਮਦ ਫਕੀਰ ਨੇ ਪੰਜਾਬੀ ਕਹਾਣੀਆਂ ਅਤੇ ਨਾਟਕਾਂ ਦੀ ਇੱਕ ਚੋਣ 'ਲਹਿਰਾਂ' ਸਿਰਨਾਵੇ ਹੇਠ ਛਾਪੀ, ਜਿਸ ਵਿੱਚ ਜੋਸ਼ਵਾ ਫਜ਼ਲਦੀਨ ਦੀ ਕਹਾਣੀ 'ਬਹਿਸ਼ਤ ਦੀ ਤਸਵੀਰ', ਅਕਬਰ ਲਾਹੌਰੀ ਦੀ 'ਪੱਥਰ ਦਿਲ', ਸੱਜਾਦ ਹੈਦਰ ਦੀ 'ਚੰਨ ਤੇ ਚਕੋਰ', ਸਾਦਿਕ ਕੁਰੇਸੀ ਦੀ 'ਜਲਾਲਪੁਰ ਦਾ ਚੌਧਰੀ' ਤੇ ਵਕਾਰ ਅੰਬਾਲਵੀ ਦੀਆਂ ਕਹਾਣੀਆਂ 'ਲਾਹੌਰ ਕਿੱਡੀ ਦੂਰ ਹੈ', 'ਦੌਲਤ ਜ਼ਿੰਦਾਬਾਦ', 'ਕੋਹੜਾ', 'ਸਾਵਾ ਲੀੜਾ' ਤੇ 'ਰੁੱਖੀ ਰੋਟੀ' ਛਪੀਆਂ। ਇਨ੍ਹਾਂ ਕਹਾਣੀਆਂ ਤੋਂ ਛੁੱਟ ਨਜ਼ਰ ਫਾਤਮਾ ਦੀ ਕਹਾਣੀ 'ਜਨੱਤ ਦੇ ਮਹਿਲ' ਅਤੇ 'ਰਾਹ ਦਾ ਕੱਟਾ', ਸ਼ਫੀ ਅਕੀਲ ਦੀਆਂ ਕਹਾਣੀਆਂ 'ਭੁਲੇਖਾ' ਤੇ 'ਝੰਨਾ ਦੀਆਂ ਰੋਹੜਾ' ਵੀ ਸ਼ਾਮਿਲ ਸਨ ਅਤੇ ਆਲਮ ਸਿਹਾਪੋਸ਼ ਦੀ ਕਹਾਣੀ 'ਬੀਤੋ' ਅਤੇ ਮਸੂਦਾ ਬਾਨੋ ਦੀ ਕਹਾਣੀ 'ਮਲਕਾ' ਵੀ ਇਸੇ ਚੋਣ ਵਿੱਚ ਪ੍ਰਕਾਸ਼ਿਤ ਹੋਈਆਂ ਸਨ।

1958 ਵਿੱਚ ਮੌਹਲਾ ਬਖ਼ਸ਼ ਕੁਸਤਾ ਦੇ ਸਪੁੱਤਰ ਚੌਧਰੀ ਮੁਹੰਮਦ ਅਫਜ਼ਲ ਖ਼ਾਨ ਨੇ ਲਾਹੌਰ ਤੋਂ 'ਪੰਜ ਦਰਿਆ' ਮਾਸਿਕ ਪਰਚਾ ਕੱਢਿਆ ਤੇ ਪੁਰਾਣੇ ਅਤੇ ਨਵੇਂ ਕਹਾਣੀਕਾਰਾਂ ਨੂੰ 'ਪੰਜ ਦਰਿਆ' ਵਿੱਚ ਥਾਂ ਦਿੱਤੀ। ਜਿਵੇਂ ਅਜ਼ੀਜ਼ ਰਹਿਮਾਨ ਰਾਹੀ ਦੀ ਕਹਾਣੀ 'ਸੱਪ', ਅਕਬਰ ਲਾਹੌਰੀ ਦੀ 'ਆਪਾਂ', ਅਨੀਸ ਨਾਗੀ ਦੀ 'ਗੁੱਝੀਆਂ ਲਾਟਾਂ', ਰਸ਼ੀਦਾ ਸਲੀਮ ਸੰਮੀਂ ਦੀ 'ਸਰਦਾਰਾਂ', ਨਸੀਬ ਅਸਲਮ ਦੀ 'ਗੁੰਡਾ' ਤੋਂ ਛੁੱਟ 'ਪੰਜ ਦਰਿਆ' ਵਿੱਚ, ਸਤਨਾਮ ਮਹਿਮੂਦ, ਗੁਲਾਮ ਅਲੀ ਚੌਧਰੀ, ਹਨੀਫ


CC-0. Sohail Kazmi Collection, Jammu. Digitized by eGangotri

ਚੌਧਰੀ, ਅਕਮਲ ਅਲੀਮੀ, ਅਨਵਰ ਸੱਜਾਦ ਤੇ ਕਈ ਹੋਰ ਨਵੇਂ ਕਹਾਣੀਕਾਰਾਂ ਨੂੰ ਛਾਪਿਆ।

1960-70 ਦੇ ਦਹਾਕੇ ਵਿੱਚ ਛਪਣ ਵਾਲੀਆਂ ਕਹਾਣੀਆਂ, ਦੇਸ਼ ਦੀ ਵੰਡ ਦਾ ਦਰਦ, ਪੰਜਾਬੀਆਂ ਦੀ ਬਹਾਦਰੀ ਤੇ ਸਾਂਝ, ਇਖ਼ਲਾਕੀ ਕਦਰਾਂ ਤੇ ਇਨਸਾਨ ਦੀ ਟੁੱਟ-ਭੱਜ ਅਤੇ ਮਨੋਵਿਗਿਆਨਕ ਵਿਸ਼ਿਆਂ ਨਾਲ ਜੁੜੀਆਂ ਸਨ। 1960-70 ਦੇ ਦਹਾਕੇ ਵਿੱਚ ਲਹਿੰਦੇ ਪੰਜਾਬ ਵਿਖੇ ਬੇਸ਼ੁਮਾਰ ਪੰਜਾਬੀ ਪਰਚੇ ਨਿਕਲਣੇ ਸ਼ੁਰੂ ਹੋਏ, ਕਈ ਤਾਂ ਕੁੱਝ ਅੰਕ ਛਪਣ ਦੇ ਬਾਅਦ ਬੰਦ ਹੋ ਗਏ, ਪਰ ਕਈ ਨਿਰੰਤਰ ਛਪਦੇ ਰਹੇ ਅਤੇ ਅੱਜ ਵੀ ਛਪ ਰਹੇ ਹਨ। ਇਸ ਦਹਾਕੇ ਵਿੱਚ ਪੰਜਾਬੀ ਕਹਾਣੀਕਾਰਾਂ ਦੀਆਂ ਚੌਖੀਆਂ ਪੁਸਤਕਾਂ ਪ੍ਰਕਾਸ਼ਿਤ ਹੋਈਆਂ, ਜਿਵੇਂ ਨਵਾਜ਼ ਦਾ ਕਹਾਣੀ ਸੰਗ੍ਰਹਿ 'ਡੂੰਘੀਆਂ ਸ਼ਾਮਾਂ', ਆਗਾ ਅਸ਼ਰਫ ਦਾ ਕਹਾਣੀ ਸੰਗ੍ਰਹਿ 'ਵਾਵ ਰੋਲੇ', ਰਿਫਅਤ ਦਾ ਕਹਾਣੀ ਸੰਗ੍ਰਹਿ 'ਇੱਕ ਓਪਰੀ ਕੁੜੀ', ਹਨੀਫ ਚੌਧਰੀ ਦਾ 'ਕੱਚ ਦੀ ਗੁੱਡੀ' ਆਦਿ ਸੰਗ੍ਰਹਿ ਛਪੇ। ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਿਤ ਹੋਣ ਨਾਲ ਪੰਜਾਬੀ ਕਹਾਣੀ ਦਾ ਮੁਹਾਂਦਰਾ ਹੋਰ ਨਿਖਰ ਕੇ ਸਾਹਮਣੇ ਆਇਆ ਤੇ ਪਾਠਕ ਪੰਜਾਬੀ ਕਹਾਣੀ ਨੂੰ ਗੰਭੀਰਤਾ ਨਾਲ ਲੈਣ ਲੱਗੇ। ਧਰਮ ਤੇ ਇਖ਼ਲਾਕੀ ਗੱਲਾਂ ਦੇ ਪ੍ਰਭਾਵ ਤੋਂ ਉੱਪਰ ਉਠ ਕੇ ਸਮਾਜ ਵਿੱਚ ਵਾਪਰ ਰਹੀਆਂ ਅਜੋਕੀਆਂ ਸਿਆਸੀ, ਸਮਾਜੀ ਤੇ ਆਰਥਿਕ ਘਟਨਾਵਾਂ 'ਤੇ ਗੱਲ ਹੋਣ ਲੱਗੀ। ਚਿੰਨਾਤਮਕ ਤੇ ਅਲਾਮਤੀ ਕਹਾਣੀਆਂ ਲਿਖੀਆਂ ਜਾਣ ਲੱਗੀਆਂ। ਨਵੇਂ ਟਰੈਂਡ ਤੇ ਰੁਝਾਣ ਨੂੰ ਲੋਕੀਂ ਪਸੰਦ ਕਰਨ ਲੱਗੇ। ਮੁਹੰਮਦ ਮਨਸ਼ਾ ਯਾਦ, ਸ਼ਫਕਤ ਸੁਲਤਾਨਾ, ਫੌਜੀਆ ਰਫੀਕ, ਅਵਜ਼ਲ ਪਰਵੇਜ਼, ਅਵਜ਼ਲ ਤੋਸੀਫ, ਫਰਕੰਦਾ ਲੋਧੀ, ਅਬਦੁੱਲ ਹੱਕ ਅੱਲਵੀ, ਰਫੀਕ ਕੁਰੇਸ਼ੀ, ਹੁਸੈਨ ਸ਼ਾਦ, ਮਨਸੂਰ ਕੈਸਰ, ਇਜਾਜ਼ ਅਹਿਮਦ ਭੱਟੀ, ਅਬਦੁੱਲ ਗਫੂਰ ਦਰਸ਼ਨ, ਮੁਨੀਰ ਸ਼ਾਦ, ਪਰਵੇਜ਼ ਆਲਮ ਨੌਸ਼ਾਈ, ਸ਼ਾਦ ਅੰਮ੍ਰਿਤਸਰੀ, ਅਰਸ਼ਦ ਫਿਰੋਜਪੁਰੀ ਅਤੇ ਅਫਜ਼ਲ ਅਹਿਸਨ ਰੰਧਾਵਾ ਵਰਗੇ ਕਹਾਣੀਕਾਰ ਸਾਹਮਣੇ ਆਏ।

1971-80 ਦੇ ਦਹਾਕੇ ਵਿੱਚ ਅਫਜ਼ਲ ਅਹਿਸਨ ਰੰਧਾਵਾ ਦਾ ਕਹਾਣੀ ਸੰਗ੍ਰਹਿ 'ਰੰਨ ਤਲਵਾਰ ਤੇ ਘੋੜਾ' (1973) ਪ੍ਰਕਾਸ਼ਿਤ ਹੋਇਆ। ਉਨ੍ਹਾਂ ਦਾ ਦੂਜਾ ਕਹਾਣੀ ਸੰਗ੍ਰਹਿ 'ਮਣਾ ਕੁ ਲਾਹੌਰ' ਛਾਪੇ ਚੜ੍ਹਿਆ ਤੇ ਪਾਠਕਾਂ ਨੇ ਚੋਖਾ ਪਸੰਦ ਕੀਤਾ। ਦੋਵੇਂ ਕਹਾਣੀ ਸੰਗ੍ਰਹਿ ਭਾਰਤ ਵਿੱਚ ਵੀ ਗੁਰਮੁਖੀ ਅੱਖਰਾਂ ਵਿੱਚ ਛਪ ਚੁੱਕੇ ਸਨ। ਨਜ਼ਰ ਫਾਤਮਾ ਨੇ 'ਕਾਗਜ਼ ਦੀ ਬੇੜੀ' ਦੇ


CC-0. Sohail Kazmi Collection, Jammu. Digitized by eGangotri

ਸਿਰਨਾਵੇ ਹੇਠ ਆਪਣੀ ਕਹਾਣੀਆਂ ਦੀ ਕਿਤਾਬ 1972 ਵਿੱਚ ਛਾਪੇ ਚਾੜ੍ਹੀ। ਸ਼ਫਕਤ ਸੁਲਤਾਨਾ ਨੇ 1975 ਵਿੱਚ 'ਚਾਨਣੀ ਦੇ ਰੂਪ', ਅਨਵਰ ਅਲੀ ਨੇ 1972 ਵਿੱਚ 'ਕਾਲੀਆਂ ਇੱਟਾਂ ਤੇ ਕਾਲੇ ਰੋੜ', ਸਲੀਮ ਖ਼ਾਨ ਗੰਮੀ ਨੇ 1973 ਵਿੱਚ 'ਲਹੂ ਦੀ ਖਸ਼ਬੋ' ਤੇ ਹੁਸੈਨ ਸ਼ਾਦ ਨੇ 1973 ਵਿੱਚ 'ਲਾ ਪ੍ਰੀਤ' ਦੇ ਸਿਰਨਾਵੇ ਹੇਠ ਆਪਣੇ-ਆਪਣੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ। ਗੁਲਾਮ ਮੁਸਤਫਾ ਬਿਸਮਿਲ ਦੀ ਕਹਾਣੀ ਪੁਸਤਕ 'ਹੱਸਦੀਆਂ ਸੂਲਾਂ' 1976 ਵਿੱਚ ਪ੍ਰਕਾਸ਼ਿਤ ਹੋਈ, ਇਸੇ ਵਰ੍ਹੇ ਹਨੀਫ ਬਾਵਾ ਦਾ ਕਹਾਣੀ ਸੰਗ੍ਰਹਿ 'ਚਰਖ਼ੇ ਦੀ ਮੌਤ', ਖਾਲਦਾ ਮਲਿਕ ਦਾ 'ਜ਼ੁਲਫਾਂ ਛੱਲੇ ਛੱਲੇ' ਤੇ ਕਹਿਕਸ਼ਾਂ ਮਲਿਕ ਦਾ ਕਹਾਣੀ ਸੰਗ੍ਰਹਿ 'ਚਿੱੜੀਆਂ ਦੀ ਮੌਤ' ਛਾਪੇ ਚੜ੍ਹੇ।

1980-90 ਦੇ ਦਹਾਕੇ ਵਿੱਚ ਪੰਜਾਬੀ ਕਹਾਣੀ ਦਾ ਮਿਆਰ, ਤਕਨੀਕ ਤੇ ਸ਼ੈਲੀ ਪੱਖੋਂ ਬਹੁਤ ਉਚੱਾ ਹੋ ਗਿਆ। ਪੇਂਡੂ ਜੀਵਨ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਛੁੱਟ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮਸਲੇ ਤੇ ਮਾਰਸ਼ਲ ਲਾਅ ਦੇ ਜ਼ੁਲਮ ਅਤੇ ਜਬਰ ਨੂੰ ਅਲਾਮਤਾਂ ਰਾਹੀਂ ਬਿਆਨਿਆ ਗਿਆ। ਸਿਆਸਤ ਤੇ ਸਰਕਾਰੀ ਦਹਿਸ਼ਤਗਰਦੀ ਦੇ ਖ਼ਿਲਾਫ ਵਿਰੋਧ ਜਤਾਇਆ ਗਿਆ। ਇਸ ਦਹਾਕੇ ਵਿੱਚ ਛਪਣ ਵਾਲੀਆਂ ਕਹਾਣੀਆਂ ਦੀਆਂ ਕੁੱਝ ਪੁਸਤਕਾਂ ਦਾ ਵੇਰਵਾ ਇੰਝ ਹੈ:

ਇਕਬਾਲ ਸਲਾਹ-ਉ-ਦੀਨ ਦਾ ਕਹਾਣੀ ਸੰਗ੍ਰਹਿ 'ਕੁੰਝ ਕਹਾਣੀ' (1980), ਸ਼ਾਹੀਨ ਆਰਾ ਦਾ 'ਆਲ੍ਹਣਾ ਤੇ ਉਡਾਰੀ' (1981), ਬਾਬੂ ਜਾਵੇਦ ਗਰਜਾਗੀ ਦਾ 'ਬੋ ਕਾਟਾ' ਤੇ 'ਜ਼ਿੰਦਾ ਤਸਵੀਰਾਂ' (1981), ਮੁਹੰਮਦ ਅਲੀ ਹਮਦਾਨੀ ਦੀ ਪੁਸਤਕ 'ਪਿਆਰ ਦੀਆਂ ਪੀਂਘਾਂ', ਇਕਤੱਦਾਰ ਵਾਜਦ ਦੀ 'ਕੱਚੇ ਕੋਠੇ, ਮੁਹੰਮਦ ਸਰਵਰ ਸਦੀਕੀ ਦੀ 'ਕੋਸੇ ਹੰਝੂ', ਕੰਵਲ ਮੁਸ਼ਤਾਕ ਦੀ 'ਆਪਣੀ ਆਪਣੀ ਅੱਗ ਦਾ ਸੇਕ' ਤੇ 'ਕਸਤੂਰੀ' ਅਤੇ ਨਾਹੀਦ ਅਖ਼ਤਰ ਦੀ 'ਉਡੀਕ' ਕਹਾਣੀ ਪੁਸਤਕਾਂ ਵੀ 1983 ਵਿੱਚ ਹੀ ਛਪੀਆਂ। 1984 ਵਿੱਚ ਪਰਵੀਨ ਮਲਿਕ ਦੀ ਕਹਾਣੀ ਪੁਸਤਕ 'ਕੀ ਜਾਣਾਂ ਮੈਂ ਕੌਣ', ਫਰਖੰਦਾ ਲੋਧੀ ਦੀ 'ਚੰਨ ਦੇ ਓਹਲੇ' (1984) ਤੇ 'ਹਿਰਦੇ ਵਿੱਚ ਤਰੇੜਾਂ' ਅਤੇ 'ਕਿਉਂ' (1985) ਵਿੱਚ ਛਪੀਆਂ। ਇਸੇ ਦਹਾਕੇ ਵਿੱਚ ਮਿਰਜ਼ਾ ਹਾਮਿਦ ਬੇਗ਼ ਦਾ ਕਹਾਣੀ ਸੰਗ੍ਰਹਿ 'ਕਿੱਸਾ ਕਹਾਣੀ', ਇਲਿਆਸ ਘੁੰਮਣ ਦਾ 'ਪਿੰਡ ਦੀ ਲੱਜ' ਤੇ 'ਅਗਲਾ ਬੰਦਾ', ਗੁਲਾਮ ਸ਼ਬੀਰ ਰਾਣਾ ਦਾ 'ਸੂਲ ਅਵੱਲੜੇ', ਅਖ਼ਲਾਕ ਹੈਦਰ ਦਾ 'ਤ੍ਰੁੱਟਵਾਂ



CC-0. Sohail Kazmi Collection, Jammu. Digitized by eGangotri

ਪੈਂਡਾ', ਮੀਰ ਤਨਹਾ ਯੂਸਫੀ ਦਾ ਕਹਾਣੀ ਸੰਗ੍ਰਹਿ 'ਸੂਰਜ ਉਗੱਣ ਤਾਹੀਂ', ਨਸੀਮ ਅਬਾਸ ਨਾਸਰ ਦਾ 'ਡਾਕਰਾਂ', ਅਲੀ ਅਨਵਰ ਅਹਿਮਦ ਦਾ 'ਫਰਿਸ਼ਤਿਆਂ ਦਾ ਪਿੰਡ', 'ਇਨਸਾਨ ਤੇ ਸੱਪ', 'ਆਪਣੇ ਬਲਦ ਦਾ ਪੇਚ' ਅਤੇ 'ਕੱਕੀਆਂ ਕੀੜੀਆਂ' ਪ੍ਰਕਾਸ਼ਿਤ ਹੋਏ। ਮੁਹੰਮਦ ਮਨਸ਼ਾ ਯਾਦ ਦਾ 'ਵਗਦਾ ਪਾਣੀ', ਆਈਸ਼ਾ ਅਸਲਮ ਦਾ 'ਕੂਕ', ਸਈਅਦ ਨਸੀਰ ਸ਼ਾਹ ਦਾ 'ਕਿੱਕਰ ਤੇ ਫੁੱਲ', ਅਨੀਸ ਚੌਹਾਨ ਦਾ 'ਅੱਕ ਦੇ ਅੰਬ', ਮੁਹੰਮਦ ਮੁਜਾਹਿਦ ਅਵੇਸ ਦਾ 'ਧੁੱਖਦੀਆਂ ਸੋਚਾਂ' ਤੇ ਬੁਸ਼ਰਾ ਕੁਰੇਸ਼ੀ ਦਾ 'ਪੀਤ ਪ੍ਰੀਤ' ਕਹਾਣੀ ਸੰਗ੍ਰਹਿ ਛਪੇ।

1990 ਤੋਂ 2000 ਦੇ ਦਹਾਕੇ ਵਿੱਚ- ਅਤੇ ਉਸਦੇ ਬਾਅਦ ਜਿਹੜੇ ਕਹਾਣੀ ਸੰਗ੍ਰਹਿ ਛਪੇ, ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:

| | |
|---|---|
| ਸਲੀਮ ਖ਼ਾਨ ਗੰਮੀ | 'ਤੁਰਦੇ ਪੈਰ' |
| ਸ਼ਮਸ ਨਗਮਾਨ | 'ਸ਼ੀਸ਼ੇ ਦੀ ਕੰਧ' |
| ਨਾਸਿਰ ਬਲੋਚ | 'ਸੇਤੀਆਂ ਅੱਖਾਂ ਵਾਲੇ' |
| ਸਲੀਮ ਆਫਤਾਬ ਸਲੀਮ | 'ਛਾਲੇ ਪੈਰਾਂ ਦੇ' |
| ਪ੍ਰੋ. ਸਈਅਦ ਭੁੱਟਾ | 'ਨਾ ਝੰਗ ਛੁੱਟਿਆ ਨਾ ਕੰਨ ਪਾਟੇ' |
| ਅਕਮਲ ਸ਼ਹਿਯਾਦ ਘੁੰਮਣ | 'ਇਹ ਕਹਾਣੀ ਨਹੀਂ' |
| ਸ਼ਗੁਫਤਾ ਨਾਜ਼ਲੀ | 'ਰੂਪ ਸਰੂਪ' |
| ਅਜ਼ਹਰ ਜਵੇਦ | 'ਬੜੀ ਦੇਰ ਹੋ ਗਈ' |
| ਖ਼ਾਲਿਦ ਮਹਿਮੂਦ | 'ਠੀਕਰੀਆਂ' |
| ਮਲਿਕ ਮਹਿਰ ਅਲੀ | 'ਢਾਹ ਲੱਗੀ ਵਸਤੀ' |

ਨਵੇਂ ਕਹਾਣੀਕਾਰ ਨਿਰੋਲ ਪੰਜਾਬੀ ਬੋਲੀ ਵਰਤਦੇ ਨੇ ਅਤੇ ਫਾਰਸੀ ਤੇ ਉਰਦੂ ਦੇ ਸ਼ਬਦਾਂ ਤੋਂ ਪ੍ਰਹੇਜ਼ ਕਰਦੇ ਹਨ, ਕੇਵਲ ਉਹੀ ਸ਼ਬਦ ਲਿਖੇ ਜਾਂਦੇ ਹਨ, ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਨੇ ਆਪਣੇ ਅੰਦਰ ਸਮਾਇਆ ਹੋਇਆ ਹੈ। ਨਵੇਂ ਲਿਖਣ ਵਾਲਿਆਂ ਦੀ ਗਿਣਤੀ ਦਿਨੋਂ ਦਿਨ ਵਧਦੀ ਜਾ ਰਹੀ ਹੈ। ਹਰ ਮਹੀਨੇ ਦੋ-ਚਾਰ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੁੰਦੇ ਹਨ। ਪੰਜਾਬੀ ਕਹਾਣੀਕਾਰਾਂ ਨੇ ਆਪਣੀ ਵੱਖਰੀ ਤੇ ਨਿਵੇਕਲੀ ਪਛਾਣ ਬਣਾਈ ਹੈ। ਆਮ ਬੋਲ-ਚਾਲ ਅਤੇ ਸਰਲ ਪੰਜਾਬੀ ਲਿਖੀ ਜਾਂਦੀ ਹੈ, ਜਿਸ ਵਿੱਚ ਪੰਜਾਬੀ ਰਹਿਤਲ ਤੇ ਵਸੇਬ ਦਾ ਝਲਕਾਰਾ ਮਿਲਦਾ ਹੈ।

## ਨਾਵਲ

ਪੰਜਾਬੀ ਨਾਵਲ ਦੇ ਮੁੱਢਲੇ ਨਾਵਲਕਾਰ ਭਾਈ ਵੀਰ ਸਿੰਘ, ਜੋਸ਼ਵਾ


CC-0. Sohail Kazmi Collection, Jammu. Digitized by eGangotri

ਫਜ਼ਲਦੀਨ, ਮੀਰਾ ਬਖ਼ਸ਼ ਮਨਹਾਸ ਤੇ ਨਾਨਕ ਸਿੰਘ ਹਨ, ਪਰ ਦੇਸ਼ ਦੀ ਵੰਡ ਮਗਰੋਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਦਾ ਪਹਿਲਾ ਨਾਵਲ ਮੀਰਾ ਬਖ਼ਸ਼ ਮਨਹਾਸ ਨੇ ਲਿਖਿਆ, ਜਿਸਦਾ ਨਾਂ ਸੀ 'ਜੱਟ ਦੀ ਕਰਤੂਤ'। ਮਨਹਾਸ ਸਾਹਿਬ ਦਾ ਦੂਜਾ ਨਾਵਲ 'ਫੌਲਾਦੀ ਫੁੱਲ' ਵੀ ਸ਼ੁਰੂ ਦੇ ਨਾਵਲਾਂ ਵਿੱਚ ਗਿਣਿਆ ਜਾਂਦਾ ਹੈ। ਜੋਸ਼ਵਾ ਫਜ਼ਲਦੀਨ ਨੇ 1952 ਵਿੱਚ 'ਬਰਕੱਤੇ' ਨਾਂ ਦਾ ਨਾਵਲ ਛਾਪਿਆ, ਇਸ ਨਾਵਲ ਵਿੱਚ ਇੱਕ ਪਿੰਡ ਦੇ ਖ਼ੁਸ਼ਹਾਲ ਜ਼ਿੰਮੀਦਾਰ ਦੀ ਧੀ 'ਬਰਕੱਤੇ' ਦੀ ਕਹਾਣੀ ਹੈ, ਜੋ ਜ਼ੈਲਦਾਰ ਦੇ ਪੁੱਤਰ ਦਿਲਾਵਰ ਖ਼ਾਨ ਨਾਲ ਪਿਆਰ ਕਰਦੀ ਹੈ, ਪਰ ਉਹਦਾ ਵਿਆਹ ਬਚਪਨ ਦੇ ਮੰਗੇਤਰ ਨਾਲ ਹੋ ਜਾਂਦਾ ਹੈ। ਦਿਲਾਵਰ, ਬਰਕੱਤੇ ਦੇ ਖਾਵੰਦ ਦਾ ਕਤਲ ਕਰ ਦਿੰਦਾ ਹੈ ਤੇ ਆਖ਼ਿਰ ਬਰਕੱਤੇ ਆਪਣੇ ਆਸ਼ਿਕ ਦਿਲਾਵਰ ਕੋਲ ਚਲੀ ਜਾਂਦੀ ਹੈ। 'ਠੇਡਾ' ਨਾਵਲ ਅਬਦੁੱਲ ਮਜੀਦ ਭੱਟੀ ਹੋਰਾਂ ਨੇ ਲਿਖਿਆ, ਜਿਸ ਵਿੱਚ 'ਸ਼ਾਹੀਦਾ' ਨਾਂ ਦੀ ਕੁੜੀ ਦੀ ਕਹਾਣੀ ਹੈ ਜੋ ਜਿਨਸੀ ਭੁੱਖ ਦਾ ਸ਼ਿਕਾਰ ਹੈ ਤੇ ਉਹਦਾ ਪਤੀ ਉਹਨੂੰ ਛੱਡ ਦਿੰਦਾ ਹੈ ਤੇ ਇਸ ਘਟਨਾ ਤੋਂ ਸ਼ਾਹੀਦਾ ਦੀ ਛੋਟੀ ਭੈਣ ਇਬਰਤ ਹਾਸਿਲ ਕਰਦੀ ਹੈ। 1961 ਵਿੱਚ ਅਫਜ਼ਲ ਅਹਿਸਨ ਰੰਧਾਵਾ ਨੇ 'ਦੀਵਾ ਤੇ ਦਰਿਆ' ਨਾਂ ਦਾ ਨਾਵਲ ਛਾਪਿਆ। ਇਸੇ ਸਾਲ ਸਲੀਮ ਖ਼ਾਨ ਗੰਮੀ ਦਾ ਨਾਵਲ 'ਸਾਂਝ' ਪ੍ਰਕਾਸ਼ਿਤ ਹੋਇਆ। 'ਦੀਵਾ ਤੇ ਦਰਿਆ' ਦੋ ਸਿੱਖ ਜੱਟ ਪਰਿਵਾਰਾਂ ਦੀ ਦੁਸ਼ਮਣੀ ਦੀ ਕਹਾਣੀ ਹੈ। 'ਸਾਂਝ' ਨਾਵਲ ਵਿੱਚ ਖ਼ੂਨੀ ਵੰਡ ਦੀ ਕਹਾਣੀ ਹੈ, ਜਿਸ ਵਿੱਚ ਇੱਕ ਮੁਹੱਲੇ ਦੇ ਪਠਾਨ ਸਿੱਖ ਬੱਚਿਆਂ ਤੇ ਸੁਆਣੀਆਂ ਨੂੰ ਬਚਾਉਣ ਲਈ ਦੂਜੀ ਪਠਾਨ ਬਸਤੀ ਦੇ ਪਠਾਨਾਂ ਦੇ ਹਮਲੇ ਨੂੰ ਰੋਕਦੇ ਹਨ। ਇਹ ਨਾਵਲ ਵੰਡ ਤੋਂ ਪਹਿਲਾਂ ਦੇ ਸਾਂਝੇ ਸੱਭਿਆਚਾਰ ਨੂੰ ਦਰਸਾਉਂਦਾ ਹੈ। 1971 ਵਿੱਚ ਜ਼ਫਰ ਲਾਸ਼ਾਰੀ ਦੇ ਨਾਵਲ 'ਨਾਜ਼ੋ' ਦੀ ਬੜੀ ਚਰਚਾ ਹੋਈ। ਡਾ. ਬਾਕਰ ਦਾ ਨਾਵਲ 'ਹੇਠ' (1972), ਰਾਜਾ ਮੁਹੰਮਦ ਅਹਿਮਦ ਦਾ ਨਾਵਲ 'ਖੇਡ ਮੁਕੱਦਰਾਂ ਦੀ' (1974), ਆਗਾ ਅਸ਼ਰਫ ਦਾ ਨਾਵਲ 'ਦਿਲ ਇੱਕ ਦੀਵਾ' (1975); ਇਜਾਜ਼-ਉਲ-ਹਕ ਦਾ ਨਾਵਲ 'ਸੁੱਕੇ ਪਾਣੀ' (1975) ਪਾਠਕਾਂ ਨੂੰ ਪੜ੍ਹਣ ਲਈ ਮਿਲੇ। 1975-76 ਵਿੱਚ ਲਹਿੰਦੇ ਪੰਜਾਬ ਨੇ ਪੰਜਾਬੀ ਨਾਵਲ ਨੂੰ ਇੱਕ ਨਵੀਂ ਪਛਾਣ ਤੇ ਰੁਝਾਣ ਦਿੱਤਾ। ਇਹ ਨਾਵਲ ਫਖ਼ਰ ਜ਼ਮਾਂ ਹੋਰਾਂ ਨਵੀਂ ਸ਼ੈਲੀ ਵਿੱਚ ਲਿਖਿਆ ਤੇ ਇਸਦਾ ਨਾਂ ਸੀ 'ਸੱਤ ਗਵਾਚੇ ਲੋਕ'। ਇਹ ਨਾਵਲ ਦੋਵੇਂ ਪੰਜਾਬਾਂ ਵਿੱਚ ਇੱਕ ਟਰੈਂਡ ਸੈਟਰ ਬਣਿਆ ਤੇ ਚੜ੍ਹਦੇ ਪੰਜਾਬ ਵਿੱਚ



CC-0. Sohail Kazmi Collection, Jammu. Digitized by eGangotri

ਹੱਥੋਂ-ਹਥੀਂ ਲਿਆ ਗਿਆ। ਇਸਨੂੰ ਲਿਪੀਅਾਂਤਰ ਕਰਕੇ ਗੁਰੂ ਨਾਨਕ ਦੇਵ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੋਰਸਾਂ ਵਿੱਚ ਲਗਾਇਆ ਗਿਆ। ਇਹ ਨਾਵਲ ਵਿਧੀ, ਪ੍ਰਤੀਕ ਤੇ ਕਲਾ ਕੌਸ਼ਲਤਾ ਦਾ ਇੱਕ ਸੋਹਣਾ ਨਮੂਨਾ ਹੈ, ਜਿਸ ਵਿੱਚ ਪੰਜਾਬ ਤੇ ਪੰਜਾਬੀਅਤ ਦੀ ਗੱਲ ਕੀਤੀ ਗਈ ਹੈ ਅਤੇ ਸਾਂਝੇ ਪੰਜਾਬ ਦੇ ਹੀਰੋ ਤਲਾਸ਼ੇ ਗਏ ਹਨ। ਦੂਜੇ ਵਰ੍ਹੇ ਫਖ਼ਰ ਜਮਾਂ ਨੇ ਇੱਕ ਹੋਰ ਪ੍ਰਤੀਕਾਤਮਕ ਨਾਵਲ ਪੰਜਾਬੀ ਸਾਹਿਤ ਨੂੰ ਦਿੱਤਾ, ਜਿਸਦਾ ਨਾਂ ਸੀ 'ਇੱਕ ਮਰੇ ਬੰਦੇ ਦੀ ਕਹਾਣੀ' (1977)। 1976 ਵਿੱਚ ਮੁਸੱਤਨਸਰ ਹੁਸੈਨ ਤਾਰੜ ਦਾ ਨਾਵਲ 'ਪੰਖੇਰੂ' ਛਪਿਆ, ਇਸ ਨਾਵਲ ਨੇ ਵੀ ਆਪਣੇ ਕਥਾਨਕ ਤੇ ਪ੍ਰਤੀਕਾਤਮਕ ਸ਼ੈਲੀ ਕਾਰਨ ਪੰਜਾਬੀ ਜਗਤ ਵਿੱਚ ਇੱਕ ਵਿਸ਼ੇਸ਼ ਸਥਾਨ ਬਣਾਇਆ। ਇਨ੍ਹਾਂ ਦੋਵੇਂ ਨਾਵਲਾਂ ਵਿੱਚ ਵਰਤੀ ਗਈ ਭਾਸ਼ਾ ਪਰੰਪਰਾ ਨਾਲੋਂ ਹਟ ਕੇ ਹੈ। 'ਸੱਤ ਗਵਾਚੇ ਲੋਕ' ਪੰਜਾਬ ਦੀ ਵੰਡ ਨੂੰ ਨਕਾਰਦਾ ਹੈ ਤੇ ਇਸਦੀ ਅਸਲ ਸ਼ਨਾਖਤ ਤੇ ਪੰਜਾਬੀਅਤ ਨੂੰ ਢੂੰਡਣ ਦਾ ਯਤਨ ਕਰਦਾ ਹੈ। ਇਹ ਨਾਵਲ ਪਾਕਿਸਤਾਨ ਵਿੱਚ ਜ਼ਬਤ ਕਰ ਲਿਆ ਗਿਆ ਸੀ, ਪਰ ਭਾਰਤ ਵਿੱਚ ਬੜਾ ਚਰਚਿਤ ਹੋਇਆ। ਇੰਝ ਹੀ 'ਪੰਖੇਰੂ' ਵੀ ਗੁਰਮੁਖੀ ਵਿੱਚ ਲਿਪੀਅਾਂਤਰ ਹੋ ਕੇ ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚ ਲਗਾਇਆ ਗਿਆ। ਇਸ ਤੋਂ ਛੁੱਟ ਨਾਦਿਮ ਅਸਰੀ ਦਾ ਨਾਵਲ 'ਇੱਕ ਅਣਖੀ ਧੀ ਪੰਜਾਬ ਦੀ' ਤੇ ਰਜ਼ੀਆ ਨੂਰ ਮੁਹੰਮਦ ਦਾ ਨਾਵਲ 'ਬਲਦੇ ਦੀਵੇ' ਵੀ 1976 ਵਿੱਚ ਛਪੇ। ਅਹਿਮਦ ਸਲੀਮ ਦਾ ਨਾਵਲ 'ਨਾਲ ਮੇਰੇ ਕੋਈ ਚੱਲੇ' (1977), ਇਹਸਾਨ ਬਟਾਲਵੀ ਦਾ ਨਾਵਲ 'ਕਹਾਣੀ ਇੱਕ ਅਜੜ ਦੀ' ਤੇ ਗੁਲਾਮ ਹੁਸੈਨ ਸੁਹੇਲ ਦਾ ਨਾਵਲ 'ਟਾਹਲੀਆਂ ਦੀ ਛਾਂ' ਵੀ 1978 ਵਿੱਚ ਛਪੀਆਂ। ਜਦਕਿ ਇਸੇ ਸਾਲ ਮੀਰਾਂ ਬਖ਼ਸ਼ ਮਨਹਾਸ ਦਾ ਨਾਵਲ 'ਜੱਟ ਦੀ ਕਰਤੂਤ' ਦਾ ਦੂਜਾ ਅਡੀਸ਼ਨ ਛਪਿਆ। 'ਨਾਜ਼ੋ' ਨਾਵਲ ਵਿੱਚ ਇੱਕ ਹਿੰਦੂ ਬਾਲੜੀ ਨੂੰ ਫਸਾਦਾਂ ਦੀ ਅੱਗ 'ਚੋਂ ਬਚਾਇਆਂ ਜਾਂਦਾ ਹੈ, ਜਿਸਦੇ ਮਾ-ਪਿਓ ਅੱਗ ਤੇ ਲਹੂ ਦੀ ਖੇਡ ਵਿੱਚ ਮਰ ਚੁੱਕੇ ਸਨ।

ਫਖ਼ਰ ਜ਼ਮਾਂ ਦੇ ਕੁੱਝ ਹੋਰ ਨਾਵਲ ਵੀ ਛਪੇ, ਜਿਨ੍ਹਾਂ ਦਾ ਵੇਰਵਾ ਇੰਝ ਹੈ: 'ਬੰਦੀਵਾਨ', 'ਬੇਵਤਨਾ', 'ਕਮਜ਼ਾਤ' ਅਤੇ 'ਤੂੰ ਕਿ ਮੈਂ''। 'ਬੰਦੀਵਾਨ' ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲੱਫਕਾਰ ਅਲੀ ਭੁੱਟੋ ਦੀ ਫਾਂਸੀ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਸੀ ਤੇ ਫੱਖ਼ਰਜਮਾਂ ਨੇ ਇਹ ਨਾਵਲ ਜੇਲ੍ਹ ਵਿੱਚ ਰਹਿ ਕੇ ਲਿਖਿਆ ਅਤੇ ਸਭ ਤੋਂ ਪਹਿਲਾਂ ਗੁਰਮੁਖੀ ਲਿੱਪੀ


CC-0. Sohail Kazmi Collection, Jammu. Digitized by eGangotri

ਵਿੱਚ ਚੜ੍ਹਦੇ ਪੰਜਾਬ ਵਿੱਚ ਛਪਿਆ, ਮਗਰੋਂ ਫੌਜੀ ਡਿਕਟੇਟਰ ਜਨਰਲ ਜ਼ਿਆਉਲ ਹੱਕ ਦੀ ਫੌਤਗੀ ਮਗਰੋਂ ਸ਼ਾਹਮੁਖੀ ਅੱਖਰਾਂ ਵਿੱਚ ਲਾਹੌਰੋਂ ਛਪਿਆ। ਫੱਖ਼ਰਜਮਾਂ ਨੇ ਆਪਣਿਆਂ ਨਾਵਲਾਂ ਵਿੱਚ ਪੰਜਾਬ ਦੀ ਗੱਲ ਕੀਤੀ ਹੈ, ਪੰਜਾਬੀ ਭਾਸ਼ਾਂ ਤੇ ਸੱਭਿਆਚਾਰ ਦੀ ਗੱਲ ਕੀਤੀ ਹੈ, ਵੰਡ ਨੂੰ ਨਿਕਾਰਿਆ ਹੈ ਤੇ ਸੂਫੀਆਂ ਦੇ ਕਲਾਮ ਰਾਹੀਂ ਸਾਂਝੇ ਪੰਜਾਬ ਦੀ ਰਹਿਤਲ ਨੂੰ ਦਰਸਾਇਆ ਹੈ। ਮੁਹੰਮਦ ਮਨਸ਼ਾ ਯਾਦ ਨੇ 'ਟਾਵਾਂ ਟਾਵਾਂ ਤਾਰਾ' ਅਤੇ ਮੀਰ ਤਨਹਾ ਯੂਸਫੀ ਨੇ 'ਇੱਕ ਸਮੁੰਦਰ ਪਾਰ' ਨਾਵਲ ਲਿਖੇ। ਇਹ ਦੋਵੇਂ ਨਾਵਲ 80-81 ਵਿੱਚ ਲਿਖੇ ਗਏ। 1981 ਵਿੱਚ ਹੀ ਅਫਜ਼ਲ ਅਹਿਸਨ ਰੰਧਾਵਾ ਨੇ ਆਪਣਾ ਦੂਜਾ ਨਾਵਲ 'ਦੁਆਬਾ' ਲਿਖਿਆ। ਬਾਅਦ ਵਿੱਚ ਉਨ੍ਹਾਂ ਦਾ ਤੀਜਾ ਨਾਵਲ 'ਸੂਰਜ ਗ੍ਰਹਿਣ' ਵੀ ਪ੍ਰਕਾਸ਼ਿਤ ਹੋਇਆ। ਰੰਧਾਵਾ ਸਾਹਿਬ ਨੇ ਆਪਣੇ ਨਾਵਲਾਂ ਵਿੱਚ ਪੰਜਾਬੀ ਜੱਟਾਂ ਦੀ ਬਹਾਦਰੀ, ਮੁਹੱਬਤ ਤੇ ਦੁਸ਼ਮਣੀ ਅਤੇ ਸਿੱਖ, ਮੁਸਲਿਮ ਸੱਭਿਆਚਾਰਕ ਰਿਸ਼ਤਿਆਂ ਦੀ ਗੱਲ ਕੀਤੀ ਹੈ। ਇਸ ਤੋਂ ਛੁੱਟ ਜਿਹੜੇ ਹੋਰ ਨਾਵਲ ਲਿਖੇ ਗਏ, ਉਨ੍ਹਾਂ ਵਿੱਚੋਂ ਕੁੱਝ ਚਰਚਿਤ ਨਾਵਲਾਂ ਦਾ ਜ਼ਿਕਰ ਹੇਠਾਂ ਦਰਜ ਹੈ:

| | |
|---|---|
| ਅਸਗਰ ਸ਼ਾਮੀ | 'ਪ੍ਰੀਤ' |
| ਇਸਮਾਇਲ ਅਹਿਮਦਾਨੀ | 'ਛੋਲਿਆਂ' |
| ਜ਼ਫਰ ਲਾਸ਼ਾਰੀ | 'ਪਹਾਜ' |
| ਕੈਂਕਸ਼ਾਂ ਮਲਿਕ | 'ਚਿੱਕੜ ਰੰਗੀ ਮੂਰਤੀ' |
| ਨਸਰੀਨ ਭੱਟੀ | 'ਗੁੰਝਲ |
| ਇਲਿਆਸ ਘੁੰਮਣ | 'ਪੁਰਾਣਾ ਪਿੰਡ' |
| ਇਲਿਆਸ ਘੁੰਮਣ | 'ਮਿੱਟੀ 'ਵਾਜਾਂ ਮਾਰਦੀ' |
| ਇਲਿਆਸ ਘੁੰਮਣ | 'ਅਧਰੰਗ' |
| ਇਲਿਆਸ ਘੁੰਮਣ | 'ਘਰਵਾਲੀ' |
| ਇਲਿਆਸ ਘੁੰਮਣ | 'ਕਾਲਾ ਪਰਛਾਵਾਂ' |
| ਅਲੀ ਅਨਵਰ ਅਹਿਮਦ | 'ਇਮਤਿਹਾਨੀ ਘੋੜਾ' |
| ਫੌਜ਼ੀਆ ਰਫੀਕ | 'ਸਕੀਨਾ' |
| ਅਹਿਮਦ ਸਲੀਮ | 'ਉਧੜੀ ਕਿਤਾਬ ਦੇ ਖਿੱਲਰੇ ਵਰਕ' |
| ਫਰਜ਼ੰਦ ਅਲੀ | 'ਭੁਬੱਲ' |
| ਫਰਜ਼ੰਦ ਅਲੀ | 'ਤਾਈ' |
| ਫਰਜ਼ੰਦ ਅਲੀ | 'ਇੱਕ ਚੁੰਢੀ ਲੂਣ ਦੀ' |



CC-0. Sohail Kazmi Collection, Jammu. Digitized by eGangotri

ਮੀਰ ਤਨਹਾ ਯੂਸਫੀ 'ਕਾਲਾ ਚਾਨਣ'
ਅਫਜ਼ਲ ਅਹਿਸਨ ਰੰਧਾਵਾ 'ਸੂਰਜ ਗ੍ਰਹਿਣ'

## ਨਾਟਕ

ਨਾਟਕ ਬਾਕਾਇਦਾ ਲਿਖਤ ਵਿੱਚ ਆਉਣ ਤੋਂ ਪਹਿਲਾਂ ਲੋਕ ਪੱਧਰ ਤੇ ਰਾਸਾਂ, ਨਕਲਾਂ ਤੇ ਰਾਮ ਲੀਲ੍ਹਾ ਦੇ ਰੂਪ ਵਿੱਚ ਪੰਜਾਬ ਅੰਦਰ ਮੌਜੂਦ ਸੀ, ਪਰ ਲਿਖਤੀ ਰੂਪ ਵਿੱਚ ਪੰਜਾਬੀ ਵਿੱਚ ਪਹਿਲਾ ਨਾਟਕ ਡਾ. ਚਰਨ ਸਿੰਘ ਨੇ 1899 ਵਿੱਚ ਲਿਖਿਆ, ਜਿਹੜਾ 'ਕਾਲੀਦਾਸ' ਦੇ ਸੰਸਕ੍ਰਿਤ ਨਾਟਕ 'ਸ਼ਕੁੰਤਲਾ' ਦਾ ਪੰਜਾਬੀ ਅਨੁਵਾਦ ਸੀ। ਫਿਰ ਭਾਈ ਵੀਰ ਸਿੰਘ ਨੇ 'ਰਾਜਾ ਲੱਖ ਦਾਤਾ' ਨਾਂ ਦਾ ਨਾਟਕ ਲਿਖਿਆ। ਪਰ ਸਟੇਜ 'ਤੇ ਖੇਡਿਆ ਜਾਣ ਵਾਲਾ ਪਹਿਲਾਂ ਨਾਟਕ ਆਈ.ਸੀ. ਨੰਦਾ ਦਾ 'ਸੁਭੱਦਰਾ ਤੇ ਲੱਲੀ ਦਾ ਵਿਆਹ' ਜਿਹੜਾ 1916 ਵਿੱਚ ਲਿਖਿਆ ਤੇ ਖੇਡਿਆ ਗਿਆ। 1937 ਵਿੱਚ ਲਾਹੌਰ ਰੇਡੀਓ ਸਟੇਸ਼ਨ ਚਾਲੂ ਹੋਇਆ ਤੇ ਰੇਡੀਓ 'ਤੇ ਡਰਾਮੇ ਨਸ਼ਰ ਹੋਣ ਲੱਗੇ। ਰਫੀ ਪੀਰਜ਼ਾਦਾ ਨੇ ਰੇਡੀਓ ਲਈ 'ਅੱਖੀਆਂ' ਤੇ ਹੋਰ ਕਈ ਡਰਾਮੇ ਲਿਖੇ। ਫਿਰੋਜ਼ਦੀਨ ਸ਼ਰਫ ਨੇ ਰੇਡੀਓ ਲਈ 'ਹੀਰ ਸਿਆਲ' ਨਾਟਕ ਲਿਖਿਆ। ਮਗਰੋਂ ਇਸ ਨਾਟਕ 'ਤੇ ਫਿਲਮ ਵੀ ਬਣੀ। 1945 ਵਿੱਚ ਸੱਜਾਦ ਹੈਦਰ ਨੇ 'ਹਵਾ ਦੇ ਹੌਕੇ', 'ਝਾਂਜਰ ਦੇ ਮਗਰ ਮਗਰ' ਅਤੇ 'ਅੱਖਾਂ ਤ੍ਰਿਪ ਤ੍ਰਿਪ ਰੋਂਦੀਆਂ' ਨਾਂ ਦੇ ਨਾਟਕ ਲਿਖੇ।

ਵੰਡ ਮਗਰੋਂ ਸੱਜਾਦ ਹੈਦਰ, ਰਫੀ ਪੀਰ ਜ਼ਾਦਾ ਅਤੇ ਇਸ਼ਫਾਕ ਅਹਿਮਦ ਨੇ ਨਾਟਕ ਦੇ ਖੇਤਰ ਵਿੱਚ ਚੋਖਾ ਨਾਮ ਕਮਾਇਆ। ਸੱਜਾਦ ਹੈਦਰ ਨੇ ਆਪਣੇ ਲਿਖੇ ਕਈ ਨਾਟਕਾਂ ਨੂੰ ਪੁਸਤਕ ਦੀ ਸੂਰਤ ਵਿੱਚ 1958 ਵਿੱਚ ਛਾਪਿਆ ਤੇ ਉਸ ਪੁਸਤਕ ਦਾ ਨਾਂ ਵੀ 'ਹਵਾ ਦੇ ਹੌਕੇ' ਰੱਖਿਆ। 1960 ਵਿੱਚ ਇਸ਼ਫਾਕ ਅਹਿਮਦ ਨੇ ਆਪਣੇ ਨਾਟਕਾਂ ਨੂੰ ਕਿਤਾਬੀ ਸ਼ਕਲ ਦਿੱਤੀ ਅਤੇ 'ਟਾਹਲੀ ਦੇ ਥੱਲੇ' ਸਿਰਨਾਵੇ ਹੇਠ ਇਹ ਪੁਸਤਕ ਪ੍ਰਕਾਸ਼ਿਤ ਕੀਤੀ। ਟੈਲੀਵਿਜ਼ਨ ਭਾਰਤ ਤੋਂ ਪਹਿਲਾਂ ਪਾਕਿਸਤਾਨ ਵਿੱਚ ਆਇਆ ਤੇ ਟੈਲੀਵਿਜ਼ਨ ਦੇ ਡਰਾਮੇ ਲਹਿੰਦੇ ਤੇ ਚੜ੍ਹਦੇ ਪੰਜਾਬ ਤੋਂ ਛੁੱਟ ਜੰਮੂ-ਕਸ਼ਮੀਰ ਵਿੱਚ ਵੀ ਬੜੇ ਸ਼ੌਕ ਨਾਲ ਦੇਖੇ ਜਾਣ ਲੱਗੇ। ਬਾਨੋ ਕੁਦਸੀਆ ਰੇਡੀਓ ਤੇ ਟੈਲੀਵਿਜ਼ਨ ਦੇ ਹਵਾਲੇ ਨਾਲ ਪਾਕਿਸਤਾਨ ਵਿੱਚ ਉਰਦੂ ਤੇ ਪੰਜਾਬੀ ਨਾਟਕਕਾਰੀ ਦਾ ਇੱਕ ਵੱਡਾ ਨਾਂ ਹੈ, ਉਨ੍ਹਾਂ ਨੇ ਬੇਸ਼ੁਮਾਰ ਰੇਡੀਓ ਤੇ ਟੀ.ਵੀ. ਸੀਰੀਅਲ ਲਿਖੇ, ਸੂਚੀ ਇੰਨੀ ਲੰਬੀ ਹੈ



CC-0. Sohail Kazmi Collection, Jammu. Digitized by eGangotri

ਕਿ ਇਸ ਲੇਖ ਵਿੱਚ ਸਮਾ ਨਹੀਂ ਸਕਦੀ, ਪਰ ਇਹ ਨਾਟਕ ਅੱਜ ਵੀ ਸਰਹੱਦ ਦੇ ਦੋਵੇਂ ਪਾਸੇ ਲੋਕਾਂ ਨੂੰ ਯਾਦ ਹਨ। ਬੰਗਾਲੀ ਦੇ ਨਾਟਕਕਾਰ ਦੇ ਬੰਗਾਲੀ ਨਾਟਕਾਂ ਦਾ ਤਰਜ਼ੁਮਾਂ ਨਜ਼ਮ ਹੁਸੈਨ ਸਈਅਦ ਨੇ ਕੀਤਾ ਅਤੇ 'ਜੰਗਲ ਦਾ ਰਾਖਾ' ਸਿਰਨਾਵੇ ਹੇਠ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ। ਇੰਝ ਹੀ ਸੂਫੀ ਗੁਲਾਮ ਮੁਸਤਫਾ ਤਬੱਸੁੱਮ ਨੇ ਵੀ ਆਪਣੇ ਨਾਟਕਾਂ ਦੀ ਪੁਸਤਕ ਵੀ 1962 ਵਿੱਚ ਛਾਪੀ ਸੀ। ਗੁਲਾਮ ਨਬੀ ਤੇ ਬਸ਼ੀਰ ਸਦੀਕੀ ਨੇ ਸ਼ੇਕਸਪੀਅਰ ਦੇ ਦੋ ਨਾਟਕ 'ਹੈਮਲਟ' ਤੇ 'ਔਥੈਲੋ' ਦਾ ਪੰਜਾਬੀ ਰੂਪ ਸਟੇਜ 'ਤੇ ਖੇਡਿਆ ਤੇ ਕਿਤਾਬੀ ਸ਼ਕਲ ਵਿੱਚ ਵੀ ਛਾਪੇ ਚਾੜ੍ਹਿਆ। ਨਾਟਕਾਂ ਦੀ ਹੋਰ ਸੂਚੀ ਇਸ ਪ੍ਰਕਾਰ ਹੈ:

| | |
|---|---|
| ਅਫਜ਼ਲ ਪਰਵੇਜ਼ | 'ਕਿੱਕਰਾਂ ਦੀ ਛਾਂ' |
| ਮਨਸੂਰ ਕੈਸਰ | 'ਮੌਤ ਦਾ ਜਾਲ' ਤੇ 'ਸੱਪ ਤੇ ਦੀਵਾਰ' |
| ਅਨਵਰ ਸਜੱਾਦ | 'ਲੰਬੀਆਂ ਵਾਟਾਂ' |
| ਅਕਰਮ ਭੱਟ | 'ਸਜਾਵਲ' |
| ਆਗਾ ਅਸ਼ਰਫ | 'ਧਰਤੀ ਦੀਆਂ ਰੇਖਾਂ' ਤੇ 'ਬੱਦਲਾਂ ਦੀ ਛਾਂ' |
| ਸੱਜਾਦ ਹੈਦਰ | 'ਸੂਰਜਮੁਖੀ' |
| ਫਖਰ ਜ਼ਮਾਂ | 'ਚਿੜੀਆਂ ਦਾ ਚੰਬਾ' ਤੇ 'ਵਨ ਦਾ ਬੂਟਾ' |
| ਹਨੀਫ ਚੌਧਰੀ | 'ਸਾਵਨੀ ਦਾ ਰੁੱਖ' |
| ਅਹਿਮਦ ਸਲੀਮ | 'ਆਖ਼ਰੀ ਸਲਾਮ' |
| ਮੋਹਨੀ ਹਮੀਦ | 'ਪ੍ਰਦੇਸੀ' |
| ਅਬਦੁੱਲ ਹੱਕ ਅਲਵੀ | 'ਲੇਖਾ', 'ਚੱਕਰ' ਤੇ 'ਹੈਦਰ' |
| ਕੰਵਲ ਮੁਸ਼ਤਾਕ | 'ਸੰਯੋਗ' |
| ਸ਼ਾਹਬਾਜ਼ ਮਲਿਕ | 'ਤਵੀਤ', 'ਵਾਵਰੋਲਾ', 'ਉਚੇ ਨੱਕ' ਤੇ 'ਹਨੇ੍ਰ ਚਾਨਣਾ' |
| ਅਫਜ਼ਲ ਅਹਿਸਨ ਰੰਧਾਵਾ | 'ਨੇਜ਼ਾ ਬਾਜ਼', 'ਸੱਪ, ਸ਼ੀਸ਼ਾ ਤੇ ਫਕੀਰ' |
| ਆਗਾ ਅਸ਼ਰਫ | 'ਨਿੰਮਾ ਨਿੰਮਾ ਦੀਵਾ ਬਲੇ' |

ਟੈਲੀਵਿਜ਼ਨ ਡਰਾਮੇ ਤੇ ਸਟੇਜ ਨਾਟਕ ਲਹਿੰਦੇ ਪੰਜਾਬ ਦੇ ਪੰਜਾਬੀਆਂ ਲਈ ਮੰਨ ਪਰਚਾਉਣ ਦਾ ਬੜਾ ਪਿਆਰਾ ਤੇ ਸਸਤਾ ਸਾਧਨ ਹੈ ਤੇ ਟੈਲੀਵਿਜ਼ਨ ਆਉਣ ਮਗਰੋਂ ਇਨ੍ਹਾਂ ਨਾਟਕਾਂ ਦਾ ਗ੍ਰਾਫ ਤੇ ਮਿਆਰ ਬਹੁਤ ਉਚੱਾ ਹੋ ਗਿਆ ਹੈ। ਨਾਟਕ ਲਹਿੰਦੇ ਪੰਜਾਬ ਦੀ ਰਹਿਤਲ ਦਾ ਬਾਨਾ ਪਾ ਕੇ ਲੋਕਾਈ ਦੇ ਦਿਲਾਂ ਵਿੱਚ ਆਪਣੇ ਨਕਸ਼ੇ ਛੱਡਦਾ ਹੈ। 1971 ਤੋਂ 2000



CC-0. Sohail Kazmi Collection, Jammu. Digitized by eGangotri

ਤਕ ਜਿੰਨਾਂ ਨਾਟਕਾਂ ਨੇ ਪੰਜਾਬੀ ਰੰਗ-ਮੰਚ 'ਤੇ ਧੂਮ ਮਚਾਈ ਅਤੇ ਪਾਕਿਸਤਾਨ ਟੈਲੀਵਿਜ਼ਨ ਦੀ ਸ਼ੋਹਰਤ ਦਾ ਕਾਰਨ ਬਣੇ, ਉਨ੍ਹਾਂ ਵਿੱਚੋਂ ਕੁੱਝ ਕੁ ਨਾਂ ਇੰਝ ਹਨ:

| | |
|---|---|
| ਸਰਮਦ ਸਹਬਾਈ | 'ਤੂੰ ਕੌਣ' |
| ਮੇਜਰ ਇਸਹਾਕ | 'ਮੁਸੱਲੀ' ਤੇ 'ਕੁੱਕਨੂਸ' |
| ਅਬਦੁੱਲ ਹਕ ਅਲਵੀ | 'ਲੇਖਾ', 'ਚੱਕਰ ਤੇ ਹੈਦਰ' |
| ਬਾਨੋ ਕੁਦਸੀਆ | 'ਲਾਟਾਂ' |
| ਨਜ਼ਮ ਹੁਸੈਨ ਸਈਅਦ | 'ਤਖ਼ਤ ਲਾਹੌਰ' ਤੇ 'ਇੱਕ ਰਾਤ ਰਾਵੀ ਦੀ' |
| ਨਵਾਜ਼ | 'ਸ਼ਾਮ ਰੰਗੀ ਕੁੜੀ' |
| ਮੰਨੂ ਭਾਈ | 'ਜਜ਼ੀਰਾ' |
| ਸੱਜਾਦ ਹੈਦਰ | 'ਬੋਲ ਮਿੱਟੀ ਦਿਆ ਬਾਵਿਆ' |
| ਅੱਖਤਰ ਕਸ਼ਮੀਰੀ | 'ਛੱਕ' |
| ਸ਼ਕੀਲਾ ਜ਼ਮਾਲ | 'ਨਾਨਕੀ ਛੱਟ' |
| ਹਨੀਫ ਚੌਧਰੀ | 'ਹੱਕੀ ਗੱਲ' ਤੇ 'ਕੰਡੇ ਦੀ ਵਿੱਸ' |
| ਸ਼ਮਸ ਨਗਮਾਨ | 'ਧਨ ਪਰਾਇਆ' |
| ਬਾਬੂ ਜਵੇਦ ਗਰਜਾਖ਼ੀ | 'ਸਾਂਝੀ ਬੇੜੀ' |
| ਰਹਿਮਾਨ ਮੁਜ਼ੱਅਬ | 'ਪਤਨ' |
| ਇਨਾਮ-ਉਲ-ਹੱਕ ਜਾਵੇਦ | 'ਪਟਰੀ ਵਾਸ' |
| ਮੁਨੀਰ ਨਿਆਜ਼ੀ | 'ਹਾਬੀਲ ਤੇ ਕਾਬੀਲ' ਤੇ 'ਕੱਲੇ ਆਦਮੀ ਦਾ ਸਫਰ' |
| ਸ਼ਾਹਿਦ ਨਦੀਮ | 'ਝੱਲੀ ਕਿੱਥੇ ਜਾਵੇ', 'ਬਰਮੀ', 'ਚੁੱਲ੍ਹਾ', 'ਲਿਪੜ', 'ਖ਼ਸਮਾਂ ਖਾਣੀਆਂ', 'ਸ਼ਰਮ ਦੀ ਗੱਲ', 'ਧੀ ਰਾਣੀ', 'ਖ਼ੱਲ੍ਹਾ', 'ਜਨਜਾਲ ਪੂਰਾ', 'ਬੁਰਕਾ ਬਰਗੰਜ਼ਾ', 'ਡਾ. ਯੂਨਸ ਭੱਟੀ', 'ਦੰਗਲ', 'ਬਲਦੇ ਦੀਵੇ', 'ਦੁੱਖ ਦਰਿਆ' ਤੇ 'ਬੌਰਡਰ ਬੌਰਡਰ'। |

ਰੰਗ-ਮੰਚ ਤੇ ਟੈਲੀਵਿਜ਼ਨ ਤੋਂ ਇਲਾਵਾ ਪਾਕਿਸਤਾਨ ਵਿੱਚ 90% ਪੰਜਾਬੀ ਫਿਲਮਾਂ ਬਣਦੀਆਂ ਹਨ। 1948 ਤੋਂ ਲੈ ਕੇ 2000 ਤਕ ਪੂਰੇ ਪਾਕਿਸਤਾਨ ਵਿੱਚ ਪੰਜਾਬੀ ਫਿਲਮਾਂ ਦਾ ਹੀ ਬੋਲ-ਬਾਲਾ ਰਿਹਾ ਹੈ। ਕੁੱਝ ਮਸ਼ਹੂਰ ਫਿਲਮਾਂ ਦੇ ਨਾਂ ਇੰਝ ਹਨ:

'ਮਿਰਜ਼ਾ ਸਾਹਿਬਾਂ', 'ਹੀਰ ਸਿਆਲ', 'ਕਰਨੈਲ ਸਿੰਘ', 'ਚੰਨ ਮਾਈ', 'ਲਾਰੇ', 'ਮੁੱਖੜਾ', 'ਸੱਸੀ ਪੁੰਨੂੰ', 'ਪਤਨ', 'ਹੀਰ ਰਾਂਝਾ',


CC-0. Sohail Kazmi Collection, Jammu. Digitized by eGangotri

'ਦੁੱਲਾ ਭੱਟੀ', 'ਮਾਹੀ ਮੁੰਡਾ', 'ਮੌਲਾ ਜੱਟ', 'ਚੂੜੀਆਂ', 'ਮਾਂ ਪੁੱਤਰ', ਤੇ ਹੋਰ ਬੇਸ਼ੁਮਾਰ ਫਿਲਮਾਂ। ਇਨ੍ਹਾਂ ਫਿਲਮਾਂ ਵਿੱਚ ਵਰਤੀ ਗਈ ਪੰਜਾਬੀ ਭਾਸ਼ਾ, ਡਾਇਲਾਗ, ਹਾਸ-ਵਿਅੰਗ ਤੇ ਸਕਰੀਨ ਪਲੇਅ ਦੀ ਚੁਸਤੀ ਸ਼ਲਾਘਾਯੋਗ ਹੈ। ਪੰਜਾਬੀ ਗੀਤ, ਸਰਹੱਦ ਦੇ ਦੋਵੇਂ ਪਾਸੇ ਗਾਏ ਜਾਂਦੇ ਹਨ। ਪੰਜਾਬੀ ਫਿਲਮਾਂ ਦੀਆਂ ਕਹਾਣੀਆਂ ਨੇ ਵੀ ਪੰਜਾਬੀ ਵਾਰਤਕ ਦੀ ਉਸਾਰੀ ਵਿੱਚ ਬੜਾ ਯੋਗਦਾਨ ਪਾਇਆ ਹੈ। ਜੇ ਅੱਜ ਵੀ ਅਸੀਂ ਲਾਹੌਰ ਦੇ ਹਾਲ ਬਾਜ਼ਾਰ ਵਿੱਚ ਘੁੰਮੀਏ ਤਾਂ ਸਾਨੂੰ ਪੰਜਾਬੀ ਸਟੇਜ ਨਾਟਕਾਂ ਦੀਆਂ ਸੈਂਕੜੇ ਕੈਸਟਾਂ ਤੇ ਸੀ.ਡੀਆਂ ਮਿਲਣਗੀਆਂ।

## ਪਰਖ ਪੜਚੋਲ

ਇਸ ਖੇਤਰ ਵਿੱਚ ਵੀ ਚੋਖਾ ਕੰਮ ਹੋਇਆ ਹੈ। ਸੂਫੀ ਕਾਵਿ, ਲੋਕ ਸਾਹਿਤ, ਕਹਾਣੀ, ਨਾਵਲ, ਨਾਟਕ, ਲੋਕ ਵਾਰਾਂ, ਭਾਸ਼ਾ ਗਿਆਨ, ਪੰਜਾਬੀ ਬੋਲੀਆਂ ਤੇ ਉਪ ਬੋਲੀਆਂ ਤੇ ਹੋਰ ਕਈ ਸਿਨਫਾਂ 'ਤੇ ਭਰਵਾਂ ਕੰਮ ਕੀਤਾ ਜਾ ਰਿਹਾ ਹੈ। 1953 ਵਿੱਚ ਪ੍ਰੋ. ਮੁਹੰਮਦ ਸਰਵਰ ਨੇ 'ਪੰਜਾਬੀ ਅਦਬ' ਨਾਂ ਦੀ ਪੁਸਤਕ ਲਿਖੀ ਤੇ ਇਸੇ ਸਾਲ ਹੀ ਅਬਦੁੱਲ ਗਫੂਰ ਕੁਰੇਸ਼ੀ ਨੇ 'ਪੰਜਾਬੀ ਜ਼ੁਬਾਨ ਦਾ ਅਦਬ ਤੇ ਤਾਰੀਖ਼' ਲਿਖੀ। 1960 ਵਿੱਚ ਮੌਲਹਾ ਬਖ਼ਸ਼ ਕੁਸ਼ਤਾ ਨੇ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ' ਨਾਂ ਹੇਠ ਪੁਸਤਕ ਛਾਪੀ ਤੇ 1960 ਵਿੱਚ ਹੀ ਬੈਰਿਸਟ਼ਰ ਅਬਦੁੱਲ ਅਜ਼ੀਜ ਹੋਰਾਂ 'ਵਾਰਿਸ ਸ਼ਾਹ ਦੀ ਹੀਰ' ਨੂੰ ਸੋਧ ਕੇ ਛਾਪਿਆ। ਨਜ਼ਮ ਹੁਸੈਨ ਸਈਅਦ ਦੀ ਕਿਤਾਬ 'ਸੇਧਾਂ' ਦੋਵਾਂ ਪੰਜਾਬਾਂ ਵਿੱਚ ਛਪੀ। ਲਹਿੰਦੇ ਪੰਜਾਬ ਵਿੱਚ ਡਾ. ਫਕੀਰ ਮੁਹੰਮਦ ਫਕੀਰ ਨੂੰ ਪੰਜਾਬੀ ਦਾ ਬਾਬਾ ਕਹਿੰਦੇ ਨੇ, ਉਨ੍ਹਾਂ ਪੰਜਾਬੀ ਅਦਬੀ ਭੰਡਾਰ ਵਿੱਚ ਅਨਮੁੱਲਾ ਵਾਧਾ ਕੀਤਾ ਹੈ। ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਹਾਸ਼ਿਮ ਸ਼ਾਹ ਤੇ ਮੌਲਵੀ ਗੁਲਾਮ ਰਸੂਲ ਆਦਿ ਪੰਜਾਬੀ ਸੂਫੀ ਸ਼ਾਇਰਾਂ ਦਾ ਕਲਾਮ ਸੋਧ ਕੇ ਛਾਪਿਆ। ਸਰੀਫ ਕੁੰਜਾਹੀ ਨੇ ਵੀ ਆਲੋਚਨਾ ਦੇ ਖੇਤਰ ਵਿੱਚ ਬੜੀਆਂ ਮੱਲਾਂ ਮਾਰੀਆਂ ਨੇ ਤੇ 'ਝਾਤੀਆਂ' ਵਰਗੀ ਆਲੋਚਨਾ ਦੀ ਮੁੱਢਲੀ ਕਿਤਾਬ ਲਿਖੀ। ਉਨ੍ਹਾਂ ਦੀ ਇੱਕ ਹੋਰ ਪੁਸਤਕ 'ਰਿਗ ਵੇਦ 'ਤੇ ਇੱਕ ਝਾਤ' ਪੰਜਾਬੀ ਸਾਹਿਤਕਾਰਾਂ ਲਈ ਅਨਮੁੱਲਾ ਤੋਹਫਾ ਹੈ।

ਭਾਸ਼ਾ ਗਿਆਨ 'ਤੇ ਵੀ ਉਨ੍ਹਾਂ ਦਾ ਕੰਮ ਸ਼ਲਾਘਾਯੋਗ ਹੈ। ਤਨਵੀਰ ਬੁਖਾਰੀ ਨੇ 'ਮਾਈਆ-ਫਨ ਤੇ ਪੰਜਾਬ ਰਸ', 'ਰੂਪ ਸਰੂਪ ਅਦਬ ਦਾ', 'ਅੰਮ੍ਰਿਤ ਰਸ' ਤੋਂ ਛੁੱਟ 'ਕੰਨ ਲੇਖਾ' ਪੁਸਤਕ ਵਿੱਚ ਜੰਮਣ ਮਰਨ ਦੀਆਂ



CC-0. Sohail Kazmi Collection, Jammu. Digitized by eGangotri

ਰਸਮਾਂ ਦਾ ਵੇਰਵਾ ਦਿੱਤਾ ਹੈ। ਇਸ ਤੋਂ ਛੁੱਟ ਤਨਵੀਰ ਬੁਖਾਰੀ ਹੋਰਾਂ 'ਲੋਕ ਖੇਡਾਂ' ਤੇ 'ਰੱਬ ਹੋਰਾਂ ਦੇ ਨਾਂ' ਵਰਗੀਆਂ ਪੁਸਤਕਾਂ ਵੀ ਲਿਖੀਆਂ। ਡਾ. ਸਈਅਦ ਅਖਤਰ ਜਾਫਰੀ ਦੀ ਕਿਤਾਬ 'ਪੰਜਾਬੀ ਅਦਬੀ ਸਿਨਫਾਂ' ਛਪੀ ਹੈ। 453 ਸਫਿਆਂ ਦੀ ਇਸ ਪੁਸਤਕ ਵਿੱਚ ਸ਼ਾਇਰੀ ਦੀਆਂ 36 ਤੇ ਵਾਰਤਾ ਦੀਆਂ 7 ਸਿਨਫਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸ਼ਾਹੀਨ ਕਰਾਮਤ ਮਲਿਕ ਨੇ 'ਪੰਜਾਬੀ ਜ਼ੁਬਾਨ ਬਾਰੇ ਤਜ਼ਕਰਿਆਂ ਤੇ ਤਾਰੀਖ਼ਾਂ ਦਾ ਤਕਨੀਕੀ ਜਾਇਜ਼ਾ' ਨਾਂ ਦੀ ਪੁਸਤਕ ਜਾਰੀ ਕੀਤੀ ਹੈ। ਸੱਜਾਦ ਹੈਦਰ ਪਰਵੇਜ਼ ਨੇ 'ਸਰਾਈਕੀ ਅਦਬ ਦੀ ਤਾਰੀਖ਼' ਤੇ 'ਲੋੜ ਤੇ ਪੰਧ' ਪੁਸਤਕਾਂ ਲਿਖੀਆਂ। ਯਾਦ ਰਹੇ ਕਿ ਬਹਾਵਲਪੁਰ ਤੋਂ ਲੈ ਕੇ ਰਹੀਮ ਯਾਰ ਖ਼ਾਨ ਤਕ ਦੇ ਇਲਾਕੇ ਵਿੱਚ ਬੋਲੀ ਜਾਣ ਵਾਲੀ ਪੰਜਾਬੀ ਦੀ ਉਪੱ ਬੋਲੀ ਨੂੰ 'ਸਰਾਇਕੀ' ਆਖਿਆ ਜਾਂਦਾ ਹੈ। ਅਰਸ਼ਦ ਮਹਿਮੂਦ ਨੇ 'ਛਾਛੀ' ਬੋਲੀ ਬਾਰੇ ਕਈ ਖੋਜ ਪੂਰਵਕ ਕਿਤਾਬਾਂ ਲਿਖੀਆਂ ਹਨ, ਜਿਵੇਂ: 'ਛਾਛੀ ਬੋਲੀ' 'ਛਾਛੀ ਬੋਲੀ ਦਾ ਇਤਿਹਾਸ', 'ਛਾਛੀ ਤੇ ਹਿੰਦਕੂ', 'ਛਾਛੀ ਤੇ ਪੋਠੋਹਾਰੀ'। ਪ੍ਰੋ. ਸ਼ਾਰਬ ਦੀ ਮੁੱਢਲੀ ਪਛਾਣ ਇੱਕ ਸ਼ਾਇਰ ਤੇ ਫੋਕ ਲੋਰਿਸਟ ਦੇ ਰੂਪ 'ਚ ਹੈ, ਪਰ ਉਨ੍ਹਾਂ ਕਲਾਸਕੀ ਸ਼ਾਇਰਾਂ ਅਤੇ ਅਜੋਕੀ ਕਵਿਤਾ ਬਾਰੇ ਆਲੋਚਨਾਤਮਕ ਲੇਖ ਲਿਖੇ ਹਨ। ਪ੍ਰੋ. ਸ਼ਾਰਬ ਨੇ ਮਾਈਆ, ਟੱਪੇ ਤੇ ਹੋਰ ਬੋਲੀਆਂ ਬਾਰੇ ਪੂਰੇ ਪਾਕਿਸਤਾਨ ਦਾ ਕੋਨਾ-ਕੋਨਾ ਛਾਣ ਮਾਰਿਆ ਹੈ ਤੇ ਖੋਜ ਕਰਕੇ ਮੁਵਾਦ ਹਾਸਿਲ ਕੀਤਾ ਹੈ ਤੇ ਬੜੀ ਮਿਹਨਤ ਨਾਲ ਇੱਕ ਅਣਮੁੱਲੀ ਕਿਤਾਬ ਛਾਪੀ ਹੈ। ਉਨ੍ਹਾਂ ਢੋਲਿਆਂ ਬਾਰੇ ਵੀ ਇੱਕ ਕਿਤਾਬ ਲਿਖੀ ਹੈ, ਜਿਸਦਾ ਨਾਂ ਹੈ 'ਬਾਰ ਦੇ ਢੋਲੇ'। ਨਜਮ ਹੁਸੈਨ ਸਈਅਦ ਨੇ ਸੇਧਾਂ ਤੋਂ ਛੁੱਟ 'ਖਾਕੂ ਜੇੜ ਨਾ ਕੋਏ' 'ਆਹੀਆਂ ਵਿੱਚੋਂ ਨਾਹੀਆਂ', 'ਲੋਕਾਂ ਕਮਲਿਆਂ ਨੂੰ ਕਿੱਸਾ ਹੁਸ਼ਿਆਰ' ਵਰਗੀਆਂ ਪਰਖ ਪੜਚੋਲ ਦੀਆਂ ਪੁਸਤਕਾ ਲਿਖੀਆਂ। ਫੈਸਲ ਹਯਾਤ ਜਪਾ ਨੇ 'ਭਵਾਨਾ ਦੀਆਂ ਸੱਥਾਂ' ਕਿਤਾਬ ਲਿਖ ਕੇ ਖੋਜਕਾਰੀ ਵਿੱਚ ਵਾਧਾ ਕੀਤਾ ਹੈ। ਡਾ. ਫਕੀਰ ਮੁਹੰਮਦ ਫਕੀਰ ਨੇ 'ਨਾਦਰ ਸ਼ਾਹ ਦੀ ਵਾਰ' ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਕਬਾਲ ਸਲਾਹਦੀਨ ਨੇ 'ਪੰਜਾਬੀ ਦਾ ਕਲਾਸਕੀ ਸ਼ਾਇਰੀ ਵਿਰਸਾ' ਕਿਤਾਬ ਲਿਖੀ ਹੈ। ਕਰਾਮਤ ਅਲੀ ਮੁਗਲ ਨੇ 'ਪੰਜਾਬੀ ਗਰਾਮਰ' ਨਾਂ ਦੀ ਪੁਸਤਕ ਲਿਖੀ। ਅਲੀ ਅਬਾਸ ਜਲਾਲਪੁਰੀ ਨੇ 'ਵੈਦੱਤ-ਉਲ-ਵਜੂਦ ਤੇ ਪੰਜਾਬੀ ਸ਼ਾਇਰੀ' ਪੁਸਤਕ ਲਿਖ ਕੇ ਖੋਜ ਖੇਤਰ ਵਿੱਚ ਇੱਕ ਭਰਵਾਂ ਯੋਗਦਾਨ ਪਾਇਆ ਹੈ। ਇਹ ਪੁਸਤਕ ਗੁਰਮੁਖੀ ਵਿੱਚ ਛਪ ਕੇ ਭਾਰਤੀ


CC-0. Sohail Kazmi Collection, Jammu. Digitized by eGangotri

ਯੂਨੀਵਰਸਿਟੀਆਂ ਵਿੱਚ ਪੜ੍ਹਾਈ ਜਾਂਦੀ ਰਹੀ ਹੈ। ਇਸ ਪੁਸਤਕ ਵਿੱਚ ਜਲਾਲਪੁਰੀ ਹੋਰਾਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬੀ ਪਾਲੀ ਵਿੱਚੋਂ ਨਿਕਲੀ ਹੈ। ਇੰਞ ਹੀ ਐਨੱ.ਉਲ-ਹੱਕ ਫਰੀਦਕੋਟੀ ਨੇ ਆਪਣੀ ਪੁਸਤਕ 'ਪੁਰਾਣੇ ਪੰਜਾਬੀ ਦੀ ਜ਼ੁਬਾਨ ਪਾਲੀ' ਰਾਹੀਂ ਇਹ ਸਾਬਿਤ ਕਰਨ ਦਾ ਯਤਨ ਕੀਤਾ ਹੈ ਕਿ ਪੰਜਾਬੀ ਤੋਂ ਪਹਿਲਾਂ ਪੰਜਾਬ ਦੀ ਭਾਸ਼ਾਂ ਪਾਲੀ ਸੀ। ਅਹਿਮਦ ਹੁਸੈਨ ਅਹਿਮਦ ਕਿੱਲਾਦਾਰੀ ਨੇ 'ਪੰਜਾਬੀ ਅਦਬੀਆਤ ਦਾ ਤਹਕੀਕੀ ਮੁਤਾਅਲਾ' ਅਤੇ ਸਈਅਦ ਭੁੱਟਾ ਨੇ 'ਭੱਟੀਆਂ' ਤੇ 'ਬਲੋਚਾ ਦੀ ਵਾਰ' ਕਿਤਾਬਾਂ ਲਿਖੀਆਂ। ਸਈਅਦ ਸਬਤੈਨ ਗਿਲਾਨੀ ਨੇ 'ਮੁਲਤਾਨੀਆਤ' ਪੁਸਤਕ ਲਿਖੀ, ਜਿਸ ਵਿੱਚ ਪੱਛਮੀ ਪੰਜਾਬ ਉਤੇ ਸੂਫੀ ਮਤ ਦੇ ਪ੍ਰਭਾਵ ਦੱਸੇ ਗਏ ਹਨ। ਸਈਅਦ ਭੁੱਟਾ ਨੇ 'ਸਾਂਝ ਸੁਰਤ' ਤੇ 'ਸਾਂਝ ਵਿਚਾਰ' ਪੁਸਤਕਾਂ ਲਿਖੀਆਂ, ਜਿਹੜੀਆਂ ਖੋਜ ਤੇ ਪਰਖ ਨਾਲ ਸੰਬੰਧ ਰੱਖਦੀਆਂ ਹਨ। ਮੁਹੰਮਦ ਆਸਫ ਹੋਰਾਂ 'ਆਖਿਆ ਬਾਬਾ ਫਰੀਦ ਨੇ', 'ਆਖਿਆ ਬੁੱਲ੍ਹੇ ਸ਼ਾਹ ਨੇ' ਵਰਗੀਆਂ ਪੁਸਤਕਾਂ ਵਿੱਚ ਉਨ੍ਹਾਂ ਦਾ ਕਲਾਮ ਸੋਧ ਕੇ ਛਾਪਿਆ ਤੇ ਭਰਵਾਂ ਆਲੋਚਨਾਤਮਕ ਅਧਿਐਨ ਕੀਤਾ। ਮੁਹੰਮਦ ਆਸਫ ਹੋਰਾਂ ਮਾਧੋ ਲਾਲ ਸ਼ਾਹ ਹੁਸੈਨ ਦੀ ਸ਼ਾਇਰੀ ਨੂੰ ਸੋਧ ਕੇ ਅਤੇ ਛਾਣ-ਛਟਕ ਕੇ ਛਾਪਿਆ; ਉਨ੍ਹਾਂ 'ਪੰਜਾਬੀ ਬੋਲੀ ਦਾ ਪਿਛੋਕੜ' ਨਾਂ ਦੀ ਪੁਸਤਕ ਵੀ ਲਿਖੀ। ਯਾਕੂਬ ਅਨਵਰ ਨੇ 'ਬੋਲ ਤੇ ਤੋਲ' ਨਾਂ ਦੀ ਕਿਤਾਬ ਛਾਪੀ ਹੈ। ਸਦੀਕ ਤਾਸੀਰ ਨੇ ਪੰਜਾਬੀ ਅਰੂਜ਼ ਦੀ ਕਿਤਾਬ 'ਛੰਦਾ ਬੰਦੀ' ਛਾਪ ਕੇ ਨਵੇਂ ਕਵੀਆਂ ਨੂੰ ਕਵਿਤਾ ਦੇ ਮੂਲ ਤੱਤ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਅਸਲਮ ਰਸੂਲਪੁਰੀ ਨੇ 'ਸਰਾਇਕੀ' ਬੋਲੀ ਬਾਰੇ ਖੋਜ ਦਾ ਕੰਮ ਕੀਤਾ ਹੈ ਅਤੇ 'ਤੁਲਾਵੜੇ' ਨਾਂ ਦੀ ਇੱਕ ਪੁਸਤਕ ਵੀ ਪ੍ਰਕਾਸ਼ਿਤ ਕੀਤੀ ਹੈ। ਡਾ. ਸਾਹਬਾਜ਼ ਮਲਿਕ ਹੋਰਾਂ ਪਰਖ ਪੜਚੋਲ ਤੇ ਆਲੋਚਨਾ ਬਾਰੇ ਚੋਖਾ ਕੰਮ ਕੀਤਾ ਹੈ। ਉਨ੍ਹਾਂ ਦੀਆਂ ਪੁਸਤਕਾਂ ਦੀ ਸੂਚੀ ਬੜੀ ਲੰਮੀ ਹੈ, ਜਿਨ੍ਹਾਂ ਵਿੱਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ:

'ਪੱਧਰੇ ਰਾਹ' (1961), 'ਚਾਨਣ ਤੇ ਅਜੋਕੀ ਕਹਾਣੀ' (1962), 'ਸੌ ਸਿਆਣੇ ਇੱਕੋ ਮੱਤ' (1967), 'ਜੰਗਨਾਮਾ ਮੁਕਬਲ ਤੇ ਪੰਜਾਬੀ ਮਰਸੀਆ' (1974), 'ਮੂੰਹ ਆਈ ਗੱਲ' (1976), 'ਪੰਜਾਬੀ ਲਸਾਣੀਆਤ ਤੇ ਨਤਾਰੇ' (1979), 'ਅਦਬੀ ਮਹਿਕਾਂ' (1980), 'ਆਜ਼ਾਦੀ ਦੇ ਮੁਜਾਹਿਦ ਲਿਖਾਰੀ' (1981), 'ਤਨਕੀਦੀ ਵਿਚਾਰ' (1981), 'ਜੰਗਨਾਮਾ ਪੀਰ ਮੁਹੰਮਦ ਕਾਸੀ' (1982), 'ਮੌਲਵੀ ਅਹਿਮਦ ਯਾਰ ਫਿਕਰ ਤੇ



CC-0. Sohail Kazmi Collection, Jammu. Digitized by eGangotri

ਫਨ' (1984), 'ਗਵੇੜ' (1985), 'ਸੱਸੀ ਪੁੰਨੂ-ਹਾਫਿਸ ਬਰਖੁਰਦਾਰ ਤੇ ਨਵੇਂ ਵਰਕੇ' (1988), 'ਪੰਜਾਬੀ ਕਿਤਾਬਯਾਤ' (Bibliography) (1991) ਅਤੇ 'ਸਾਡੇ ਅਖਾਉਣ' (2000)।

1993 ਵਿੱਚ ਕਾਜ਼ੀ ਜਵੇਦ ਹੁਰਾਂ 'ਪੰਜਾਬੀ ਦੀ ਸੂਫੀਆਨਾ ਰਵਾਇਤ' ਪੁਸਤਕ ਲਿਖੀ। ਅਮਜਦ ਅਲੀ ਭੱਟੀ ਨੇ ਵੀ 'ਫ਼ਖ਼ਰ ਜ਼ਮਾਨ ਹਯਾਤੀ ਤੇ ਫਨ' ਨਾਂ ਦੀ ਪੁਸਤਕ ਲਿਖੀ ਹੈ। ਮੁਹੰਮਦ ਆਸਿਫ ਖ਼ਾਨ ਨੇ ਸਿੰਧੀ ਸਾਹਿਤ ਦੇ ਮਸ਼ਹੂਰ ਕਵੀ ਅਹਿਮਦ ਖ਼ਾਨ ਖਰੱਲ ਉਤੇ ਪੁਸਤਕ ਲਿਖ ਕੇ ਪੰਜਾਬੀਆਂ ਨੂੰ ਸਿੰਧੀ ਸਾਹਿਤ ਤੋਂ ਜਾਣੂੰ ਕਰਵਾਇਆ ਹੈ। ਡਾ. ਅਖ਼ਤਰ ਹੁਸੈਨ ਅਖ਼ਤਰ ਨੇ 'ਪੰਜਾਬੀ ਦੀ ਲੋਕ ਰੀਤ' ਪੁਸਤਕ ਵਿੱਚ ਪੰਜਾਬੀਆਂ ਦੇ ਰਿਵਾਜ ਅਤੇ ਰੀਤੀਆਂ ਬਾਰੇ ਲਿਖਿਆ ਹੈ। ਆਰਿਫ ਅਬਦੁੱਲ ਮਤੀਨ ਨੇ 'ਪਰਖ ਪੜਚੋਲ' ਅਤੇ ਡਾ. ਇਸਮਤ ਉਲ੍ਹਾ ਜ਼ਾਹਿਦ ਨੇ 'ਪਰਖ ਪਰਾਗੇ' ਕਿਤਾਬਾਂ ਲਿਖੀਆਂ ਹਨ। ਮਕਸੂਦ ਸਾਕਿਬ ਨੇ 'ਸੁਰ ਸੰਗੀਤ ਦੇ ਹੀਰੇ' ਤੇ 'ਸ਼ਾਹ ਮੋਹਰੇ' (ਉਸਤਾਦ ਸੰਗੀਤਕਾਰਾਂ ਦੀਆਂ ਜੀਵਨ ਕਹਾਣੀਆਂ), ਅਮੀਨ ਮਲਿਕ ਨੇ 'ਹੱਥੀਂ ਮਾਵਾਂ ਮਾਰੀਆਂ', ਮੁਸਤਾਕ ਸੂਫੀ ਨੇ 'ਆਸ਼ਿਕ ਆਖਰੀ ਨੇ ਨਵੇ" ਤੇ ਮੁਦੱਸਰ ਬਸ਼ੀਰ ਨੇ 'ਲਾਹੌਰ ਦੀ ਵਾਰ' ਕਿਤਾਬਾਂ ਲਿਖੀਆਂ। ਪਰਖ ਪੜਚੋਲ, ਖੋਜ ਤੇ ਆਲੋਚਨਾ ਦਾ ਇਹ ਸਫਰ ਜਾਰੀ ਹੈ।

## ਪੰਜਾਬੀ ਪੱਤਰਕਾਰੀ

ਇਸ ਖੇਤਰ ਵਿੱਚ ਤਿੰਨ ਪੱਤਰਕਾਵਾਂ ਦਾ ਹਵਾਲਾ ਲੇਖ ਦੇ ਸ਼ੁਰੂ ਵਿੱਚ ਦਿੱਤਾ ਜਾ ਚੁੱਕਾ ਹੈ, ਯਾਨੀ ਅਹਿਮਦ ਰਾਹੀ ਦੀ 'ਸਵੇਰ', ਜੋਸ਼ਵਾ ਫਜ਼ਲਦੀਨ ਦੀ 'ਪੰਜਾਬੀ ਦਰਬਾਰ', ਡਾ. ਫਕੀਰ ਮੁਹੰਮਦ ਫਕੀਰ ਦੀ 'ਪੰਜਾਬੀ' ਤੇ ਰੋਜ਼ਾਨਾ ਆਗਾਜ਼ ਦਾ 'ਪੰਜਾਬੀ ਸਪਲੀਮੈਂਟ'। ਇਸ ਤੋਂ ਛੁੱਟ ਚੌਧਰੀ ਮੁਹੰਮਦ ਅਫਜ਼ਲ ਖ਼ਾਨ ਦੇ 'ਪੰਜਾਬੀ ਦਰਿਆ' ਦਾ ਵੀ ਜ਼ਿਕਰ ਹੋ ਚੁੱਕਿਆ ਹੈ। ਚੌਧਰੀ ਅਫਜ਼ਲ ਖ਼ਾਨ ਦੇ ਅਕਾਲ ਚਲਾਨਾ ਕਰਨ ਮਗਰੋਂ ਉਸਦੇ ਸਪੁੱਤਰ ਅਮਜਦ ਭੱਟੀ ਨੇ 'ਪੰਜ ਦਰਿਆ' ਨੂੰ ਕਾਫੀ ਚਿਰ ਤਕ ਜਾਰੀ ਰੱਖਿਆ ਅਤੇ ਕਈ ਵਿਸ਼ੇਸ਼ ਅੰਕ ਕੱਢੇ, ਜਿੰਨਾਂ ਵਿੱਚ 'ਸ਼ਾਹ ਹੁਸੈਨ ਨੰਬਰ', 'ਮੌਲ੍ਹਾ ਬਖ਼ਸ਼ ਕੁਸ਼ਤਾ ਨੰਬਰ', 'ਵਾਰਿਸ ਸ਼ਾਹ ਨੰਬਰ' ਤੇ 'ਫਖ਼ਰ ਜਮਾਂ ਨੰਬਰ' ਦੀਆਂ ਧੁਮਾਂ ਚੜ੍ਹਦੇ ਪੰਜਾਬ ਵਿੱਚ ਵੀ ਪਈਆਂ। ਜਿਨ੍ਹਾਂ ਹੋਰ ਸੱਜਣਾਂ ਨੇ ਪੰਜਾਬੀ ਮਾਸਿਕ ਪਰਚੇ ਤੇ ਰੋਜ਼ਾਨਾ ਅਖ਼ਬਾਰਾਂ ਛਾਪੇ ਚਾੜ੍ਹੀਆਂ ਉਨ੍ਹਾਂ 'ਚੋਂ ਕੁੱਝ ਦੇ ਨਾਂ ਇਸ ਪ੍ਰਕਾਰ ਹਨ:


CC-0. Sohail Kazmi Collection, Jammu. Digitized by eGangotri

| | |
|---|---|
| ਇਕਬਾਲ ਜਾਫਰੀ | 'ਪੰਜਾਬੀ ਅਦਬ' ਲਾਹੌਰ |
| ਮਕਸੂਦ ਸਾਕਿਬ | 'ਪੰਚਮ' ਲਾਹੌਰ |
| ਸ਼ਹਿਜ਼ਾਦ ਫਰਾਮੋਸ਼ 'ਜਨੱਤ' | 'ਸ਼ੇਖੂਪੁਰਾ' ਤੇ 'ਜ਼ਮਜ਼ਮ' ਸਰਗੋਧਾ |
| ਇਕਬਾਲ ਜ਼ਖ਼ਮੀ | 'ਲਿਖਾਰੀ' ਲਾਹੌਰ |
| ਆਸਿਮ ਕੰਬੋ | 'ਮਿੱਤਰ ਇੰਟਰਨੈਸ਼ਨਲ' ਲਾਹੌਰ |
| ਜਲੀਮ ਅਹਿਮਦ ਪਾਲ | 'ਸਵੇਰ ਇੰਟਰਨੈਸ਼ਨਲ' ਲਾਹੌਰ |
| ਮੁਸ਼ਤਾਕ ਆਦਿਲ | 'ਮਹਿਕਾਂ' ਸਰਗੋਧਾ |
| ਕਰਨਲ ਮਕਬੂਲ ਹੁਸੈਨ | 'ਅਕੀਦਤ' ਸਰਗੋਧਾ |
| ਅਹਿਮਦ ਸਲੀਮ 'ਕੂੰਝ' | 'ਇਸਲਾਮਾਬਾਦ' |
| | 'ਵਾਰਿਸ ਸ਼ਾਹ' ਮੁਲਤਾਨ |
| | 'ਸੂਰਜ ਮੁਖੀ' ਲਾਹੌਰ |

ਰੋਜ਼ਾਨਾ ਅਖ਼ਬਾਰ 'ਪੰਜਾਬ ਦੀ ਆਵਾਜ਼', 'ਸਾਰਾਂ', 'ਵੰਗਾਰ', 'ਸੱਜਣ', 'ਖ਼ਬਰਾਂ', 'ਭੁਲੇਖਾ' ਆਦਿ ਲਗਾਤਾਰ ਛਪ ਰਹੀਆਂ ਹਨ। ਇਸ ਤੋਂ ਛੁੱਟ ਉਰਦੂ ਅਖ਼ਬਾਰਾਂ, ਜਿਵੇਂ: 'ਮਸ਼ਰੱਕ', 'ਜੰਗ' ਤੇ ਕਈ ਦੂਜੀਆਂ ਅਖ਼ਬਾਰਾਂ ਵਿੱਚ ਪੰਜਾਬੀ ਸਪਲੀਮੈਂਟ ਛਪਦੇ ਹਨ। ਇਲਿਆਸ ਘੁੰਮਣ ਨੇ ਵੀ 'ਸਾਹਿਤ' ਨਾਂ ਦਾ ਪਰਚਾ ਕੱਢਿਆ। ਆਖ਼ਿਰ ਵਿੱਚ ਮੈਂ 'ਮਾਸਿਕ ਲਹਿਰਾਂ' ਦਾ ਜ਼ਿਕਰ ਕਰਾਂਗਾ, ਜਿਹੜਾ ਲਗਾਤਾਰ 1965 ਤੋਂ ਛਪ ਰਿਹਾ ਹੈ ਤੇ ਭਾਰਤ ਵਿੱਚ ਵੀ ਹਰ ਸਾਹਿਤਕਾਰ ਦੇ ਘਰ ਆਉਂਦਾ ਹੈ। ਇਸਦੇ ਦਸ ਸਫੇ ਗੁਰਮੁਖੀ ਵਿੱਚ ਹੁੰਦੇ ਹਨ ਤੇ ਬਾਕੀ ਸ਼ਾਹਮੁਖੀ ਵਿੱਚ। 'ਮਾਸਿਕ ਲਹਿਰਾਂ' ਦੇ ਸੰਪਾਦਕ ਡਾ. ਸਈਅਦ ਅਖਤਰ ਹੁਸੈਨ ਸਨ, ਜਿਨ੍ਹਾਂ ਦਾ ਕੁੱਝ ਮਹੀਨੇ ਪਹਿਲਾਂ ਇੰਤਕਾਲ ਹੋ ਗਿਆ ਹੈ ਤੇ ਅੱਜਕੱਲ੍ਹ 'ਮਾਸਿਕ ਲਹਿਰਾਂ' ਉਨ੍ਹਾਂ ਦਾ ਸਪੁੱਤਰ ਇਰਫਾਨ ਅਖ਼ਤਰ ਚਲਾ ਰਿਹਾ ਹੈ। 'ਮਾਸਿਕ ਲਹਿਰਾਂ' ਨੇ ਕਈ ਖ਼ੂਬਸੂਰਤ ਨੰਬਰ ਛਾਪੇ ਹਨ, ਜਿਵੇਂ: 'ਡਾ. ਫਕੀਰ ਮੁਹੰਮਦ ਫਕੀਰ ਨੰਬਰ', 'ਵਾਰਿਸ ਸ਼ਾਹ ਨੰਬਰ', 'ਕਹਾਣੀ ਨੰਬਰ', 'ਸਰੀਫ ਕੁੰਝਾਈ ਨੰਬਰ', 'ਅਹਿਮਦ ਰਾਹੀ ਨੰਬਰ' ਆਦਿ। ਮੈਂ ਵੀ ਲਹਿਰਾਂ ਵਿੱਚ ਪਿਛਲੇ ਪੈਂਤੀ ਸਾਲਾਂ ਤੋਂ ਛਪ ਰਿਹਾ ਹਾਂ ਅਤੇ ਲਹਿੰਦੇ ਪੰਜਾਬ ਵਿੱਚ ਮੇਰੀ ਪਛਾਣ ਦੀ ਅਸਲੀ ਬੁਨਿਆਦ 'ਮਾਸਿਕ ਲਹਿਰਾਂ' ਹੀ ਹੈ।

## ਬਾਲ ਸਾਹਿਤ

ਇਸ ਖੇਤਰ ਵਿੱਚ ਬਹੁਤਾ ਕੰਮ ਨਹੀਂ ਹੋਇਆ, ਫਿਰ ਵੀ ਆਦਿਲ



CC-0. Sohail Kazmi Collection, Jammu. Digitized by eGangotri

ਸਦੀਕੀ ਨੇ 'ਜੁਗਨੂੰ ਫਲ ਤੇ ਤਿੱਤਲੀ' ਨਾਮਕ ਪੁਸਤਕ ਬਾਲਾਂ ਲਈ ਛਾਪੀ ਹੈ, ਜਿਸ ਵਿੱਚ ਕਹਾਣੀਆਂ ਹਨ। ਅਸ਼ਰਫ ਸੁਹੇਲ ਨੇ ਪੰਜਾਬੀ ਭਾਸ਼ਾ ਨੂੰ ਸਮਝਾਉਣ ਲਈ ਤੇ ਬਾਲਾਂ ਨੂੰ ਪੰਜਾਬੀ ਭਾਸ਼ਾ ਸਿਖਾਉਣ ਲਈ ਸਰਲ ਤੇ ਨਿਰੋਲ ਬਣਾ ਕੇ ਇੱਕ ਪੁਸਤਕ ਪੇਸ਼ ਕੀਤੀ ਹੈ, ਜਿਸਦਾ ਨਾਂ 'ਜ਼ੁਬਾਨ ਦਾ ਕਤਲ' ਰੱਖਿਆ ਹੈ। 'ਪੰਜਾਬੀ ਗਰਾਮਰ' ਤੇ 'ਮੁੱਢਲੀ ਪੰਜਾਬੀ' ਵੀ ਬਾਲਾਂ ਨੂੰ ਪੰਜਾਬੀ ਸਿਖਾਉਣ ਲਈ ਪੁਸਤਕਾਂ ਹਨ। ਅਸ਼ਰਫ ਸੁਹੇਲ ਨੇ ਬਾਲਾਂ ਲਈ ਮਾਸਿਕ ਪੱਤਰ 'ਪੰਖੇਰੂ' ਵੀ ਕੱਢਿਆ। ਇਲਿਆਸ ਘੁੰਮਣ ਨੇ ਵੀ ਬਾਲਾਂ ਲਈ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ 'ਜਨੌਰ ਬਾਤਾਂ', 'ਗਰੀਬ ਬਾਦਸ਼ਾਹ', 'ਅੱਧੇ ਦੀ ਦਾਸਤਾਨ', 'ਸੁਰੀਲੀ ਵੰਝਲੀ ਵਾਲਾ', 'ਬੁੱਝੋ ਬੁੱਝੋ ਕੌਣ ਹੈ- ਬੁਝਾਰਤਾਂ', 'ਕੁੱਤਕੁਤਾੜੀਆਂ (ਜੁਗਤਾਂ)', 'ਪਿੰਡਾਂ ਦੇ ਮਖੌਲ', 'ਚਾਚਾ ਚਾਮ ਚੜਿਕ', 'ਸਕੀ ਮਾਂ', 'ਪੰਜ ਫੁੱਲਾਂ ਦੀ ਰਾਣੀ' ਤੇ ਇੱਕ ਨਾਵਲਿਟ 'ਗੈਂਦੇ ਦਾ ਫੁੱਲ' ਵੀ ਛਾਪੇ ਚਾੜ੍ਹਣ ਵਾਲੀਆਂ ਪੁਸਤਕਾਂ ਹਨ।

ਅਖ਼ਬਾਰਾਂ ਤੇ ਮਾਸਿਕ ਪਰਚਿਆਂ ਵਿੱਚ ਵੀ ਬਾਲ ਸਾਹਿਤ ਨਿਰੰਤਰ ਛਪਦਾ ਰਹਿੰਦਾ ਹੈ।

ਕੁੱਝ ਸਫਰਨਾਮੇ ਵੀ ਲਿਖੇ ਗਏ ਹਨ, ਜਿਵੇਂ:

| | |
|---|---|
| ਪ੍ਰੋ. ਆਸ਼ਿਕ ਰਹੀਲ | 'ਨਵੀਆਂ ਪੁਰਾਣੀਆਂ ਯਾਦਾਂ' ਤੇ 'ਸੋਚਾਂ' |
| ਡਾ. ਸ਼ਾਹਬਾਜ਼ ਮਲਿਕ | 'ਮੇਰੀਆਂ ਭਾਰਤ ਫੇਰੀਆਂ' |
| ਅਹਿਮਦ ਸਲੀਮ | 'ਝੋਕ ਰਾਂਝਣ ਦੀ' |
| ਨੀਲਮਾ ਨਾਹਿਦ ਦੁਰਾਨੀ | 'ਚੜ੍ਹਦੇ ਸੂਰਜ ਦੀ ਧਰਤੀ' |
| ਜਮੀਲ ਅਹਿਮਦ ਪਾਲ | 'ਲੰਡਨ ਲਾਹੌਰ ਵਰਗਾ ਹੈ' |
| ਕੰਵਲ ਮੁਸ਼ਤਾਕ | 'ਲਾਹੌਰ ਲਾਹੌਰ ਹੈ' |

ਹਾਸੇ ਵਿਅੰਗ ਤੇ ਨਿਬੰਧ ਦੀਆਂ ਵੀ ਕਈ ਪੁਸਤਕਾਂ ਛਪੀਆ ਹਨ, ਜਿਵੇਂ ਅਰਸ਼ਦ ਮੀਰ ਦੀ 'ਚੂੰਢੀਆਂ' ਪੁਸਤਕ ਹੈ, ਜਿਸ ਵਿੱਚ 16 ਵਿਅੰਗਾਤਮ ਲੇਖ ਹਨ। ਗੁਲਾਮ ਸ਼ਬੀਰ ਰਾਣਾ ਦੀ ਕਿਤਾਬ 'ਖੜ੍ਹੰਬੇ' ਵੀ ਛਪੀ ਹੈ। ਮੁਹੰਮਦ ਰਿਆਜ਼ ਦੀ 'ਪਰਛਾਂਵੇ'' ਅਤੇ ਨਾਮਿਰ ਰਾਣਾ ਦੀ 'ਕੁੱਝ ਚੁੱਪ ਰਹੇ' ਵੀ ਛਪੀ ਹੈ। ਇਸ ਤੋਂ ਛੁੱਟ ਆਸ਼ਿਕ ਰਹੀਲ ਦੀ ਕਿਤਾਬ 'ਸੋਚਾਂ' ਵੀ ਵਿਅੰਗਾਤਮਕ ਹੈ।

ਇੰਝ ਇਹ ਗੱਲ ਸਪੱਸ਼ਟਮਈ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਲਹਿੰਦੇ ਪੰਜਾਬ ਦੀ ਵਾਰਤਕ ਵਿੱਚ ਸਾਰੀਆਂ ਸਿਨਫਾਂ 'ਤੇ ਕੰਮ ਹੋ ਰਿਹਾ



CC-0. Sohail Kazmi Collection, Jammu. Digitized by eGangotri

ਹੈ ਤੇ ਅੱਜ ਉਥੇ ਨਵੀਂ ਨਸਲ ਦੇ ਲਿਖਾਰੀ ਆਪਣੀ ਮਾਂ ਬੋਲੀ ਵੱਲ ਬੜੀ ਗੰਭੀਰਤਾ ਨਾਲ ਸੋਚਦੇ ਹਨ ਤੇ ਸਾਹਿਤ ਦੀ ਸੇਵਾ ਕਰ ਰਹੇ ਹਨ। ਯੂਨੀਵਰਸਿਟੀਆਂ ਵਿੱਚ ਪੰਜਾਬੀ ਵਿਭਾਗ ਹਨ ਤੇ ਐਮੱ.ਏ. ਦੀ ਡਿਗਰੀ ਲੈਣ ਲਈ ਇੱਕ ਪਰਚਾ ਗੁਰਮੁਖੀ ਅੱਖਰਾਂ ਵਿੱਚ ਵੀ ਪਾਸ ਕਰਨਾ ਲਾਜ਼ਮੀ ਹੈ। ਇਸਦਾ ਸਿੱਟਾ ਇਹ ਨਿਕਲਿਆ ਹੈ ਕਿ ਅੱਜ ਲਹਿੰਦੇ ਪੰਜਾਬ ਵਿੱਚ ਗੁਰਮੁਖੀ ਪੜ੍ਹਣ ਤੇ ਲਿਖਣ ਵਾਲਿਆਂ ਦੀ ਗਿਣਤੀ ਚੋਖੀ ਹੋ ਗਈ ਹੈ, ਜਿਸ ਕਾਰਨ ਚੜ੍ਹਦੇ ਪੰਜਾਬ ਦਾ ਪੰਜਾਬੀ ਸਾਹਿਤ ਲਿਪਾਂਤਰ ਹੋ ਕੇ ਲਹਿੰਦੇ ਪੰਜਾਬ ਵਿੱਚ ਛਪ ਰਿਹਾ ਹੈ। ਸ਼ਿਵ ਕੁਮਾਰ ਬਟਾਲਵੀ, ਮੋਹਨ ਸਿੰਘ ਮਾਹਿਰ, ਅੰਮ੍ਰਿਤਾ ਪ੍ਰੀਤਮ, ਗੁਰਦਿਆਲ ਸਿੰਘ, ਵਰਿਆਮ ਸੰਧੂ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਤੇ ਕਈ ਹੋਰ ਸਾਹਿਤਕਾਰਾਂ ਤੇ ਕਵੀਆਂ ਦਾ ਰਚਿਆ ਗਿਆ ਸਾਹਿਤ ਗੁਰਮੁਖੀ 'ਚੋਂ ਉਲੱਥਾ ਕਰਕੇ ਸ਼ਾਹਮੁਖੀ ਵਿੱਚ ਛਪ ਚੁੱਕਿਆ ਹੈ ਤੇ ਮੈਂ ਆਪ ਲਾਹੌਰ ਤੇ ਇਸਲਾਮਾਬਾਦ ਦੀਆਂ ਲਾਇਬ੍ਰੇਰੀਆਂ ਵਿੱਚ ਇਹ ਕਿਤਾਬਾਂ ਵੇਖੀਆਂ ਹਨ। ਸਾਨੂੰ ਆਸ ਹੈ, ਆਉਣ ਵਾਲੇ ਸਮੇਂ ਵਿੱਚ ਲਹਿੰਦੇ ਪੰਜਾਬ ਦੇ ਪੰਜਾਬੀ ਆਪਣੀ ਭਾਸ਼ਾ, ਸੱਭਿਆਚਾਰ ਤੇ ਸਾਹਿਤ ਬਾਰੇ ਹੋਰ ਸੁਚੇਤ ਹੋਣਗੇ। ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮੈਂ ਆਪਣੇ ਇਸ ਲੇਖ ਵਿੱਚ ਬੜੇ ਨਾਂ ਛੱਡੇ ਹਨ, ਕਈ ਨਾਵਲਾਂ ਤੇ ਕਹਾਣੀਆਂ ਦੀਆਂ ਪੁਸਤਕਾਂ ਦਾ ਵੇਰਵਾ ਮੇਰੇ ਕੋਲੋਂ ਰਹਿ ਗਿਆ ਹੈ, ਇੰਝ ਹੀ ਜੀਵਨੀਆਂ, ਸਫਰਨਾਮਿਆਂ ਤੇ ਆਲੋਚਨਾਂ ਦੀਆਂ ਪੁਸਤਕਾਂ ਬਾਰੇ ਮੈਂ ਤਫਸੀਲ ਨਾਲ ਗੱਲ ਨਹੀਂ ਕਰ ਸਕਿਆ, ਪਰ ਜੇ ਲਹਿੰਦੇ ਪੰਜਾਬ ਦੇ ਪੰਜਾਬੀ ਸਾਹਿਤ ਬਾਰੇ ਪੂਰੀ ਜਾਣਕਾਰੀ ਦੇਣੀ ਹੋਵੇ, ਖ਼ਾਸ ਕਰ 1947 ਮਗਰੋਂ ਰਚੇ ਗਏ ਸਾਹਿਤ ਬਾਰੇ ਤਾਂ ਇੱਕ ਵੱਡੀ ਪੁਸਤਕ ਰਾਹੀਂ ਵੀ ਇਹ ਜਾਣਕਾਰੀ ਸ਼ਾਇਦ ਪੂਰੀ ਨਾ ਹੋਏ। ਇੰਝ ਹੀ ਜੇ ਪੰਜਾਬੀ ਕਵਿਤਾ ਬਾਰੇ ਗੱਲ ਕਰਨੀ ਹੋਵੇ ਤਾਂ ਕਈ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਚੜ੍ਹਦੇ ਪੰਜਾਬ ਦਾ ਭਾਸ਼ਾ ਵਿਭਾਗ, ਯੂਨੀਵਰਸਿਟੀਆਂ ਅਤੇ ਹੋਰ ਅਦਾਰੇ ਲਹਿੰਦੇ ਪੰਜਾਬ ਵਿੱਚ ਰਚੇ ਜਾ ਰਹੇ ਸਾਹਿਤ ਦੀਆਂ ਪੁਸਤਕਾ ਮੰਗਵਾ ਕੇ ਤੇ ਲਿਪਾਂਤਰ ਕਰਵਾ ਕੇ ਪੰਜਾਬੀ ਪਿਆਰਿਆਂ ਨੂੰ ਪੜ੍ਹਣ ਲਈ ਮੁੱਹਈਆ ਕਰਵਾਉਣ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਦੇ ਸਲੇਬਸਾਂ (Syllabus) ਵਿੱਚ ਲਹਿੰਦੇ ਪੰਜਾਬ ਦਾ ਆਧੁਨਿਕ ਸਾਹਿਤ ਪੜ੍ਹਾਇਆ ਜਾਵੇ। ਇਸ ਗੱਲ ਦਾ ਵੀ ਬੜੀ ਗੰਭੀਰਤਾ ਨਾਲ ਯਤਨ ਕਰਨ ਦੀ ਲੋੜ



CC-0. Sohail Kazmi Collection, Jammu. Digitized by eGangotri

ਹੈ ਕਿ ਚੜ੍ਹਦੇ ਪੰਜਾਬ ਦੇ ਪੰਜਾਬੀ ਬੱਚਿਆਂ ਨੂੰ ਉਰਦੂ ਅੱਖਰ ਵੀ ਸਿਖਾਏ ਜਾਣ, ਤਾਂ ਜੋ ਉਹ ਲਹਿੰਦੇ ਪੰਜਾਬ ਦੀਆਂ ਪੰਜਾਬੀ ਪੁਸਤਕਾਂ ਨੂੰ ਮੂਲ ਰੂਪ ਵਿੱਚ ਪੜ੍ਹ ਸਕਣ। ਪੰਜ ਪਾਣੀਆਂ ਦਾ ਪੰਜਾਬ ਰਹਿਤਲ, ਵਸੇਬ, ਸੱਭਿਆਚਾਰ ਤੇ ਭਾਸ਼ਾ ਵੱਜੋਂ ਤਾਹੀਓਂ ਜ਼ਿੰਦਾ, ਹੱਸਦਾ, ਖੇਡਦਾ, ਉਨੱਤੀ ਕਰਦਾ ਦਿਸੇਗਾ ਜੇ ਦੋਵਾਂ ਪੰਜਾਬਾਂ ਵਿੱਚ ਬੋਲੀ ਦੀ ਸਾਂਝ, ਸੱਭਿਆਚਾਰ ਦੀ ਸਾਂਝ, ਲੋਕ-ਗੀਤਾਂ ਤੇ ਲੋਕ-ਕਹਾਣੀਆਂ ਦੀ ਸਾਂਝ ਕਾਇਮ ਰਹੇਗੀ, ਨਹੀਂ ਤਾਂ ਅਸੀਂ ਢਾਈ ਦਰਿਆਵਾਂ ਦੇ ਪੰਜਾਬ ਵਿੱਚ ਸੀਮਤ ਹੋ ਕੇ ਰਹਿ ਜਾਵੇਗਾ ਤੇ ਅਸੀਂ ਰਾਜਨੀਤੀ ਦੇ ਸ਼ਿਕਾਰ ਹੋ ਜਾਵਾਂਗੇ, ਜਿਸ ਲਈ ਦੋਵਾਂ ਪੰਜਾਬਾਂ ਦੀਆਂ ਧਾਰਮਿਕ ਤੇ ਰਾਜਨੀਤਿਕ ਤਾਕਤਾਂ ਵੰਡ ਮਗਰੋਂ ਵੀ ਇਸ ਕੰਮ ਵਿੱਚ ਜੁਟੀਆਂ ਹੋਈਆਂ ਹਨ।

*** *** ***


CC-0. Sohail Kazmi Collection, Jammu. Digitized by eGangotri

## ਵੰਡੇ ਵਿਹੜੇ ਦੀ ਹੀਰ- ਅੰਮ੍ਰਿਤਾ ਪ੍ਰੀਤਮ

ਇਹ ਦੁਨੀਆ ਵਾਲੇ ਕਹਿੰਦੇ ਹਨ ਕਿ ਅੰਮ੍ਰਿਤਾ ਪ੍ਰੀਤਮ ਮਰ ਗਈ ਏ, 31 ਅਕਤੂਬਰ 2005 ਨੂੰ। ਆਹੋ, ਓਹੀ ਅੰਮ੍ਰਿਤ ਕੌਰ, ਜਿਹੜੀ ਗੁੱਜਰਾਂਵਾਲਾ ਵਿੱਚ 31 ਅਗਸਤ 1919 ਨੂੰ ਜਨਮੀ ਸੀ। ਜਿਸਨੇ ਅੱਠ ਸਾਲ ਦੀ ਉਮਰ 'ਚ ਪਹਿਲੀ ਨਜ਼ਮ ਕਹੀ ਸੀ। ਆਹੋ, ਓਹੀ ਅੰਮ੍ਰਿਤ ਕੌਰ, ਜਿਸਨੇ ਆਪਣੇ ਪਿਓ ਕਰਤਾਰ ਸਿੰਘ ਹਿਤਕਾਰੀ ਕੋਲੋਂ ਸ਼ਾਇਰੀ ਦਾ ਪਹਿਲਾ ਸਬਕ ਸਿੱਖਿਆ ਸੀ ਤੇ ਮਾਂ ਰਾਜ ਕੌਰ ਕੋਲੋਂ ਪੰਜਾਬੀ ਦੀ ਗੁੜ੍ਹਤੀ ਲੈ ਕੇ ਪੰਜਾਬੀ ਜ਼ੁਬਾਨ ਵਾਲਾ ਦੁਲਾਰ ਪਾਇਆ ਸੀ। ਓਹੀ ਅੰਮ੍ਰਿਤ ਕੌਰ, ਜਿਸਨੇ ਵਾਰਸ ਸ਼ਾਹ ਨੂੰ ਆਪਣਾ ਉਸਤਾਦ ਮੰਨਿਆ ਤੇ ਬੁੱਲ੍ਹੇ ਸ਼ਾਹ ਨੂੰ ਆਪਣਾ ਮੁਰਸ਼ਦ। ਜਿਹਨੇ ਸੁਲਤਾਨ ਬਾਹੂ, ਮਾਧੋ ਲਾਲ ਸ਼ਾਹ ਹੁਸੈਨ, ਖ਼ਵਾਜਾ ਗੁਲਾਮ ਫਰੀਦ, ਪੀਲੂ, ਹਾਸ਼ਮ, ਕਾਦਰਯਾਰ ਤੇ ਮੀਆਂ ਮੁਹੰਮਦ ਬਖ਼ਸ਼ ਨੂੰ ਆਪਣੀ ਆਤਮਾ ਦੇ ਮਹੀਂਵਾਲ ਬਣਾਇਆ ਸੀ ਤੇ ਜਿਨ੍ਹਾਂ ਦੇ ਸੂਫੀਆਨਾ ਕਲਾਮ ਦੀ ਚਾਦਰ ਵਲ੍ਹੇਟ ਕੇ ਉਹਨੇ ਪੰਜ ਨਦੀਆਂ 'ਚ ਡੁੱਬਕੀ ਲਾਈ ਸੀ। ਓਹੀ ਅੰਮ੍ਰਿਤ ਕੌਰ, ਜਿਹੜੀ ਲਾਹੌਰ ਵਿੱਚ ਜੁਆਨ ਹੋਈ। ਅਨਾਰਕਲੀ ਦੇ ਦੁਕਾਨਦਾਰ ਪ੍ਰੀਤਮ ਸਿੰਘ ਨਾਲ ਵਿਆਹੀ ਗਈ ਤੇ ਅੰਮ੍ਰਿਤਾ ਪ੍ਰੀਤਮ ਬਣ ਗਈ ਅਤੇ ਦਿੱਲੀ ਦੇ 25, ਹੌਜ਼ ਖ਼ਾਸ ਵਿੱਚ ਸ਼ੁਹਰਤ ਦੀਆਂ ਪੌੜੀਆਂ ਚੜ੍ਹਦਿਆਂ-ਚੜ੍ਹਦਿਆਂ ਅਸਮਾਨ ਨੂੰ ਜਾਂਦੀ ਆਖ਼ਰੀ ਪੌੜੀ 'ਤੇ ਚੜ੍ਹ ਗਈ ਤੇ ਆਪਣੇ ਅਸਲੀ ਘਰ ਚਲੀ ਗਈ। ਇਮਰੋਜ਼ ਨੂੰ ਇੱਕੱਲਾ ਛੱਡ ਕੇ ਕੰਦਲਾਂ ਤੇ ਨਵਰਾਜ ਨੂੰ ਆਪਣੀ ਸਾਰੀ ਪੂੰਜੀ ਸੌਂਪ ਕੇ ਉਹ ਚਲੀ ਗਈ। ਆਪਣੇ ਬਾਬਲ ਦੇ ਘਰ ਜਾਣ ਨੂੰ ਦੁਨੀਆ ਅਕਾਲ ਚਲਾਨਾ ਕਹਿ ਰਹੀ ਸੀ, ਪਰ ਮੈਂ ਕਿਵੇਂ ਮੰਨਾਂ ਕਿ ਅੰਮ੍ਰਿਤਾ ਪ੍ਰੀਤਮ ਮਰ ਗਈ ਏ। ਜਿਸ ਇੱਕੱਲੀ ਔਰਤ ਨੇ ਸਾਰੀ ਉਮਰ ਜਹਾਦ ਕੀਤਾ ਹੋਵੇ। ਨਾਰੀ ਨਾਲ ਹੋ ਰਹੀਆਂ ਬੇਇਨਸਾਫੀਆਂ ਦੇ ਖ਼ਿਲਾਫ਼ ਕਲਮ ਚੁੱਕੀ ਹੋਵੇ। ਜਿਹੜੀ ਸੁਆਣੀ ਨੂੰ ਸਮਾਜਿਕ ਤੇ ਆਰਥਿਕ ਤੌਰ 'ਤੇ,



CC-0. Sohail Kazmi Collection, Jammu. Digitized by eGangotri

ਜ਼ਿਹਨੀ, ਜਜ਼ਬਾਤੀ ਤੌਰ 'ਤੇ ਆਜ਼ਾਦ ਦੇਖਣਾ ਚਾਹੁੰਦੀ ਹੋਵੇ, ਜਿਸਨੇ ਆਪਣੀ ਸ਼ਾਇਰੀ ਨਾਲ ਸਾਰੇ ਪੰਜਾਬੀਆਂ ਦਾ ਨਾਂ ਉਚੱਾ ਕੀਤਾ ਹੋਵੇ, ਜਿਸਨੇ ਸਮਾਜ ਦੇ ਬਣਾਏ ਅਸੂਲਾਂ ਨਾਲ ਕਦੇ ਸਮਝੌਤਾ ਨਾ ਕੀਤਾ ਹੋਵੇ, ਜਿਸਨੇ ਸਾਰੀ ਉਮਰ ਮਜ਼੍ਹਬੀ ਤੇ ਸਮਾਜੀ ਠੇਕੇਦਾਰਾਂ ਦੀ ਮਨਫ਼ੀ ਸੋਚ ਦੇ ਖ਼ਿਲਾਫ਼ ਲਿਖਿਆ ਹੋਵੇ, ਜਿਸਨੇ ਆਪਣੀ ਸ਼ਾਇਰੀ, ਆਪਣੀਆਂ ਕਹਾਣੀਆਂ, ਨਾਵਲਾਂ, ਸਫ਼ਰਨਾਮਿਆਂ ਤੇ ਆਪਣੀ ਜੀਵਨੀ ਰਾਹੀਂ ਸਿਰਫ਼ ਸੱਚ ਨੂੰ ਚਿਤਰਿਆ ਹੋਵੇ, ਉਹ ਭਲਾ ਕਿੰਝ ਮਰ ਸਕਦੀ ਏ, ਮਰਿਆ ਕੋਈ ਹੋਰ ਹੋਵੇਗਾ। ਚਿਤਾ 'ਤੇ ਕੋਈ ਹੋਰ ਸਰੀਰ ਸੜ੍ਹਿਆ ਹੋਵੇਗਾ, ਕਿਸੇ ਸੁਆਣੀ ਦਾ ਸਰੀਰ। ਪਰ ਅੰਮ੍ਰਿਤਾ ਪ੍ਰੀਤਮ ਨਹੀਂ ਸੜ੍ਹ ਸਕਦੀ, ਉਹ ਨਹੀਂ ਮਰ ਸਕਦੀ। ਉਹਦੇ ਮੁਰਸ਼ਦ ਨੇ ਕਿਹਾ ਸੀ, "ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ" ਤੇ ਅੰਮ੍ਰਿਤਾ ਪ੍ਰੀਤਮ ਬਾਗੀ ਬੁੱਲ੍ਹੇ ਸ਼ਾਹ ਦੀ ਬਾਗੀ ਜਾਨਸ਼ੀਨ ਸੀ। ਇਸ ਲਈ ਉਹ ਕਿੰਝ ਮਰ ਸਕਦੀ ਏ। ਉਹ ਬੁੱਲ੍ਹੇ ਸ਼ਾਹ ਤੇ ਵਾਰਸ ਸ਼ਾਹ ਵਾਂਗੂੰ ਜ਼ਿੰਦਾ ਏ ਤੇ ਰਹਿੰਦੀ ਦੁਨੀਆ ਤਕ ਜ਼ਿੰਦਾ ਰਹੇਗੀ। ਆਪਣੀ ਸ਼ਾਇਰੀ ਵਿੱਚ, ਨਾਵਲਾਂ, ਕਹਾਣੀਆਂ ਤੇ ਸਫ਼ਰਨਾਮਿਆਂ ਵਿੱਚ, ਆਪਣੀ 'ਰਸੀਦੀ ਟਿਕਟ' ਵਿੱਚ।

ਮੇਰੀ 'ਠੰਡੀ ਕਾਂਗੜੀ' ਵਿੱਚ ਸਾਹਿਤ ਦੀ ਅੱਗ ਬਾਲਣ ਵਾਲੀ ਅੰਮ੍ਰਿਤਾ ਪ੍ਰੀਤਮ ਹੀ ਸੀ, ਜਿਸਨੇ ਮੇਰੀ ਇਸ ਪਹਿਲੀ ਪੰਜਾਬੀ ਕਹਾਣੀ ਨੂੰ 'ਨਾਗਮਣੀ' ਵਿੱਚ ਛਾਪਿਆ ਸੀ ਤੇ ਮੇਰਾ ਤੁਆਰਫ਼ ਪੰਜਾਬੀ ਸਾਹਿਤ ਜਗਤ ਨਾਲ ਕਰਾਇਆ। 'ਮਾਏ ਨੀ ਮੈਂ ਕਿਨੂੰ ਆਖਾਂ', 'ਭੁੱਖੀ ਮੱਝ', 'ਮਹਿਰੀ', 'ਘਾਹ 'ਤੇ ਚੱਲਣਾ ਮਨ੍ਹਾਂ ਏ', 'ਬਾਲਣ ਹੱਡ ਬਲਣ', 'ਕਿਸ ਤੋਂ ਆਪ ਲੁਕਾਈਦਾ' ਤੇ ਕਈ ਹੋਰ ਕਹਾਣੀਆਂ 'ਨਾਗਮਣੀ' ਵਿੱਚ ਛਾਪ ਕੇ ਅੰਮ੍ਰਿਤਾ ਪ੍ਰੀਤਮ ਨੇ ਮੈਨੂੰ ਖ਼ਾਲਿਦ ਹੁਸੈਨ ਬਣਾਇਆ। ਉਸ ਜ਼ਮਾਨੇ 'ਨਾਗਮਣੀ' ਵਿੱਚ ਛਪਿਆਂ ਬਾਝ ਕੋਈ ਲਿਖਾਰੀ ਨਹੀਂ ਸੀ ਮੰਨਿਆ ਜਾਂਦਾ। ਜਿਸਨੂੰ 'ਨਾਗਮਣੀ' ਵਿੱਚ ਦਾਖ਼ਲਾ ਮਿਲ ਜਾਂਦਾ ਉਹਦੇ ਪੈਰ ਜ਼ਮੀਨ 'ਤੇ ਨਹੀਂ ਸਨ ਲੱਗਦੇ। ਤੇ ਇਸ ਮਾਸਿਕ ਪਰਚੇ ਵਿੱਚ ਛਪਣ ਦੀ ਖ਼ੁਮਾਰੀ ਉਹਨੂੰ ਦਿਨ ਰਾਤ ਚੜ੍ਹੀ ਰਹਿੰਦੀ, ਕਿਉਂਕਿ ਸੂਝਵਾਨ ਸ਼ਾਇਰ, ਸਾਹਿਤਕਾਰ ਤੇ ਫ਼ਨਕਾਰ ਉਸਨੂੰ ਸਤਿਕਾਰ ਦੇਂਦੇ। ਮੇਰੇ ਨਾਲ ਵੀ ਕੁੱਝ ਇੰਝ ਹੀ ਹੋਇਆ ਸੀ। ਮੇਰੀ ਪਹਿਲੀ ਕਹਾਣੀ 'ਨਾਗਮਣੀ' ਵਿੱਚ ਛਪਣ


CC-0. Sohail Kazmi Collection, Jammu. Digitized by eGangotri

ਮਗਰੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ਦੇ ਐਲੱ.ਐਲੱ.ਸੀ. ਵਿਭਾਗ ਦੇ ਵਿਦਿਆਰਥੀ ਆਪਣੇ ਉਸ ਵੇਲੇ ਦੇ ਮੁਖੀ ਡਾ. ਸੁਰਿੰਦਰ ਸਿੰਘ ਦੁਸਾਂਝ ਨਾਲ ਸ੍ਰੀਨਗਰ ਵਿੱਚ ਮੈਨੂੰ ਮਿਲਣ ਆਏ ਤਾਂ ਪੰਜਾਬੀ ਸਾਹਿਤ ਸਭਾ ਸ੍ਰੀਨਗਰ ਨੇ ਖ਼ਾਲਸਾ ਹੋਟਲ ਵਿੱਚ ਇਹ ਮੁਲਾਕਾਤ ਕਰਵਾਈ ਸੀ। ਮੈਨੂੰ ਬਹੁਤ ਚੰਗਾ ਲੱਗਾ ਸੀ ਤੇ ਮੈਨੂੰ ਵਧੇਰੇ ਲਿਖਣ ਦੀ ਪ੍ਰੇਰਨਾ ਮਿਲੀ ਸੀ। ਖ਼ੈਰ ਇੱਕ ਦਿਨ ਉਹ ਵੀ ਆਇਆ ਜਦੋਂ ਮੈਂ ਦਿੱਲੀ ਗਿਆ ਤੇ 25 ਹੌਜ਼ ਖ਼ਾਸ ਦੇ ਦਰਵਾਜ਼ੇ ਦੀ ਘੰਟੀ ਵਜਾਈ, ਪੌੜੀਆਂ ਤੋਂ ਉਤਰ ਕੇ ਇੱਕ ਬੰਦੇ ਨੇ ਬੂਹਾ ਖੋਲ੍ਹਿਆ ਤੇ ਪੁੱਛਿਆ, "ਤੁਸੀਂ ਕੌਣ ਹੋ? ਕਿੱਥੋਂ ਆਏ ਹੋ? ਕੀਹਨੂੰ ਮਿਲਣਾ ਏ?"

ਮੈਂ ਆਪਣਾ ਨਾਂ ਦੱਸਿਆਂ ਤੇ ਕਿਹਾ ਕਿ ਕਸ਼ਮੀਰ ਤੋਂ ਅੰਮ੍ਰਿਤਾ ਪ੍ਰੀਤਮ ਜੀ ਨੂੰ ਮਿਲਣ ਆਇਆ ਹਾਂ। ਉਹਨੇ ਅੰਦਰ ਆਉਣ ਲਈ ਕਿਹਾ ਤੇ ਅਸੀਂ ਦੋਵੇਂ ਪੌੜੀਆਂ ਚੜ੍ਹ ਕੇ ਪਹਿਲੀ ਮੰਜ਼ਿਲ ਉਪੱਰ ਆਏ। ਉਹਨੇ ਮੈਨੂੰ ਬੈਠਕ ਵਿੱਚ ਬਿਠਾਇਆ ਤੇ ਕਿਹਾ, "ਤੁਹਾਨੂੰ ਕੁੱਝ ਚਿਰ ਲਈ ਉਡੀਕਣਾ ਪਵੇਗਾ, ਅੰਮ੍ਰਿਤਾ ਬੁਲਗਾਰੀਆ ਤੋਂ ਆਏ ਕੁੱਝ ਸਾਹਿਤਕਾਰਾਂ ਨਾਲ ਗੱਲਾਂ ਕਰ ਰਹੀ ਏ।" ਏਨਾ ਕਹਿ ਕੇ ਉਹ ਕਮਰੇ 'ਚੋਂ ਬਾਹਰ ਚਲਾ ਗਿਆ। ਮੈਂ ਬੈਠਕ ਦਾ ਜਾਇਜ਼ਾ ਲੈਣ ਲੱਗਾ। ਦੀਵਾਰਾਂ 'ਤੇ ਖ਼ੂਬਸੂਰਤ ਪੇਂਟਿੰਗਜ਼ ਸੱਜੀਆਂ ਹੋਈਆਂ ਸਨ। ਹਰ ਤਸਵੀਰ ਫੈਜ਼ ਅਹਿਮਦ ਫੈਜ਼ ਦੇ ਕਿਸੇ ਸ਼ੇਅਰ ਦੀ ਤਰਜ਼ੁਮਾਨੀ ਕਰ ਰਹੀ ਸੀ। ਆਰਟਿਸਟ ਨੇ ਸ਼ੇਅਰ ਦੀ ਰੂਹ ਨੂੰ ਤਸਵੀਰ ਅੰਦਰ ਢਾਲਿਆ ਸੀ, ਖ਼ਾਸ ਕਰਕੇ ਮੈਨੂੰ ਉਸ ਪੇਂਟਿੰਗ ਨੇ ਬੜਾ ਮੁਤਾਸਿਰ ਕੀਤਾ, ਜਿਸ ਵਿੱਚ ਫੈਜ਼ ਦੇ ਸ਼ੇਅਰ 'ਗੁਲੋਂ ਮੇਂ ਰੰਗ ਭਰੇ ਬਾਦੇ-ਨੌ-ਬਹਾਰ ਚਲੇ' ਦਾ ਅਕਸ ਦਰਸਾਇਆ ਗਿਆ ਸੀ। ਰੰਗਾਂ ਦਾ ਵਧੀਆ ਇਸਤੇਮਾਲ ਤੇ ਉਨ੍ਹਾਂ ਵਿੱਚੋਂ ਉਭੱਰਦਾ ਸ਼ੇਅਰ ਦਾ ਅਰਥ, ਤਸਵੀਰ ਸਿੱਧੀ ਦਿਲ ਵਿੱਚ ਖੁੱਭਦੀ ਜਾ ਰਹੀ ਸੀ। ਮੈਂ ਡਰਾਇੰਗ ਰੂਮ ਵਿੱਚ ਨਫਾਸਤ ਨਾਲ ਰੱਖੀਆਂ ਗਈਆਂ ਦੂਜੀਆਂ ਚੀਜ਼ਾਂ ਵੀ ਦੇਖ ਰਿਹਾ ਸਾਂ ਕਿ ਉਹੋ ਬੰਦਾ ਮੁੜ ਅੰਦਰ ਆਇਆ। ਮੈਨੂੰ ਓਸ ਕਮਰੇ ਵਿੱਚ ਲੈ ਗਿਆ ਜਿੱਥੋਂ ਬੁਲਗਾਰੀਆ ਤੋਂ ਆਏ ਸੱਜਣ ਬਾਹਰ ਨਿਕਲ ਰਹੇ ਸਨ। ਮੈਂ ਅੰਮ੍ਰਿਤਾ ਦੀਦੀ ਦੇ ਪੈਰ ਛੋਹੇ। ਉਹਨੇ ਮੈਨੂੰ ਗਲ ਨਾਲ ਲਾਇਆ ਤੇ ਕਿਹਾ,

"ਸੁਣਾ ਖ਼ਾਲਿਦ! ਭੈੜਿਆ ਤੈਨੂੰ ਅੱਜ ਖਾਹਿਸ਼ ਜਾਗੀ ਏ ਮੈਨੂੰ ਮਿਲਣ


CC-0. Sohail Kazmi Collection, Jammu. Digitized by eGangotri

ਦੀ? ਤੂੰ ਤੇ ਆਪਣੀਆਂ ਕਹਾਣੀਆਂ ਵਾਂਗਰ ਸੋਹਣਾ ਵੀ ਏਂ।" (ਯਾਦ ਰਹੇ ਕਿ ਓਦੋਂ ਆਤਿਸ਼ ਜੁਆਨ ਸੀ।) ਉਹ ਬੰਦਾ ਹੱਸਦਿਆਂ ਹੱਸਦਿਆਂ ਕਮਰੇ 'ਚੋਂ ਬਾਹਰ ਚਲਾ ਗਿਆ। ਮੈਂ ਤੇ ਦੀਦੀ ਗੱਲਾਂ ਕਰਨ ਲੱਗੇ। ਉਸਨੇ ਮੈਥੋਂ ਮੇਰੇ ਖ਼ਾਨਦਾਨ, ਗ੍ਰਹਿਸਤੀ ਤੇ ਅਦਬੀ ਰੁਝੇਵਿਆਂ ਬਾਰੇ ਪੁੱਛਿਆ ਤੇ ਮੈਂ ਉਹਦੇ ਸੁਆਲਾਂ ਦਾ ਜੁਆਬ ਦੇਂਦਿਆਂ-ਦੇਂਦਿਆਂ ਆਪ ਵੀ ਕੁੱਝ ਪੁੱਛ ਬਹਿੰਦਾ। ਉਸਦੀ ਸ਼ਾਇਰੀ ਬਾਰੇ ਖ਼ਾਸ ਕਰ 'ਰਸੀਦੀ ਟਿਕਟ' ਬਾਰੇ ਗੱਲਾਂ ਹੋਈਆਂ, ਜਿਹਦੀ ਉਨ੍ਹਾਂ ਦਿਨਾਂ ਵਿੱਚ ਬੜੀ ਚਰਚਾ ਸੀ ਅਤੇ ਕੁੱਝ ਧਰਮ ਦੇ ਠੇਕੇਦਾਰ, ਸਾਹਿਤਕਾਰ ਤੇ ਸਮਾਜ ਸੁਧਾਰਿਕ ਅੰਮ੍ਰਿਤਾ ਪ੍ਰੀਤਮ ਉਤੇ ਗੰਦ ਉਛਾਲ ਰਹੇ ਸਨ। ਪਰ ਇਨ੍ਹਾਂ ਸਮਾਜੀ ਤੇ ਮਜ਼ਬੀ ਜਨੂੰਨੀਆਂ ਦੀ ਮਨਫੀ ਸੋਚ ਨੂੰ 'ਕੈਪਸਟਨ' ਸਿਗਰੇਟ ਦੇ ਧੂੰਏਂ ਵਿੱਚ ਉਡਾਂਦਿਆਂ ਹੋਇਆਂ ਅੰਮ੍ਰਿਤਾ ਪ੍ਰੀਤਮ ਨੇ ਕਿਹਾ ਸੀ, "ਰੱਬ ਇਨ੍ਹਾਂ ਦੋਸਤਾਂ ਨੂੰ ਸੱਚ ਲਿਖਣ ਤੇ ਸੱਚ ਕਹਿਣ ਦੀ ਤੌਫੀਕ ਦੇਵੇ।"

ਗੱਲਬਾਤ ਚੱਲ ਰਹੀ ਸੀ ਕਿ ਓਹੋ ਸੱਜਣ ਚਾਹ ਦੇ ਤਿੰਨ ਕੱਪ ਤੇ ਕੁੱਝ ਬਿਸਕੁਟ ਇੱਕ ਟ੍ਰੇਅ ਵਿੱਚ ਲੈ ਕੇ ਆ ਗਿਆ ਤੇ ਟ੍ਰੇਅ ਮੇਜ਼ ਉਤੇ ਰੱਖ ਦਿੱਤੀ ਅਤੇ ਆਪ ਵੀ ਇੱਕ ਕੁਰਸੀ ਖਿੱਚ ਕੇ ਸਾਡੇ ਕੋਲ ਬਹਿ ਗਿਆ। ਦੀਦੀ ਨੇ ਤਾਅਰੁਫ ਕਰਾਇਆ, "ਖ਼ਾਲਿਦ ਇਹ ਇਮਰੋਜ਼ ਏ, ਮੇਰਾ ਆਈਡੀਅਲ।" ਮੈਂ ਕੁਰਸੀ ਤੋਂ ਉਠਦਿਆਂ ਇਮਰੋਜ਼ ਨੂੰ ਗਲਵੱਕੜੀ ਪਾ ਲਈ ਤੇ ਮਾਫੀ ਮੰਗਦਿਆਂ ਹੋਇਆਂ ਕਿਹਾ, "ਭਾਜੀ! ਮੈਂ ਤੁਹਾਨੂੰ ਗਲਤੀ ਨਾਲ ਨੌਕਰ ਸਮਝਿਆ ਸੀ। ਮਾਫ਼ ਕਰ ਦਿਓ।"

"ਜਿਹੜਾ ਵੀ ਇੱਥੇ ਪਹਿਲੀ ਵਾਰ ਆਉਂਦਾ ਏ, ਉਹ ਇਸ ਗਲਤ ਫਹਿਮੀ ਦਾ ਸ਼ਿਕਾਰ ਹੋ ਜਾਂਦਾ ਏ। ਤੇਰਾ ਕੋਈ ਕਸੂਰ ਨਹੀਂ।" ਇਮਰੋਜ਼ ਨੇ ਜੁਆਬ ਦਿੱਤਾ ਸੀ।

ਫਿਰ ਮੈਂ ਇਮਰੋਜ਼ ਨਾਲ ਉਸ ਦੀਆਂ ਬਣਾਈਆਂ ਪੇਂਟਿੰਗਜ਼ ਬਾਰੇ ਗੱਲਾਂ ਕਰਨ ਲੱਗਾ। ਉਨ੍ਹਾਂ ਦੇ ਬਣਾਏ ਹੋਏ ਕਿਤਾਬਾਂ ਦੇ ਟਾਇਟਲਜ਼ ਤੇ 'ਨਾਗਮਣੀ' ਦੇ ਬਣਾਏ ਸਕੈਚਾਂ ਦੇ ਲਹਿੰਦੇ ਪੰਜਾਬ ਵਿੱਚ ਅਹਿਮਦ ਸਲੀਮ ਹੋਰਾਂ ਵੱਲੋਂ 'ਨਾਗਮਣੀ' ਦੇ ਮਵਾਦ ਨੂੰ ਸ਼ਾਹਮੁਖੀ ਵਿੱਚ ਮਹੀਨੇ ਵਾਰ 'ਕੂੰਜ' ਲੜੀ ਵਿੱਚ ਛਾਪਣ ਬਾਰੇ ਗੱਲਾਂ ਹੋਈਆਂ। (ਕੂੰਜ ਵਿੱਚ ਨਾਚੀਜ਼ ਦੀਆਂ ਵੀ ਦੋ ਕਹਾਣੀਆਂ 'ਨਾਗਮਣੀ' 'ਚੋਂ ਉਲਥਾਈਆਂ ਗਈਆਂ ਸਨ।)


CC-0. Sohail Kazmi Collection, Jammu. Digitized by eGangotri

ਅਸਾਂ ਚਾਹ ਪੀਤੀ ਤੇ ਇਮਰੋਜ਼ ਖ਼ਾਲੀ ਕੱਪ ਲੈ ਕੇ ਕਮਰੇ 'ਚੋਂ ਬਾਹਰ ਚਲਾ ਗਿਆ। ਉਹਦੇ ਜਾਣ ਮਗਰੋਂ ਮੈਂ ਦੀਦੀ ਨੂੰ 'ਰਸੀਦੀ ਟਿਕਟ' ਦੇ ਹਵਾਲੇ ਨਾਲ ਪੁੱਛਿਆ, "ਜੇ ਇਮਰੋਜ਼ ਤੁਹਾਡਾ ਆਈਡੀਅਲ ਹੈ ਤਾਂ ਸਾਹਿਰ ਲੁਧਿਆਣਵੀ ਕੀ ਸੀ?" ਤੇ ਅੰਮ੍ਰਿਤਾ ਦੀਦੀ ਨੇ ਜਵਾਬ ਦਿੱਤਾ ਸੀ, "ਸਾਹਿਰ ਮੇਰਾ ਖ਼੍ਵਾਬ ਸੀ ਤੇ ਇਮਰੋਜ਼ ਇਸ ਖ਼੍ਵਾਬ ਦੀ ਤਾਬੀਰ ਏ, ਮੇਰਾ ਪੂਰਕ ਏ।"

ਅੰਮ੍ਰਿਤਾ ਨੇ ਸਮਾਜੀ ਬੰਧਨਾਂ ਨੂੰ ਕਦੇ ਨਹੀਂ ਮੰਨਿਆ। ਉਹਨੇ ਸਮਾਜੀ ਜਬਰ, ਜਹਾਲਤ, ਮਜ਼੍ਹਬੀ ਜਨੂੰਨ, ਤਅਸੁਬ ਤੇ ਸਾਮਰਾਜੀਅਤ ਦੇ ਖ਼ਿਲਾਫ਼ ਆਪਣਾ ਕਲਮੀ ਜਹਾਦ ਜਾਰੀ ਰੱਖਿਆ। ਉਹਦਾ ਕਹਿਣਾ ਸੀ ਕਿ ਮਜ਼੍ਹਬੀ ਨਫ਼ਰਤ, ਤਬਕਾਤੀ ਨਫ਼ਰਤ ਤੋਂ ਘੱਟ ਨਹੀਂ ਹੁੰਦੀ ਤੇ ਧਰਮ ਜਦ ਇਕਤਿਦਾਰ ਦੀ ਸਿਆਸਤ ਬਣ ਜਾਏ ਤਾਂ ਇਨਸਾਨ ਜਨੌਰ ਬਣ ਜਾਂਦਾ ਏ ਤੇ ਉਹਦੀ ਭਾਸ਼ਾ ਦੇ ਸ਼ਬਦ ਬੇਰਹਿਮ ਹੋ ਜਾਂਦੇ ਹਨ।

ਜਿਹੜੀ ਦੁਨੀਆ ਅੰਮ੍ਰਿਤਾ ਨੂੰ ਮਿਲੀ ਸੀ, ਉਹ ਉਸਨੂੰ ਬਿਲਕੁਲ ਕਬੂਲ ਨਹੀਂ ਸੀ। ਇਸ ਲਈ ਉਸਨੇ ਆਪਣੀ ਦੁਨੀਆ ਆਪ ਤਖ਼ਲੀਕ ਕੀਤੀ ਸੀ। ਅੰਮ੍ਰਿਤਾ ਪ੍ਰੀਤਮ ਇੱਕ ਸੱਚੀ ਸ਼ਾਇਰਾ ਤੇ ਲਿਖਾਰੀ ਸੀ। ਉਹ ਸੱਚ 'ਤੇ ਯਕੀਨ ਰੱਖਦੀ ਸੀ। ਉਹਨੇ ਜੋ ਕੁੱਝ ਵੀ ਲਿਖਿਆ, ਸਿਰਫ਼ ਸੱਚ ਲਿਖਿਆ। ਉਹਨੇ ਸੱਚ ਤੇ ਇਸ਼ਕ ਨੂੰ ਕਦੇ ਨਹੀਂ ਛੁਪਾਇਆ। ਅੰਮ੍ਰਿਤਾ ਨੇ ਆਪਣੀ ਸ਼ਖ਼ਸੀਅਤ ਦੇ ਸੱਚ ਤੇ ਬੇਬਾਕੀ ਨੂੰ 'ਰਸੀਦੀ ਟਿਕਟ' ਰਾਹੀਂ ਬਿਆਨ ਕੀਤਾ ਅਤੇ ਆਪਣੀ ਜ਼ਿੰਦਗੀ ਆਪਣੇ ਅਸੂਲਾਂ ਮੁਤਾਬਿਕ ਗੁਜ਼ਾਰੀ। ਅੰਮ੍ਰਿਤਾ ਪ੍ਰੀਤਮ ਨੇ ਜਦ ਅੱਖ ਖੋਲ੍ਹੀ ਤਾਂ ਪੰਜਾਬੀ ਅਦਬੀ ਦੁਨੀਆ ਵਿੱਚ ਉਸ ਵੇਲੇ ਉਸਤਾਦ ਹਮਦਮ, ਫ਼ਿਰੋਜ਼ਦੀਨ ਸ਼ਰਫ਼, ਮੌਲਾ ਬਖ਼ਸ਼ ਕੁਸ਼ਤਾ, ਪ੍ਰੋਫ਼ੈਸਰ ਮੋਹਨ ਸਿੰਘ ਮਾਹਿਰ ਤੇ ਡਾਕਟਰ ਫਕੀਰ ਮੁਹੰਮਦ ਫਕੀਰ ਦਾ ਸਿੱਕਾ ਚੱਲ ਰਿਹਾ ਸੀ। ਅੰਮ੍ਰਿਤਾ ਨੇ ਉਸੇ ਵਾਤਾਵਰਣ ਵਿੱਚ ਸ਼ਾਇਰੀ ਦਾ ਆਗਾਜ਼ ਕੀਤਾ ਤੇ ਛੇਤੀ ਹੀ ਉਸਦੀ ਕਵਿਤਾ ਦੀ ਚਰਚਾ ਹੋਣ ਲੱਗੀ। ਅੰਮ੍ਰਿਤਾ ਨੇ ਸ਼ਾਇਰੀ ਵਿੱਚ ਇਸ਼ਕ ਤੇ ਮੁਹੱਬਤ ਦੇ ਜਜ਼ਬਿਆਂ ਨੂੰ ਇੰਝ ਪੇਸ਼ ਕੀਤਾ ਕਿ ਉਹਦੀ ਸ਼ਾਇਰੀ ਪੰਜਾਬੀਆਂ ਦੀ ਪਹਿਚਾਣ ਬਣ ਗਈ। ਉਹ ਆਪਣੀ ਧਰਤੀ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਸੀ। ਉਹ ਇੱਕ ਨਦੀ ਸੀ, ਨਿਰਮਲ, ਕੋਮਲ ਤੇ ਨਿਰਛਲ। ਉਹ ਇੱਕ


CC-0. Sohail Kazmi Collection, Jammu. Digitized by eGangotri

ਵਗਦਾ ਦਰਿਆ ਸੀ, ਇੱਕ ਡੂੰਘਾ ਸਮੁੰਦਰ, ਇੱਕ ਔਰਤ, ਇੱਕ ਆਵਾਜ਼। ਪੰਜਾਬ ਦੀ ਆਵਾਜ਼।

ਅੰਮ੍ਰਿਤਾ ਪ੍ਰੀਤਮ ਦੀਆਂ ਰਚਨਾਵਾਂ ਵਿੱਚ ਸੱਚਾਈ ਤੇ ਗਹਿਰਾਈ ਸੀ। ਉਹਨੇ ਔਰਤ ਦੇ ਜਜ਼ਬਾਤਾਂ ਦੀ ਸੱਚੀ ਅੱਕਾਸੀ ਕੀਤੀ ਅਤੇ ਬੇਝਿਜਕ ਸੱਚ ਨੂੰ ਚਿਤਰਿਆ-

"ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ ਤਕ ਨਹੀਂ ਰਹਿਣਾ
ਓ ਮੇਰੇ ਠੰਡੇ ਘੁੱਟ ਦਿਆ ਮਿੱਤਰਾ
ਕਹਿ ਦੇ ਜੋ ਕੁੱਝ ਕਹਿਣਾ
ਦੇਖ ਕੇ ਮੇਰੀ ਤ੍ਰਹੇ ਵਰਗੀ
ਇਸ ਪਾਣੀ ਦੀ ਮਜਬੂਰੀ
ਨਾ ਇਸ ਤੇਰੀ ਤ੍ਰਹੇ ਸੰਗ ਟੁਰਨਾ
ਨਾ ਇਸ ਇੱਥੇ ਬਹਿਣਾ
ਵੇ ਮੈਂ ਤਿੜਕੇ ਘੜੇ ਦਾ ਪਾਣੀ
ਕੱਲ ਤਕ ਨਹੀਂ ਰਹਿਣਾ।"

-0-0-0-

"ਪੱਤਰਾਂ ਵਿੱਚੋਂ ਚਾਨਣ ਛਣਦਾ
ਸਿੱਟਿਆਂ 'ਚੋਂ ਸੁਗੰਧੀਆਂ
ਨਵੀਂ ਬੂਰ ਦੀ ਵਾਛੜ ਪੈਂਦੀ
ਮੂੰਹ ਸਿਰ ਭੱਜਦਾ ਜਾਵੇ..........
ਦੂਰ ਪਿਆ ਕੋਈ ਗਾਵੇ
ਸੱਜਰ ਸੂਏ ਟਾਂਡਿਆਂ ਵਿੱਚੋਂ
ਇੱਕ ਵਾਸ਼ਨਾ ਉਠੇ
ਲਿੰਬੇ ਹੋਏ ਚੁੱਲ੍ਹੇ 'ਚੋਂ ਲੰਘੇ
ਮੇਰੇ ਅੰਦਰ ਭਰਦੀ ਜਾਵੇ..........
ਦੂਰ ਪਿਆ ਕੋਈ ਗਾਵੇ।"

-0-0-0-

"ਚਾਨਣੀ ਦੀ ਮਹਿੰਦੀ ਮੈਂ ਤਲੀਆਂ 'ਤੇ ਲਾਈ


CC-0. Sohail Kazmi Collection, Jammu. Digitized by eGangotri

ਅੱਜ ਦੁੱਖਾਂ ਦੀ ਕਾਲੀ ਕਕਰੀ ਰਾਤੇ
ਓਹਦੀ ਕਿਰਨ ਜਦੋਂ ਬਹੁੜੀ
ਬੱਦਲਾਂ ਦੇ ਮਹਿਲੀਂ ਮੇਰਾ ਸੂਰਜ ਸੁੱਤਾ
ਜਿੱਥੇ ਬਾਰੀ, ਨਾ ਬੂਹਾ ਨਾ ਪੌੜੀ।"

ਵੰਡ ਤੋਂ ਪਹਿਲਾਂ ਲਾਹੌਰ ਰੇਡੀਓ ਨੇ ਅੰਮ੍ਰਿਤਾ ਨੂੰ ਅਦਬੀ ਸ਼ਨਾਖਤ ਬਖ਼ਸ਼ੀ ਤੇ ਉਹ ਪੰਜਾਬੀ ਅਦਬੀ ਹਲਕਿਆਂ ਵਿੱਚ ਇੱਕ ਸ਼ਾਇਰਾ ਦੇ ਤੌਰ 'ਤੇ ਸਥਾਪਤ ਹੋ ਗਈ। ਦੇਸ਼ ਦੀ ਤਕਸੀਮ ਮਗਰੋਂ ਉਹ ਦਿੱਲੀ ਆ ਕੇ ਵੱਸ ਗਈ। ਪ੍ਰੀਤਮ ਸਿੰਘ ਨੇ ਅਨਾਰਕਲੀ ਲਾਹੌਰ ਵਾਲੀ ਦੁਕਾਨ ਦਾ ਸੌਦਾ ਚਾਨਣੀ ਚੌਕ ਦੀ ਦੁਕਾਨ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ ਅਤੇ ਅੰਮ੍ਰਿਤਾ ਲਾਹੌਰ ਰੇਡੀਓ ਨੂੰ ਛੱਡ ਕੇ ਆਲ ਇੰਡੀਆ ਰੇਡੀਓ ਦਿੱਲੀ ਵਿੱਚ ਸਕ੍ਰਿਪਟ ਰਾਈਟਰ ਤੇ ਅਨਾਊਂਸਰ ਬਣ ਗਈ। ਮੀਆਂ ਬੀਵੀ ਦੀਆਂ ਰੂਹਾਂ ਕਦੀ ਨਾ ਮਿਲੀਆਂ। ਜ਼ਿਹਨਾਂ ਤੇ ਦਿਲਾਂ ਦਾ ਮਿਲਾਪ ਕਦੀ ਨਾ ਹੋ ਸਕਿਆ। ਦੋਹਾਂ ਦੀ ਸੋਚ ਦਰਿਆ ਦੇ ਦੋ ਕਿਨਾਰਿਆਂ ਵਾਂਗ ਸੀ, ਜਿਹੜੇ ਕਦੀ ਨਹੀਂ ਮਿਲਦੇ, ਅਖ਼ੀਰ, ਦੋਹਾਂ ਨੇ ਵੱਖ-ਵੱਖ ਰਹਿਣ ਦਾ ਫੈਸਲਾ ਕਰ ਲਿਆ। ਪਰ ਅੰਮ੍ਰਿਤਾ ਨਾਲ ਪ੍ਰੀਤਮ ਦਾ ਜਿਹੜਾ ਸ਼ਬਦ ਵਿਆਹ ਮਗਰੋਂ ਜੁੜਿਆ ਸੀ, ਉਹ ਫੇਰ ਪੂਰੀ ਹਯਾਤੀ ਜੁੜਿਆ ਹੀ ਰਿਹਾ। ਉਥੇ ਨਾ ਸਾਹਿਰ ਜੁੜ ਸਕਿਆ ਤੇ ਨਾ ਹੀ ਇਮਰੋਜ਼। ਦਿੱਲੀ ਵਿੱਚ ਰਹਿ ਕੇ ਵੀ ਅੰਮ੍ਰਿਤਾ ਨੇ ਲਹਿੰਦੇ ਪੰਜਾਬ ਦੀ ਨੁਮਾਇੰਦਗੀ ਕੀਤੀ। ਕਵਿਤਾ, ਕਹਾਣੀਆਂ ਤੇ ਨਾਵਲਾਂ ਵਿੱਚ ਮਾਝੇ ਦੀ ਲੋਕ ਭਾਸ਼ਾ ਦਾ ਇਸਤੇਮਾਲ ਕੀਤਾ। ਸੂਫੀ ਕਾਵਿ-ਸ਼ੈਲੀ ਵਰਤੀ।

ਦੇਸ਼ ਦੀ ਵੰਡ ਨੇ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਕੀਤਾ। ਇਸ ਵੰਡ ਨੇ ਪੰਜਾਬੀ ਸੱਭਿਆਚਾਰ ਦੀ ਇਕਾਈ ਨੂੰ ਤੋੜ ਕੇ ਰੱਖ ਦਿੱਤਾ। ਹਿੰਦੂ-ਮੁਸਲਿਮ ਸਿਆਸਤ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਪੰਜਾਬ ਦੀ ਧਰਤੀ ਇਨਸਾਨੀ ਖ਼ੂਨ ਨਾਲ ਲਾਲ ਹੋ ਗਈ।

ਵੰਡ ਮਗਰੋਂ ਰਿਫਿਊਜੀਆਂ ਤੇ ਸ਼ਰਨਾਰਥੀਆਂ ਨੇ ਆਪਣੇ-ਆਪਣੇ ਨਾਂ, ਮਕਾਨ ਤੇ ਦੁਕਾਨਾਂ ਅਲਾਟ ਕਰਾਈਆਂ। ਪਰ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਂ ਸਿਰਫ ਪੰਜਾਬ ਦੀ ਵੰਡ ਦਾ ਦਰਦ ਅਲਾਟ ਕਰਵਾਇਆ ਤੇ ਉਹ ਦਰਦ ਉਸ ਅੰਦਰੋਂ ਉਦੋਂ ਫੁੱਟ ਕੇ ਬਾਹਰ ਨਿਕਲਿਆ, ਜਦ ਉਹ


CC-0. Sohail Kazmi Collection, Jammu. Digitized by eGangotri

ਰੇਲ ਗੱਡੀ ਵਿੱਚ ਦਿੱਲੀ ਤੋਂ ਦੇਹਰਾਦੂਨ ਜਾ ਰਹੀ ਸੀ ਤਾਂ ਇੱਕ ਨਜ਼ਮ ਦਾ ਜਨਮ ਹੋਇਆ। ਇੱਕ ਲਾਫ਼ਾਨੀ ਨਜ਼ਮ ਦਾ, ਜਿਸਨੂੰ ਸਭ ਤੋਂ ਪਹਿਲਾਂ ਉਰਦੂ ਦੇ ਮਸ਼ਹੂਰ ਸ਼ਾਇਰ ਤੇ ਗੀਤਕਾਰ ਸੈਫ਼-ਉਦ-ਦੀਨ ਸੈਫ ਨੇ ਆਪਣੀ ਕਾਮਯਾਬ ਪਾਕਿਸਤਾਨੀ ਪੰਜਾਬੀ ਫਿਲਮ 'ਕਰਤਾਰ ਸਿੰਘ' ਵਿੱਚ ਵਰਤਿਆ। ਇਸ ਨਜ਼ਮ ਨੂੰ ਖੁਸ਼ਵੰਤ ਸਿੰਘ ਦੀ ਮਸ਼ਹੂਰ ਰਚਨਾ 'ਟ੍ਰੇਨ ਟੂ ਪਾਕਿਸਤਾਨ' ਉਤੇ ਬਣਾਈ ਗਈ ਫਿਲਮ ਵਿੱਚ ਵੀ ਵਰਤਿਆ ਗਿਆ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' 'ਤੇ ਬਣਾਈ ਗਈ ਫਿਲਮ ਵਿੱਚ ਵੀ ਵਰਤਿਆ ਗਿਆ। ਅੱਧੀ ਸਦੀ ਗੁਜ਼ਰਨ ਮਗਰੋਂ ਵੀ ਇਹ ਨਜ਼ਮ ਪੰਜਾਬੀਆਂ ਦੇ ਜ਼ਮੀਰਾਂ ਨੂੰ ਝੰਜੋੜਨ ਲਈ ਹਥੌੜੇ ਦਾ ਕੰਮ ਕਰਦੀ ਏ। ਇਸ ਨਜ਼ਮ ਨੇ ਅੰਮ੍ਰਿਤਾ ਪ੍ਰੀਤਮ ਨੂੰ ਸਾਹਿਤ ਦੀ ਸਭ ਤੋਂ ਉਚੀ ਟੀਸੀ 'ਤੇ ਜਾ ਖੜਾ ਕੀਤਾ। ਇਹ ਨਜ਼ਮ ਉਸਦੀ ਪਹਿਚਾਣ ਬਣ ਗਈ। ਵੰਡ 'ਤੇ ਇੱਕ ਹੋਰ ਨਜ਼ਮ ਵੀ ਲਿਖੀ ਗਈ, ਜਿਸਦਾ ਸਿਰਨਾਵਾ 'ਤ੍ਰਿੰਝਣ' ਸੀ। ਤ੍ਰਿੰਝਣ ਅਹਿਮਦ ਰਾਹੀ ਦੀ ਤਖਲੀਕ ਸੀ, ਜਿਸਨੂੰ ਅਹਿਮਦ ਰਾਹੀ ਨੇ ਅੰਮ੍ਰਿਤਾ ਪ੍ਰੀਤਮ ਦੇ ਨਾਂ ਲਾਇਆ ਸੀ। ਅਹਿਮਦ ਰਾਹੀ ਅੰਮ੍ਰਿਤਸਰ ਦਾ ਜੰਮਪਲ ਸੀ ਤੇ ਅੰਮ੍ਰਿਤਾ ਲਾਹੌਰ ਦੀ। ਇੰਝ ਇਹ ਸਾਬਿਤ ਹੁੰਦਾ ਹੈ ਕਿ ਵੰਡ ਦਾ ਦਰਦ ਸਾਰੇ ਪੰਜਾਬੀਆਂ ਦਾ ਸਾਂਝਾ ਦਰਦ ਏ, ਭਾਵੇਂ ਉਹ ਲਹਿੰਦੇ ਪੰਜਾਬ ਵਿੱਚ ਰਹਿੰਦੇ ਹੋਣ ਜਾਂ ਚੜ੍ਹਦੇ ਪੰਜਾਬ ਵਿੱਚ। ਆਜ਼ਾਦ ਭਾਰਤ ਤੇ ਆਜ਼ਾਦ ਪਾਕਿਸਤਾਨ ਦੀਆਂ ਸਰਕਾਰਾਂ ਨੇ ਧਰਤੀ ਦੀ ਹੱਦਬੰਦੀ ਕਰਕੇ ਪੰਜਾਬ ਦੇ ਸੀਨੇ ਵਿੱਚ ਕੰਡਿਆਲੀ ਤਾਰ ਖੋਭ ਦਿੱਤੀ ਤੇ ਪੰਜਾਬੀਆਂ ਦਿਆਂ ਦਿਲਾਂ ਨੂੰ ਲਹੂ ਲੁਹਾਨ ਕਰ ਦਿੱਤਾ ਅਤੇ ਇਹ ਦਰਦ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿੱਚ ਜੀਊਂਦਾ ਹੈ ਤੇ ਜੀਊਂਦਾ ਰਹੇਗਾ।

ਅੰਮ੍ਰਿਤਾ ਪ੍ਰੀਤਮ ਨਵੇਂ ਲਿਖਾਰੀਆਂ ਲਈ ਆਈਡੀਅਲ ਬਣ ਗਈ ਸੀ। ਉਸਨੇ ਸਾਰੀ ਹਯਾਤੀ ਰਵਾਇਤਾਂ ਨਾਲ ਆਢ੍ਹਾ ਲਾਈ ਰੱਖਿਆ। ਉਸਦੀਆਂ ਨਜ਼ਮਾਂ ਵਿੱਚ ਨਵੇਂ ਅਹਿਸਾਸ ਤੇ ਨਵੀਂ Sensibility ਸੀ। ਅੰਮ੍ਰਿਤਾ ਪ੍ਰੀਤਮ ਦੀ ਬੁਨਿਆਦੀ ਪਹਿਚਾਣ ਉਸਦੀ ਸ਼ਾਇਰੀ ਏ, ਪਰ ਉਸਨੂੰ ਉਸਦੀਆਂ ਕਹਾਣੀਆਂ, ਨਾਵਲਾਂ, ਸਫਰਨਾਮਿਆਂ, ਇੰਟਰਵਿਊਜ਼ ਤੇ ਹੱਡਬੀਤੀ ਦੇ ਹਵਾਲੇ ਨਾਲ ਵੀ ਯਾਦ ਕੀਤਾ ਜਾਂਦਾ ਹੈ। ਸ਼ਾਇਰੀ ਬਾਰੇ ਅੰਮ੍ਰਿਤਾ ਨੇ ਕਿਹਾ ਸੀ, "ਸ਼ਾਇਰੀ ਲਈ ਇੱਕ ਖ਼ਾਸ ਮੌਸਮ ਹੁੰਦਾ ਹੈ



CC-0. Sohail Kazmi Collection, Jammu. Digitized by eGangotri

ਜੋ ਸ਼ਾਇਰ ਦੇ ਦਿਲ 'ਤੇ ਆਉਂਦਾ ਹੈ। ਜੇ ਇਹ ਮੌਸਮ ਮਨ ਅੰਦਰ ਉਤਰੇ ਤਾਂ ਸ਼ੇਅਰ ਦੀ ਤਖਲੀਕ ਹੁੰਦੀ ਏ, ਨਹੀਂ ਤਾਂ ਸ਼ਾਇਰੀ ਸਿਰਫ ਕਾਫੀਆ, ਰਦੀਫ ਤੇ ਤੁਕਬੰਦੀ ਹੁੰਦੀ ਏ। ਸ਼ਾਇਰੀ ਲਈ ਕ੍ਰਾਫਟ ਤੋਂ ਇਲਾਵਾ ਖ਼ਿਆਲਾਂ ਦਾ ਹੋਣਾ ਵੀ ਲਾਜ਼ਮੀ ਏ.........।"

ਅੰਮ੍ਰਿਤਾ ਮਨੁੱਖੀ ਆਜ਼ਾਦੀ ਦੀ ਜ਼ਬਰਦਸਤ ਹਾਮੀ ਭਰਦੀ ਸੀ। ਜਦੋਂ ਰੂਸੀ ਫੌਜਾਂ ਚੈਕਸਿਲੋਵਾਕੀਆ ਅੰਦਰ ਦਾਖ਼ਲ ਹੋਈਆਂ ਸਨ ਤਾਂ ਅੰਮ੍ਰਿਤਾ ਪ੍ਰੀਤਮ ਬਹੁਤ ਦੁਖੀ ਹੋਈ ਸੀ। ਉਸ ਵੇਲੇ ਪਰਾਗ ਸ਼ਹਿਰ ਦੇ ਲੋਕਾਂ ਨੇ ਆਪਣਾ ਰੋਸ ਪ੍ਰਗਟ ਕਰਨ ਲਈ ਆਪਣਿਆਂ ਘਰਾਂ ਦੇ ਨੰਬਰ ਮਿਟਾ ਦਿੱਤੇ ਸਨ, ਗਲੀਆਂ ਤੇ ਸੜਕਾਂ ਦੇ ਨਾਂ ਨਿਸ਼ਾਨ ਖ਼ਤਮ ਕਰ ਦਿੱਤੇ ਸਨ। ਉਸ ਵੇਲੇ ਅੰਮ੍ਰਿਤਾ ਪ੍ਰੀਤਮ ਨੇ ਇੱਕ ਨਜ਼ਮ ਲਿਖੀ ਸੀ-

"ਆਜ ਮੈਂਨੇ ਆਪਣੇ ਘਰ ਕਾ ਨੰਬਰ ਮਿਟਾ ਦੀਆ ਹੈ
ਗਲੀ ਕਾ ਨਾਮ ਔਰ ਸੜਕ ਕਾ
ਨਿਸ਼ਾਨ ਹੀ ਖ਼ਤਮ ਕਰ ਦੀਆ ਹੈ
ਅਬ ਅਗਰ ਤੁਮ ਮੁਝੇ ਢੂੰਡਨਾ ਚਾਹੋ
ਤੋ ਦਰਵਾਜ਼ੇ ਖਟਖਟਾਤੇ ਰਹੋ
ਹਰ ਗਲੀ, ਹਰ ਸ਼ਹਿਰ, ਹਰ ਮੁਲਕ ਮੇਂ ਜਾਓ
ਜਹਾਂ ਕਹੀਂ ਤੁਮਹੇਂ ਕੋਈ ਆਜ਼ਾਦ ਰੂਹ ਮਿਲ ਜਾਏ
ਸਮਝਨਾ ਵਹੀ ਮੇਰਾ ਘਰ ਹੈ।"

ਉਹਦੀਆਂ ਨਜ਼ਮਾਂ ਦੇ ਤਰਜ਼ੁਮੇ ਪੜ੍ਹ ਕੇ ਵੀਅਤਨਾਮ ਜੰਗ ਦੇ ਹੀਰੋ 'ਹੋ-ਚੀ-ਮਿੰਨ' ਨੇ ਅੰਮ੍ਰਿਤਾ ਦਾ ਮੱਥਾ ਚੁੰਮ ਕੇ ਕਿਹਾ ਸੀ,

"ਤੇਰੀ ਕਲਮ ਮੇਰੀ ਬੰਦੂਕ ਵਰਗੀ ਹੈ।" ਤੇ ਅੰਮ੍ਰਿਤਾ ਪ੍ਰੀਤਮ ਨੇ ਕਿਹਾ, "ਆਜ਼ਾਦੀ ਨਾ ਮੰਗੀ ਜਾ ਸਕਦੀ ਹੈ, ਨਾ ਖੋਹੀ ਜਾ ਸਕਦੀ ਹੈ, ਨਾ ਸਰੀਰ 'ਤੇ ਵਲੇਟੀ ਜਾ ਸਕਦੀ ਹੈ। ਆਜ਼ਾਦੀ ਤਾਂ ਵਜੂਦ ਦੀ ਮਿੱਟੀ 'ਚੋਂ ਉਗੱਦੀ ਹੈ।"

ਰਿਗਵੇਦ ਦਾ ਇੱਕ ਸ਼ਲੋਕ ਅੰਮ੍ਰਿਤਾ ਦੀ ਹਯਾਤੀ ਦੀ ਤਰਜ਼ੁਮਾਨੀ ਕਰਦਾ ਹੈ, ਜਿਸ ਵਿੱਚ ਕਿਹਾ ਗਿਆ ਏ-

"ਸਵੇਰ ਦੀ ਲੋਅ ਜਦ ਸੂਰਜ ਨਾਲ ਮਿਲੇ ਤਾਂ ਉਹਦੀਆਂ ਅੱਖਾਂ ਵਿੱਚ ਗਿਆਨ ਦਾ ਕੱਜਲ ਹੋਵੇ, ਹੱਥਾਂ ਵਿੱਚ ਮਹਿਬੂਬ ਨੂੰ ਸੌਗਾਤ ਦੇਣ ਲਈ


CC-0. Sohail Kazmi Collection, Jammu. Digitized by eGangotri

ਵੇਦ ਮੰਤਰ ਹੋਵਣ, ਆਜ਼ਾਦੀ ਉਹਦੀ ਸੇਜ ਹੋਵੇ ਤੇ ਦੁਨੀਆ ਦੇ ਆਲਮ ਉਸਦੇ ਮੁਰਸ਼ਦ ਹੋਵਣ।"

ਅੰਮ੍ਰਿਤਾ ਪ੍ਰੀਤਮ ਦੀਆਂ ਲਗਭਗ 90 ਪੁਸਤਕਾਂ ਛਪੀਆਂ ਹਨ। ਉਸਨੇ ਪੰਜਾਬੀ ਤੋਂ ਅੱਡ ਹਿੰਦੀ ਵਿੱਚ ਵੀ ਸ਼ਾਇਰੀ ਕੀਤੀ, ਨਾਵਲ ਤੇ ਕਹਾਣੀਆਂ ਲਿਖੀਆਂ ਤੇ ਉਰਦੂ ਵਿੱਚ ਕਾਲਮ ਵੀ ਲਿਖੇ। ਉਸਦੀਆਂ ਰਚਨਾਵਾਂ ਦੇ ਤਰਜ਼ੁਮੇ, ਦੇਸ਼-ਵਿਦੇਸ਼ ਦੀਆਂ ਕਈ ਜ਼ੁਬਾਨਾਂ ਵਿੱਚ ਹੋਏ। ਉਸਨੂੰ ਕਈ ਮੁਲਕੀ ਤੇ ਗ਼ੈਰ-ਮੁਲਕੀ ਇਨਾਮ ਮਿਲੇ। ਦੇਸ਼-ਵਿਦੇਸ਼ ਦੀਆਂ ਕਈ ਯੂਨੀਵਰਸਿਟੀਆਂ ਨੇ ਉਸਨੂੰ ਡੀ. ਲਿਟ ਦੀਆਂ ਏਜ਼ਾਜ਼ੀ ਡਿਗਰੀਆਂ ਦਿੱਤੀਆਂ। ਉਸਨੂੰ ਰੱਜ ਕੇ ਇੱਜ਼ਤ ਮਾਣ ਮਿਲਿਆ। 1969 ਵਿੱਚ ਪਦਮ ਸ੍ਰੀ ਮਿਲਿਆ। 1982 ਵਿੱਚ ਭਾਰਤੀ ਗਿਆਨਪੀਠ ਪੁਰਸਕਾਰ ਮਿਲਿਆ। 1986 ਵਿੱਚ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ। ਇਨ੍ਹਾਂ ਸਾਰੀਆਂ ਉਪਲੱਬਧੀਆਂ ਦੇ ਬਾਵਜੂਦ ਵੀ ਅੰਮ੍ਰਿਤਾ 'ਚ ਕੋਈ ਅਹੰਕਾਰ, ਆਕੜ, ਨੱਖ਼ਰਾ ਜਾਂ ਘੁਮੰਡ ਨਹੀਂ ਆਇਆ। ਉਸਦੀ ਬੋਲਚਾਲ ਵਿੱਚ ਨਰਮੀ ਹੀ ਰਹੀ। ਪਿਆਰ ਤੇ ਖਲੂਸ ਉਹਦੀ ਹੱਡੀਂ ਰਚਿਆ ਸੀ।

1979 ਵਿੱਚ ਮੈਂ ਮੁੜ ਦਿੱਲੀ ਗਿਆ। ਪਾਕਿਸਤਾਨ ਜਾਣ ਲਈ ਵੀਜ਼ਾ ਲੈਣ ਵਾਸਤੇ ਪਾਕਿਸਤਾਨ ਹਾਈ ਕਮਿਸ਼ਨ ਅੱਗੇ ਵੀਜ਼ਾ ਲੈਣ ਵਾਲਿਆਂ ਦੀ ਲੱਗੀ ਕਤਾਰ ਵੇਖ ਕੇ ਮੈਂ ਘਬਰਾ ਗਿਆ ਤੇ ਸਿੱਧਾ ਅੰਮ੍ਰਿਤਾ ਦੀਦੀ ਨੂੰ ਮਿਲਣ ਲਈ ਹੌਜ਼ ਖ਼ਾਸ ਚਲਾ ਗਿਆ। ਗੱਲਾਂ-ਬਾਤਾਂ ਵਿੱਚ ਜਦ ਮੈਂ ਦੱਸਿਆ ਕਿ ਮੈਂ ਪਾਕਿਸਤਾਨ ਜਾਣ ਲਈ ਵੀਜ਼ਾ ਲੈਣ ਆਇਆ ਸਾਂ, ਪਰ ਲੰਮੀ ਕਤਾਰ ਵੇਖ ਕੇ ਡਰ ਗਿਆ ਤੇ ਤੁਹਾਡੇ ਕੋਲ ਆ ਗਿਆ ਤਾਂ ਦੀਦੀ ਨੇ ਪਾਕਿਸਤਾਨ ਹਾਈ ਕਮਿਸ਼ਨ ਵਿੱਚ ਕਿਸੇ ਮੁਨੀਰ ਅਹਿਮਦ ਸ਼ੇਖ਼ ਹੋਰਾਂ ਨੂੰ ਫੋਨ ਮਿਲਾਇਆ ਤੇ ਮੇਰੇ ਬਾਰੇ ਦੱਸਿਆ। ਫੋਨ ਬੰਦ ਕਰਨ ਮਗਰੋਂ ਦੀਦੀ ਨੇ ਮੈਨੂੰ ਮੁਨੀਰ ਸ਼ੇਖ਼ ਸਾਹਿਬ ਨੂੰ ਮਿਲਣ ਲਈ ਕਿਹਾ, ਨਾਲੇ ਦੱਸਿਆ ਕਿ ਮੁਨੀਰ ਅਹਿਮਦ ਸ਼ੇਖ਼ ਪੰਜਾਬੀ ਦਾ ਬੜਾ ਪਿਆਰਾ ਸ਼ਾਇਰ ਹੈ ਅਤੇ 'ਨਾਗਮਣੀ' ਵਿੱਚ ਉਹਦੀਆਂ ਨਜ਼ਮਾਂ ਛਪ ਚੁੱਕੀਆਂ ਹਨ। ਮੈਂ ਮੁੜ ਪਾਕਿਸਤਾਨੀ ਅੰਬੈਸੀ ਗਿਆ। ਵੱਡੇ ਗੇਟ ਤੋਂ ਸ਼ੇਖ਼ ਸਾਹਿਬ ਨੂੰ ਚਿੱਟ ਘੱਲੀ। ਮੁਨੀਰ ਸ਼ੇਖ਼ ਸਾਹਿਬ ਖ਼ੁਦ ਗੇਟ 'ਤੇ ਆਏ ਤੇ ਮੈਨੂੰ ਅੰਦਰ ਲੈ ਗਏ। ਉਹ ਪਾਕਿਸਤਾਨ ਹਾਈ ਕਮਿਸ਼ਨ ਵਿੱਚ ਕਲਚਰਲ ਸੈਕਟਰੀ ਸਨ। ਕਮਰੇ



CC-0. Sohail Kazmi Collection, Jammu. Digitized by eGangotri

ਵਿੱਚ ਬਹਿੰਦਿਆਂ ਸਾਰ ਹੀ ਉਨ੍ਹਾਂ ਚਾਹ ਮੰਗਵਾਈ ਤੇ ਮੈਨੂੰ ਆਪਣੀਆਂ ਨਜ਼ਮਾਂ ਸੁਣਾਈਆਂ। ਤਕਰੀਬਨ ਇੱਕ ਘੰਟੇ ਮਗਰੋਂ ਉਨ੍ਹਾਂ ਆਪਣੇ ਵੀਜ਼ਾ ਅਫਸਰ ਨੂੰ ਬੁਲਾਇਆ ਤੇ ਮੇਰਾ ਪਾਸਪੋਰਟ ਤੇ ਵੀਜ਼ਾ ਫਾਰਮ ਉਸਨੂੰ ਫੜਾਂਦਿਆਂ ਹੋਇਆਂ ਕਿਹਾ ਕਿ ਕਾਰਵਾਈ ਜ਼ਰਾ ਜਲਦੀ ਕਰੇ। ਵਾਪਸ ਆ ਕੇ ਮੈਂ ਸਾਰੀ ਗੱਲ ਦੀਦੀ ਨੂੰ ਸੁਣਾਈ ਤੇ ਉਹ ਹੱਸਣ ਲੱਗੀ ਤੇ ਕਹਿਣ ਲੱਗੀ, "ਉਹ ਸ਼ਾਇਰ ਹੀ ਕੇਹਾ ਜਿਹੜਾ ਆਪਣੀਆਂ ਨਜ਼ਮਾਂ ਜਾਂ ਗਜ਼ਲਾਂ ਨਾ ਸੁਣਾਏ।" ਮੈਂ ਉਨ੍ਹਾਂ ਦਿਨਾਂ 'ਚ ਲੱਦਾਖ ਦਾ ਸਫਰ ਕਰਕੇ ਅੱਪੜਿਆਂ ਸਾਂ। ਮੈਂ ਦੀਦੀ ਨੂੰ ਲੱਦਾਖ ਬਾਰੇ ਜਾਣਕਾਰੀ ਦੇਣ ਲੱਗਾ। ਉਥੋਂ ਦਾ ਮੌਸਮ, ਉਥੇ ਦੇ ਨੰਗੇ ਪਹਾੜ, ਉਥੋਂ ਦੇ ਲੋਕ, ਉਨ੍ਹਾਂ ਦੇ ਰਸਮ ਤੇ ਰਿਵਾਜ, ਦੀਦੀ ਬੜੀ ਦਿਲਚਸਪੀ ਨਾਲ ਸੁਣਦੀ ਰਹੀ। ਫਿਰ ਚਾਣਚੱਕ ਬੋਲ ਪਈ, "ਖ਼ਾਲਿਦ, ਕਿਉਂ ਨਾ ਤੇਰਾ ਇੰਟਰਵਿਊ ਲਿਆ ਜਾਏ, ਜਿਸ ਵਿੱਚ ਤੂੰ ਲੱਦਾਖ ਬਾਰੇ ਵੀ ਦੱਸੇਂ?" ਫਿਰ ਉਹ ਬਿਸਤਰ ਵਿੱਚ ਬਹਿ ਗਈ ਤੇ ਉਸਦੀ ਕਲਮ ਕਾਗਜ਼ 'ਤੇ ਚੱਲਣ ਲੱਗੀ। ਮੇਰੀ ਜ਼ਾਤੀ ਜ਼ਿੰਦਗੀ ਬਾਰੇ ਸੁਆਲ ਜਵਾਬ ਹੋਏ। ਸਾਹਿਤ ਬਾਰੇ ਗੱਲਾਂ ਲਿਖੀਆਂ ਗਈਆਂ। ਮੇਰੀਆਂ ਕਹਾਣੀਆਂ ਬਾਰੇ ਗੱਲਬਾਤ ਹੋਈ। ਲੱਦਾਖ ਤੇ ਲੱਦਾਖੀ ਜੀਵਨ ਬਾਰੇ ਤਫਸੀਲ ਨਾਲ ਪੁੱਛਗਿੱਛ ਹੋਈ। ਇੰਟਰਵਿਊ ਬੜਾ ਸੋਹਣਾ ਬਣ ਗਿਆ ਤੇ ਅਕਤੂਬਰ 1980 ਦੇ 'ਸੂਰੀਆ ਇੰਡੀਆ' ਦੇ ਹਿੰਦੀ ਐਡੀਸ਼ਨ ਤੋਂ ਇਲਾਵਾ 'ਨਾਗਮਣੀ' ਵਿੱਚ ਵੀ ਛਪਿਆ। ਅੰਮ੍ਰਿਤਾ ਪ੍ਰੀਤਮ ਜਹੀ ਮਹਾਨ ਹਸਤੀ ਦਾ ਮੇਰੇ ਜਿਹੇ ਨਿਮਾਣੇ ਤੇ ਨਵਾਂ ਲਿਖਣ ਵਾਲੇ ਦਾ ਇੰਟਰਵਿਊ ਲੈਣਾ ਮੇਰੀ ਹੌਸਲਾ ਅਫਜ਼ਾਈ ਨਹੀਂ ਤੇ ਹੋਰ ਕੀ ਸੀ? ਅਸਲ ਵਿੱਚ ਵੱਡਾ ਅਦੀਬ ਤੇ ਸ਼ਾਇਰ ਉਹ ਹੈ ਜੋ ਕਿਸੇ ਕੰਪਲੈਕਸ ਦਾ ਸ਼ਿਕਾਰ ਨਾ ਹੋਵੇ। ਉਸ ਵਿੱਚ ਕੋਈ ਈਗੋ ਨਾ ਹੋਵੇ। ਉਹਦੀ ਬੋਲਚਾਲ ਤੇ ਸੁਭਾਅ ਮਿੱਠਾ ਹੋਵੇ ਤੇ ਅੰਮ੍ਰਿਤਾ ਪ੍ਰੀਤਮ ਇਸ ਪੱਖੋਂ ਰੱਜ ਕੇ ਗੁਣਵਾਨ ਤੇ ਧੰਨਵਾਨ ਸੀ।

ਉਸਦੀ ਜ਼ਾਤੀ ਜ਼ਿੰਦਗੀ ਵੱਜੋਂ ਸਮਾਜ ਦਾ ਹਾਜ਼ਮਾ ਖ਼ਰਾਬ ਹੀ ਰਿਹਾ, ਪਰ ਉਸਨੇ ਸਮਾਜ ਦੀ ਕੋਈ ਪ੍ਰਵਾਹ ਨਹੀਂ ਕੀਤੀ ਤੇ ਜੀਵਨ ਨੂੰ ਆਪਣੇ ਢੰਗ ਨਾਲ ਗੁਜ਼ਾਰਿਆ। ਉਹਨੇ ਇਸ਼ਕ ਕੀਤਾ ਤੇ ਖੁੱਲ੍ਹ ਕੇ ਇਤਰਾਫ ਵੀ ਕੀਤਾ। ਉਹ ਕਹਿੰਦੀ ਸੀ-

"ਇਸ਼ਕ ਹਰ ਇਨਸਾਨ ਨੂੰ ਕਿਸੇ ਨਾ ਕਿਸੇ ਨਾਲ ਹੁੰਦਾ ਹੈ। ਇਹ



CC-0. Sohail Kazmi Collection, Jammu. Digitized by eGangotri

ਇੱਕ ਸੱਚਾਈ ਹੈ, ਜੀਹਦੇ ਬਿਨਾਂ ਇਨਸਾਨ ਅਧੂਰਾ ਏ। ਇਸ਼ਕ ਨਾਲ ਹੀ ਇਨਸਾਨ ਆਪਣੀ ਤਕਮੀਲ ਕਰਦਾ ਹੈ। ਪਰ ਮਰਦ ਆਪਣੇ ਇਸ਼ਕ ਦਾ ਢੰਡੋਰਾ ਪਿੱਟਦਾ ਏ, ਜਦਕਿ ਔਰਤ ਇਸ਼ਕ ਨੂੰ ਲੁਕਾਉਂਦੀ ਹੈ। ਮਰਦ ਪਿਆਰ ਨੂੰ ਚੌਰਾਹੇ ਰੱਖ ਕੇ ਲੋਕਾਂ ਨੂੰ ਵਿਖਾ-ਵਿਖਾ ਕੇ ਖੁਸ਼ ਹੁੰਦਾ ਏ, ਪਰ ਔਰਤ ਪਿਆਰ ਨੂੰ ਆਪਣੇ ਪੱਲੂ ਵਿੱਚ ਬੰਨ੍ਹ ਕੇ ਰੱਖਦੀ ਹੈ ਤੇ ਜਦ ਕੋਈ ਨਹੀਂ ਹੁੰਦਾ ਤਾਂ ਪੱਲੂ ਖੋਲ੍ਹ ਕੇ ਉਸ ਨਾਲ ਖੇਡਦੀ ਏ।"

ਅੰਮ੍ਰਿਤਾ ਨੇ ਕਿਹਾ ਸੀ-

"ਸੱਚਾ ਇਸ਼ਕ ਦਰਦ ਦੇਂਦਾ ਏ ਤੇ ਸੱਚੀ ਦੋਸਤੀ ਸਕੂਨ ਦੇਂਦੀ ਏ।" ਤੇ ਸਕੂਨ ਅੰਮ੍ਰਿਤਾ ਨੂੰ ਇਮਰੋਜ਼ ਦੀਆਂ ਬਾਹਾਂ ਵਿੱਚ ਮਿਲਿਆ। ਉਹਦੇ ਪਿਆਰ ਵਿੱਚ, ਉਹਦੀ ਦੋਸਤੀ ਵਿੱਚ। ਅੰਮ੍ਰਿਤਾ ਨੇ ਬੜੀ ਲੰਮੀ ਬਿਮਾਰੀ ਦੇਖੀ। ਬੜੀ ਤਕਲੀਫ ਸਹੀ। ਪਰ ਇਮਰੋਜ਼ ਭਾਜੀ ਨੇ ਉਸਦੀ ਜਿਵੇਂ ਖ਼ਿਦਮਤ ਕੀਤੀ ਉਸ ਤੋਂ ਅੰਮ੍ਰਿਤਾ ਦੀ ਇਹ ਗੱਲ ਸਿੱਧ ਹੋ ਜਾਂਦੀ ਏ ਕਿ ਇਮਰੋਜ਼ ਉਹਦਾ ਪੂਰਕ ਏ। ਆਪਣੇ ਤੇ ਅੰਮ੍ਰਿਤਾ ਪ੍ਰੀਤਮ ਦੇ ਰਿਸ਼ਤੇ ਬਾਰੇ ਕਿਸੇ ਦੋਸਤ ਦੇ ਪੁੱਛਣ 'ਤੇ ਇਮਰੋਜ਼ ਭਾਜੀ ਨੇ ਉਸਨੂੰ ਲਿਖਿਆ ਸੀ-

"ਚਾਲੀ ਸਾਲ ਪਹਿਲਾਂ ਅਸੀਂ ਇੱਕ ਦੂਜੇ ਨੂੰ ਆਪਣਾ ਮਰਦ ਤੇ ਔਰਤ ਆਖਿਆ ਸੀ, ਪਰ ਸਿਰਫ ਆਪਣੀ ਦੋਹਾਂ ਦੀ ਹਾਜ਼ਰੀ ਵਿੱਚ, ਬਗੈਰ ਕਿਸੇ ਗਵਾਹੀ ਦੇ, ਬਗੈਰ ਕਿਸੇ ਬੋਲ ਦੇ ਅਤੇ ਜੋ ਬੰਦਾ ਆਪਣੇ ਬੋਲ ਦਾ ਤੇ ਆਪਣੇ ਕਰਮ ਦਾ ਅਤੇ ਆਪਣੀ ਆਤਮਾ ਦਾ ਜ਼ਿੰਮੇਦਾਰ ਹੋਵੇ, ਉਸਨੂੰ ਕਾਨੂੰਨ ਦੀ ਕੀ ਲੋੜ ਏ?"

ਜੋ ਦੇਖਪਾਲ, ਜੋ ਸੇਵਾ ਇਮਰੋਜ਼ ਨੇ ਅੰਮ੍ਰਿਤਾ ਦੀ ਕੀਤੀ ਉਹ ਨਾ ਤੇ ਕੰਦਲਾ ਕਰ ਸਕਦੀ ਸੀ ਅਤੇ ਨਾ ਨਵਰਾਜ ਤੇ ਉਸਦੀ ਪਤਨੀ। ਉਹ ਖ਼ਿਦਮਤ ਨਾ ਤੇ ਸਾਹਿਰ ਕਰ ਸਕਦਾ ਸੀ ਤੇ ਨਾ ਪ੍ਰੀਤਮ ਸਿੰਘ। ਇਹ ਹੱਕ ਸਿਰਫ ਇਮਰੋਜ਼ ਹੀ ਅਦਾ ਕਰ ਸਕਦਾ ਸੀ, ਜੋ ਉਸਨੇ ਜੀਅ ਜਾਨ ਨਾਲ ਅਦਾ ਕੀਤਾ ਤੇ ਜ਼ਮਾਨੇ ਨੇ ਵੇਖਿਆ ਤੇ ਸਰਾਹਿਆ।

ਮੈਂ ਆਪਣਾ ਇਹ ਲੇਖ ਅੰਮ੍ਰਿਤਾ ਪ੍ਰੀਤਮ ਦੀ ਉਸ ਲਾਫਾਨੀ ਤੇ ਚਰਚਿਤ ਨਜ਼ਮ ਦੇ ਕੁੱਝ ਸ਼ੇਅਰਾਂ 'ਤੇ ਖ਼ਤਮ ਕਰਦਾ ਹਾਂ ਜੋ ਉਸਦੀ ਸ਼ੌਹਰਤ ਦਾ ਕਾਰਨ ਬਣੀ ਤੇ ਜਿਸਨੇ ਅੰਮ੍ਰਿਤ ਕੌਰ ਨੂੰ ਅੰਮ੍ਰਿਤਾ ਪ੍ਰੀਤਮ ਬਣਾਇਆ।



CC-0. Sohail Kazmi Collection, Jammu. Digitized by eGangotri

"ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋ ਕਬਰਾਂ ਵਿੱਚੋਂ ਬੋਲ
ਤੇ ਅੱਜ ਕਿਤਾਬ-ਏ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕੈਣ
ਵੇ ਦਰਦ ਮੰਦਾਂ ਦਿਆ ਦਰਦੀਆ ਉਠੱ ਤੱਕ ਆਪਣਾ ਪੰਜਾਬ
ਅੱਜ ਹਰ ਪਾਸੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਿਨਾਬ
ਇਸ ਜਰਖੇਜ਼ ਜ਼ਮੀਨ ਦੇ ਲੂ-ਲੂ ਫੁੱਟਿਆ ਜ਼ਹਿਰ
ਗਿੱਠ ਗਿੱਠ ਚੜੀਆਂ ਲਾਲੀਆਂ ਫੁੱਟ ਫੁੱਟ ਚੜਿਆ ਕਹਿਰ
ਗੱਲੀਉਂ ਟੁੱਟੇ ਗੀਤ ਫੇਰ ਤਰੱਕਲਉਂ ਟੁੱਟੀ ਤੰਦ,
ਤ੍ਰਿੰਝਣੋਂ ਟੁੱਟੀਆਂ ਸਹੇਲੀਆਂ ਚਰਖੱੜੇ ਘੂਘਰ ਬੰਦ
ਸੰਨੇ ਸੇਜ ਦੇ ਬੇੜੀਆਂ ਲੁੱਦਣ ਦਿੱਤੀਆਂ ਰੋੜ
ਸੰਨੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ
ਧਰਤੀ ਤੇ ਲਹੂ ਰਿਸਿਆ ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ
ਅੱਜ ਸਭੇ ਕੈਦੋ ਬਣਨਗੇ ਹੁਸਨ ਇਸ਼ਕ ਦੇ ਚੋਰ
ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇੱਕ ਹੋਰ
ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ
ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।"

ਇਹ ਸ਼ਾਹਕਾਰ ਨਜ਼ਮ ਲਿਖਣ ਵਾਲੀ ਅੰਮ੍ਰਿਤਾ ਪ੍ਰੀਤਮ ਕਦੇ ਨਹੀਂ ਮਰ ਸਕਦੀ। ਉਹ ਜ਼ਿੰਦਾ ਹੈ ਤੇ ਜ਼ਿੰਦਾ ਰਹੇਗੀ, ਕਿਉਂਕਿ ਉਸਦੇ ਮੁਰਸ਼ਦ ਬੁੱਲ੍ਹੇ ਸ਼ਾਹ ਨੇ ਕਿਹਾ ਸੀ-

"ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ
ਗੋਰ ਪਿਆ ਕੋਈ ਹੋਰ।"

*** *** ***



CC-0. Sohail Kazmi Collection, Jammu. Digitized by eGangotri

# ਉਰਦੂ ਤੇ ਪੰਜਾਬੀ ਦਾ ਸਿਰਮੌਰ ਕਵੀ
# ਮੁਨੀਰ ਨਿਆਜ਼ੀ

20ਵੀਂ ਸਦੀ ਵਿੱਚ ਜਿਨ੍ਹਾਂ ਪੰਜਾਬੀਆਂ ਨੇ ਪੰਜਾਬੀ, ਉਰਦੂ, ਹਿੰਦੀ ਤੇ ਅੰਗਰੇਜ਼ੀ ਸਾਹਿਤ ਵਿੱਚ ਆਪਣਾ ਨਾਂ ਗੂੜ੍ਹੇ ਅੱਖਰਾਂ ਵਿੱਚ ਲਿਖਵਾਇਆ ਅਤੇ ਆਪਣਾ ਲੋਹਾ ਮਨਵਾਇਆ, ਉਨ੍ਹਾਂ ਵਿੱਚ ਡਾ. ਅਲਾਮਾ ਇਕਬਾਲ, ਹਾਫਿਦ ਜਲੰਧਰੀ, ਸਾਇਰ ਲੁਧਿਆਣਵੀ, ਕ੍ਰਿਸ਼ਨ ਚੰਦਰ, ਰਜਿੰਦਰ ਸਿੰਘ ਬੇਦੀ, ਬਲਵੰਤ ਸਿੰਘ, ਰਤਨ ਸਿੰਘ, ਨ.ਮ. ਰਾਸ਼ਿਦ, ਖੁਸ਼ਵੰਤ ਸਿੰਘ, ਅੰਮ੍ਰਿਤਾ ਪ੍ਰੀਤਮ, ਸਬਤੇ ਹਸਨ, ਜ਼ੈਗਮ, ਵਾਰਿਸ ਲੁਧਿਆਣਵੀ, ਅਹਿਮਦ ਰਾਹੀ, ਮੋਹਨ ਸਿੰਘ ਮਾਹਿਰ, ਉਸਤਾਦ ਦਾਮਨ, ਕੁਲਵੰਤ ਸਿੰਘ ਵਿਰਕ, ਭਾਈ ਵੀਰ ਸਿੰਘ, ਸ਼ਿਵ ਕੁਮਾਰ ਬਟਾਲਵੀ, ਸ਼ਰੀਫ ਕੁਨਜਾਹੀ, ਫਿਰੋਜ਼ਦੀਨ ਸ਼ਰਫ, ਅਫਜ਼ਲ ਅਹਿਸਨ ਰੰਧਾਵਾ, ਅਕਬਰ ਲਾਹੌਰੀ, ਜੋਸ਼ਵਾ ਫਜ਼ਲਦੀਨ, ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਦਲੀਪ ਕੌਰ ਟਿਵਾਣਾ ਤੇ ਮੌਲ੍ਹਾ ਬਖ਼ਸ਼ ਕੁਸ਼ਤਾ ਆਦਿ ਦੇ ਨਾਂ ਲਏ ਜਾ ਸਕਦੇ ਹਨ। ਇਸੇ ਲੜੀ ਵਿੱਚ ਇੱਕ ਹੋਰ ਨਾਂ ਵੀ ਜੁੜਦਾ ਹੈ ਜੋ ਉਰਦੂ ਤੇ ਪੰਜਾਬੀ ਦਾ ਮੰਨਿਆ ਪ੍ਰਮੰਨਿਆ ਸ਼ਾਇਰ ਸੀ, ਜਿਸਨੇ ਸ਼ਾਇਰੀ ਵਿੱਚ ਆਪਣੀ ਉਚੇਚੀ ਤੇ ਨਿਵੇਕਲੀ ਪਛਾਣ ਬਣਾਈ। ਮੇਰੀ ਮੁਰਾਦ ਮੁਨੀਰ ਨਿਆਜ਼ੀ ਹੋਰਾਂ ਤੋਂ ਹੈ। ਜਿਨ੍ਹਾਂ ਦੀ ਬੇਚੈਨ ਰੂਹ ਨੇ 26 ਦਸੰਬਰ 2006 ਨੂੰ ਸਰੀਰ ਦੀ ਕੈਦ ਤੋਂ ਰਿਹਾਈ ਪਾਈ। ਉਸ ਦਿਨ ਲਾਹੌਰ ਦੀ ਅਦਬੀ ਦੁਨੀਆ ਵਿੱਚ ਹਨ੍ਹੇਰ ਪੈ ਗਿਆ, ਪਰ ਭਾਰਤ ਵਿੱਚ ਲਿਖਣ ਵਾਲੇ ਉਰਦੂ ਜਾਂ ਪੰਜਾਬੀ ਸਾਹਿਤਕਾਰਾਂ ਨੇ ਉਨ੍ਹਾਂ ਦੀ ਫੌਤਗੀ ਨੂੰ ਗੰਭੀਰਤਾ ਨਾਲ ਨਹੀਂ ਲਿਆ। ਕਿਸੇ ਸੰਗਠਨ ਨੇ ਉਨ੍ਹਾਂ ਦੀ ਯਾਦ ਵਿੱਚ ਕੋਈ ਇਕੱਠ ਨਹੀਂ ਕੀਤਾ ਅਤੇ ਨਾ ਹੀ ਇਸ ਅਜ਼ੀਮ ਸਾਇਰ ਦੀ ਪੰਜਾਬੀ ਨੂੰ ਦੇਣ ਬਾਰੇ ਕੋਈ ਚਰਚਾ ਕੀਤੀ। ਜਦਕਿ 'ਮੁਨੀਰ-ਨਿਆਜ਼ੀ' ਦਾ ਜਨਮ ਭਾਰਤੀ ਪੰਜਾਬ ਵਿੱਚ ਹੋਇਆ ਤੇ ਉਨ੍ਹਾਂ ਨੇ ਆਪਣੀ ਉਮਰ ਦੀਆਂ ਉਨ੍ਹੀਂ (19) ਬਹਾਰਾਂ ਚੜ੍ਹਦੇ ਪੰਜਾਬ ਵਿੱਚ ਹੀ ਗੁਜ਼ਾਰੀਆਂ। 'ਮੁਨੀਰ ਨਿਆਜ਼ੀ' ਨੇ


CC-0. Sohail Kazmi Collection, Jammu. Digitized by eGangotri

ਹੁਸ਼ਿਆਰਪੁਰ ਦੇ ਇੱਕ ਪਿੰਡ ਖਾਨਪੁਰ ਵਿੱਚ 28 ਅਪ੍ਰੈਲ 1928 ਨੂੰ ਜਨਮ ਲਿਆ। ਉਨ੍ਹਾਂ ਨੇ ਆਪਣਾ ਮੁਢਲਾ ਜੀਵਨ, ਨਿਆਣੀ ਉਮਰ ਤੇ ਪੁੰਗਰਦੀ ਜਵਾਨੀ ਖਾਨਪੁਰ ਤੇ ਹੁਸ਼ਿਆਰਪੁਰ ਵਿਚਕਾਰ ਗੁਜ਼ਾਰੀ। 1947 ਦੀ ਵੰਡ ਵਿੱਚ ਉਹ ਲਾਹੌਰ ਜਾ ਕੇ ਵੱਸ ਗਏ, ਪਰ ਸਾਰੀ ਉਮਰ ਉਨ੍ਹਾਂ ਨੂੰ ਖਾਨਪੁਰ ਵਿੱਚ ਆਪਣਾ ਘਰ, ਸ਼ਾਹ ਨੂਰ ਜਮਾਲ ਦਾ ਮਜ਼ਾਰ ਅਤੇ ਦਰਗਾਹ 'ਤੇ ਲੱਗਣ ਵਾਲੇ ਮੇਲੇ, ਅੰਬਾਂ ਦੇ ਬਾਗ, ਗੰਧਕ ਦਾ ਚਸ਼ਮਾ, ਸੀਤਾ ਕੁੰਡ ਤੇ ਰਾਮ ਕੁੰਡ ਦਾ ਡੇਰਾ ਯਾਦ ਆਉਂਦੇ ਰਹੇ। ਇਹ ਦ੍ਰਿਸ਼ ਮੌਤ ਤਕ ਉਨ੍ਹਾਂ ਦਾ ਪਿੱਛਾ ਕਰਦੇ ਰਹੇ, ਇਹੋ ਕਾਰਨ ਹੈ ਕਿ ਇਹ ਨਾਸਟੇਲਜੀਆ ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਵਿਰਾਗ ਦਾ ਰੂਪ ਧਾਰਨ ਕਰਦਾ ਹੈ। ਖਾਨਪੁਰ ਦੇ ਹਵਾਲੇ ਨਾਲ ਉਨ੍ਹਾਂ ਦੋ ਕਵਿਤਾਵਾਂ ਲਿਖੀਆਂ, ਇੱਕ ਉਰਦੂ ਵਿੱਚ, ਜਿਸ ਦਾ ਸਿਰਨਾਵਾਂ ਸੀ, 'ਜਿਨ ਘਰੋਂ ਸੇ ਹਮਨੇ ਹਿਜ਼ਰਤ ਕੀ' ਅਤੇ ਦੂਜੀ ਪੰਜਾਬੀ ਕਵਿਤਾ, 'ਮੈਂ ਤੇ ਖਾਨਪੁਰ ਦੇ ਲੋਕ' ਸੀ। ਪੇਸ਼ ਹਨ ਪੰਜਾਬੀ ਨਜ਼ਮ ਦੇ ਕੁੱਝ ਸ਼ੇਅਰ-

"ਮੈਂ ਤੇ ਖ਼ਾਨ ਪੁਰ ਦੇ ਹੋਰ ਲੋਕ
ਸ਼ਾਹ ਨੂਰ ਜਮਾਲ ਦੇ ਮਜ਼ਾਰ ਜਾ ਰਹੇ ਸਾਂ
ਉਸ ਬਜ਼ੁਰਗ ਦੇ ਮਜ਼ਾਰ 'ਤੇ ਲੱਗਣ ਵਾਲੇ ਮੇਲੇ 'ਤੇ
ਸਖ਼ਤ ਪੱਥਰ ਵਾਲੇ ਪਹਾੜ ਦੇ ਅੰਦਰ
ਉਸ ਬਜ਼ੁਰਗ ਦੇ ਮਜ਼ਾਰ ਦੇ ਹੇਠਾਂ
ਗੰਧਕ ਦਾ ਚਸ਼ਮਾ ਸੀ ਤੇ ਉਸ ਤੋਂ ਅੱਗੇ
ਸੀਤਾ ਕੁੰਡ ਤੇ ਰਾਮ ਕੁੰਡ।"

ਮੁਨੀਰ ਨਿਆਜ਼ੀ ਦੇਸ਼ ਦੀ ਵੰਡ ਦੇ ਦੁਖਾਂਤ ਨੂੰ ਸਾਰੀ ਉਮਰ ਨਹੀਂ ਭੁੱਲੇ। ਸ਼ਰਨਾਰਥੀ ਹੋਣ ਦਾ ਦੁੱਖ ਪਰਛਾਵਾਂ ਬਣਕੇ ਹਮੇਸ਼ਾ ਉਨ੍ਹਾਂ ਦਾ ਪਿੱਛਾ ਕਰਦਾ ਰਹਿੰਦਾ। ਆਪਣੀ ਜਨਮ ਭੂਮੀ ਦੀ ਮਿੱਟੀ ਨਾਲ ਜੁੜਣ ਦੀ ਮਹਿਕ ਉਨ੍ਹਾਂ ਦੇ ਸ਼ੇਅਰਾਂ ਵਿੱਚ ਵੰਨ-ਸੁਵੰਨੇ ਰੰਗਾਂ ਤੇ ਸ਼ੇਡਾਂ ਵਿੱਚ ਦਿਲ ਖਿੱਚਵੇਂ ਅੰਦਾਜ਼ ਨਾਲ ਮਿਲਦੀ ਹੈ। ਮੁਨੀਰ ਨਿਆਜ਼ੀ ਨੇ ਆਪਣੀ ਸ਼ਾਇਰੀ ਦਾ ਆਰੰਭ ਉਰਦੂ ਭਾਸ਼ਾ ਤੋਂ ਕੀਤਾ ਤੇ ਪੂਰੇ ਭਾਰਤੀ ਉਪ ਮਹਾਦੀਪ ਵਿੱਚ ਚੋਖਾ ਨਾਮ ਕਮਾਇਆ। ਉਨ੍ਹਾਂ ਦੀਆਂ ਉਰਦੂ ਗਜ਼ਲਾਂ, ਨਸੀਮ ਬੇਗਮ, ਇਕਬਾਲ ਬਾਨੋ, ਆਬਿਦਾ ਪਰਵੀਨ, ਮਹਿਦੀ ਹਸਨ, ਗੁਲਾਮ ਅਲੀ, ਜਗਜੀਤ ਸਿੰਘ ਤੇ ਹੋਰਨਾਂ ਗਜ਼ਲ ਗਾਇਕਾਂ ਨੇ ਗਾਈਆਂ ਹਨ। ਉਨ੍ਹਾਂ ਦੀ ਸ਼ਾਇਰੀ ਵਿੱਚ ਸਰਲ ਭਾਸ਼ਾ ਤੇ ਉਚੀ ਉਡਾਰੀ ਤੇ ਕਲਪਨਾ ਮਿਲਦੀ ਹੈ।


CC-0. Sohail Kazmi Collection, Jammu. Digitized by eGangotri

ਉਨ੍ਹਾਂ ਆਪਣੀ ਸ਼ਾਇਰੀ ਵਿੱਚ ਆਪਣੇ ਕਲਚਰ, ਰਹਿਤਲ ਤੇ ਵਸੇਬ ਦੀ ਗੱਲ ਕੀਤੀ ਹੈ।

ਮੈਂ ਇਸ ਲੇਖ ਵਿੱਚ ਮੁਨੀਰ ਨਿਆਜ਼ੀ ਹੋਰਾਂ ਦੀ ਪੰਜਾਬੀ ਸ਼ਾਇਰੀ ਦਾ ਹੀ ਜ਼ਿਕਰ ਕਰਾਂਗਾ। ਉਨ੍ਹਾਂ ਦੀ ਪੰਜਾਬੀ ਕਵਿਤਾ ਦਾ ਪਹਿਲਾ ਪਰਾਗਾ 'ਸਫ਼ਰ ਦੀ ਰਾਤ' ਸੀ। ਫੇਰ 'ਚਾਰ ਚੁੱਪ ਚੀਜ਼ਾਂ' ਛਪੀ। ਉਸ ਤੋਂ ਮਗਰੋਂ 'ਰਸਤਾ ਦੱਸਣ ਵਾਲੇ ਤਾਰੇ' ਪ੍ਰਕਾਸ਼ਿਤ ਹੋਈ। ਚੌਥੀ ਪੁਸਤਕ ਮੇਰੀ ਨਜ਼ਰ ਤੋਂ ਨਹੀਂ ਲੰਘੀ, ਜਿਸ ਲਈ ਮੈਂ ਉਸਦੀ ਚਰਚਾ ਨਹੀਂ ਕਰਾਂਗਾ, ਪਰ ਉਪੱਰ ਲਿਖੀਆਂ ਪੁਸਤਕਾਂ ਦੇ ਹਵਾਲੇ ਨਾਲ ਮੁਨੀਰ ਨਿਵਾਜ਼ੀ ਦੀਆਂ ਕਵਿਤਾਵਾਂ ਦੇ ਕੁੱਝ ਬੰਧ ਪੇਸ਼ ਕਰਾਂਗਾ-

"ਉਪੱਰ ਕਹਿਰ ਖ਼ੁਦਾ ਮੇਰੇ ਦਾ
ਹੇਠਾਂ ਲੱਖ ਬਲਾਵਾਂ
ਸਭ ਰਾਵਾਂ 'ਤੇ ਮੌਤ ਖਲੋਤੀ
ਕਿਹੜੇ ਪਾਸੇ ਜਾਵਾਂ।" (ਹਵਾ ਨਾਲ ਟੱਕਰਾਂ)

-0-0-0-

"ਉਚਿਆਂ ਮਕਾਨਾਂ ਦੀਆਂ ਰੰਗਲੀਆਂ ਬਾਰੀਆਂ ਨੇ
ਰਾਤ ਦੇ ਲਿਸ਼ਕਾਰਿਆਂ ਨੇ ਜ਼ੁਲਫਾਂ ਸਵਾਰੀਆਂ ਨੇ
ਰਹਿੰਦਾ ਹੈ ਜ਼ਮੀਨ ਉਤੇ ਚੰਨ ਨਾਲ ਯਾਰੀਆਂ ਨੇ
ਦਿਲ ਬੇਈਮਾਨ ਦੀਆਂ ਲੰਬੀਆਂ ਉਡਾਹੀਆਂ ਨੇ।" (ਪੁਰਾਣੀਆਂ ਗੱਲਾਂ)

-0-0-0-

"ਸਿਰ 'ਤੇ ਘੁੱਪ ਹਨ੍ਹੇਰ ਤੇ ਧਰਤੀ ਉਤੇ ਕਾਲ
ਪੈਰੀਂ ਕੰਢੇ ਜ਼ਹਿਰ ਦੇ ਲਹੂ ਵਿੱਚ ਭਿੱਜੇ ਵਾਲ
ਯਤਨ ਕਰੋ ਕੁੱਝ ਦੋਸਤੋ ਤੋੜੋ ਮੌਤ ਦਾ ਜਾਲ
ਫੜ ਮੁਰਲੀ ਉਹ ਰਾਂਝਿਆ ਕੱਢ ਕੋਈ ਤਿੱਖੀ ਤਾਨ
ਮਾਰ ਕੋਈ ਤੀਰ ਓਏ ਮਿਰਜ਼ਿਆ, ਖਿਚ ਕੇ ਵੱਲ ਅਸਮਾਨ।" (ਕੁੱਝ ਕਰੋ)

ਆਪਣੀ ਜ਼ਾਤ ਦੇ ਹਵਾਲੇ ਨਾਲ ਮੁਨੀਰ ਨਿਆਜ਼ੀ ਹੋਰਾਂ ਦੀ ਇਹ ਨਜ਼ਮ ਵੇਖੋ-

"ਕਾਲੀਆਂ ਘੁੱਪ ਹਨ੍ਹੇਰੀਆਂ, ਅੱਖਾਂ ਵਿੱਚ ਲੱਗਦੀ ਲੋਅ
ਗਰਮੀ ਸਰਦੀ ਕਹਿਰ ਦੀ ਫੁੱਲਾਂ ਦੀ ਖ਼ੁਸ਼ਬੋ
ਸ਼ਕਲਾਂ ਰੰਗ ਬਰੰਗੀਆਂ ਲੰਘਦੀਆਂ ਜਾਣ ਖਲੋ
ਆਂਦੇ ਜਾਂਦੇ ਰਹਿਣਗੇ, ਇਹ ਮੌਸਮ ਇਹ ਲੋਕ



CC-0. Sohail Kazmi Collection, Jammu. Digitized by eGangotri

ਵਗਦੀ 'ਵਾ ਦੀ ਲਹਿਰ ਨੂੰ ਕੋਈ ਨਾ ਸਕਿਆ ਰੋਕ।"

ਉਨ੍ਹਾਂ ਦੀ ਇੱਕ ਖ਼ੂਬਸੂਰਤ ਤੇ ਚਰਚਿਤ ਨਜ਼ਮ, 'ਹੋਣੀ ਦੇ ਹੀਲੇ' ਦੇ ਇਹ ਸ਼ੇਅਰ ਵੇਖੋ-

"ਕਿਸ ਦਾ ਦੋਸ਼ ਸੀ, ਕਿਸ ਦਾ ਨਹੀਂ ਸੀ
ਇਹ ਗੱਲਾਂ ਹੁਣ ਕਰਨ ਦੀਆਂ ਨਹੀਂ
ਵੇਲੇ ਲੰਘ ਗਏ ਤੌਬਾ ਵਾਲੇ
ਰਾਤਾਂ ਹੌਕੇ ਭਰਨ ਦੀਆਂ ਨਹੀਂ
ਜੋ ਹੋਇਆ, ਇਹ ਹੋਣਾ ਹੀ ਸੀ
ਤੇ ਹੋਣੀ ਰੋਕਿਆਂ ਰੁਕਦੀ ਨਹੀਂ
ਇੱਕ ਵਾਰੀ ਜਦੋਂ ਸ਼ੁਰੂ ਹੋ ਜਾਏ
ਗੱਲ ਫੇਰ ਐਵੇਂ ਮੁੱਕਦੀ ਨਹੀਂ।"

-0-0-0-

"ਕੁੱਝ ਉਂਝ ਵੀ ਰਾਹਵਾਂ ਔਖੀਆਂ ਸਨ
ਕੁੱਝ ਗੱਲ ਵਿੱਚ ਗਮ ਦਾ ਤੌਕ ਵੀ ਸੀ
ਕੁੱਝ ਸ਼ਹਿਰ ਦੇ ਲੋਕ ਵੀ ਜ਼ਾਲਮ ਸਨ
ਕੁੱਝ ਮੈਨੂੰ ਮਰਨ ਦਾ ਸ਼ੌਕ ਵੀ ਸੀ।"

ਮੈਨੂੰ ਮੁਨੀਰ ਨਿਆਜ਼ੀ ਹੋਰਾਂ ਨਾਲ ਪਹਿਲੀ ਵਾਰੀ ਜਨਵਰੀ 2004 ਵਿੱਚ ਮਿਲਣ ਦਾ ਮੌਕਾ ਮਿਲਿਆ, ਜਦੋਂ ਮੈਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਿਲਸਿਲੇ ਵਿੱਚ ਭਾਰਤੀ ਪੰਜਾਬੀ ਸਾਹਿਤਕਾਰਾਂ ਦੇ ਕਾਫਲੇ ਨਾਲ ਲਾਹੌਰ ਗਿਆ, ਜਿੱਥੇ ਫਲੈਟੀ ਹੋਟਲ ਦੇ ਹਾਲ ਵਿੱਚ ਉਨ੍ਹਾਂ ਨਾਲ ਮੁਲਾਕਾਤ ਨਸੀਬ ਹੋਈ। ਦੂਜੀ ਵਾਰੀ ਉਹ ਉਸ ਸਮਾਗਮ ਵਿੱਚ ਸ਼ਰੀਕ ਸਨ, ਜਿੱਥੇ ਮੇਰੀ ਕਹਾਣੀਆਂ ਦੀ ਕਿਤਾਬ, 'ਬਲਦੀ ਬਰਫ ਦਾ ਸੇਕ' (ਸ਼ਾਹਮੁਖੀ ਅੱਖਰਾਂ ਵਿੱਚ) ਦੀ ਮੂੰਹ ਵਿਖਾਲੀ ਅਲਹਮਰਾ ਹਾਲ ਲਾਹੌਰ ਵਿੱਚ 5 ਅਪ੍ਰੈਲ 2005 ਨੂੰ ਹੋਈ ਸੀ। ਉਨ੍ਹਾਂ ਨੂੰ ਮੈਂ ਆਪਣੀ ਪੁਸਤਕ ਪੇਸ਼ ਕੀਤੀ ਅਤੇ ਨਾਲ ਹੀ ਪ੍ਰਿਤਪਾਲ ਸਿੰਘ ਬੇਤਾਬ ਦੀਆਂ ਦੋ ਕਾਵਿ ਪੁਸਤਕਾਂ ਤੇ ਪੰਡਿਤ ਵਿਦਿਆ ਰਤਨ ਆਸੀ ਜੀ ਦੀ ਉਰਦੂ ਕਾਵਿ ਪੁਸਤਕ 'ਦਸ਼ਤੇ ਤਲਬ' ਪੇਸ਼ ਕੀਤੀਆਂ। ਉਹ ਬੜੇ ਖੁਸ਼ ਹੋਏ। ਦੂਜੇ ਦਿਨ ਵਿਸ਼ਵ ਪੰਜਾਬੀ ਕਾਨਫਰੰਸ ਦੇ ਇਕੱਠ ਵਿੱਚ ਮਿਲਦਿਆਂ ਸਾਰ ਹੀ ਕਿਹਾ ਕਿ ਤੁਹਾਡੇ ਪਾਸੇ ਵੀ ਉਰਦੂ ਸ਼ਾਇਰੀ ਬੜੀ ਸੰਜੀਦਗੀ ਨਾਲ ਹੋ ਰਹੀ ਹੈ ਅਤੇ ਮੇਰੀ ਇੱਕ ਕਹਾਣੀ 'ਹਲਾਲਾ' ਦੇ ਹਵਾਲੇ ਨਾਲ ਕਿਹਾ, "ਬੜੀ



CC-0. Sohail Kazmi Collection, Jammu. Digitized by eGangotri

ਸੋਹਣੀ ਬਾ ਮੁਹਾਵਰਾ ਤੇ ਅਖਾਣਾਂ ਭਰੀ ਜ਼ੁਬਾਨ ਲਿਖਣਾ ਹੈ, ਸ਼ਾਲਾ ਅਦਬੀ ਖੇਤਰ ਵਿੱਚ ਉਚੱਾ ਨਾਂ ਕਮਾਵੇ।" ਤੀਜੇ ਦਿਨ ਉਹ ਮੈਨੂੰ ਆਪਣੇ ਨਾਲ 'ਮਸੂਦ ਖਦਰਪੋਸ਼ ਟਰੱਸਟ' ਦੇ ਇੱਕ ਇੱਕੱਠ ਵਿੱਚ ਲੈ ਗਏ, ਜਿੱਥੇ ਉਸ ਵਰ੍ਹੇ ਦੀਆਂ ਚੋਣਵੀਆਂ ਪੰਜਾਬੀ ਪੁਸਤਕਾਂ ਨੂੰ ਟਰੱਸਟ ਵੱਲੋਂ ਇਨਾਮ ਦਿੱਤੇ ਜਾ ਰਹੇ ਸਨ।

ਇੰਝ ਹੀ ਇੱਕ ਮੁਲਾਕਾਤ ਵਿੱਚ ਭਾਰਤ ਵਿੱਚ ਉਸ ਵੇਲੇ ਦੇ ਅਕਲੀਤੀ ਕਮਿਸ਼ਨ ਦੇ ਚੇਅਰਮੈਨ ਸ੍ਰ. ਤਰਲੋਚਨ ਸਿੰਘ, ਜਿਹੜੇ ਵਿਸ਼ਵ ਪੰਜਾਬੀ ਕਾਨਫਰੰਸ 2005 ਵਿੱਚ ਭਾਗ ਲੈਣ ਲਾਹੌਰ ਆਏ ਸਨ ਅਤੇ ਮੁਨੀਰ ਨਿਆਜ਼ੀ ਹੋਰਾਂ ਦੀ ਸੁਹਬਤ ਵਿੱਚ ਬੈਠੇ ਸਨ, ਉਹ ਮੁਨੀਰ ਸਾਹਿਬ ਨੂੰ ਆਪਣੀ ਸ਼ਾਇਰੀ ਸੁਣਾਉਣ ਦੀ ਫਰਮਾਇਸ਼ ਕਰਨ ਲੱਗੇ, ਮੁਨੀਰ ਜੀ ਨੇ ਉਨ੍ਹਾਂ ਦਾ ਹੱਥ ਫੜਿਆ ਤੇ ਫਿਰ ਕਹਿਣ ਲੱਗੇ, "ਲੈ ਫਿਰ ਸੁਣ-

"ਲੰਬੀ ਰਾਤ ਫਿਰਾਕ ਦੀ ਜਿਵੇਂ ਠੰਡੀ ਸਿਲ
ਚੜ੍ਹਿਆ ਚੰਨ ਅਸਮਾਨ 'ਤੇ ਕੰਬਣ ਲੱਗਾ ਦਿਲ।"

-0-0-0-

"ਦੁਨੀਆ ਦੇ ਵਿੱਚ ਰਹਿਣ ਲਈ
ਕੀ ਕੁੱਝ ਕਰਨਾ ਪੈਂਦਾ
ਆਪਣੇ ਈ ਲਹੂ ਦੀਆਂ ਨਹਿਰਾਂ ਅੰਦਰ
ਆਪੇ ਈ ਤਰਨਾ ਪੈਂਦਾ ਏ
ਰਾਤਾਂ ਨੂੰ ਬੂਹੇ ਖੜਕਾਂਦੀ
'ਵਾ ਤੋਂ ਡਰਨਾ ਪੈਂਦਾ ਏ
ਰੋਜ਼ ਸ਼ਾਮ ਨੂੰ ਨਵੀਂ ਕਬਰ 'ਤੇ
ਹੌਕਾ ਭਰਨਾ ਪੈਂਦਾ ਏ।"

-0-0-0-

"ਮਿਲਦਾ ਕੀ ਹੈ ਇਸ ਦੁਨੀਆ ਵਿੱਚ
ਰੁੱਤ ਇੱਕ ਨਵੀਂ ਜਵਾਨੀ ਦੀ
ਹੌਕੇ ਭਰਨ ਦੀ ਪਿਆਰ ਕਰਨ ਦੀ
ਅੱਖਾਂ ਦੀ ਨਾਦਾਨੀ ਦੀ
ਬਾਕੀ ਉਮਰ ਤਾਂ ਬਸ ਫਿਰ ਐਵੇਂ
ਨੱਸਦਿਆਂ ਭੱਜਦਿਆਂ ਲੰਘਦੀ ਏ
ਦੂਰ ਦਰਾਜ਼ ਦੀਆਂ ਸੋਚਾਂ ਅੰਦਰ



CC-0. Sohail Kazmi Collection, Jammu. Digitized by eGangotri

ਰੋਂਦਿਆਂ ਹੱਸਦਿਆਂ ਲੰਘਦੀ ਏ।" (ਉਮਰ ਦਾ ਅਸਲੀ ਹਿੱਸਾ)

-0-0-0-

ਗੱਲਾਂ ਗੱਲਾਂ ਵਿੱਚ ਮੁਨੀਰ ਨਿਆਜ਼ੀ ਫਰਮਾਨ ਲੱਗੇ-

"ਸ਼ਾਇਰੀ ਬੜਾ ਔਖਾ ਤੇ ਬੜਾ ਸੌਖਾ ਕੰਮ ਐ, ਚੌਖੇ ਜਫਰ ਜਾਲਣੇ ਪੈਂਦੇ ਨੇ, ਇੱਕ ਮਿਸਰਾ ਘੜਣ ਲਈ ਜਾਂ ਖਿਆਲ ਨੂੰ ਬਿਆਨ ਕਰਨ ਲਈ। ਪਰ ਜਦੋਂ ਬੰਦੇ ਦੇ ਮਨ ਵਿੱਚੋਂ ਸ਼ਾਇਰੀ ਦਾ ਸੋਮਾ ਫੁੱਟਦਾ ਹੈ ਤੇ ਕਵਿਤਾ ਆਪਣੇ ਇਜ਼ਹਾਰ ਦਾ ਰਾਹ ਆਪ ਬਣਾ ਲੈਂਦੀ ਹੈ, ਤੇ ਕਵੀ ਦਾ ਕੰਮ ਸੌਖਾ ਹੋ ਜਾਂਦਾ ਹੈ।"

"ਸੁਣ ਨੀ ਕੁੜੀਏ
ਰੰਗਾਂ ਦੀਏ ਪੁੜੀਏ
ਮੈਂ ਤੁਰ ਜਾਵਾਂਗਾ
ਮੁੜ ਕੇ ਨਹੀਂ ਆਵਾਂਗਾ
ਫੇਰ ਪਛਤਾਏਂਗੀ
ਹੱਸ ਕੇ ਬੁਲਾਏਂਗੀ
ਰੋ ਕੇ ਬੁਲਾਏਂਗੀ
ਫੇਰ ਵੀ ਨਹੀਂ ਆਵਾਂਗਾ
ਉਚੇ ਅਸਮਾਨ ਦਾ
ਤਾਰਾ ਬਣ ਜਾਵਾਂਗਾ
ਦੂਰ ਦੂਰ ਰਵਾਂਗਾ
ਤੇ ਤੈਨੂੰ ਤੜਫਾਵਾਂਗਾ।" (ਆਪਣੇ ਆਪ ਨਾਲ ਗੱਲਾਂ)

ਮੁਨੀਰ ਨਿਆਜ਼ੀ ਹੋਰਾਂ ਦੀ ਇੱਕ ਹੋਰ ਚਰਚਿਤ ਨਜ਼ਮ ਹੈ, ਇਸਦਾ ਨਾਂ ਹੈ, 'ਮੇਰੀ ਮੁਸ਼ਕਿਲ'। ਇਸ ਕਵਿਤਾ ਦੇ ਕੁੱਝ ਸ਼ੇਅਰਾਂ ਦਾ ਆਨੰਦ ਮਾਣੋ-

"ਕਿਸ ਨੂੰ ਮਿਲਾਂ ਤੇ ਕਿਸ ਨੂੰ ਛੱਡਾਂ
ਸਮਝ ਨਾ ਆਵੇ ਮੈਨੂੰ
ਕਿਸ ਵੱਲ ਜ਼ਹਿਰ ਦੀ ਅੱਖ ਨਾਲ ਤੱਕਾਂ
ਕਿਸ ਕਿਸ ਨੂੰ ਗਲ ਨਾਲ ਲਾਵਾਂ
ਕਿਹੜੇ ਰਸਤੇ ਕੱਦ ਨੂੰ ਰੱਖਾਂ
ਸਾਹਮਣੇ ਆਪਣੀ ਰਾਵਾਂ
ਅੱਖ ਦੇ ਸਾਹਮਣੇ ਲੱਖਾਂ ਸ਼ਕਲਾਂ



CC-0. Sohail Kazmi Collection, Jammu. Digitized by eGangotri

ਲੱਖਾਂ ਧੁੱਪਾਂ ਛਾਂਵਾਂ
ਰੋ ਕੇ ਨਦੀਆਂ ਗਹਿਰੀਆਂ ਅੱਖਾਂ
'ਵਾਜਾਂ ਦਿੰਦੀਆਂ ਬਾਵਾਂ
ਕਿਸ ਨੂੰ ਦੇਵਾਂ ਮੈਂ ਨਫਰਤ ਦਿਲ ਦੀ
ਸਮਝ ਨਾ ਆਵੇ ਮੈਨੂੰ।"

ਮੁਨੀਰ ਨਿਆਜ਼ੀ ਦੀ ਸ਼ਾਇਰੀ ਦੀਆਂ ਕਈ ਪਰਤਾਂ ਨੇ। ਉਹ ਆਪਣੇ ਕਈ ਖ਼੍ਵਾਬਾਂ ਵਿੱਚ ਆਪਣੀ ਜਨਮ ਭੂਮੀ ਵਿੱਚ ਘੁੰਮਦੇ ਨੇ। ਕਿਤੇ ਬਚਪਨ ਦੇ ਯਾਰਾਂ ਨੂੰ ਯਾਦ ਕਰਦੇ ਨੇ। ਕਿਤੇ ਉਹ ਅੱਲੜਪੁਣੇ ਵਿੱਚ ਲਾਈਆਂ ਤੇ ਨਿਭਾਈਆਂ ਮੁਹੱਬਤਾਂ ਨੂੰ ਯਾਦ ਕਰਦੇ ਨੇ, ਜਿਵੇਂ-

"ਪਰੇ ਸੀ ਮੰਦਿਰ ਭੈਰੋਂ ਦਾ
ਪਰੇ ਹਵਾ ਸੀ ਰਾਵਾਂ ਵਿੱਚ
ਧੁੱਪ ਸੀ ਸ਼ੀਸ਼ਾ ਚਾਂਦੀ ਦਾ
ਚਮਕ ਗਿਆ ਸੀ ਸਾਵਾਂ ਵਿੱਚ।"

-0-0-0-

"ਹੁਣ ਜੇ ਮਿਲੇ ਤੇ ਰੋਕ ਕੇ ਪੁੱਛਾਂ, ਵੇਖਿਆ ਈ ਆਪਣਾ ਹਾਲ
ਕਿੱਥੇ ਗਈ ਉਹ ਰੰਗਤ ਤੇਰੀ ਸੱਪਾਂ ਵਰਗੀ ਚਾਲ
ਗੱਲਾਂ ਕਰਦਿਆਂ ਗੁੰਡੀਆਂ ਅੱਖਾਂ, 'ਵਾ ਨਾਲ ਉਡੱਦੇ ਵਾਲ
ਕਿੱਥੇ ਗਿਆ ਉਹ ਠਾਠਾਂ ਮਾਰਦੇ ਲਹੂ ਨਾਲ ਅੰਨਾ ਜ਼ੋਰ
ਸਾਵਾਂ ਵਰਗੀ ਗਰਮ ਜਵਾਨੀ ਲੈ ਗਏ ਕਿਹੜੇ ਚੋਰ।"

(ਪੁੱਠੀਆਂ ਸਿੱਧੀਆਂ ਗੱਲਾਂ)

ਮੁਨੀਰ ਨਿਆਜ਼ੀ ਦੀ ਭਾਸ਼ਾ ਨਿਰੋਲ ਪੰਜਾਬੀ ਹੈ ਤੇ ਸਿੱਧੀ ਦਿਲ ਵਿੱਚ ਖੁੱਭਦੀ ਹੈ। ਕਵਿਤਾ ਵਿੱਚ ਲੋਕ-ਰੀਤ, ਫੋਕ, ਵਿਜ਼ਡਮ ਤੇ ਵਰਤਮਾਨ ਦੀ ਕੁੜੱਤਣ 'ਚੋਂ ਕਸ਼ੀਦ ਹੋਈਆਂ ਕਲਾ ਕੁਸ਼ਲਤਾ ਨਾਲ ਸੱਜੀਆਂ ਚਿਰਜੀਵੀ ਨਜ਼ਮਾਂ ਪਾਠਕਾਂ ਲਈ ਦਿਲ ਨਵਾਜ਼ੀ ਦਾ ਸਾਧਨ ਬਣਦੀਆਂ ਹਨ ਤੇ ਸਿਖਿਆਰਥੀਆਂ ਨੂੰ ਸੇਧ ਦਿੰਦੀਆਂ ਹਨ। ਮੁਨੀਰ ਨਿਆਜ਼ੀ ਆਪਣੀਆਂ ਨਜ਼ਮਾਂ ਰਾਹੀਂ ਜ਼ਿੰਦਗੀ-ਨਾਮੇ ਨੂੰ ਸਮਝਾਉਣ ਦਾ ਉਪਰਾਲਾ ਕਰਦਾ ਹੈ। ਉਸਦੀ ਸੋਚ ਉਡਾਰੀ ਵਿੱਚ ਬੜੀ ਅਮੀਰੀ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੀਆਂ ਨਜ਼ਮਾਂ ਹਿਆਤੀ ਦਾ ਮੰਜ਼ਰ-ਨਾਮਾ ਪੇਸ਼ ਕਰਦੀਆਂ ਹਨ।

"ਜ਼ਾਹਿਰ ਸਾਡਾ ਹੋਰ ਕਿਤੇ ਐ
ਬਾਤਨ ਹੋਰਾਂ ਪਾਸੇ


CC-0. Sohail Kazmi Collection, Jammu. Digitized by eGangotri

ਦਿਲ ਵਿੱਚ ਡਰ ਜਿਹੜਾ ਕੱਢਿਆ ਨਾ ਜਾਵੇ
ਸ਼ਕਲਾਂ ਉਤੇ ਹਾਸੇ
'ਕੱਠੇ ਹੋ ਹੋ ਬੈਠਣ ਲੋਕੀ
ਦੁਸ਼ਮਣ ਕੋਲੋਂ ਡਰਕੇ
ਇੱਕ ਦੂਜੇ ਵੱਲ ਵੇਖ ਨਾ ਸਕਣ
ਸਾਹਮਣੇ ਅੱਖਾਂ ਕਰਕੇ।" (ਜ਼ਾਹਿਰ ਨੂੰ ਗੈਬ ਦਾ ਡਰ)

ਮੁਨੀਰ ਨਿਆਜ਼ੀ ਦੀ ਸ਼ਾਇਰੀ ਆਪਣੀ ਜ਼ਾਤ ਦੇ ਹਵਾਲੇ ਨਾਲ ਬੜੀ ਮਹੱਤਵਪੂਰਨ ਹੈ। ਉਨ੍ਹਾਂ ਦਾ ਜ਼ਾਤੀ ਕਰਬ ਤੇ ਦੁੱਖ ਸ਼ਾਇਰੀ ਦਾ ਮੁਵਾਦ ਬਣਿਆ ਹੈ। ਉਨ੍ਹਾਂ ਦੇ ਜਜ਼ਬਾਤ ਵਿੱਚ ਖਲੂਸ ਤੇ ਸਿਧਕ ਸੀ, ਤਾਂ ਹੀ ਉਨ੍ਹਾਂ ਦਾ ਕਲਾਮ ਲੋਕਾਈ ਦੇ ਦਿਲਾਂ ਦੀ ਆਵਾਜ਼ ਬਣਿਆ। ਉਨ੍ਹਾਂ ਦੀ ਸ਼ਾਇਰੀ ਨੂੰ ਪੜ੍ਹ ਕੇ ਅਸੀਂ ਕਹਿ ਸਕਦੇ ਹਾਂ ਕਿ ਸਮੁੱਚੀ ਪੰਜਾਬੀ ਦੇ ਅੰਬਰ 'ਤੇ ਚਮਕਣ ਵਾਲੇ ਤਾਰਿਆਂ ਵਿੱਚ ਮੁਨੀਰ ਨਿਆਜ਼ੀ ਦਾ ਨਾਂ ਵੀ ਬੜੇ ਮਾਣ ਨਾਲ ਲਿਆ ਜਾ ਸਕਦਾ ਹੈ। ਆਖ਼ਿਰ ਵਿੱਚ ਮੈਂ ਉਨ੍ਹਾਂ ਦੀ ਨਜ਼ਮ 'ਇੱਕ ਉਜਾੜ ਸ਼ਹਿਰ' ਦੇ ਕੁੱਝ ਸ਼ੇਅਰ ਪੇਸ਼ ਕਰ ਰਿਹਾ ਹਾਂ-

"ਸਾਰੇ ਲੋਕੀ ਟੁਰ ਗਏ ਲੈ ਗਈ ਨਾਲ ਕਜ਼ਾ
ਗਲੀਆਂ ਹੌਕੇ ਭਰਦੀਆਂ ਰੋਂਦੀ ਫਿਰੇ ਹਵਾ
ਕੰਧਾਂ ਸੁੰਵ-ਮਸੁੰਞੀਆਂ ਕੋਠੇ ਵਾਂਗ ਬੱਲਾ
ਕੂਕਾਂ ਦੇਣ ਹਵੇਲੀਆਂ ਸਾਡੇ ਵੱਲ ਨਾ ਆ
ਉਜੱੜੇ ਪਏ ਮੈਦਾਨ ਵਿੱਚ ਬਾਦਸ਼ਾਂਵਾਂ ਦੇ ਰੱਥ
ਕਬਰਾਂ ਦੇ ਵਿੱਚ ਸੌਂ ਗਏ ਮਹਿੰਦੀਆਂ ਵਾਲੇ ਹੱਥ।"

*** *** ****


CC-0. Sohail Kazmi Collection, Jammu. Digitized by eGangotri

# ਕਲਮ ਕਬੀਲੇ ਦਾ ਪਾਂਧੀ- ਅਹਿਮਦ ਰਾਹੀ

"ਕੋਈ ਹਸਰਤ ਭੀ ਨਹੀਂ ਕੋਈ ਤਮੰਨਾ ਭੀ ਨਹੀਂ
ਦਿਲ ਵੋਹ ਕਤਰਾ ਜੋ ਕਿਸੀ ਆਂਖ ਸੇ ਟਪਕਾ ਭੀ ਨਹੀਂ।"

-0-0-0-

"ਦਿਲ ਕੇ ਸੁੰਨਸਾਨ ਜ਼ਜ਼ੀਰੋਂ ਕੀ ਖ਼ਬਰ ਲਾਇਗਾ,
ਦਰਦ ਪਹਿਲੂ ਸੇ ਜੁਦਾ ਹੋ ਕੇ ਕਹਾਂ ਜਾਇਗਾ।"

-0-0-0-

"ਸ਼ਹਰਯਾਰੋਂ ਸੇ ਨਾਸ਼ਰੋਂ ਤਕ
ਹਰ ਇੱਕ ਨੇ ਫਨ ਕਾ ਲਹੂ ਪੀਆ ਹੈ।"

-0-0-0-

ਉਪੱਰ ਲਿਖੇ ਉਰਦੂ ਸ਼ੇਅਰ ਉਸ ਕਵੀ ਦੇ ਨੇ ਜਿਹੜਾ ਸਾਹਿਰ ਲੁਧਿਆਣਵੀ, ਸੈਫ ਦੀਨ ਸੈਫ, ਜ਼ਹੀਰ ਕਾਸ਼ਮੀਰੀ, ਸੱਜਾਦ ਹੈਦਰ, ਅਹਿਮਦ ਨਦੀਮ ਕਾਸਮੀ, ਇਬਨੇ ਇੰਸ਼ਾ ਤੇ ਮੁਨੀਰ ਨਿਆਜ਼ੀ ਵਰਗੇ ਸ਼ਾਇਰਾਂ ਦਾ ਸੰਗੀ ਸੀ। ਉਸਨੇ ਉਰਦੂ ਵਿੱਚ ਬਹੁਤ ਖ਼ੂਬਸੂਰਤ ਨਜ਼ਮਾਂ ਅਤੇ ਗਜ਼ਲਾਂ ਲਿਖੀਆਂ ਅਤੇ ਫਿਲਮਾਂ ਲਈ ਗੀਤ ਵੀ ਲਿਖੇ। ਪਰ ਜਦ ਕਾਲਜੇ ਨੂੰ ਵੰਡ ਦੀ ਸੱਟ ਵੱਜੀ ਤੇ ਜਦ ਪੰਜਾਬ ਵਿੱਚ ਤਕਸੀਮ ਦੀ ਹਨ੍ਹੇਰੀ ਝੁੱਲੀ ਤਾਂ ਫਿਰਕੂ ਫਸਾਦਾਂ ਕਾਰਨ ਪੰਜਾਬੀ ਹਯਾਤੀ ਕੁਰਲਾਅ ਉਠੀ। ਜਦ ਪੰਜਾਬੀਆਂ ਨੂੰ ਦੇਸ਼ ਦੀ ਵੰਡ ਵੱਜੋਂ, ਨਿਰੀ ਆਪਣੀ ਜਨਮ ਭੂਮੀ ਹੀ ਨਹੀਂ ਛੱਡਣੀ ਪੈ ਗਈ, ਸਗੋਂ ਰਹਿਤਲ, ਬਹਿਤਲ ਤੇ ਕਦਰਾਂ ਕੀਮਤਾਂ ਵੀ ਗੁਆਣੀਆਂ ਪੈ ਗਈਆਂ ਤਾਂ ਪੰਜਾਬ ਦੇ ਉਨ੍ਹਾਂ ਉਰਦੂ ਸ਼ਾਇਰਾਂ ਨੇ ਪੰਜਾਬੀਆਂ ਦੇ ਦਿਲਾਂ ਦੇ ਦਰਦ ਨੂੰ ਦਰਸਾਉਣ ਲਈ ਆਪਣੀ ਮਾਂ ਬੋਲੀ ਦਾ ਸਹਾਰਾ ਲਿਆ ਤੇ 'ਤ੍ਰਿੰਝਣ' ਵਰਗੀ ਨਜ਼ਮ ਦਾ ਜਨਮ ਹੋਇਆ।

ਆਹੋ! ਮੈਂ ਅਹਿਮਦ ਰਾਹੀ ਦੀ ਹੀ ਗੱਲ ਕਰ ਰਿਹਾਂ, ਜਿਸਨੇ ਅੰਮ੍ਰਿਤਾ ਪ੍ਰੀਤਮ ਦੇ ਬਾਅਦ ਵੰਡ ਦੇ ਦਰਦ ਨੂੰ 'ਤ੍ਰਿੰਝਣ' ਰਾਹੀਂ ਪੰਜਾਬੀਆਂ ਦੇ ਚਰਖ਼ੇ ਦੀ ਘੂਕ ਬਣਾ ਦਿੱਤਾ। 'ਤ੍ਰਿੰਝਣ' ਅਜਿਹੀ ਕਵਿਤਾ



CC-0. Sohail Kazmi Collection, Jammu. Digitized by eGangotri

ਹੈ, ਜਿਸ ਵਿੱਚ ਅਹਿਮਦ ਰਾਹੀ ਨੇ ਪੰਜਾਬੀਆਂ ਦੇ ਦਿਲਾਂ ਦੀ ਤਰਜ਼ੁਮਾਨੀ ਕੀਤੀ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਸ ਸ਼ਾਹ ਨੂੰ' ਤੇ ਅਹਿਮਦ ਰਾਹੀ ਦੀ 'ਤ੍ਰਿੰਝਣ' ਹੱਡ ਵਰਤੀ ਦੀ ਪੁੱਠ ਨਾਲ ਭਰੀਆਂ ਨੇ। 'ਤ੍ਰਿੰਝਣ' ਉਸ ਵਿਛੜੀ ਕੂੰਜ ਤੇ ਬੇਬਸ ਮੁਟਿਆਰ ਦੀ ਪੁਕਾਰ ਏ, ਜਿਹਨੂੰ 1947 ਈ. ਦੇ ਘੱਲੂਘਾਰੇ ਨੇ ਪਾਕਿਸਤਾਨ ਜਾਂ ਭਾਰਤ ਦੇ ਨਾਮ ਉਤੇ ਉਜਾੜ ਦਿੱਤਾ। 'ਤ੍ਰਿੰਝਣ' ਦੀ ਸ਼ਾਇਰੀ ਪੰਜਾਬ ਦੀ ਸਮਾਜੀ ਅਤੇ ਸਿਆਸੀ ਤਾਰੀਖ਼ ਹੈ। ਇਹ ਨਜ਼ਮ ਵੰਡ ਦੇ ਦੁੱਖਾਂ ਦੀ ਹੂਕ ਏ, ਇਨਸਾਨੀਅਤ ਦੇ ਕਤਲ ਦਾ ਮਾਤਮ ਏ। 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਤੇ 'ਤ੍ਰਿੰਝਣ' ਵਰਗੀਆਂ ਨਜ਼ਮਾਂ ਆਜ਼ਾਦੀ ਦੇ ਨਾਮ ਉਤੇ ਹੋਣ ਵਾਲੀ ਬਰਬਾਦੀ ਦਾ ਮਰਸੀਆ ਨੇ।

"ਦਿਲ ਰੋਏ ਤੇ ਸੁੰਞਾ ਤ੍ਰਿੰਝਣ
ਦਿਲ ਹੱਸੇ ਤੇ ਵੱਸਦਾ।
ਹੱਸਦੇ ਦਿਲ ਦੇ ਰੰਗ ਅਨੋਖੇ
ਰੋਂਦਾ ਜਗ ਵੀ ਹੱਸਦਾ।"

-0-0-0-

"ਕਿਵੇਂ ਕੱਤਾਂ, ਕਿਵੇਂ ਤੁੰਬਾਂ, ਦਰਦਾਂ ਵਾਲੀਏ ਮਾਏ
ਅੱਜ ਤ੍ਰਿੰਝਣੀ ਫੂਹੜੀਆਂ ਵਿਛੀਆਂ
ਚੂੜੇ ਦੇ ਛਣਕਾਰੇ, ਲੁੱਟ ਲੈ ਗਏ ਵਣਜਾਰੇ।
ਹਾਵਾਂ ਦੇ ਲੰਬੂ ਨੀ ਮਾਏ
ਅੱਜ ਕੁਆਰੇ ਹਾਸੇ, ਜਾਵਾਂ ਕਿਹੜੇ ਪਾਸੇ
ਕੋਈ ਨਾ ਮੇਰਾ ਦਰਦੀ, ਹਰਦਮ ਹੌਕੇ ਭਰਦੀ।
ਅੱਜ ਤਿੰਝਣੀ ਕੱਲਮਕੱਲੀ
ਚਰਖੇ ਦੀ ਘੂਕ ਤੋਂ ਵੀ ਡਰਦੀ, ਮੈਂ ਡਰ ਡਰ ਜਾਵਾਂ,
ਪੂਣੀਆਂ ਨਾਲ ਨੀ ਭੋਲੀਏ ਮਾਏ
ਸਿੰਮਦੇ ਨੀਰ ਸੁਕਾਵਾਂ
ਪਰ ਹੰਝੂ ਨਹੀਂ ਸੁੱਕਦੇ
ਸੱਧਰਾਂ ਵਾਲੀਏ ਮਾਏ
ਨਾ ਹੱਥਾਂ ਨੂੰ ਮਹਿੰਦੀਆਂ ਲਾਈਆਂ
ਨਾ ਸ਼ਗਨਾਂ ਦੇ ਗਾਨੇ
ਨਾ ਸਈਆਂ ਨੇ ਡੋਲੀਆਂ ਗਾਈਆਂ



CC-0. Sohail Kazmi Collection, Jammu. Digitized by eGangotri

ਨਾ ਭਰਜਾਈਆਂ ਸੁਰਮੇ ਪਾਏ
ਨਾ ਕੋਈ ਸਿਹਰਿਆਂ ਵਾਲਾ ਆਇਆ
ਨਾ ਕੋਈ ਡੋਲੀ ਵੀਰਾਂ ਤੋਰੀ
ਜਿਸਦੇ ਹੱਥ ਜਿਹਦੀ ਬਾਂਹ ਆਈ
ਲੈ ਗਿਆ ਜ਼ੋਰਾ ਜ਼ੋਰੀ
ਚਾਰ ਚੁਫੇਰੇ ਨਾਗ ਸ਼ੂਕਦੇ, ਲੱਖਾਂ ਹੰਝੂ ਪਏ ਕੂਕਦੇ
ਕੋਈ ਨਾ ਸੁਣਦਾ ਹਾੜੇ
ਹੱਥੀਂ ਜਿਨ੍ਹਾਂ ਨੇ ਅੱਗਾਂ ਲਾਈਆਂ
ਮਹਿਲ ਮਾੜੀਆਂ ਵਾਲੇ
ਉਹਨਾਂ ਹੱਥ ਖ਼ੁਦਾਈ
ਸਰਕਾਰੇ ਦਰਬਾਰੇ, ਪਟਕੇ ਬੰਨ੍ਹ ਬੰਨ੍ਹ ਬਹਿੰਦੇ
ਉਹਨਾਂ ਸਾਰ ਕੀ ਸਾਡੇ ਦੁੱਖ ਦੀ
ਅਸੀਂ ਮੁਜ਼ਾਰੇ, ਕੰਮੀ, ਉਹ ਜਗੀਰਾਂ ਵਾਲੇ
ਰੀਝਾਂ ਵਾਲੀਏ ਮਾਏ,
ਜੇ ਉਹਨਾਂ ਦੇ ਮਹਿਲੀਂ ਜਾ ਕੇ
ਵੰਗਾਂ ਦੇ ਛਣਕਾਰੇ, ਲੁੱਟ ਖੜਦੇ ਵਣਜਾਰੇ
ਤਾਂ ਮੈਂ ਵੇਖਦੀ ਭਲੀਏ ਮਾਏ
ਇਹ ਜਾਗੀਰਾਂ ਵਾਲੇ, ਮਹਿਲ ਮਾੜੀਆਂ ਵਾਲੇ
ਸਰਕਾਰੇ ਦਰਬਾਰੇ, ਪਟਕੇ ਬੰਨ੍ਹ ਬੰਨ੍ਹ ਬਹਿੰਦੇ
ਉਚੇ ਹੋ ਹੋ ਬਹਿੰਦੇ
ਡਾਰੋਂ ਵਿਛੜੀ ਕੂੰਜ ਕੁਰਲਾਵੇ
ਤ੍ਰਿੰਝਣਾਂ ਵਿੱਚ ਗੌਣ ਵਾਲੀਏ।"

'ਤ੍ਰਿੰਝਣ' ਅਹਿਮਦ ਰਾਹੀ ਦੀ ਤੀਜੀ ਪੰਜਾਬੀ ਨਜ਼ਮ ਹੈ, ਜਿਹੜੀ ਉਹਨੇ 1950 ਵਿੱਚ ਲਿਖੀ ਸੀ। ਪਹਿਲਾਂ ਉਹਨੇ ਇੱਕ ਪੰਜਾਬੀ ਗੀਤ ਫਿਲਮ 'ਬੇਲੀ' ਲਈ ਲਿਖਿਆ, ਜਿਸਦਾ ਸਕ੍ਰਿਪਟ ਸਆਦਤ ਹਸਨ ਮੰਟੋ ਦਾ ਲਿਖਿਆ ਸੀ। ਦੂਜੀ ਨਜ਼ਮ ਉਹਨੇ 1949 ਈ. ਵਿੱਚ ਲਿਖੀ। ਪਰ ਇਸ ਤੀਜੀ ਨਜ਼ਮ ਨੇ ਅਹਿਮਦ ਰਾਹੀ ਨੂੰ ਪੰਜਾਬੀ ਸ਼ਾਇਰੀ ਦੀ ਸ਼ਿਖ਼ਰ 'ਤੇ ਪਹੁੰਚਾ ਦਿੱਤਾ। ਉਹ ਪੰਜਾਬੀ ਸ਼ਾਇਰੀ ਦੀ ਪਛਾਣ ਬਣ ਗਿਆ। ਬਸ ਫੇਰ ਉਹਨੇ ਅਦਬੀ ਸ਼ਾਇਰੀ ਪੰਜਾਬੀ ਵਿੱਚ ਹੀ ਕੀਤੀ। ਉਹਦੀਆਂ ਪੰਜਾਬੀ ਕਵਿਤਾਵਾਂ 'ਵਣਜਾਰਾ', 'ਦਿਲਾਂ ਦੇ ਸੌਦੇ', 'ਕਿੱਕਲੀ ਕਲੀਰ ਦੀ', 'ਜੇ ਤੂੰ ਮਿਰਜ਼ਾ ਜੱਟ


CC-0. Sohail Kazmi Collection, Jammu. Digitized by eGangotri

ਹੁੰਦੋ' ਤੇ ਹੋਰ ਕਿੰਨੀਆਂ ਹੀ ਨਜ਼ਮਾਂ ਪੰਜਾਬੀਆਂ ਦੇ ਦਿਲਾਂ ਦਾ ਦਾਰੂ ਬਣ ਗਈਆਂ। ਮਿਰਜ਼ਾ ਜੱਟ, 'ਵਿਛੋੜਾ', 'ਯੱਕੇ ਵਾਲੀ', 'ਗੁੱਡੋ', 'ਹੀਰ ਰਾਂਝਾ', 'ਨਾਜ਼ੀ', 'ਮੁਰਾਦ ਬਲੋਚ', 'ਮਾਹੀ ਮੁੰਡਾ', 'ਸੱਸੀ ਪੁੰਨੂ' ਤੇ ਹੋਰ ਢੇਰ ਸਾਰੀਆਂ ਫਿਲਮਾਂ ਦੇ ਗੀਤ ਪੰਜਾਬੀ ਪ੍ਰੇਮੀਆਂ ਦੀ ਜਿੰਦ ਜਾਨ ਬਣ ਗਏ।

ਅਹਿਮਦ ਰਾਹੀ ਦਾ ਜਨਮ 1923 ਈ. ਨੂੰ ਅੰਮ੍ਰਿਤਸਰ ਵਿਖੇ ਹੋਇਆ। ਨਿੱਕੀ ਉਮਰੇ ਉਹ ਆਪਣੀ ਮਾਂ ਨੂੰ ਮੌਲਵੀ ਗੁਲਾਮ ਰਸੂਲ ਹੋਰਾਂ ਦਾ ਲਿਖਿਆ ਕਿੱਸਾ 'ਯੂਸਫ਼ ਜ਼ੁਲੇਖਾਂ' ਪੜ੍ਹ ਕੇ ਸੁਣਾਉਂਦਾ ਹੁੰਦਾ ਸੀ। ਉਹਦੇ ਮਾਪਿਆਂ ਅਤੇ ਮਾਮੇ ਮਾਸਟਰ ਸਾਦਿਕ ਅੰਮ੍ਰਿਤਸਰੀ ਨੂੰ (ਜਿਹਦੀ ਪੰਜਾਬੀ ਸ਼ਾਇਰੀ ਤੋਂ ਉਹ ਬੜਾ ਪ੍ਰਭਾਵਿਤ ਸੀ।) ਕੀ ਪਤਾ ਸੀ ਪਈ ਜੁਆਨ ਹੋ ਕੇ ਇਹ ਬਾਲਕ ਆਪ ਪੰਜਾਬੀ ਸ਼ਾਇਰੀ ਦਾ ਯੂਸਫ਼ ਬਣ ਜਾਇਗਾ ਤੇ ਆਪਣੇ ਸ਼ੇਅਰਾਂ ਰਾਹੀਂ ਆਪਣੀ ਬੋਲੀ ਨੂੰ ਜ਼ੁਲੇਖਾਂ ਬਣਾ ਦੇਵੇਗਾ। ਡੂੰਘੇ ਜਜ਼ਬਿਆਂ ਦਾ ਇਹ ਸ਼ਾਇਰ, ਵੰਡ ਮਗਰੋਂ ਪਹਿਲੀ ਵਾਰ 1954 ਈ. ਵਿੱਚ, ਜਦ ਲਾਹੌਰ ਤੋਂ ਅੰਮ੍ਰਿਤਸਰ ਇੱਕ ਕਵੀ ਦਰਬਾਰ ਵਿੱਚ ਭਾਗ ਲੈਣ ਲਈ ਆਇਆ, ਤਾਂ ਉਹਨੇ ਇਹ ਨਜ਼ਮ ਪੜ੍ਹ ਕੇ ਸਾਰਿਆਂ ਨੂੰ ਰਵਾ ਛੱਡਿਆ:

"ਦੇਸ਼ ਵਾਲਿਓ! ਆਪਣੇ ਦੇਸ਼ ਅੰਦਰ
ਅਸੀਂ ਆਏ ਹਾਂ ਵਾਂਗ ਪ੍ਰਦੇਸੀਆਂ ਦੇ
ਘਰਾਂ ਵਾਲਿਓ! ਆਪਣੇ ਘਰਾਂ ਅੰਦਰ
ਅਸੀਂ ਆਏ ਹਾਂ ਵਾਂਗ ਪ੍ਰਾਹੁਣਿਆਂ ਦੇ।
ਇਸ ਮਿੱਟੀ ਦੀ ਕੁੱਖ 'ਚ ਮਾਂ ਮੇਰੀ
ਸੁੱਤੀ ਪਈ ਏ ਸਮਿਆਂ ਦੀ ਹੂਕ ਬਣ ਕੇ
ਇਸ ਪਾਣੀ ਨਾਲ ਪਾਣੀ ਹੋਏ ਨੀਰ ਮੇਰੇ
ਇੱਥੇ ਆਸ ਤੜਫੀ ਮੇਰੀ ਕੂਕ ਬਣ ਕੇ
ਕਿਸੇ ਬਨ ਦੇ ਕੱਲੜੇ ਰੁੱਖ ਵਾਂਗੂੰ
ਧੁੱਪਾਂ ਛਾਵਾਂ ਦੇ ਭਾਰ ਨਾਲ ਡੋਲਨਾ ਵਾਂ
ਆਪਣੀ ਮਾਂ ਦੀ ਕਬਰ ਨੂੰ ਲੱਭਨਾ ਵਾਂ
ਭੈਣਾਂ ਭਰਾਵਾਂ ਦੀਆਂ ਹੱਡੀਆਂ ਨੂੰ ਟੋਲਨਾ ਵਾਂ।"

ਤੇ ਜਦੋਂ 1962 ਈ. ਵਿੱਚ ਮਸ਼ਹੂਰ ਪੰਜਾਬੀ ਸਾਹਿਤਕਾਰ, ਪੋਠੋਹਾਰ ਦਾ ਜਾਇਆ ਤੇ ਫਿਲਮ ਐਕਟਰ ਬਲਰਾਜ ਸਾਹਨੀ ਪਾਕਿਸਤਾਨ ਗਿਆ ਤੇ ਉਹਦੇ ਸਨਮਾਨ ਵਿੱਚ ਜਿਹੜੀ ਸਾਹਿਤਕ ਬੈਠਕ ਲਾਹੌਰ ਵਿੱਚ ਸਜਾਈ ਗਈ, ਉਥੇ ਅਹਿਮਦ ਰਾਹੀ ਨੇ ਇਹ ਨਜ਼ਮ ਪੜ੍ਹ ਕੇ ਸਭਨਾ ਦੀਆਂ ਅੱਖਾਂ


CC-0. Sohail Kazmi Collection, Jammu. Digitized by eGangotri

ਵਿੱਚ ਹੰਝੂਆਂ ਦਾ ਹੜ੍ਹ ਲੈ ਆਂਦਾ:

"ਏਦੂੰ ਵੱਧ ਕੇ ਹੋਰ ਕੀ ਦੁੱਖ ਹੋਸੀ
ਤੇਰੀ ਅੱਖ ਏਥੇ ਮੇਰੀ ਅੱਖ ਉਥੇ
ਟੁੱਟੇ ਦਿਲਾਂ ਦਾ ਕੀ ਸ਼ੁਮਾਰ ਕਰੀਏ
ਕਈ ਲੱਖ ਏਥੇ ਕਈ ਲੱਖ ਉਥੇ
ਕਿਹੋ ਜਿਹਾ ਉਜਾੜਿਆ ਆਲ੍ਹਣਾ ਨੀ
ਕੋਈ ਕੱਖ ਇੱਥੇ ਕੋਈ ਕੱਖ ਉਥੇ।"

ਪੰਜਾਬ ਦੇ ਲੋਕ ਗੀਤਾਂ ਅਤੇ ਲੋਕ ਕਥਾਵਾਂ ਨੂੰ ਅਹਿਮਦ ਰਾਹੀ ਨੇ ਆਪਣੀ ਸ਼ਾਇਰੀ ਵਿੱਚ ਸੁਚੱਜੇ ਢੰਗ ਨਾਲ ਵਰਤਿਆ ਤੇ ਉਹਨਾਂ ਰਾਹੀਂ ਅਜੋਕੇ ਯੁੱਗ ਦੀ ਗੱਲ ਕੀਤੀ। ਉਹਨੇ ਆਪਣੇ ਸੋਹਣੇ ਤੇ ਅਮੀਰ ਵਿਰਸੇ ਦੀ ਖੁਸ਼ਬੋਈ ਨਾਲ ਪੁਰਾਣੇ ਪਾਤਰਾਂ ਨੂੰ ਵੀ ਨਵੇਂ ਢੰਗ ਨਾਲ ਇੰਝ ਪੇਸ਼ ਕੀਤਾ ਕਿ ਉਹਦੀ ਗੱਲ ਲੋਕਾਂ ਦੇ ਦਿਲਾਂ ਵਿੱਚ ਖੁੱਭ ਗਈ। ਆਪਣੀ ਉਚੱ ਖਿਆਲੀ ਵਿੱਚ ਉਹ ਨਿਰੋਲ ਪੰਜਾਬੀ ਸ਼ਬਦਾਵਲੀ ਦਾ ਸ਼ਹਿਦ ਮਿਲਾਂਦਾ ਹੈ ਤੇ ਦਿਲਾਂ ਵਿੱਚ ਮਿਠਾਸ ਭਰ ਕੇ ਰੂਹ ਨੂੰ ਰਜਾਂਦਾ ਏ:

"ਕਿੱਕਲੀ ਕਲੀਰ ਦੀ, ਨੀ ਕਿੱਕਲੀ ਕਲੀਰ ਦੀ,
ਛੱਲਾਂ ਪਈ ਮਾਰਦੀ ਜਵਾਨੀ ਜੱਟੀ ਹੀਰ ਦੀ,
ਕਿੱਕਲੀ ਕਲੀਰ ਦੀ
ਚੜ੍ਹਦੀ ਜਵਾਨੀ ਨਾਲ ਚੜ੍ਹ ਗਿਆ ਭਾਅ ਨੀ
ਨਵੇਂ ਨਵੇਂ ਜੋਬਨਾਂ ਦੇ ਨਵੇਂ ਨਵੇਂ ਚਾਅ ਨੀ
ਜ਼ਿੰਦੜੀ ਨਾ ਰੋਲ ਦੇਵੀਂ ਕਿਸੇ ਦਿਲਗੀਰ ਦੀ,
ਕਿੱਕਲੀ ਕਲੀਰ ਦੀ
ਜੂੜੇ ਵਿੱਚ ਮੋਤੀਏ ਦੇ ਫੁੱਲ ਪਏ ਸੱਜਦੇ
ਕੰਨਾਂ ਵਿੱਚ ਮਿੱਠੇ ਮਿੱਠੇ ਗਿੱਧੇ ਪਏ ਵੱਜਦੇ
ਖੁੱਲ੍ਹ ਜਾਂਦੇ ਭੇਤ, ਲੋਕ ਭਾਵੇਂ ਲੱਖ ਕੱਜਦੇ
ਫੱਟੀ ਹੋਈਂ ਏ ਤੂੰ ਕਿਸੇ ਡਾਹਢੇ ਤਿੱਖੇ ਤੀਰ ਦੀ।"

ਅਹਿਮਦ ਰਾਹੀ ਨੇ ਪੰਜਾਬੀ ਜ਼ੁਬਾਨ ਵਿੱਚ ਪੰਜਾਬੀ ਲਈ ਸ਼ਾਇਰੀ ਕੀਤੀ ਅਤੇ ਉਚੀ, ਸੁੱਚੀ ਤੇ ਜੀਉਂਦੀ ਜਾਗਦੀ ਸ਼ਾਇਰੀ ਕੀਤੀ।

"ਇਲਮਾਂ ਵਾਲਿਓ, ਅਕਲਾਂ ਵਾਲਿਓ
ਬੇਇਲਮਾਂ, ਬੇਅਕਲਾਂ ਨੂੰ ਵੀ
ਆਪਣੀਆਂ ਇਲਮਾਂ ਅਕਲਾਂ ਦਾ ਕੁੱਝ ਚਾਨਣ ਪਾਓ


CC-0. Sohail Kazmi Collection, Jammu. Digitized by eGangotri

ਕਿੰਨਾਂ ਦੀਆਂ ਸੋਚਾਂ ਦੇ ਕਾਰਨ
ਅੱਖਰ ਸਹਿਕਣ, ਕਲਮਾਂ ਕੰਬਨ
ਦੁੱਖ ਭਰੀਆਂ ਅੱਖਾਂ ਵਿੱਚੋਂ
ਸਹਿਮ ਦੇ ਮਾਰੇ ਨੀਰ ਨਾ ਸਿੰਮਣ
ਅਸਮਾਨਾਂ 'ਤੇ ਬੱਦਲ ਚੀਕਣ
ਧਰਤੀ ਉਤੇ ਰੁੱਤਾਂ ਤੜਪਣ।
ਜਾਂ ਫਿਰ ਇਹ ਨਜ਼ਮ ਸੁਣੋ:
ਸੋਚ ਕੇ ਲਿਖਿਆ ਤੇ ਕੀ ਲਿਖਿਆ,
ਲਿਖਣਾਂ ਤਾਂ ਉਹ ਹੁੰਦਾ ਏ
ਜਿਹੜਾ ਅੰਦਰ ਵਾਲਾ ਆਪ ਲਿਖਾਵੇ,
ਅਨਲਹੱਕ ਦਾ ਵਿਰਦ ਕਰਾਵੇ
ਖੁੱਲ੍ਹ ਲਿਆਵੇ, ਦਾਰ ਚੜ੍ਹਾਵੇ,
ਅੰਦਰ ਵਾਲੇ ਦਾ ਗਲ ਘੁੱਟ ਕੇ
ਬਾਹਰ ਵਾਲੇ ਦੀ ਮੰਨਣ ਵਾਲੇ,
ਸਾਰੇ ਲੋਕ ਮੁਨਾਫਕ ਹੁੰਦੇ
ਲਿਖਤਾਂ ਵਿੱਚ ਸੋਚਾਂ ਵਿੱਚ,
ਅਕਲਾਂ ਵਿੱਚ ਕੌਮਾਂ ਵਿੱਚ,
ਮੇਰੇ ਅੰਦਰ ਵਾਲਾ ਮੈਥੋਂ
ਬਹੁਤਾ ਤਕੜਾ, ਬਹੁਤ ਸੱਚਾ
ਝੂਠ ਉਹ ਮੈਨੂੰ ਲਿਖਣ ਨਹੀਂ ਦੇਂਦਾ,
ਸੱਚ ਲਿਖਣਾ ਬੜਾ ਮਹਿੰਗਾ ਪੈਂਦਾ।"

'ਤ੍ਰਿੰਝਣ' ਅਹਿਮਦ ਰਾਹੀ ਦੀਆਂ ਨਜ਼ਮਾਂ ਦੇ ਪਹਿਲੇ ਸੰਗ੍ਰਹਿ ਦਾ ਵੀ ਨਾਂ ਏ, ਜਿਹੜਾ ਉਹਨੇ ਅੰਮ੍ਰਿਤਾ ਪ੍ਰੀਤਮ ਦੇ ਨਾਂ ਲਾਇਆ ਏ। ਤੇ 'ਤ੍ਰਿੰਝਣ' ਦਾ ਮੁੱਖਬੰਦ ਉਰਦੂ ਦੇ ਮਸ਼ਹੂਰ ਅਦੀਬ ਤੇ ਸ਼ਾਇਰ ਅਹਿਮਦ ਨਦੀਮ ਕਾਸਮੀ ਨੇ ਪੰਜਾਬੀ ਵਿੱਚ ਲਿਖਿਆ। ਉਹਨਾਂ ਦਾ ਕਹਿਣਾ ਏ ਕਿ ਜੇ ਅਜੋਕੀ ਪੰਜਾਬੀ ਸ਼ਾਇਰੀ ਨੂੰ ਪੜ੍ਹਨਾ ਹੋਵੇ ਅਤੇ ਪੰਜਾਬੀ ਸ਼ਾਇਰੀ ਦਾ ਪੱਧਰ ਨਾਪਣਾ ਹੋਵੇ ਤਾਂ ਅੰਮ੍ਰਿਤਾ ਪ੍ਰੀਤਮ ਦੀ 'ਨਵੀਂ ਰੁੱਤ', ਮੋਹਨ ਸਿੰਘ ਦੀ 'ਸਾਵੇ ਪੱਤਰ', ਮੁਨੀਰ ਨਿਆਜ਼ੀ ਦੀ 'ਸਫ਼ਰ ਦੀ ਰਾਤ' ਅਤੇ ਅਹਿਮਦ ਰਾਹੀ ਦੀ 'ਤ੍ਰਿੰਝਣ' ਪੜ੍ਹਨੀ ਚਾਹੀਦੀ ਏ। ਪਰ ਮੇਰੀ ਜਾਚੇ ਜੇ ਇਸ ਲੜੀ ਵਿੱਚ ਸ਼ਿਵ ਕੁਮਾਰ ਬਟਾਲਵੀ ਦਾ ਨਾਂ ਵੀ ਪ੍ਰੋਇਆ ਜਾਵੇ ਤਾਂ


CC-0. Sohail Kazmi Collection, Jammu. Digitized by eGangotri

ਅਹਿਮਦ ਨਦੀਮ ਕਾਸਮੀ ਹੋਰਾਂ ਦੀ ਗੱਲ ਹੋਰ ਪੱਕੀ ਹੋ ਜਾਂਦੀ ਏ।

ਪੰਜਾਬੀ ਸੂਫੀ ਸੰਤਾਂ ਦਾ ਮੁੱਢ ਕਦੀਮ ਤੋਂ ਹੀ ਪੰਜਾਬੀ ਸ਼ਾਇਰੀ ਨਾਲ ਡੂੰਘਾ ਤੇ ਅਟੁੱਟ ਸੰਬੰਧ ਰਿਹਾ ਹੈ। ਪੰਜਾਬੀ ਸ਼ਾਇਰੀ ਦੇ ਮੁੱਢਲੇ ਪਾਲਕ ਤੇ ਰਚਨਹਾਰ ਸੂਫੀ ਬਜ਼ੁਰਗ, ਬਾਬਾ ਫਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਆਦਿ ਤੇ ਰੂਮਾਨੀ ਕਿੱਸਾਕਾਰ ਮੁਕਬਲ, ਕਾਦਰਯਾਰ, ਪੀਲੂ, ਵਾਰਿਸ਼ ਸ਼ਾਹ, ਹਾਸ਼ਮ ਸ਼ਾਹ, ਮੀਆਂ ਮੁਹੰਮਦ ਬਖਸ਼ ਆਦਿ ਸਨ। ਇਹਨਾਂ ਸੂਫੀ ਸੰਤਾਂ ਦੀ ਵਿਰਾਸਤ ਨੂੰ ਅਹਿਮਦ ਰਾਹੀ ਨੇ ਨਵਾਂ ਰੂਪ ਦੇ ਕੇ ਅਗਾਂਹ ਤੋਰਿਆ ਤੇ ਇਹ ਸਾਬਤ ਕਰ ਦਿੱਤਾ ਕਿ ਅਜੋਕੀ ਪੰਜਾਬੀ ਸ਼ਾਇਰੀ ਸੂਫੀਵਾਦ ਤੇ ਕਿੱਸਾ ਕਾਵਿ ਤੋਂ ਬਹੁਤ ਅੱਗੇ ਜਾ ਚੁੱਕੀ ਏ। ਅਹਿਮਦ ਰਾਹੀ ਦੀਆਂ ਕਵਿਤਾਵਾਂ ਪੰਜਾਬੀਆਂ ਦੇ ਕਾਲਜੇ ਨੂੰ ਖਿੱਚ ਪਾਉਂਦੀਆਂ ਨੇ। ਉਹਦੀਆਂ ਨਜ਼ਮਾਂ ਸਾਰੀ ਦੁਨੀਆ ਦੇ ਮਜਬੂਰ ਤੇ ਮਜ਼ਲੂਮ ਲੋਕਾਂ ਦੀ ਹੱਡਵਰਤੀ ਬਣ ਗਈਆਂ।

"ਆਈਆਂ ਬੂਹੇ ਤੇਰੇ ਤੇਰੀਆਂ ਜਾਈਆਂ ਬਾਬਲ
ਤੇਰੀਆਂ ਲੁੱਟੀਆਂ ਹੋਈਆਂ ਕਮਾਈਆਂ ਬਾਬਲ
.......... ਸੁਣ ਬਾਬਲ ਵੇ
ਦੁੱਖ ਜਰੇ, ਮੁਸੀਬਤਾਂ ਝੱਲੀਆਂ ਨੇ
ਅਸਾਂ ਵੇਖੀਆਂ ਘੜੀਆਂ ਅਵੱਲੀਆਂ ਨੇ
ਸਾਡੇ ਲੇਖ ਤੇ ਢਲ ਗਈਆਂ ਸ਼ਾਹੀਆਂ ਬਾਬਲ
........... ਸੁਣ ਬਾਬਲਾ ਵੇ।"

ਅਹਿਮਦ ਰਾਹੀ ਦੀ ਸ਼ਾਇਰੀ ਬਾਰੇ ਮਸ਼ਹੂਰ ਉਰਦੂ ਕਹਾਣੀਕਾਰ ਸਆਦਤ ਹਸਨ ਮੰਟੋ ਹੋਰਾਂ ਲਿਖਿਆ ਸੀ: "ਅਹਿਮਦ ਰਾਹੀ ਨੇ ਸ਼ਾਇਰੀ ਦੀ ਹਿੱਕ ਵਿੱਚ ਜੰਗਲੀ ਕਬੂਤਰਾਂ ਦੇ ਆਲ੍ਹਣੇ ਨਹੀਂ ਪਾਏ, ਸਗੋਂ ਉਹਨਾਂ ਆਲ੍ਹਣਿਆਂ ਦਾ ਜ਼ਿਕਰ ਕੀਤਾ ਏ ਜਿੰਨ੍ਹਾਂ ਵਿੱਚ ਗਰੀਬ ਵੱਸਦੇ ਨੇ। ਇਹ ਆਲ੍ਹਣੇ ਖੂਬਸੂਰਤ ਤੇ ਗੋਲ-ਮਟੋਲ ਤੇ ਫੜਕਦੇ ਨਹੀਂ, ਪਰ ਇਮਾਨ ਦੀ ਗੱਲ ਇਹ ਏ ਪਈ ਅਹਿਮਦ ਰਾਹੀ ਦੀ ਜ਼ੁਬਾਨੋਂ ਇਹਨਾਂ ਦਾ ਜ਼ਿਕਰ ਸੁਣ ਕੇ ਇੱਕ ਵਾਰੀ ਤਾਂ ਕਾਲਜਾ ਹਿੱਲ ਜਾਂਦਾ ਏ।"

"ਸੁਣ ਵੇ ਬਾਬਲਾ ਮੇਰਿਆ, ਤੇਰੇ ਟੁੱਟ ਗਏ ਸਾਰੇ ਮਾਣ
ਤੇਰੀ ਪੱਗ ਪੈਰਾਂ ਵਿੱਚ ਰੁਲ ਗਈ ਮਿੱਟੀ ਵਿੱਚ ਮਿਲ ਗਈ ਸ਼ਾਨ
ਤੇਰੀ ਸ਼ਰਮਾਂ ਵਾਲੀ ਧੀਅ ਨੂੰ ਅੱਜ ਵੇਖ ਕੇ ਸਭ ਸ਼ਰਮਾਣ
ਜਦ ਭੀੜ ਪਵੇ ਤੇ ਬਾਬਲਾ ਕੌਣ ਆਂਵਦਾ ਈ ਦਰਦ ਵੰਡਾਣ



CC-0. Sohail Kazmi Collection, Jammu. Digitized by eGangotri

ਜਦ ਝੱਖੜ ਚੱਲਣ ਫਰੇਬ ਦੇ, ਦੀਵੇ ਸੱਚ ਦੇ ਗੁੱਲ ਹੋ ਜਾਣ
ਯਾਰ ਵੀ ਭੁੱਲਦੇ ਯਾਰੀਆਂ ਜੰਡੀ ਟੰਗ ਦੇਣ ਕਮਾਨ।"

ਖਰੀ ਗੱਲ ਇਹ ਏ ਕਿ ਅਹਿਮਦ ਰਾਹੀ ਦੀ ਸ਼ਾਇਰੀ ਪੜ੍ਹ ਕੇ ਇਹ ਮੰਨਣਾ ਪੈਂਦਾ ਏ ਕਿ ਸ਼ਾਇਰੀ ਇਸ਼ਕ ਤੇ ਜਨੂੰਨ ਨਾਲ ਜਾਗਦੀ ਏ ਅਤੇ ਇਲਮ ਸ਼ਾਇਰੀ ਵਿੱਚ ਨਿਖਾਰ ਪੈਦਾ ਕਰਦਾ ਏ। ਮੇਰੀ ਗੱਲ ਦੀ ਪਰਖ 'ਰਾਹੀ' ਦੀ ਨਜ਼ਮ ਵਣਜਾਰਾ ਕਰਦੀ ਏ-

"ਨੀ ਉਹ ਠੱਗ ਵਣਜਾਰਾ, ਮੇਰੇ ਹਾਣ ਦਾ ਕੁਆਰਾ
ਜਿਸਦਾ ਜੁੜੇ ਜਿਹਾ ਰੰਗ, ਜਿਸਦਾ ਵੰਗਾਂ ਜਿਹਾ ਅੰਗ
ਜੀਹਦੀ ਖੁਆਬ ਵਰਗੀ ਦੱਖ, ਜਿਹਦੀ ਮਿਰਗਾਂ ਵਰਗੀ ਅੱਖ
ਮੈਨੂੰ ਤੱਕ ਤੱਕ ਹੱਸੇ, ਮੈਨੂੰ ਹੱਸ ਹੱਸ ਤੱਕੇ
ਮੈਥੋਂ ਤੱਕਿਆ ਨਾ ਜਾਏ, ਮੈਥੋਂ ਡੱਕਿਆ ਨਾ ਜਾਏ
ਮੈਥੋਂ ਹੱਸਿਆ ਨਾ ਜਾਏ, ਮੈਥੋਂ ਨੱਸਿਆ ਨਾ ਜਾਏ
ਦੂਰੋਂ ਦੂਰੋਂ ਪਈ ਖੰਘਾਂ, ਨੇੜੇ ਜਾਂਦੀ ਹੋਈ ਸੰਗਾਂ
ਨੀਵੀਂ ਪਾ ਕੇ ਕੋਲੋਂ ਲੰਘਾਂ, ਤੇ ਇਹ ਛਣਕ ਪੈਣ ਵੰਗਾਂ
ਉਹ ਬੁਲਾਵੇ ਤੇ ਨਾ ਬੋਲਾਂ, ਵਿੱਚੋਂ ਪੱਖੀ ਵਾਂਗੂੰ ਡੋਲਾਂ।"

ਜਦੋਂ ਅਹਿਮਦ ਰਾਹੀ ਨੇ ਅੱਖ ਖੋਲ੍ਹੀ ਤਾਂ ਅੰਮ੍ਰਿਤਸਰ ਦੀਆਂ ਹਵਾਵਾਂ ਵਿੱਚ ਜਲ੍ਹਿਆਂ ਵਾਲੇ ਬਾਗ਼ ਦਾ ਲਹੂ ਮਹਿਕ ਰਿਹਾ ਸੀ। ਫੇਰ ਉਹ ਜਦ ਸੱਤ ਅੱਠ ਵਰ੍ਹਿਆਂ ਦਾ ਹੋਇਆ ਤਦ ਸਰਦਾਰ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਹ ਲੱਗਿਆ ਸੀ ਤਾਂ ਆਜ਼ਾਦੀ ਦੀ ਲਹਿਰ ਇੱਕ ਸਿਰਿਓਂ ਦੂਜੇ ਸਿਰੇ ਤੋੜੀ ਫੈਲਦੀ ਜਾ ਰਹੀ ਸੀ। ਅਹਿਮਦ ਰਾਹੀ ਵੀ ਉਸ ਕਹਿਰ ਦਾ ਅਸਰ ਕਬੂਲ ਕਰ ਰਿਹਾ ਸੀ ਅਤੇ ਜਦ ਉਹ ਜੁਆਨ ਹੋਇਆ ਤਾਂ ਕਾਮਰੇਡ ਮਦਨ ਲਾਲ ਦੀ ਪ੍ਰੇਰਨਾ ਨਾਲ ਉਹ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਸਾਹਿਰ ਲੁਧਿਆਣਵੀ ਉਨ੍ਹਾਂ ਦਾ ਗੂੜ੍ਹਾ ਯਾਰ ਸੀ। ਉਹ ਦੋਵੇਂ ਇਕੱਠੇ ਰਹਿੰਦੇ ਸਨ ਤੇ ਜਦ 'ਸਾਹਿਰ' ਤੰਗਦਸਤੀ ਤੋਂ ਤੰਗ ਆ ਕੇ ਲਾਹੌਰ ਛੱਡ ਕੇ ਮੁੰਬਈ ਟੁਰ ਗਿਆ ਤਾਂ ਉਰਦੂ ਮਾਸਿਕ 'ਸਵੇਰਾ' ਦੀ ਸੰਪਾਦਕੀ ਅਹਿਦਮ ਰਾਹੀ ਨੂੰ ਮਿਲੀ। ਵੰਡ ਮਗਰੋਂ ਅਹਿਮਦ ਰਾਹੀ ਨੇ ਜਦ ਹਮੇਸ਼ਾ ਲਈ ਅੰਮ੍ਰਿਤਸਰ ਛੱਡਣ ਦਾ ਫੈਸਲਾ ਕਰ ਲਿਆ ਅਤੇ ਆਪਣਾ ਬੋਰੀਆ ਬਿਸਤਰ ਸਮੇਟ ਕੇ ਲਾਹੌਰ ਵੱਲ ਟੁਰਨ ਲੱਗਾ ਤਾਂ 'ਮੀਆਂ ਮੀਰ' ਤੇ ਗੁਰੂ 'ਰਾਮਦਾਸ' ਦੇ ਵਸਾਏ ਸ਼ਹਿਰ ਅੰਮ੍ਰਿਤਸਰ ਨੇ ਆਪਣੇ ਸ਼ਾਇਰ ਕੋਲੋਂ ਪੁੱਛਿਆ ਸੀ-



CC-0. Sohail Kazmi Collection, Jammu. Digitized by eGangotri

"ਮੇਰੇ ਸ਼ਾਇਰ
ਤੇਰੇ ਮੁੜ ਆਉਣ ਤੀਕਰ
ਮੈਂ ਬਲਦਾ ਰਹਾਂ
ਕਿ ਬੁਝ ਜਾਵਾਂ।"

ਪਰ ਅਹਿਮਦ ਰਾਹੀ ਮੁੜ ਵਤਨੀਂ ਨਹੀਂ ਆਇਆ। ਸਿਆਸਤ ਨੇ ਜੰਗ ਜਿੱਤ ਲਈ। ਪੰਜਾਬੀਅਤ ਜੰਗ ਹਾਰ ਗਈ। ਅੰਮ੍ਰਿਤਸਰ ਬੁਝ ਗਿਆ ਸੀ। ਲਾਹੌਰ ਸ਼ਾਂਤ ਹੋ ਗਿਆ ਸੀ। ਹਯਾਤੀ ਫੇਰ ਦੌੜਨ ਲੱਗੀ ਸੀ। ਲਾਹੌਰ ਵਿੱਚ ਅਹਿਮਦ ਰਾਹੀ ਅਗਾਂਹ ਵਧੂ ਲਹਿਰ ਦਾ ਮੋਢੀ ਬਣ ਗਿਆ ਅਤੇ ਪਾਕਿਸਤਾਨ ਦੀ ਕਮਿਊਨਿਸਟ ਪਾਰਟੀ ਦੇ ਮੁੱਢਲੇ ਤੇ ਸਰਗਰਮ ਮੈਂਬਰਾਂ ਵਿੱਚ ਸ਼ਾਮਲ ਹੋ ਗਿਆ। ਅਹਿਮਦ ਰਾਹੀ ਸਾਡੇ ਪੰਜਾਬ ਦੀ ਦੌਲਤ ਸੀ, ਪਰ ਲਹਿੰਦੇ ਪੰਜਾਬ ਦੀ ਝੋਲੀ ਵਿੱਚ ਜਾ ਪਈ, ਉਸੇ ਤਰ੍ਹਾਂ ਜਿਵੇਂ ਅੰਮ੍ਰਿਤਾ ਪ੍ਰੀਤਮ ਲਹਿੰਦੇ ਪੰਜਾਬ ਵਿੱਚੋਂ ਨਿਕਲ ਕੇ ਦਿੱਲੀ ਦੀ ਝੋਲੀ ਵਿੱਚ ਆ ਪਈ। ਫੇਰ ਆਪ ਪੰਜਾਬੀ ਦੋਹਾਂ ਨੂੰ ਭੁੱਲ ਗਏ। ਇੱਕ ਪਾਕਿਸਤਾਨੀ ਬਣ ਗਿਆ ਤੇ ਦੂਜਾ ਹਿੰਦੋਸਤਾਨੀ। ਇੱਕ ਨੇ ਪਾਕਿਸਤਾਨ ਵਿੱਚ ਪੰਜਾਬੀ ਦਾ ਝੰਡਾ ਉਚੱਾ ਰੱਖਿਆ ਤੇ ਦੂਜੇ ਨੇ ਭਾਰਤ ਵਿੱਚ। ਇੱਕ ਪੰਜਾਬੀ ਫਿਲਮਾਂ ਦੇ ਗੀਤ ਹੀ ਲਿਖਦਾ ਰਹਿ ਗਿਆ ਤੇ ਦੂਜਾ ਪਦਮ ਭੂਸ਼ਣ, ਰਾਜ ਸਭਾ ਦਾ ਮੈਂਬਰ ਤੇ ਗਿਆਨਪੀਠ ਐਵਾਰਡੀ ਬਣ ਗਿਆ-

-ਰੇਸ਼ਮ ਦਾ ਲਾਚਾ ਲੱਕ ਵੇ, ਨਾਲੇ ਬੁੱਲਾਂ 'ਤੇ ਸੱਜਰਾ ਸੱਕ ਵੇ
-ਨੀ ਮੈਂ ਨਾਰ ਪਟੋਲੇ ਵਰਗੀ।
-ਅਸਾਂ ਜਾਣ ਕੇ ਮੀਟ ਲਈ ਅੱਖ ਵੇ
-ਤੇਰੇ ਮੁੱਖੜੇ 'ਤੇ ਕਾਲਾ ਕਾਲਾ ਤ਼ਿਲ ਵੇ।

ਅੱਜਕੱਲ੍ਹ ਕਵਿਤਾ ਤੇ ਕਵੀ ਦਾ ਮੁਲਾਂਕਣ ਕਰਨ ਵਾਲੇ ਆਲੋਚਕਾਂ ਦੀ ਬਹੁਗਿਣਤੀ ਸ਼ਾਇਰੀ ਦੇ ਬੁਨਿਆਦੀ ਅਸੂਲਾਂ ਤੋਂ ਈ ਨਾਵਾਕਿਫ ਏ। ਲੱਗਦਾ ਏ, ਆਲੋਚਨਾ ਇੱਕ ਕਾਰੋਬਾਰੀ ਇੰਡਸਟਰੀ ਬਣ ਗਈ ਏ, ਜਿੱਥੇ ਕਵੀਆਂ ਨੂੰ ਸਥਾਪਤ ਕਰਨ ਤੇ ਰੱਦ ਕਰਨ ਦਾ ਕਾਰੋਬਾਰ ਚੱਲਦਾ ਏ। ਪੰਜਾਬੀ ਕਵਿਤਾ ਉਤੇ ਲਿਖੀਆਂ ਇਧਰਲੇ ਪੰਜਾਬ ਦੀਆਂ ਪੁਸਤਕਾਂ ਏਸ ਗੱਲ ਦਾ ਸਬੂਤ ਨੇ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਅਕਸਰ ਅਜਿਹੇ ਲੋਕ ਸ਼ਾਇਰੀ ਪੜ੍ਹਾਂਦੇ ਹਨ, ਜਿਨ੍ਹਾਂ ਨੂੰ ਵਜ਼ਨ, ਬਹਿਰ, ਕਾਫੀਆਂ ਅਤੇ ਰਦੀਫ ਦਾ ਕੋਈ ਗਿਆਨ ਨਹੀਂ। ਪਰ ਜਿਨ੍ਹਾਂ ਵਿਦਵਾਨਾਂ ਨੂੰ ਸ਼ਾਇਰੀ ਦੇ ਫਨ ਦਾ ਗਿਆਨ ਏ, ਉਹਨਾਂ ਦੀ ਗਿਣਤੀ ਤਾਂ ਬਸ



CC-0. Sohail Kazmi Collection, Jammu. Digitized by eGangotri

ਉਂਗਲੀਆਂ 'ਤੇ ਹੀ ਗਿਣੀ ਜਾ ਸਕਦੀ ਏ। ਸ਼ਾਇਰੀ ਉਪੱਰ ਲਿਖੀਆਂ ਗਈਆਂ ਬਹੁਤੀਆਂ ਕਿਤਾਬਾਂ ਨੂੰ ਪੜ੍ਹ ਕੇ ਲੱਗਦਾ ਏ ਕਿ ਲੁਹਾਰਾਂ ਹੱਥ ਸੋਨਾ ਸੌਂਪਿਆ ਗਿਆ ਏ।

ਸ਼ਾਇਰੀ ਬਾਰੇ ਅਹਿਮਦ ਰਾਹੀ ਨੇ ਕਿਹਾ ਸੀ ਕਿ ਸ਼ਾਇਰੀ ਦੀ ਕਲਾ ਦੇ ਗੁੰਝਲ ਖੋਲ੍ਹਣ ਲਈ ਔਖੇ ਸ਼ਬਦਾਂ ਦੀ ਲੋੜ ਨਹੀਂ ਹੁੰਦੀ, ਸਗੋਂ ਸਰਲ ਭਾਸ਼ਾ ਤੇ ਖ਼ੂਬਸੂਰਤ ਸ਼ਬਦਾਂ ਰਾਹੀਂ ਡੂੰਘੇ ਅਰਥ ਕੱਢਣੇ ਹੀ ਸ਼ਾਇਰੀ ਦਾ ਕਮਾਲ ਏ। ਅਹਿਮਦ ਰਾਹੀ ਦੇ ਇਸ ਕੌਲ ਨੂੰ ਉਹਨਾਂ ਦੇ ਸ਼ੇਅਰਾਂ ਤੋਂ ਪਰਖੋ–

"ਅੱਖੀਆਂ ਵਾਲਿਓ
ਤੁਸੀਂ ਤਾਂ ਸਭ ਕੁੱਝ ਵੇਖਦੇ ਓ
ਇਹਨਾਂ ਕਰਮਾਂ ਸੜਿਆਂ ਤਾਂਈਂ
ਕੀਹ ਏ ਐਨਕਾਂ ਚੜੀਆਂ ਅੱਖੀਆਂ
ਮੁੱਢ ਤੋਂ ਸੁੱਜੀਆਂ ਸੁੱਜੀਆਂ ਨੇ
ਕਿਉਂ ਇਹਨਾਂ 'ਚੋਂ ਨਜ਼ਰੀ ਔਣ
ਸ਼ਕਲਾਂ ਬੁਝੀਆਂ ਬੁਝੀਆਂ ਨੇ।"

-0-0-0-

"ਵਗੇ ਕਹਿਰ ਦੀ ਵਾ ਲੋਕੋ
ਸਰੂਆਂ ਵਰਗਿਆਂ ਸਮਿਆਂ ਨੂੰ
ਦਿੱਤਾ ਸੁ ਜੜੋਂ ਹਿਲਾ
ਘੁੰਮਣ ਘੇਰੇ ਝਨਾਵਾਂ
ਡਿੱਗ ਡਿੱਗ ਉੱਠਦੀਆਂ ਕੌਮਾਂ
ਉੱਠ ਉੱਠ ਡਿੱਗਦੀਆਂ ਪਤਵਾਰਾਂ ਦੀਆਂ ਬਾਹਵਾਂ
ਕਿੰਨੀਆਂ ਸੋਹਣੀਆਂ ਮਹੀਂਵਾਲਾਂ ਦੇ
ਡੁੱਬ ਡੁੱਬ ਗਏ ਤੇ ਸਾਹ ਵਗੇ ਕਹਿਰ ਦੀ ਵਾ।"

ਅੱਜ ਅਹਿਮਦ ਰਾਹੀ ਸਾਡੇ ਵਿੱਚ ਨਹੀਂ ਰਿਹਾ। ਕੁੱਝ ਚਿਰ ਪਹਿਲਾਂ ਉਹ ਅੱਸੀ ਸਾਲ ਦੀ ਉਮਰੇ ਇਸ ਦੁਨੀਆ 'ਚੋਂ ਚਲਾ ਗਿਆ। ਲਹਿੰਦੇ ਪੰਜਾਬ ਵਿੱਚ ਉਨ੍ਹਾਂ ਦੀ ਮੌਤ ਦਾ ਮਾਤਮ ਲਿਖਾਰੀਆਂ, ਗੀਤਕਾਰਾਂ, ਸੰਗੀਤਕਾਰਾਂ ਤੇ ਫਨਕਾਰਾਂ ਨੇ ਮਿਲ ਕੇ ਮਨਾਇਆ। ਪੰਜਾਬੀ ਭਾਸ਼ਾ ਤੇ ਸੱਭਿਆਚਾਰ ਸ਼ਾਇਰੀ ਤੇ ਗੀਤਕਾਰੀ ਲਈ ਉਹਦੀ ਸੇਵਾ ਤੇ ਕੁਮਿਟਮੈਂਟ ਲਈ ਉਹਨੂੰ ਯਾਦ ਕੀਤਾ ਗਿਆ। ਪਰ ਇਧਰਲੇ ਪੰਜਾਬ ਵਿੱਚ ਲਿਖਾਰੀਆਂ ਉਹਦਾ ਕੋਈ ਨੋਟਿਸ ਨਹੀਂ ਲਿਆ, ਉਹਦੀ


CC-0. Sohail Kazmi Collection, Jammu. Digitized by eGangotri

ਯਾਦ ਵਿੱਚ ਸ਼ੋਕ ਸਭਾ ਨਹੀਂ ਹੋਈ। ਮੀਡੀਆ ਨੇ ਚੁੱਪ ਸਾਧ ਲਈ। ਇਧਰਲੇ ਪੰਜਾਬ ਵਿੱਚ ਰਹਿਣ ਵਾਲੇ ਲੋਕ ਉਹਦੇ ਸੰਗੀ ਸਾਥੀ ਤੇ ਯਾਰ ਬੇਲੀ ਜਾਂ ਤੇ ਮਰ ਖੱਪ ਗਏ ਨੇ ਜਾਂ ਫਿਰ ਜ਼ਿੰਦਗੀ ਤੇ ਮੌਤ ਦੀ ਆਖ਼ਰੀ ਲੜਾਈ ਲੜ ਰਹੇ ਹਨ, ਇਸ ਲਈ ਉਹਨਾਂ ਵਿਚਾਰਿਆਂ ਅਹਿਮਦ ਰਾਹੀ ਨੂੰ ਕੀ ਯਾਦ ਕਰਨਾ ਸੀ। ਪਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸਿਆਸੀ ਸਾਰੰਗੀ ਵਜਾਉਣ ਵਾਲਿਆਂ ਤੇ ਵਾਹਗੇ ਜਾ ਕੇ ਸਰਹੱਦ ਦੇ ਲਾਗੇ ਮੋਮਬੱਤੀਆਂ ਜਗਾਉਣ ਵਾਲਿਆਂ ਵੀ ਉਹਦਾ ਜ਼ਿਕਰ ਤਕ ਨਹੀਂ ਕੀਤਾ। ਸ਼ਾਇਦ ਇਧਰਲੇ ਪੰਜਾਬ ਦਾ ਲਿਖਾਰੀ ਕਬੀਲਾ ਲਹਿੰਦੇ ਪੰਜਾਬ ਦੇ ਲਿਖਾਰੀਆਂ ਨੂੰ ਮੈਲ ਮੱਖੀ ਸਮਝ ਕੇ ਉਹਨਾਂ ਨਾਲ ਕੋਈ ਸੰਬੰਧ ਰੱਖਣਾ ਨਹੀਂ ਚਾਹੁੰਦਾ ਹੋਵੇਗਾ ਜਾਂ ਫਿਰ ਧਰਮ ਤੇ ਸਿਆਸਤ ਦੇ ਨਾਂ ਉਤੇ ਪੰਜਾਬ ਦੇ ਹਰ ਪਾਸੇ ਜੋ ਵੱਖਵਾਦ ਤੇ ਨਫ਼ਰਤ ਦੀ ਦੀਵਾਰ ਉਸਾਰੀ ਜਾ ਰਹੀ ਹੈ, ਉਨ੍ਹਾਂ ਵਿੱਚ ਜਾਣ ਬੁਝ ਕੇ ਜਾਂ ਅਨਜਾਣੇ ਆਪਣਾ ਹਿੱਸਾ ਪਾ ਰਿਹਾ ਹੋਵੇ। ਸ਼ਾਇਦ ਇਹੋ ਕਾਰਨ ਏ ਕਿ ਇੱਥੇ ਅਹਿਮਦ ਰਾਹੀ ਦੀ ਮੌਤ ਦਾ ਕਿਸੇ ਨੂੰ ਅਫਸੋਸ ਨਹੀਂ। ਭਲਾ! ਸਾਨੂੰ ਅਫਸੋਸ ਵੀ ਕਿਉਂ ਹੋਵੇ? ਉਹ ਪਾਕਿਸਤਾਨੀ ਅਸੀਂ ਹਿੰਦੋਸਤਾਨੀ। ਉਹਦੀ ਪੰਜਾਬੀ ਵੱਖਰੀ, ਸਾਡੀ ਪੰਜਾਬੀ ਵੱਖਰੀ। ਸਾਡੀ ਸ਼ਬਦਾਵਲੀ ਆਪਣੀ, ਉਹਨਾਂ ਦੀ ਪਰਾਈ। ਸਾਡੀ ਲਿੱਪੀ ਆਪਣੀ, ਉਹਨਾਂ ਦੀ ਮੰਗਤੀ। ਫਿਰ ਅਸੀਂ ਉਹਦਾ ਸੋਗ ਕਿਉਂ ਮਨਾਈਏ? ਸਾਡਾ ਉਹਦੇ ਨਾਲ ਕੀ ਰਿਸ਼ਤਾ? ਕੀ ਸੰਬੰਧ? ਇਸ ਲਈ ਜੇ ਅਹਿਮਦ ਰਾਹੀ ਮਰ ਗਿਆ ਤਾਂ ਮਰਨ ਦਿਓ ਤੇ ਉਹਦੀ ਮੌਤ ਉਤੇ ਘੱਟਾ ਪਾਓ........, ਪਰ ਰਲ ਮਿਲ ਸਾਰੇ ਮਹਿਫਲ ਸਜਾਓ ਅਤੇ ਅਹਿਮਦ ਰਾਹੀ ਦੀ ਸ਼ਾਇਰੀ ਦਾ ਆਨੰਦ ਮਾਣੋ:

"ਕੁੱਝ ਬੇਨਿਆਜ਼ ਮੈਂ ਸਾਂ
ਕੁੱਝ ਬੇਨਿਆਜ਼ ਰੱਬ ਸੀ
ਦੋਹਾਂ ਦੀ ਬੇਨਿਆਜ਼ੀ,
ਮੇਰੀ ਮੌਤ ਦਾ ਸਬੱਬ ਸੀ।

-0-0-0-

ਜੋ ਪਾਣੀ ਅੱਜ ਪੱਤਣੋਂ ਲੰਘਦਾ
ਉਹ ਨਾ ਆਉਂਦਾ ਭਲਕੇ
ਬੇੜੀ ਦਾ ਪੂਰ, ਤ੍ਰਿੰਝਣ ਦੀਆਂ ਕੁੜੀਆਂ,
ਫੇਰ ਨਾ ਬੈਠਣ ਰਲਕੇ।

-0-0-0-

ਟੁੱਟੇ ਦਿਲਾਂ ਦਾ ਕੀ ਸ਼ੁਮਾਰ ਕਰੀਏ,



CC-0. Sohail Kazmi Collection, Jammu. Digitized by eGangotri

ਕਈ ਲੱਖ ਏਥੇ ਕਈ ਲੱਖ ਉਥੇ
ਕਿਹੋ ਜਿਹਾ ਉਜਾੜਿਆ ਆਲ੍ਹਣਾ ਏ,
ਕੋਈ ਕੱਖ ਇੱਥੇ ਕੋਈ ਕੱਖ ਉਥੇ।

-0-0-0-

ਦੇਸਾਂ ਵਾਲਿਓ ਆਪਣੇ ਘਰਾਂ ਅੰਦਰ,
ਅਸੀਂ ਆਏ ਹਾਂ ਵਾਂਗ ਪ੍ਰਾਹੁਣਿਆਂ ਦੇ।"

*** *** ***


CC-0. Sohail Kazmi Collection, Jammu. Digitized by eGangotri

# ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ

ਅਜੋਕੇ ਮਨੁੱਖ ਨੇ ਅਕਲ ਨੂੰ ਅਚੰਭਿਤ ਕਰਨ ਵਾਲੇ ਕੰਮ ਕੀਤੇ ਹਨ, ਸਾਇੰਸ ਦੇ ਯੁੱਗ ਨੇ ਅੱਜ ਦੀ ਲੋਕਾਈ ਨੂੰ ਹੱਕਿਆਂ ਬੱਕਿਆਂ ਕਰ ਦਿੱਤਾ ਹੈ, ਕਈ ਅੰਧ-ਵਿਸ਼ਵਾਸ਼ਾਂ ਨੂੰ ਤੋੜ-ਫੋੜ ਕੇ ਰੱਖ ਦਿੱਤਾ ਹੈ। ਵਿਗਿਆਨ ਨੇ ਉਂਝ ਤਾਂ ਇਸ ਕਾਇਨਾਤ ਵਿੱਚ ਲੱਖਾਂ-ਕਰੋੜਾਂ ਦੀਵੇ ਬਾਲ੍ਹੇ ਹਨ, ਪਰ ਦਿਲਾਂ ਵਿੱਚ ਅਜੇ ਵੀ ਹਨ੍ਹੇਰਾ ਹੈ। ਅੱਜ ਦਾ ਮਨੁੱਖ ਆਪਣੇ ਆਪ ਨੂੰ ਉਚੇਰਾ ਤੇ ਅਗਾਂਹਵਧੂ ਸਮਝਦਾ ਹੈ, ਪਰ ਅਸਲ ਵਿੱਚ ਉਹ ਇਨਸਾਨੀ ਤੇ ਰੂਹਾਨੀ ਤੌਰ 'ਤੇ ਘੁੱਪ ਹਨ੍ਹੇਰਿਆਂ ਵਿੱਚ ਭਟਕ ਰਿਹਾ ਹੈ। ਅੱਜ ਦੇ ਮਨੁੱਖ ਨੇ ਹਵਾਈ ਜਹਾਜ਼, ਰਾਕਿਟ, ਮਿਸਾਇਲ, ਐਟਮ-ਬੰਬ ਬਣਾਏ ਨੇ, ਚੰਨ 'ਤੇ ਮੰਗਲ ਦੀ ਧਰਤੀ 'ਤੇ ਪੈਰ ਜਮਾਉਣ ਦੇ ਉਪਰਾਲੇ ਕੀਤੇ ਨੇ, ਪਰ ਹੱਕੀ ਗੱਲ ਇਹ ਹੈ ਕਿ ਇਖ਼ਲਾਕੀ ਤੌਰ 'ਤੇ ਅਸੀਂ ਪੱਥਰ ਯੁੱਗ ਤੋਂ ਬਾਹਰ ਨਹੀਂ ਨਿਕਲ ਸਕੇ। ਅੱਜ ਦਾ ਮਨੁੱਖ ਗੁੰਮਰਾਹੀ ਵਿੱਚ ਜੀਅ ਰਿਹਾ ਹੈ, ਚੀਖ ਚਿਹਾੜਿਆਂ ਤੇ ਹਾੜਿਆਂ ਦੇ ਸ਼ੋਰ ਵਿੱਚ ਟੁੱਟਿਆ, ਭੱਜਿਆ, ਥੱਕਿਆ, ਹੱਫਿਆ ਤੇ ਡਿੱਗਿਆ ਪਇਆ ਹੈ। ਅੱਤਵਾਦ, ਧਾਰਮਿਕ ਜਨੂੰਨ ਤੇ ਨਫਰਤ ਦੀ ਕੜਿੱਕੀ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਕਾਮ, ਕ੍ਰੋਧ, ਲੋਭ, ਮਾਇਆ ਤੇ ਅਹੰਕਾਰ ਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੈ। ਉਸਦਾ ਵਜੂਦ ਰੁਲਿਆ ਪਿਆ ਹੈ, ਪਰ ਅੱਜ ਕੋਈ ਵੀ ਪੀਰ, ਫਕੀਰ, ਸੂਫੀ, ਸੰਤ ਤੇ ਦਰਵੇਸ਼ ਅਜਿਹਾ ਨਹੀਂ ਜੋ ਉਸਦੇ ਮਨ ਨੂੰ ਪਾਕ ਤੇ ਸਾਫ ਬਣਾਏ, ਉਸਦੇ ਅੰਦਰ ਮਨੁੱਖਤਾ ਦੀ ਜੋਤ ਜਗਾਏ, ਪਿਆਰ ਮੁਹੱਬਤ ਦੇ ਦੀਵੇ ਬਾਲੇ, ਕਿਉਂਕਿ ਅੱਜ ਦੇ ਅਖੌਤੀ ਸੰਤ, ਫਕੀਰ ਲੋਕਾਂ ਨੂੰ ਭੁਲੇਖਿਆਂ ਵਿੱਚ ਪਾ ਕੇ ਅਤੇ ਸਿੱਧੇ-ਪੁੱਠੇ ਪ੍ਰਵਚਨ ਸੁਣਾ ਕੇ ਉਨ੍ਹਾਂ ਨਾਲ ਠੱਗੀ-ਠੋਰੀ ਕਰਦੇ ਹਨ, ਉਨ੍ਹਾਂ ਕੋਲੋਂ ਮਾਇਆ 'ਕੱਠੀ ਕਰਕੇ ਵੱਡੇ ਵੱਡੇ ਮਹਿਲ ਤੇ ਆਸ਼ਰਮ ਬਣਾਉਂਦੇ ਨੇ, ਇਹ ਅਖੌਤੀ ਸੰਤ ਤੇ ਗੁਰੂ ਆਪਣੀਆ ਕਰਤੂਤਾਂ ਕਾਰਨ ਸਮਾਜ ਵਿੱਚ ਨੰਗੇ ਵੀ ਹੁੰਦੇ ਹਨ, ਪਰ ਆਪਣੀ ਚਰਬ ਜ਼ੁਬਾਨ ਤੇ ਹੇਰਾਫੇਰੀਆਂ ਕਾਰਨ ਕਾਨੂੰਨ ਦੇ ਹੱਥ ਨਹੀਂ ਆਉਂਦੇ। ਅੱਜ ਕੋਈ ਵੀ ਪੀਰ ਫਕੀਰ ਤੇ ਸੰਤ ਮਹਾਤਮਾ ਜੰਗਲਾਂ ਵਿੱਚ ਕੁਟੀਆ ਬਣਾ ਕੇ ਨਹੀਂ ਰਹਿੰਦਾ, ਇਨ੍ਹਾਂ ਨੂੰ ਤਾਂ ਅਜੋਕੇ ਜ਼ਮਾਨੇ ਦੀਆਂ ਸਾਰੀਆਂ ਸਹੂਲਤਾਂ ਵੀ ਚਾਹੀਦੀਆਂ ਹਨ ਤੇ ਸਮਾਜ ਵਿੱਚ ਗੁਰੂ ਦਾ ਦਰਜਾ ਵੀ ਬਹਾਲ ਰਹਿਣਾ ਚਾਹੀਦਾ



CC-0. Sohail Kazmi Collection, Jammu. Digitized by eGangotri

ਹੈ, ਇਨ੍ਹਾਂ ਦੇ ਆਸ਼ਰਮਾਂ ਤੇ ਸ਼ਾਨਦਾਰ ਮੱਠਾਂ 'ਚ ਹਜ਼ਾਰਾਂ ਕੁਇੰਟਲ ਸੋਨਾ ਤੇ ਕਰੋੜਾਂ ਅਰਬਾਂ ਰੁਪਏ ਮਿਲਦੇ ਹਨ, ਪਰ ਅਜਿਹਾ ਕੋਈ ਸੰਤ ਫਕੀਰ ਨਹੀਂ ਮਿਲਦਾ, ਜਿਹੜਾ ਮਨੁੱਖ ਦੀ ਆਤਮਾ ਦੀ ਭਟਕਣ ਦੂਰ ਕਰੇ ਤੇ ਸ਼ਾਹ ਹੁਸੈਨ ਵਂਗਾਰ ਕਹੇ ਕਿ:

"ਦੁੱਖਾਂ ਦੀ ਰੋਟੀ ਸੂਲਾਂ ਦਾ ਸਾਲਣ
ਆਹੋਂ ਦਾ ਬਾਲਣ ਬਾਲ
ਧੂੰਆਂ ਧੁਖੇ ਮੇਰੇ ਮੁਰਸ਼ਦ ਵਾਲਾ
ਜਾਂ ਫੋਲਾਂ ਤਾਂ ਲਾਲ
ਮਾਏ ਨੀ ਮੈਂ ਕਿੰਨੂੰ ਆਖਾਂ ਦਰਦ ਵਿਛੋੜੇ ਦਾ ਹਾਲ।"

ਇਨਸਾਨ ਦੀ ਇਸ ਭਟਕਣ ਨੂੰ ਦੂਰ ਕਰਨ ਲਈ ਤੇ ਉਸਨੂੰ ਮੋਹ, ਮਾਇਆ, ਕਾਮ, ਕ੍ਰੋਧ ਤੇ ਅਹੰਕਾਰ ਦੇ ਚੱਕਰ ਤੋਂ ਬਾਹਰ ਕੱਢਣ ਲਈ ਸਾਨੂੰ ਭਗਤਾਂ ਦੀ ਸ਼ਾਇਰੀ ਅਤੇ ਸੂਫੀਆਂ ਦੇ ਕਲਾਮ ਨੂੰ ਪੜ੍ਹ ਕੇ ਆਪਣੇ ਅੰਦਰ ਦੀ ਗੰਦਗੀ ਤੇ ਨਾਪਾਕੀ ਨੂੰ ਬਾਹਰ ਕੱਢਣਾ ਹੋਏਗਾ ਤੇ ਨਫਸ ਨੂੰ ਪਾਕ ਤੇ ਸਾਫ ਬਣਾਉਣਾ ਹੋਏਗਾ, ਇਸ ਲਈ ਅਜੋਕੇ ਮਨੁੱਖ ਨੂੰ ਬਾਬਾ ਫਰੀਦ, ਗੁਰੂ ਨਾਨਕ, ਮਾਧੋ ਲਾਲ ਸ਼ਾਹ ਹੁਸੈਨ, ਭਗਤ ਕਬੀਰ, ਤੁਲਸੀ, ਨਾਮਦੇਵ, ਮੀਰਾ ਬਾਈ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਨੂੰ ਪੜ੍ਹਨਾ ਪਵੇਗਾ। ਇਨ੍ਹਾਂ ਸੰਤਾਂ ਦੀ ਬਾਣੀ ਨੂੰ ਪੜ੍ਹ ਤੇ ਸੁਣ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ, ਬੰਦਾ ਕਾਇਨਾਤ ਵਿੱਚ ਬਿਖਰੇ ਰੰਗਾਂ ਦਾ ਆਨੰਦ ਮਾਣਦਾ ਹੈ। ਹਰ ਸ਼ੈਅ ਖੂਬਸੂਰਤ ਲੱਗਦੀ ਹੈ, ਮਨ ਦੀ ਦੁਨੀਆ ਵਿੱਚ ਹਰਿਆਲੀ ਤੇ ਮਸਤੀ ਲਹਿਰਾਉਂਦੀ ਹੈ ਅਤੇ ਮਨ ਦੀ ਦੁਨੀਆ ਨੂੰ ਆਬਾਦ ਕਰਨ ਲਈ ਮੈਨੂੰ ਜਿਸ ਸੂਫੀ ਸ਼ਾਇਰ ਨੇ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ, ਉਸਦਾ ਨਾਂ ਸਈਅਦ ਅਬਦੁੱਲਾ ਸ਼ਾਹ ਕਾਦਰੀ ਸੀ ਤੇ ਜਿਹੜਾ ਬੁੱਲ੍ਹੇ ਸ਼ਾਹ ਦੇ ਨਾਂ ਨਾਲ ਜਾਣਿਆ ਤੇ ਪਛਾਣਿਆ ਜਾਂਦਾ ਹੈ।

ਉਰਦੂ ਦੇ ਮਸ਼ਹੂਰ ਲੇਖਕ ਪ੍ਰੋ. ਰਸ਼ੀਦ ਅਹਿਮਦ ਸਦੀਕੀ ਨੇ ਇੱਕ ਵਾਰੀ ਕਿਹਾ ਸੀ ਕਿ ਉਸਨੂੰ ਜੇ ਪੁੱਛਿਆ ਜਾਏ ਪਈ ਹਿੰਦੋਸਤਾਨ ਵਿੱਚ ਮੁਗਲ ਰਾਜ ਦੀ ਦੇਣ ਕੀ ਹੈ ਤਾਂ ਉਹ ਜਵਾਬ ਦੇਵੇਗਾ ਕਿ ਗਾਲਿਬ, ਹਿੰਦੋਸਤਾਨੀ ਜ਼ੁਬਾਨ ਤੇ ਤਾਜ ਮਹਿਲ। ਜੇ ਮੈਨੂੰ ਪੁੱਛਿਆ ਜਾਏ ਕਿ ਪੰਜਾਬ ਨੇ ਸਮੁੱਚੇ ਭਾਰਤਵਰਸ਼ ਨੂੰ ਕੀ ਦਿੱਤਾ ਹੈ ਤਾਂ ਮੈਂ ਕਹਾਂਗਾ, ਜਵਾਂ ਮਰਦੀ ਅਤੇ ਰਹਿੰਦੀ ਦੁਨੀਆ ਤਕ ਮਨੁੱਖਤਾ ਦੇ ਦੀਵੇ ਬਾਲਣ ਵਾਲੇ ਸੂਫੀ ਸੰਤ, ਜਿਨ੍ਹਾਂ ਵਿੱਚ ਬੁੱਲ੍ਹੇ ਸ਼ਾਹ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਣ ਦੇ ਕਾਬਿਲ ਹੈ।

ਉੱਚ ਗਿਲਾਨੀਆਂ, ਬੁੱਲ੍ਹੇ ਸ਼ਾਹ ਦਾ ਜੱਦੀ ਪਿੰਡ ਸੀ, ਜਿਹੜਾ ਬਹਾਵਲਪੁਰ



CC-0. Sohail Kazmi Collection, Jammu. Digitized by eGangotri

ਵਿੱਚ ਹੈ। ਹਸਬੀ ਨਸਬੀ ਉਸਦਾ ਸ਼ਜਰਾ ਯਾਰਵੀਂ ਵਾਲੇ ਪੀਰ ਸਈਅਦ ਅਬਦੁੱਲ ਕਾਦਰ ਜਿਲਾਨੀ ਨਾਲ ਮਿਲਦਾ ਹੈ। ਬੁੱਲ੍ਹੇ ਸ਼ਾਹ ਦੇ ਬਜ਼ੁਰਗ ਸਈਅਦ ਜਲਾਲ ਦੀਨ ਤੁਰਕਿਸਤਾਨ ਦੇ ਸ਼ਹਿਰ ਬੁਖਾਰੇ ਤੋਂ 1467 ਵਿੱਚ ਮੁਲਤਾਨ ਆਏ। ਉਨ੍ਹਾਂ ਸ਼ੇਖ ਗੌਂਸ ਬਹਾਉਦੀਨ ਜ਼ਿਕਰੀਆ ਮੁਲਤਾਨੀ ਨੂੰ ਆਪਣਾ ਮੁਰਸ਼ਦ ਧਾਰਿਆ ਤੇ ਉਨ੍ਹਾਂ ਦੀ ਹਾਜਰੀ ਵਿੱਚ ਕੁੱਝ ਵੇਲਾ ਗੁਜ਼ਾਰਿਆ, ਫੇਰ ਆਗਿਆ ਲੈ ਕੇ ਪਿੰਡ ਉਚੱ ਗਿਲਾਨੀਆਂ ਵਿੱਚ ਆਬਾਦ ਹੋ ਗਏ। ਸਈਅਦ ਬੁੱਲ੍ਹੇ ਸ਼ਾਹ ਦੇ ਪਿਓ ਦਾ ਨਾਂ ਸਖੀ ਸ਼ਾਹ ਮੁਹੰਮਦ ਦਰਵੇਸ਼ ਸੀ। ਤਾਰੀਖ਼ (ਸੱਤ ਸਿਤਾਰੇ) ਦਾ ਲਿਖਾਰੀ ਲਿਖਦਾ ਹੈ ਕਿ ਲਾਹੌਰ ਤੋਂ ਦੱਖਣ ਵੱਲ 20 ਮੀਲ ਦੇ ਪੈਂਡੇ 'ਤੇ ਇੱਕ ਬਸਤੀ 'ਪਾਂਡਵਕੇ', ਨਹਿਰ ਬਾਰੀਦੁਆਬ ਦੇ ਕੰਡੇ ਆਬਾਦ ਸੀ, ਇੱਥੇ ਹੀ ਬੁਖਾਰੀ ਸਈਅਦਾਂ ਦੇ ਖ਼ਾਨਦਾਨ ਵਿੱਚ 1728 ਈ. ਦੇ ਲਗਭਗ ਬੁੱਲ੍ਹੇ ਸ਼ਾਹ ਨੇ ਜਨਮ ਲਿਆ, ਪਰ ਇਹ ਜਨਮ ਤਾਰੀਖ਼ ਸਹੀ ਨਹੀਂ ਦਿਸਦੀ। ਬੁੱਲ੍ਹੇ ਸ਼ਾਹ ਬਾਰੇ 'ਮਿਸਟਰ ਆਸ ਬੌਰਨ' ਆਪਣੀ ਕਿਤਾਬ ਵਿੱਚ ਲਿਖਦਾ ਹੈ ਕਿ ਬੁੱਲ੍ਹੇ ਸ਼ਾਹ ਦਾ ਜਨਮ 1680 ਈ. ਵਿੱਚ ਹੋਇਆ ਤੇ 1785 ਈ. ਵਿੱਚ ਉਹ ਅਕਾਲ ਚਲਾਨਾ ਕਰ ਗਿਆ। ਇਹ ਤਾਰੀਖ਼ ਲਗਭਗ ਠੀਕ ਜਾਪਦੀ ਹੈ, ਪਰ ਇਸਦਾ ਵੀ ਕੋਈ ਪੱਕਾ ਸਬੂਤ ਨਹੀਂ ਮਿਲਦਾ।

ਬੁੱਲ੍ਹੇ ਸ਼ਾਹ ਦੇ ਕਲਾਮ ਨੂੰ ਪਰਖ-ਪੜਚੋਲ ਤੇ ਸੋਧ-ਸੁਧਾਰ ਕੇ ਛਾਪਣ ਵਾਲੇ ਮੌਲਵੀ ਅਨਵਰ ਅਲੀ ਰੋਹਤਕੀ, ਖ਼ਾਨ ਸਾਹਿਬ ਅਬਦੁੱਲ ਰਹਿਮਾਨ ਜਲੰਧਰੀ, ਭਾਈ ਪ੍ਰੇਮ ਸਿੰਘ ਰਾਜਪੂਤੀ ਕਸੂਰੀ ਤੇ ਡਾ. ਫਕੀਰ ਮੁਹੰਮਦ ਫਕੀਰ ਹਨ। ਇਨ੍ਹਾਂ ਸਾਰਿਆਂ ਖੋਜਕਾਰਾਂ ਨੇ ਆਪਣਿਆਂ ਆਪਣਿਆਂ ਖਰੜਿਆਂ ਵਿੱਚ ਬੁੱਲ੍ਹੇ ਸ਼ਾਹ ਦੇ ਜਨਮ-ਮਰਨ ਦਾ ਕੋਈ ਵੇਰਵਾ ਨਹੀਂ ਦਿੱਤਾ। ਮੌਲਵੀ ਗੁਲਾਮ ਸਰਵਰ ਲਾਹੌਰੀ ਨੇ ਆਪਣੀ ਫ਼ਾਰਸੀ ਕਿਤਾਬ 'ਖ਼ਜ਼ੀਨਤ-ਉਲ-ਸਫੀਆ' ਵਿੱਚ ਬੁੱਲ੍ਹੇ ਸ਼ਾਹ ਦੇ ਵਫ਼ਾਤ ਦੀ ਤਾਰੀਖ਼ 1785 ਈ. ਹੀ ਦੱਸੀ ਹੈ ਤੇ ਆਪਣੇ ਸਬੂਤ ਵਿੱਚ ਉਹ ਸ਼ੇਅਰ ਨਕਲ ਕੀਤਾ ਹੈ ਜਿਹੜਾ ਬੁੱਲ੍ਹੇ ਸ਼ਾਹ ਦੀ ਚੋਖੰਡੀ ਵਿੱਚ ਉਸਦੀ ਕਬਰ ਦੀ ਸਰਹਾਂਦੀ ਲੱਗਿਆ ਹੋਇਆ ਹੈ, ਜਿਹੜਾ ਫ਼ਾਰਸੀ ਵਿੱਚ ਹੈ।

ਡਾ. ਫਕੀਰ ਮੁਹੰਮਦ ਫਕੀਰ ਨੇ ਆਪਣੀ ਪੁਸਤਕ, 'ਕੁਲੀਆਤ-ਏ-ਬੁੱਲ੍ਹੇ ਸ਼ਾਹ' ਦੀ ਭੂਮਿਕਾ ਵਿੱਚ ਫ਼ਾਰਸੀ ਜ਼ੁਬਾਨ ਦੇ ਇੱਕ ਹੱਥ ਲਿਖਤ ਖਰੜੇ 'ਨਾਫੀਊਲ ਸਾਲਕੀਨ' ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ, ਇਸ ਖਰੜੇ ਦੀ ਤਰਤੀਬ ਬੁੱਲ੍ਹੇ ਸ਼ਾਹ ਦੇ ਮੁਰਸ਼ਦ ਨੇ ਕੀਤੀ ਸੀ ਤੇ ਇਸ ਖਰੜੇ ਅਨੁਸਾਰ ਬੁੱਲ੍ਹੇ ਸ਼ਾਹ ਨੇ ਪਿੰਡ ਉਚੱ ਗਿਲਾਨੀਆਂ, ਜ਼ਿਲ੍ਹਾ ਬਹਾਵਲਪੁਰ ਵਿੱਚ ਜਨਮ ਲਿਆ। ਬੁੱਲ੍ਹਾ ਛੇ ਵਰ੍ਹਿਆਂ ਦਾ ਸੀ ਕਿ ਉਸਦੇ ਪਿਤਾ ਸਖੀ ਸ਼ਾਹ ਮੁਹੰਮਦ ਦਰਵੇਸ਼ ਨੇ ਘਰ ਦੀਆਂ



CC-0. Sohail Kazmi Collection, Jammu. Digitized by eGangotri

ਮਜਬੂਰੀਆਂ ਕਾਰਨ ਇਸ ਪਿੰਡ ਤੋਂ ਪਲਾਇਨ ਕੀਤਾ ਤੇ ਪਿੰਡ ਮਲਕਵਾਲ ਜ਼ਿਲ੍ਹਾ ਸਾਈਵਾਲ ਵਿੱਚ ਵੱਸ ਗਿਆ। ਉਥੋਂ ਸਖ਼ੀ ਸ਼ਾਹ ਮੁਹੰਮਦ ਦਰਵੇਸ਼ ਨੂੰ ਪਿੰਡੋਕੇ ਭੱਟੀ ਦੇ ਚੌਧਰੀ ਨੇ ਆਪਣੇ ਪਿੰਡ ਬੁਲਾਇਆ ਤੇ ਉਥੋਂ ਦੀ ਮਸੀਤ ਦਾ ਮੌਲਵੀ ਬਣਾ ਦਿੱਤਾ। ਇੰਝ ਸਖ਼ੀ ਸ਼ਾਹ ਮੁਹੰਮਦ ਦਰਵੇਸ਼ ਪੰਡੋਕੇ ਭੱਟੀ ਵਿੱਚ ਆਬਾਦ ਹੋ ਗਿਆ। ਬੁੱਲ੍ਹੇ ਸ਼ਾਹ ਦੇ ਮੁਰਸ਼ਦ ਦਾ ਨਾਂ ਪੀਰ ਅਨਾਇਤ ਸ਼ਾਹ ਕਾਦਰੀ ਸ਼ਤਾਰੀ ਸੀ, ਜਿਸਨੇ ਸਈਅਦ ਅਬਦੁੱਲਾ ਸ਼ਾਹ ਨੂੰ ਬੁੱਲ੍ਹੇ ਸ਼ਾਹ ਬਣਾਇਆ ਅਤੇ ਮਾਰਫਤ ਤੇ ਤੌਹੀਦ ਦੀ ਸ਼ਰਾਬ ਵਿੱਚ ਡੋਬ ਦਿੱਤਾ। ਆਪਣੀਆਂ ਕਈ ਕਾਫ਼ੀਆਂ ਵਿੱਚ ਬੁੱਲ੍ਹੇ ਸ਼ਾਹ ਨੇ ਆਪਣੇ ਮੁਰਸ਼ਦ ਦੀ ਤਾਰੀਫ਼ ਕੀਤੀ ਹੈ, ਜਿਵੇਂ-

"ਜਦ ਮੈਂ ਸਬਕ ਇਸ਼ਕ ਦਾ ਪੜ੍ਹਿਆ
ਦਰਿਆ ਵੇਖ ਵਹਿਦਤ ਦਾ ਡਰਿਆ
ਘੁੰਮਣ ਘੇਰੀ ਦੇ ਵਿੱਚ ਅੜਿਆ
ਸ਼ਾਹ ਅਨਾਇਤ ਲਾਇਆ ਪਾਰ।

ਇੰਝ ਹੀ ਇੱਕ ਹੋਰ ਥਾਂਈਂ ਬੁੱਲਾ ਕਹਿੰਦਾ ਹੈ:

ਬੁੱਲ੍ਹੇ ਸ਼ਾਹ ਦੀ ਸੁਣੋ ਹਕਾਇਤ
ਹਾਦੀ ਫੜਿਆਂ ਹੋਈ ਹਦਾਇਤ
ਮੇਰਾ ਸਾਈਂ ਸ਼ਾਹ ਅਨਾਇਤ
ਉਹੋ ਲੰਘਾਵੇ ਪਾਰ।"

ਤਸਵੱਫ਼ ਵਿੱਚ ਸੂਫ਼ੀਆਂ ਦੀਆਂ ਦੋ ਕਿਸਮਾਂ ਉਹ ਵੀ ਹਨ ਜਿਨ੍ਹਾਂ ਨੂੰ ਮਲਾਮਤੀ (ਹੀਣ) ਤੇ ਕਲੰਦਰੀ ਕਿਹਾ ਜਾਂਦਾ ਹੈ। ਮਲਾਮਤੀ ਤੇ ਕਲੰਦਰੀ ਸੂਫ਼ੀ ਲਾਜ ਤੇ ਸ਼ਰਮ ਤੋਂ ਬੇਪ੍ਰਵਾਹ ਹੋ ਕੇ ਆਪਣੀ ਮਰਜ਼ੀ ਤੇ ਆਜ਼ਾਦੀ ਨਾਲ ਜੀਵਨ ਗੁਜ਼ਾਰਦੇ ਹਨ। ਸੁਕਰਾਤ ਵੀ ਮਲਾਮਤੀ ਸੀ ਤੇ ਪਾਟੇ ਲੀੜੇ ਪਾ ਕੇ ਸਿਰੋਂ ਤੇ ਪੈਰੋਂ ਨੰਗਿਆਂ ਐਥਿਨਸ (Athens) ਦੇ ਬਾਜ਼ਾਰ ਵਿੱਚ ਭਾਉਂਦਾ ਫਿਰਦਾ ਸੀ। ਸਰਮਦ ਵੀ ਮਲਾਮਤੀ ਸੂਫ਼ੀ ਸੀ ਜਿਹੜਾ ਨੰਗਾ ਫਿਰਦਾ ਸੀ। ਨਾਥ ਪੰਥੀਂ, ਯੋਗੀ, ਸੰਨਿਆਸੀ ਵੀ ਮਲਾਮਤੀ ਗਿਣੇ ਜਾਂਦੇ ਸਨ। ਮਾਧੋ ਲਾਲ ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਵੀ ਮਲਾਮਤੀ ਸਨ ਤੇ ਪਿੰਡਾਂ ਦੀਆਂ ਗਲੀਆਂ ਵਿੱਚ ਰਬਾਬ ਲੈ ਕੇ ਗਾਉਂਦੇ ਫਿਰਦੇ ਸਨ। ਦੋਵੇਂ ਸ਼ਰਾਅ (ਇਸਲਾਮੀ ਕਾਨੂੰਨ) ਨੂੰ ਨਹੀਂ ਸਨ ਮੰਨਦੇ ਤੇ ਆਪਣੀ ਮਰਜ਼ੀ ਕਰਦੇ ਸਨ। ਦੋਵੇਂ ਮਲਾਮਤੀ ਤੇ ਕਲੰਦਰੀ ਸਨ। ਮਲਾਮਤੀ ਸੂਫ਼ੀ ਤੇ ਹੀਣੇ ਹੁੰਦੇ ਹਨ, ਆਪਣੇ ਮਨ ਤੇ ਅਹੰਕਾਰ ਨੂੰ ਮਾਰਨ ਲਈ ਖ਼ੁਦ ਨੂੰ ਕੁੱਤਾ ਜਾਂ ਚੂਹੜਾ ਵੀ ਆਖਦੇ ਹਨ, ਜਿਵੇਂ ਬੁੱਲ੍ਹੇ ਸ਼ਾਹ ਕਹਿੰਦਾ ਹੈ-

"ਰਾਤੀਂ ਜਾਗੇਂ ਕਰੇਂ ਇਬਾਦਤ, ਰਾਤੀਂ ਜਾਗਣ ਕੁੱਤੇ, ਤੈਥੋਂ ਉਤੇ


CC-0. Sohail Kazmi Collection, Jammu. Digitized by eGangotri

ਭੌਂਕਣੋਂ ਬੰਦ ਮੂਲ ਨਾ ਹੁੰਦੇ ਜਾ ਰੂੜੀ 'ਤੇ ਸੁੱਤੇ, ਤੇਥੋਂ ਉਤੇ।
ਖਸਮ ਆਪਣੇ ਦਾ ਦਰ ਨਾ ਛੱਡਦੇ, ਭਾਵੇਂ ਵੱਜਣ ਜੁੱਤੇ, ਤੇਥੋਂ ਉਤੇ
ਬੁੱਲ੍ਹੇ ਸ਼ਾਹ ਕੋਈ ਰਖਤ ਧਾਜ ਲੈ, ਨਹੀਂ ਤਾਂ ਬਾਜ਼ੀ ਲੈ ਗੇ ਕੁੱਤੇ, ਤੇਥੋਂ ਉਤੇ।"

ਅਜਿਹੇ ਸੂਫ਼ੀ ਆਪਣੇ ਸਰੀਰ ਨੂੰ ਦੁੱਖ ਦੇਣ ਲਈ ਉਨੀ, ਖੱਦਰ ਦਾ ਬਾਨਾ ਪਾਉਂਦੇ ਨੇ, ਤੇ ਹਕੀਕੀ ਇਸ਼ਕ ਵਿੱਚ ਫੰਨਾ ਫਿੱਲਾ ਹੋ ਜਾਂਦੇ ਨੇ, ਜਿਵੇਂ ਹੁਸੈਨ ਬਿਨ ਮੰਸੂਰ ਹਲਾਜ ਨੇ ਸੂਲੀ ਨੂੰ ਚੁੰਮ ਲਿਆ ਸੀ ਜਾਂ ਰਾਬਿਆ ਬਸਰੀ ਜਿਹੜੀ ਮਿਸਰ ਦੀ ਸੂਫ਼ੀ ਸੁਵਾਣੀ ਸੀ, ਨੇ ਕਿਹਾ ਸੀ ਕਿ ਮੈਂ 'ਇਸ਼ਕ-ਏ-ਹਕੀਕੀ' ਵਿੱਚ ਡੁੱਬੀ ਰਹਿੰਦੀ ਹਾਂ ਅਤੇ ਮੈਨੂੰ ਖ਼ੁਦਾ ਦੀ ਮੁਹੱਬਤ ਤੋਂ ਵਿਹਲ ਹੀ ਨਹੀਂ ਲੱਗਦੀ, ਫਿਰ ਮੈਂ ਕਿੰਝ ਕਿਸੇ ਨਾਲ ਨਫ਼ਰਤ ਕਰ ਸਕਦੀ ਹਾਂ। ਸੂਫ਼ੀ ਸ਼ਾਇਰਾਂ ਨੇ ਹਕੀਕੀ ਇਸ਼ਕ ਦੀ ਗੱਲ 'ਇਸ਼ਕ-ਏ-ਮਜਾਜ਼ੀ' ਦੇ ਰਸ ਭਰੇ ਅੰਦਾਜ਼ ਵਿੱਚ ਪੇਸ਼ ਕੀਤੀ ਤੇ ਜਗ ਨੂੰ ਦੱਸਿਆ, "ਮੇਰਾ ਦੀਨ ਵੀ ਇਸ਼ਕ ਤੇ ਇਮਾਨ ਵੀ ਇਸ਼ਕ ਹੈ।"

ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਅਜਿਹੇ ਵਿਚਾਰ ਤੇ ਖ਼ਿਆਲ ਥਾਂਈਂ-ਥਾਂਈਂ ਮਿਲਦੇ ਹਨ। ਸ਼ਾਹ ਇਨਾਇਤ ਜਿਹੇ ਮੁਰਸ਼ਦ ਕੋਲੋਂ ਰੱਬੀ ਇਸ਼ਕ ਦਾ ਸਬਕ ਪੜ੍ਹਣ ਤੋਂ ਪਹਿਲਾਂ ਬੁੱਲ੍ਹੇ ਸ਼ਾਹ ਨੇ ਹਾਫ਼ਿਜ਼ ਗੁਲਾਮ ਮੁਰਤਜ਼ਾ ਕਸੂਰੀ ਕੋਲੋਂ ਦੁਨਿਆਵੀ ਇਲਮ ਸਿੱਖਿਆ ਤੇ ਆਲਮਾਂ ਦਾ ਦਰਜਾ ਹਾਸਿਲ ਕੀਤਾ। ਬੁੱਲ੍ਹੇ ਸ਼ਾਹ ਨੂੰ ਉਥੇ ਇੱਕ ਹੋਰ ਗੁਰ ਭਾਈ ਤੇ ਬੇਲੀ ਵੀ ਮਿਲਿਆ, ਜਿਸਨੇ ਪੰਜਾਬ ਨੂੰ ਹੀਰ ਰਾਂਝੇ ਦੇ ਗੀਤ ਗਾਉਣ 'ਤੇ ਮਜਬੂਰ ਕਰ ਦਿੱਤਾ ਤੇ ਕਿਹਾ-

"ਕੇਹੇ ਤਤੜੇ ਵਕਤ ਸੀ ਨਿਉਂ ਲੱਗਾ ਸਭ ਰਸ ਦੀ ਬਾਤ ਬੇਰਸ ਹੋਈ
ਵਾਰਿਸ਼ ਸ਼ਾਹ ਨੂੰ ਪੁੱਛ ਲੈ ਲੇਖ ਮੇਰੇ ਹੋਣੀ ਹੀਰ ਨਿਮਾਣੀ ਦੀ ਸੱਸ ਹੋਈ।"

ਗੁਲਾਮ ਮੁਰਤਜ਼ਾ ਕਸੂਰੀ ਆਪ ਕਹਿੰਦੇ ਸਨ-

"ਮੈਨੂੰ ਦੋ ਸ਼ਗਿਰਦ ਅਜੀਬ ਮਿਲੇ ਹਨ, ਇੱਕ ਬੁੱਲ੍ਹੇ ਸ਼ਾਹ ਜਿਸਨੇ ਇਲਮ ਪੜ੍ਹ ਕੇ ਸਾਰੰਗੀ ਫੜ ਲਈ ਤੇ ਦੂਜਾ ਵਾਰਿਸ ਸ਼ਾਹ ਜਿਹੜਾ ਆਲਮ ਹੋ ਕੇ ਹੀਰ ਰਾਂਝੇ ਦੇ ਗੀਤ ਗਾਉਣ ਲੱਗ ਪਿਆ।"

ਖਵਾਜਾ ਕਸੂਰੀ ਸਾਹਿਬ ਦੇ ਇਨ੍ਹਾਂ ਦੋਹਾਂ ਸ਼ਗਿਰਦਾਂ ਨੇ ਪੰਜਾਬੀ ਸਾਹਿਤ ਤੇ ਭੰਡਾਰ ਵਿੱਚ ਮੋਤੀਆਂ ਦੇ ਖ਼ਜ਼ਾਨੇ ਭਰੇ ਹਨ। ਇੱਕ ਨੇ ਹੀਰ ਰਾਂਝੇ ਦੇ ਅਮਰ ਕਿੱਸੇ ਰਾਹੀਂ ਹਕੀਕੀ ਇਸ਼ਕ ਦੀ ਜੋਤ ਜਗਾਈ ਤੇ ਕਿਹਾ-

"ਏ ਰੂਹ ਕਲਬੂਤ ਦਾ ਜ਼ਿਕਰ ਸਾਰਾ ਨਾਲ ਅਕਲ ਦੇ ਮੇਲ ਮਲਾਇਆ ਈ
ਵਾਰਿਸ਼ ਸ਼ਾਹ ਮੀਆਂ ਲੋਕਾਂ ਕਮਲਿਆਂ ਨੂੰ ਕਿੱਸਾ ਜੋੜ ਹੁਸ਼ਿਆਰ ਸੁਣਾਇਆ ਈ।"

ਤੇ ਦੂਜੇ ਸ਼ਗਿਰਦ ਨੇ ਆਪਣੇ ਸੂਫ਼ੀਆਨਾ ਕਲਾਮ ਰਾਹੀਂ ਹਯਾਤੀ ਦਾ ਫਲਸਫ਼ਾ ਆਰਫ਼ਾਨਾ ਰੰਗ ਵਿੱਚ ਸਮਝਾਇਆ ਤੇ ਕਿਹਾ,



CC-0. Sohail Kazmi Collection, Jammu. Digitized by eGangotri

"ਬੁੱਲ੍ਹੇ ਰੰਗ ਮਹਿਲੀਂ ਜਾ ਚੜ੍ਹਿਓਂ, ਲੋਕੀ ਪੁੱਛਣ ਆਖਣ ਖ਼ੈਰ
ਅਸੀਂ ਇਹ ਕੁੱਝ ਦੁਨੀਆ ਤੋਂ ਵੱਟਿਆ, ਮੂੰਹ ਕਾਲਾ ਤੇ ਨੀਲੇ ਪੈਰ।"

-0-0-0-

"ਬੁੱਲ੍ਹਿਆ ਖਾਹ ਹਰਾਮ ਤੇ ਪੜ੍ਹ ਸ਼ੁਕਰਾਨਾ ਕਰ ਤੌਬਾ ਤਰਕ ਸਵਾਬੋਂ
ਛੋੜ ਮਸੀਤ ਤੇ ਪਕੜ ਕਿਨਾਰਾ, ਤੇਰੀ ਛੁੱਟ ਸੀ ਜਾਨ ਅਜ਼ਾਬੋਂ।"

-0-0-0-

"ਬੁੱਲ੍ਹੇ ਸ਼ਾਹ ਚੱਲ ਉਥੇ ਚੱਲੀਏ, ਜਿੱਥੇ ਸਾਰੇ ਹੋਣ ਅੰਨ੍ਹੇ
ਨਾ ਕੋਈ ਸਾਡੀ ਜ਼ਾਤ ਪਛਾਣੇ, ਨਾ ਕੋਈ ਸਾਨੂੰ ਮੰਨੇ।"

ਇਨਸਾਨ ਦਾ ਆਪਣਾ ਨਫਜ਼ (ਮਨ) ਹੀ ਸਭ ਤੋਂ ਵੱਡਾ ਸਰਮਾਇਆ ਹੈ ਤੇ ਜਿਸਨੇ ਨਫਜ਼ 'ਤੇ ਕਾਬੂ ਪਾ ਲਿਆ ਉਨ੍ਹੇ ਸਭ ਕੁੱਝ ਹਾਸਿਲ ਕਰ ਲਿਆ ਤੇ ਬੁੱਲ੍ਹੇ ਸ਼ਾਹ ਵਿੱਚ ਇਹ ਰੂਹਾਨੀ ਰੰਗ ਨਫਜ਼ ਨੂੰ ਮਾਰਨ ਮਗਰੋਂ ਹੀ ਆਇਆ। ਬੁੱਲ੍ਹਾ ਇੱਕ ਫਕੀਰ ਸੀ, ਇੱਕ ਸੂਫੀ ਸੀ ਤੇ ਸੂਫੀਆਂ ਨੇ ਰੱਬੀ ਇਸ਼ਕ ਦੇ ਕਈ ਮਰਹੱਲੇ ਦੱਸੇ ਨੇ, ਖੁਵਾਜਾ ਆਤਾਰ ਹੋਰਾਂ ਇਸ਼ਕ ਦੀਆਂ ਸੱਤ ਮੰਜ਼ਿਲਾਂ ਦੱਸੀਆਂ ਹਨ ਜੋ ਇਸ ਤਰ੍ਹਾਂ ਹਨ-

ਤਲਬ, ਇਸ਼ਕ, ਮਾਰਫਤ, ਬੇਨਿਆਜ਼ੀ, ਤੌਹੀਦ, ਹੈਰਤ ਤੇ ਫਨ੍ਹਾ ਦੀ ਮੰਜ਼ਿਲ।

ਬੁੱਲ੍ਹੇ ਸ਼ਾਹ ਹੈਰਤ ਦੇ ਰਸਤੇ ਵਿੱਚ ਨਹੀਂ ਗੁਆਚਿਆ, ਉਸਨੇ ਤਾਂ 'ਤਲਬ' ਤੇ 'ਇਸ਼ਕ' ਦੀ ਮੰਜ਼ਿਲ ਨੂੰ ਫੜ੍ਹਿਆ ਤੇ ਕਿਹਾ-

"ਹੁਣ ਪਾਸ ਤੁਸਾਡੇ ਵੱਸਾਂਗੀ, ਨਾ ਬੇਦਿਲ ਹੋ ਕੇ ਨੱਸਾਂਗੀ
ਸਭ ਭੇਤ ਤੁਸਾਡੇ ਦੱਸਾਂਗੀ, ਕਿਉਂ ਮੈਨੂੰ ਅੰਗ ਨਾ ਲਾਈਦਾ।"

-0-0-0-

"ਕਦੀ ਮੋੜ ਮੁਹਾਰਾਂ ਟੋਲਿਆ- ਤੇਰੀਆਂ ਵਾਟਾਂ ਤੋਂ ਸਿਰ ਖੋਲਿਆ
ਮੈਂ ਨਾਤੀ ਧੋਤੀ ਰਹਿ ਗਈ, ਕੋਈ ਗੰਢ ਸੱਜਣ ਦਿਲ ਬਹਿ ਗਈ
ਕੋਈ ਸੁਖਣ ਅਵੱਲਾ ਬੋਲਿਆ।"

ਤੇ ਜਦ ਸੱਜਣ ਦੇ ਦਿਲ ਦੀ ਗੰਢ ਖੁੱਲ੍ਹ ਜਾਂਦੀ ਹੈ ਤਾਂ ਫੇਰ ਇਸ਼ਕ ਪ੍ਰਵਾਨ ਚੜ੍ਹਦਾ ਹੈ ਤੇ ਬੁੱਲ੍ਹੇ ਸ਼ਾਹ ਇਸ਼ਕ ਦੀ ਮੰਜ਼ਿਲ ਵਿੱਚ ਉਡਾਰੀਆਂ ਮਾਰਦਾ ਫਿਰਦਾ ਹੈ-

"ਨੀ ਸਈਉਂ ਮੈਂ ਗਈ ਗੁਆਚੀ, ਖੋਲ੍ਹ ਘੁੰਘਟ ਮੁੱਖ ਨਾਚੀ
ਜਿਤ ਵੱਲ ਵੇਖਾਂ ਉਤ ਵੱਲ ਉਹੀ, ਕਸਮ ਉਸੇ ਦੀ ਹੋਰ ਨਾ ਕੋਈ।"

-0-0-0-


CC-0. Sohail Kazmi Collection, Jammu. Digitized by eGangotri

"ਨੀ ਮੈਂ ਸੁਣਿਆ ਇਸ਼ਕ ਸ਼ਰਾਅ ਕੀ ਨਾਤਾ
ਅੰਦਰ ਸਾਡੇ ਮੁਰਸ਼ਦ ਵੱਸਦਾ
ਨੀਉ ਲੱਗਾ ਤਾਂ ਜਾਤਾ
ਪੜ੍ਹ ਪੜ੍ਹ ਪੰਡਿਤ ਮੁੱਲਾਂ ਹਾਰੇ
ਕਿਸੇ ਨਾ ਭੇਦ ਪਛਾਤਾ।"

ਤੇ ਜਦ ਬੁੱਲ੍ਹੇ ਸ਼ਾਹ ਬੇਨਿਆਜ਼ੀ ਦੀ ਮੰਜ਼ਿਲ ਵਿੱਚ ਆਉਂਦਾ ਹੈ ਤਾਂ ਕਹਿੰਦਾ ਹੈ-

"ਨਾ ਮੈਂ ਮੋਮਨ ਵਿੱਚ ਮਸੀਤਾਂ
ਨਾ ਮੈਂ ਵਿੱਚ ਕੁਫਰ ਦੀਆਂ ਰੀਤਾਂ
ਨਾ ਮੈਂ ਪਾਕਾਂ ਵਿੱਚ ਪਲੀਤਾਂ
ਨਾ ਮੈਂ ਮੂਸਾ ਨਾ ਫਿਰਊਨ
ਬੁੱਲ੍ਹਾ ਕਿ ਜਾਣਾ ਮੈਂ ਕੌਣ।"
"ਅੱਵਲ ਆਖ਼ਰ ਆਪ ਨੂੰ ਜਾਣਾ
ਨਾ ਕੋਈ ਦੂਜਾ ਹੋਰ ਪਛਾਣਾ
ਮੈਥੋਂ ਹੋਰ ਨਾ ਕੋਈ ਸਿਆਣਾ
ਬੁੱਲ੍ਹੇ ਸ਼ਾਹ ਖੜਾ ਹੈ ਕੌਣ
ਬੁੱਲ੍ਹਾ ਕਿ ਜਾਣਾ ਮੈਂ ਕੌਣ।"

-0-0-0-

ਬੁੱਲ੍ਹਾ ਮਸਤ ਮੌਲਾ ਸੀ। ਉਹ ਜਿਸ ਵੇਲੇ ਤੌਹੀਦ ਦੀ ਘਾਟੀ ਵਿੱਚ ਸਫਰ ਕਰਨ ਲੱਗਾ ਤੇ ਕਹਿਣ ਲੱਗਾ-

"ਮੁੱਲਾ ਮੈਨੂੰ ਸਬਕ ਪੜ੍ਹਾਇਆ ਅਲਫੋਂ ਅੱਗੇ ਕੁੱਝ ਨਾ ਆਇਆ
ਉਹ ਬੇ ਈ ਬੇ ਪੁਕਾਰਦਾ ਈ ਮੁੱਲਾ ਮੈਨੂੰ ਮਾਰਦਾ ਸੀ।"

ਬੁੱਲ੍ਹੇ ਸ਼ਾਹ ਦਾ ਕਲਾਮ ਤਸਵੱਫ਼ ਨਾਲ ਭਰਿਆ ਹੋਇਆ ਹੈ, ਉਹ ਮਾਰਫਤ ਦਾ ਸ਼ਾਇਰ ਹੈ ਤੇ ਹਜ਼ਰਤ ਦਾਤਾ ਗੰਜ ਬਖ਼ਸ਼ ਮੁਜਬ ਮਾਰਫਤ ਦੀਆਂ ਦੋ ਕਿਸਮਾਂ ਹਨ, ਇੱਕ ਮਾਅਰਫਤ ਇਲਮੀ, ਜਿਸਦੇ ਨਾਲ ਦੁਨੀਆ ਤੇ ਆਖ਼ਰਤ ਬਾਰੇ ਪਤਾ ਚੱਲਦਾ ਹੈ, ਇਹ ਗਿਆਨ ਗਿਆਨੀਆਂ ਨੂੰ ਹਾਸਿਲ ਹੁੰਦਾ ਹੈ। ਦੂਜੀ ਕਿਸਮ ਮਾਅਰਫਤ ਵਾਲੀ ਹੈ, ਇਸਦੀ ਸਹਾਇਤਾ ਨਾਲ ਮਨੁੱਖ ਆਪਣੇ ਆਸ਼ਿਕ ਨੂੰ ਲੱਭ ਲੈਂਦਾ ਹੈ। ਰੱਬ ਨਾਲ ਜਾ ਮਿਲਦਾ ਹੈ। ਇਸ ਗਿਆਨ ਨਾਲ ਆਸ਼ਿਕ ਤੇ ਮਾਸ਼ੂਕ ਦਾ ਫਰਕ ਮਿਟ ਜਾਂਦਾ ਹੈ ਅਤੇ ਮੰਸੂਰ ਹਲਾਜ ਅਨਲਹੱਕ ਹੋ ਜਾਂਦਾ ਹੈ। ਬੁੱਲ੍ਹੇ ਸ਼ਾਹ ਦੁਨੀਆ ਦੇ ਗਿਆਨੀਆਂ ਨੂੰ ਪੁੱਛਦਾ ਹੈ, ਜ਼ਾਹਰੀ ਆਲਮਾਂ ਤੋਂ ਮੰਗ ਕਰਦਾ ਹੈ-


CC-0. Sohail Kazmi Collection, Jammu. Digitized by eGangotri

"ਮੰਸੂਰ ਤੁਸਾਂ ਵੱਲ ਆਇਆ ਏ
ਤੁਸਾਂ ਸੂਲੀ ਪਕੜ ਚੜ੍ਹਾਇਆ ਏ
ਮੇਰਾ ਭਾਈ ਬਾਬੁਲ ਜਾਇਆ ਏ
ਦਿਓ ਖ਼ੂਨ ਬਹਾ ਮੇਰੇ ਭਾਈ ਦਾ
ਹੁਣ ਕਿਸ ਤੋਂ ਆਪ ਲੁਕਾਈ ਦਾ।"

ਚੰਗੇ ਸਾਹਿਤ ਦੀ ਪਛਾਣ ਇਹ ਹੈ ਕਿ ਉਹ ਵਕਤ ਬੀਤਣ 'ਤੇ ਵੀ ਪੁਰਾਣਾ ਨਹੀਂ ਹੁੰਦਾ, ਉਹ ਹਰ ਯੁੱਗ ਵਿੱਚ ਲੋਕਾਈ ਨੂੰ ਪ੍ਰਭਾਵਿਤ ਕਰਦਾ ਹੈ। ਬੁੱਲ੍ਹੇ ਸ਼ਾਹ ਦਾ ਸਾਰਾ ਪੰਜਾਬੀ ਕਲਾਮ ਇਸ ਗੱਲ ਦਾ ਸਬੂਤ ਹੈ। ਉਸਦੀ ਸ਼ਾਇਰੀ ਆਪਣੇ ਜ਼ਮਾਨੇ ਵਿੱਚ ਬਹੁਤ ਅਗਾਂਹਵਧੂ ਸੀ ਤੇ ਮੇਰੇ ਖ਼ਿਆਲ ਅਨੁਸਾਰ ਅੱਜ ਜ਼ਮਾਨੇ ਤੋਂ ਵੀ ਅਗਾਂਹਵਧੂ ਸੋਚ ਵਾਲੀ ਹੈ। ਉਸਦੀ ਸ਼ਾਇਰੀ ਵਿੱਚ ਰੋਸ਼ਨ ਖ਼ਿਆਲੀ ਹੈ, ਬਗਾਵਤ ਹੈ ਤੇ ਉਸਦੀ ਸ਼ਾਇਰੀ ਇਨਕਲਾਬੀ ਹੈ। ਬੁੱਲ੍ਹਾ ਅਗਿਆਨੀ ਪੰਡਿਤਾਂ, ਮੌਲਾਣਿਆਂ ਤੇ ਭਾਈਆਂ ਤੋਂ ਬੜਾ ਬੇਜ਼ਾਰ ਸੀ। ਬੁੱਲ੍ਹੇ ਨੇ ਫਰਸੂਦਾ ਸਮਾਜ ਤੋਂ ਬਗਾਵਤ ਕੀਤੀ, ਝੂਠੀਆਂ ਰਸਮਾਂ, ਫਿਰਕਾ ਪ੍ਰਸਤੀ, ਤੰਗ ਨਜ਼ਰੀ ਤੇ ਇਨਸਾਨ ਦੁਸ਼ਮਣੀ ਨੂੰ ਨਿੰਦਿਆ, ਜ਼ਾਤ-ਪਾਤ, ਧਰਮ, ਰੰਗ ਤੇ ਨਸਲ ਦੀਆਂ ਦੀਵਾਰਾਂ ਨੂੰ ਢਾਹੁਣ ਦੀ ਗੱਲ ਕੀਤੀ ਤੇ ਇਨਸਾਨ ਨੂੰ ਬਰਾਬਰੀ ਦਾ ਦਰਜਾ ਦੇਣ ਲਈ ਕਿਹਾ।

"ਜਿਹੜਾ ਸਾਨੂੰ ਸਈਯਦ ਸੱਦੇ ਦੋਜ਼ਖ ਮਿਲਣ ਸਜ਼ਾਈਆਂ
ਜੋ ਕੋਈ ਸਾਨੂੰ ਰਾਈਂ ਆਖੇ ਬਹਿਸ਼ਤੀ ਪੀਂਘਾਂ ਪਾਈਆਂ
ਰਾਈ, ਸਾਈਂ ਸਭ ਦੀ ਥਾਂਈ ਰੱਬ ਦੀਆਂ ਬੇਪ੍ਰਵਾਹੀਆਂ।"

ਬੁੱਲ੍ਹੇ ਸ਼ਾਹ ਮੋਮਿਨ, ਕਾਫ਼ਿਰ, ਮੰਦਰ, ਮਸੀਤ, ਸ਼ੇਖ਼ ਤੇ ਬ੍ਰਾਹਮਣ ਵਿੱਚ ਕੋਈ ਫਰਕ ਨਹੀਂ ਕਰਦਾ। ਉਹ ਸੱਚ ਤੇ ਇਮਾਨਦਾਰੀ ਦਾ ਸਬਕ ਪੜ੍ਹਾਉਂਦਾ ਹੈ, ਉਹ ਦਿਖਾਵੇ ਦੀ ਪੂਜਾ ਨੂੰ ਨਹੀਂ ਮੰਨਦਾ ਤੇ ਕਹਿੰਦਾ ਹੈ ਕਿ ਆਪਣੇ ਚੰਗੇ ਅਮਲਾਂ ਨਾਲ ਆਪਣੇ ਰੱਬ ਨੂੰ ਹਾਸਿਲ ਕਰੋ-

"ਪੜ੍ਹ ਪੜ੍ਹ ਇਲਮ ਲਗਾਵੇਂ ਢੇਰ, ਕੁਰਾਅਨ ਕਿਤਾਬਾਂ ਚਾਰ ਚੁਫੇਰ
ਕਰਦੇ ਚਾਨਣ ਵਿੱਚ ਹਨ੍ਹੇਰ, ਬਾਝੋਂ ਰਹਿਬਰ ਖ਼ਬਰ ਨਾ ਸਾਰ
ਇਲਮੋਂ ਬਸ ਕਰੀਂ ਓਹ ਯਾਰ, ਇੱਕੋ ਅਲਫ ਤੇਰੇ ਦਰਕਾਰ।"

-0-0-0-

"ਪੜ੍ਹ ਪੜ੍ਹ ਸ਼ੇਖ਼ ਮਸ਼ਾਇਖ ਕਹਾਵੇਂ।
ਉਲਟੇ ਮਸਲੇ ਘਰੋਂ ਬਣਾਵੇਂ
ਬੇ-ਅਕਲਾਂ ਨੂੰ ਲੁੱਟ ਲੁੱਟ ਖਾਵੇਂ।
ਉਲਟੇ ਸਿੱਧੇ ਕਰੇਂ ਇਕਰਾਰ


CC-0. Sohail Kazmi Collection, Jammu. Digitized by eGangotri

ਇਲਮੋਂ ਬਸ ਕਰੀਂ ਓਹ ਯਾਰ।

ਮੁੱਲਾਂ ਤੇ ਪੰਡਿਤ ਨੂੰ ਬੁੱਲ੍ਹਾ ਇੰਝ ਚੂੰਢੀਆਂ ਭੋਰਦਾ ਹੈ-

ਕਿਤੇ ਮੁੱਲਾਂ ਹੋ ਬੁਲੇਂਦੇ ਹੋ ਕਿਤੇ ਸੁਣੱਤ ਫਰਜ਼ ਦੱਸੀਂਦੇ ਹੋ
ਕਿਤੇ ਰਾਮ ਦੁਹਾਈ ਦੇਂਦੇ ਹੋ ਕਿਤੇ ਮੱਥੇ ਤਿਲਕ ਲਗਾਈ ਦਾ
ਹੁਣ ਕਿਸ ਤੋਂ ਆਪ ਲੁਕਾਈ ਦਾ।"

-0-0-0-

"ਵੇਦ ਕੁਰਾਆਨਾ ਪੜ੍ਹ ਪੜ੍ਹ ਥੱਕੇ, ਸੱਜਦੇ ਕਰਦਿਆਂ ਘਸ ਕੇ ਮੱਥੇ
ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਇਆ ਤਿਸ ਨੂਰ ਅਨਵਾਰ
ਇਸ਼ਕ ਦੀ ਨਵੀਂ-ਓ-ਨਵੀਂ ਬਹਾਰ।"

ਬੁੱਲ੍ਹੇ ਸ਼ਾਹ ਦੀ ਸ਼ਾਇਰੀ ਅੱਜ ਦੇ ਮਾਹੌਲ ਤੇ ਵਾਤਾਵਰਣ ਉਤੇ ਪੂਰੀ ਤਰ੍ਹਾਂ ਢੁੱਕਦੀ ਹੈ। ਅੱਜ ਮਨੁੱਖਤਾ ਦਮ ਤੋੜ ਰਹੀ ਹੈ, ਆਤੰਕਵਾਦ ਤੇ ਸਰਕਾਰੀ ਦਹਿਸ਼ਤ-ਗਰਦੀ ਦਾ ਬੋਲ-ਬਾਲਾ ਹੈ। ਦੁਨੀਆ ਮੋਹ-ਮਾਇਆ ਤੇ ਕਾਮ-ਕ੍ਰੋਧ ਦੇ ਜਾਲ ਵਿੱਚ ਫਸੀ ਹੋਈ ਹੈ ਤੇ ਮੌਤ ਨੂੰ ਭੁੱਲ ਚੁੱਕੀ ਹੈ ਤੇ ਬੁੱਲ੍ਹਾ ਅੱਜ ਦੇ ਮਨੁੱਖ ਨੂੰ ਸਬਕ ਪੜ੍ਹਾਉਂਦਾ ਹੈ ਤੇ ਕਹਿੰਦਾ ਹੈ-

"ਮਾਟੀ ਮਾਟੀ ਨੂੰ ਮਾਰਨ ਲੱਗੀ ਮਾਟੀ ਦੇ ਹਥਿਆਰ
ਜਿਸ ਮਾਟੀ ਪਰ ਬਹੁਤੀ ਮਾਟੀ ਤਿਸ ਮਾਟੀ ਅਹੰਕਾਰ
ਮਾਟੀ ਕੁਦਮ ਕਰੇਂਦੀ ਯਾਰ।"

ਬੁੱਲ੍ਹੇ ਸ਼ਾਹ ਭਾਵੇਂ ਸਰੀਰਕ ਤੌਰ 'ਤੇ ਮਰ ਚੁੱਕਾ ਹੈ, ਪਰ ਆਪਣੀ ਸ਼ਾਇਰੀ ਰਾਹੀਂ ਜ਼ਿੰਦਾ ਹੈ ਤੇ ਕਿਆਮਤ ਤਕ ਅਮਰ ਰਹੇਗਾ, ਕਿਉਂਕਿ ਉਸਨੇ ਆਪ ਕਿਹਾ ਸੀ:

"ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੌਰ ਪਇਆ ਕੋਈ ਹੋਰ।"

*** *** ***



CC-0. Sohail Kazmi Collection, Jammu. Digitized by eGangotri

# ਟੈਗੋਰ ਦੀ ਗੀਤਾਂਜਲੀ- ਇੱਕ ਜਾਇਜ਼ਾ

ਭਾਰਤੀ ਉਪ-ਮਹਾਂਦੀਪ ਦੇ ਲੋਕਾਂ ਦਾ ਇਹ ਦੁਖਾਂਤ ਹੈ ਕਿ ਉਹ ਆਪਣੇ ਭੂਤਕਾਲ ਤੋਂ ਅਨਜਾਣ ਹਨ ਅਤੇ ਸਿਰਫ ਮਜ਼੍ਹਬੀ ਜਾਨੂੰਨ ਦਾ ਸ਼ਿਕਾਰ ਹਨ। ਧਰਮ ਦੇ ਨਾਂ 'ਤੇ ਨਫਰਤ ਦੀ ਅੱਗ ਬਾਲੀ ਰੱਖਦੇ ਹਨ। ਸਾਂਝੇ ਸੱਭਿਆਚਾਰ, ਵਸੇਬ, ਰਹਿਤਲ ਅਤੇ ਭਾਸ਼ਾ ਤੇ ਸਾਹਿਤ ਨੂੰ ਅਧਰਮੀ ਠੇਕੇਦਾਰ ਛਮਕਾਂ ਮਾਰਦੇ ਰਹਿੰਦੇ ਹਨ ਅਤੇ ਪਿਆਰ ਮੁਹੱਬਤ, ਰੂਹਾਨੀਅਤ ਤੇ ਇਨਸਾਨੀਅਤ ਤੋਂ ਕੋਹਾਂ ਦੂਰ ਹਨ, ਜਿਸ ਕਾਰਨ ਅਸੀਂ ਆਪਣੇ ਅਮੀਰ ਪਿਛੋਕੜ ਤੋਂ ਅਨਜਾਣ ਹਾਂ। ਸਾਨੂੰ ਆਪਣੇ ਇਤਿਹਾਸ ਦਾ ਪਤਾ ਯੂਰਪ, ਚੀਨ, ਅਰਬ ਅਤੇ ਦੂਜੇ ਮੁਲਕਾਂ ਦੇ ਸਫਰਨਾਮਿਆਂ ਤੋਂ ਲੱਗਦਾ ਹੈ। ਅੰਗਰੇਜ਼ ਅਤੇ ਦੂਜੇ ਇਤਿਹਾਸਕਾਰ ਸਾਨੂੰ ਰਾਜਾ ਪੋਰਸ ਅਤੇ ਸਿਕੰਦਰ ਬਾਰੇ ਦੱਸਦੇ ਹਨ ਕਿ ਉਨ੍ਹਾਂ ਨੇ ਭਾਰਤ ਵਰਸ਼ ਦੇ ਕਿਸ ਹਿੱਸੇ ਵਿੱਚ ਜੰਗ ਲੜੀ ਸੀ। ਪੁਰਾਤੱਤਵ ਦੇ ਅੰਗਰੇਜ਼ ਮਾਹਿਰ ਸਾਨੂੰ ਮੋਹਨਜੋਦੜੋ, ਚੰਨ ਹੋਡਰੋ, ਹੜੱਪਾ ਤੇ ਗੰਧਾਰਾ ਸੱਭਿਅਤਾ ਤੋਂ ਜਾਣੂ ਕਰਵਾਉਂਦੇ ਹਨ। ਐਲਕਸਜ਼ੰਡਰ (ਸਿਕੰਦਰ) ਘਿੰਗਾਅਮ ਨੇ 1922 ਵਿੱਚ ਹੜੱਪਾ ਸ਼ਹਿਰ ਦੀ ਖੋਜ ਕੀਤੀ। ਸਰ ਜਾਨ ਮਾਰਸ਼ਲ ਨੇ ਮੋਹਨਜੋਦੜੋ ਅਤੇ ਚੰਨ ਹੋਡਰੋ ਦੀ ਖੁਦਾਈ ਕਰਕੇ ਸਾਨੂੰ ਹਜ਼ਾਰਾਂ ਵਰ੍ਹਿਆਂ ਪਹਿਲਾਂ ਦੀ ਭਾਰਤੀ ਸੱਭਿਅਤਾ ਦੇ ਸਬੂਤ ਪੇਸ਼ ਕੀਤੇ, ਇੰਝ ਹੀ ਆਪਣੇ ਦੇਸ਼ ਦੇ ਪ੍ਰਾਚੀਨ ਸਾਹਿਤ ਅਤੇ ਅਜੋਕੇ ਅਦਬ ਤੇ ਅਦਬੀ ਸ਼ਖ਼ਸੀਅਤਾਂ ਦੀ ਜਾਣਕਾਰੀ ਵੀ ਸਾਨੂੰ ਗ਼ੈਰ-ਮੁਲਕੀ ਸਾਹਿਤਕਾਰਾਂ ਦੇ ਤਰਜ਼ੁਮਿਆਂ ਤੋਂ ਹੁੰਦੀ ਹੈ। ਆਪਣੀ ਸਾਹਿਤਕ ਬਦਜ਼ੋਕੀ 'ਤੇ ਸਾਨੂੰ ਕੋਈ ਸ਼ਰਮਿੰਦਗੀ ਨਹੀਂ ਹੁੰਦੀ, ਨਹੀਂ ਤਾਂ ਰਬਿੰਦਰ ਨਾਥ ਟੈਗੋਰ ਵਰਗੀ ਸ਼ਖ਼ਸੀਅਤ ਨੂੰ ਅਸੀਂ ਅੰਗਰੇਜ਼ੀ ਭਾਸ਼ਾ ਦੇ ਹਵਾਲੇ ਨਾਲ ਨਹੀਂ ਜਾਣਦੇ ਤੇ ਪਛਾਣਦੇ। ਇਹ ਯੂਰਪ ਦੀ ਅਦਬ ਸ਼ਨਾਸੀ ਹੈ ਕਿ ਦੁਨੀਆ ਟੈਗੋਰ ਦੇ ਨਾਂ ਤੋਂ ਜਾਣੂ ਹੋਈ ਤੇ ਬੰਗਾਲੀ ਭਾਸ਼ਾ ਦੇ ਸਾਹਿਤਕ ਵਿਰਸੇ ਨੂੰ ਤਰਜ਼ੁਮਿਆਂ ਰਾਹੀਂ ਪੜ੍ਹਣ ਲੱਗੀ। ਗੁਰੂਦੇਵ ਰਬਿੰਦਰ ਨਾਥ ਟੈਗੋਰ ਨੇ ਆਪਣੀ ਕਲਮ ਦੇ ਜ਼ੋਰ ਅਤੇ ਫ਼ਿਕਰ ਤੇ ਸੋਚ ਨਾਲ ਕੁੱਲ ਦੁਨੀਆ ਨੂੰ ਮੋਹਿਤ ਕੀਤਾ। ਜਦ ਯੂਰਪ ਨੇ 'ਗੀਤਾਂਜਲੀ' ਦੀਆਂ ਇਰਫਾਨ ਤੇ ਰੂਹਾਨੀਅਤ ਭਰੀਆਂ ਨਜ਼ਮਾਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹਿਆ ਤਾਂ ਉਹ ਨਾ ਸਿਰਫ ਟੈਗੋਰ ਦੀ ਹੋਸ਼ਮੰਦ ਤਬੀਅਤ, ਦਾਨਿਸ਼ਮੰਦੀ ਤੇ ਦ੍ਰਿੜ ਵਿਸ਼ਵਾਸ ਤੋਂ ਬੇਹੱਦ ਮੁਤਾਸਿਰ ਹੋਏ, ਸਗੋਂ


CC-0. Sohail Kazmi Collection, Jammu. Digitized by eGangotri

ਉਹਨੂੰ ਨੋਬਲ ਇਨਾਮ ਨਾਲ ਵੀ ਨਿਵਾਜ਼ਿਆ।

ਨੋਬਲ ਇਨਾਮ ਮਿਲਣ ਮਗਰੋਂ ਹੀ ਭਾਰਤੀ ਉਪ-ਮਹਾਂਦੀਪ ਦੇ ਇਲਮੀ ਤੇ ਸਾਹਿਤਕ ਹਲਕਿਆਂ ਵਿੱਚ ਟੈਗੋਰ ਦਾ ਜ਼ਿਕਰ ਚੱਲਣ ਲੱਗਾ। 'ਗੀਤਾਂਜਲੀ' ਮੂਲ ਰੂਪ ਵਿੱਚ ਟੈਗੋਰ ਨੇ ਬੰਗਾਲੀ ਵਿੱਚ ਲਿਖੀ ਤੇ ਉਸਦਾ ਅੰਗਰੇਜ਼ੀ ਅਨੁਵਾਦ ਵੀ ਉਸੇ ਟੈਗੋਰ ਨੇ ਕੀਤਾ ਸੀ ਜੋ ਕਾਲਜ ਜਾਂ ਯੂਨੀਵਰਸਿਟੀ ਤੋਂ ਡਿਗਰੀ ਯਾਫਤਾ ਨਹੀਂ ਸੀ। ਟੈਗੋਰ ਤਰੀਕਤ ਤੇ ਰੂਹਾਨੀਅਤ ਦੀ ਦੌਲਤ ਨਾਲ ਮਾਲਾ-ਮਾਲ ਸੀ। ਸ਼ਾਇਰੀ ਦਾ ਸੁੱਚਾ ਤੇ ਸੱਚਾ ਇਜ਼ਹਾਰ, ਕਲਪਨਾ ਦੀ ਰੰਗੀਨੀ, ਖ਼ਿਆਲਾਂ ਦੀ ਡੂੰਘਿਆਈ, ਭਾਸ਼ਾ ਦਾ ਸੰਗੀਤ, ਸਾਦਗੀ ਤੇ ਮਿਆਰੀ ਅੰਦਾਜ਼, ਟੈਗੋਰ ਨੂੰ ਬਾਕੀ ਬੰਗਾਲੀ ਕਵੀਆਂ ਨਾਲੋਂ ਵਿਲੱਖਣ ਪਹਿਚਾਣ ਦਾ ਮਾਲਿਕ ਬਣਾਉਂਦਾ ਸੀ। ਜੇਕਰ ਸੰਗੀਤ ਨੂੰ ਜ਼ੁਬਾਨ ਦਿੱਤੀ ਜਾਏ ਤਾਂ ਉਹ 'ਗੀਤਾਂਜਲੀ' ਬਣ ਜਾਂਦੀ ਹੈ ਅਤੇ ਅਨਹਦ ਦੀ ਪਹਿਚਾਣ। ਟੈਗੋਰ ਦੇ ਗੀਤਾਂ ਤੇ ਨਜ਼ਮਾਂ ਦਾ ਸੰਗ੍ਰਹਿ 'ਗੀਤਾਂਜਲੀ' ਬੰਗਾਲੀ ਭਾਸ਼ਾ ਵਿੱਚ ਪਹਿਲੀ ਵਾਰ 1910 ਵਿੱਚ ਛਪਿਆ। 1912 ਵਿੱਚ ਇਸਦਾ ਅੰਗਰੇਜ਼ੀ ਅਨੁਵਾਦ ਛਾਪੇ ਚੜ੍ਹਿਆ। ਬਸ ਫਿਰ ਕੋਈ ਵੀ ਜ਼ੁਬਾਨ ਅਜਿਹੀ ਨਹੀਂ ਸੀ, ਜਿਸ ਵਿੱਚ 'ਗੀਤਾਂਜਲੀ' ਦਾ ਅਨੁਵਾਦ ਨਾ ਕੀਤਾ ਗਿਆ ਹੋਵੇ। ਉਰਦੂ ਭਾਸ਼ਾ ਵਿੱਚ ਇਸਦਾ ਪਹਿਲਾ ਅਨੁਵਾਦ ਨਿਆਜ਼ ਫਤਹਿਪੁਰੀ ਨੇ 1914 ਵਿੱਚ ਕੀਤਾ। ਲਗਭਗ ਇਸੇ ਸਮੇਂ ਵਿੱਚ ਹੀ ਹਿੰਦੀ ਅਨੁਵਾਦ ਵੀ ਛਪਿਆ।

'ਗੀਤਾਂਜਲੀ' ਬੰਦੇ ਤੇ ਰੱਬ ਅਤੇ ਉਸਦੀ ਕਾਇਨਾਤ ਦੇ ਸਾਂਝੇ ਰਿਸ਼ਤਿਆਂ ਬਾਰੇ ਹੈ, ਇਸ ਦੀਆਂ ਨਜ਼ਮਾਂ ਵਿੱਚ ਮਸਤੀ ਹੈ, ਸੰਗੀਤ ਦਾ ਜਾਦੂ ਹੈ, ਕਲਾ ਆਪਣੇ ਸਿਖ਼ਰ 'ਤੇ ਹੈ। ਮਨੁੱਖੀ ਜਜ਼ਬਿਆਂ ਦੀ ਰੰਗਾਂ ਰੰਗੀ ਹੈ। 'ਗੀਤਾਂਜਲੀ' ਦੇ ਗੀਤ ਇਸ਼ਕ ਮਜਾਜ਼ੀ ਤੇ ਇਸ਼ਕ ਹਕੀਕੀ ਦਾ ਦਿਲਕਸ਼ ਸੰਗਮ ਹੈ। ਇਹ ਪੁਸ਼ਤਕ ਟੈਗੋਰ ਦਾ ਇੱਕ ਸ਼ਾਹਕਾਰ ਕਾਰਨਾਮਾ ਹੈ। ਇਨ੍ਹਾਂ ਨਜ਼ਮਾਂ ਤੇ ਗੀਤਾਂ ਨੂੰ ਆਮ ਲੋਕੀਂ ਗਾਉਂਦੇ ਨੇ। ਮਲਾਹ ਆਪਣੀਆਂ ਬੇੜੀਆਂ 'ਤੇ ਬਹਿ ਕੇ ਗਾਉਂਦੇ ਹਨ, ਇਹ ਗੀਤ ਆਸ਼ਿਕ ਆਪਣੀ ਮਹਿਬੂਬਾ ਲਈ ਅਤੇ ਸੰਤ ਦਰਵੇਸ਼ ਮਨ ਦੇ ਸਕੂਨ ਲਈ ਗਾਉਂਦੇ ਹਨ। ਤੁਸੀਂ ਵੀ ਕੁੱਝ ਨਜ਼ਮਾਂ ਤੇ ਗੀਤਾਂ ਦਾ ਲੁਤਫ ਉਠਾਓ-

"ਇਸ ਨਿੱਕੇ ਜੇਹੇ ਤੇ ਮਸਾਂ ਖਿੜੇ ਫੁੱਲ ਨੂੰ ਤੋੜ ਤੇ ਲੈ ਲੈ
ਦੇਰ ਨਾ ਕਰ
ਮੈਨੂੰ ਡਰ ਹੈ ਇਹ ਕੁਮਲਾ ਨਾ ਜਾਏ
ਤੇ ਮਿੱਟੀ ਨਾਲ ਮਿੱਟੀ ਨਾ ਬਣ ਜਾਏ।"

-0-0-0-

"ਮੈਂ, ਸ਼ਾਇਰ ਦਾ ਗਰੂਰ, ਤੇਰੇ ਸਾਹਮਣੇ



CC-0. Sohail Kazmi Collection, Jammu. Digitized by eGangotri

ਸ਼ਰਮ ਨਾਲ ਅਲੋਪ ਹੋ ਜਾਂਦਾ ਹਾਂ
ਏ ਕਵੀਆਂ ਦੇ ਉਸਤਾਦ
ਮੈਂ ਤੇਰੇ ਕਦਮਾਂ ਵਿੱਚ ਬੈਠਾ ਹਾਂ
ਮੈਨੂੰ ਜ਼ਿੰਦਗੀ ਦੀ ਵੰਝਲੀ ਬਣਾ ਦੇ
ਤਾਂ ਜੋ ਜੀਵਨ ਨੂੰ ਤੇਰੇ ਲਈ
ਸੰਗੀਤ ਵਿੱਚ ਢਾਲ ਸਕਾਂ।"

-0-0-0-

"ਇਹ ਨਗ਼ਮਾ, ਸਰੋਦ
ਇਹ ਮਾਲਾ ਫੇਰਨੀ ਛੱਡ
ਦਰਵਾਜ਼ਾ ਬੰਦ ਕਰਕੇ ਦਰਗਾਹ ਅੰਦਰ
ਇੱਕ ਸੁੰਨਸਾਨ ਕੋਨੇ ਵਿੱਚ ਬੈਠ ਕੇ ਕਿਸ ਦੀ ਪੂਜਾ ਕਰਦਾ ਹੈਂ
ਅੱਖਾਂ ਖੋਲ੍ਹ ਦੇਖ ਤੇਰਾ ਈਸ਼ਵਰ ਤੇਰੇ ਰੂਬਰੂ ਨਹੀਂ ਹੈ
ਉਹ ਉਥੇ ਹੈ ਜਿੱਥੇ ਕਾਮਾ ਸਖ਼ਤ ਜ਼ਮੀਨ
ਵਿੱਚ ਹੱਲ ਚਲਾ ਰਿਹਾ ਹੈ
ਜਿੱਥੇ ਸੜਕ ਬਣਾਨ ਵਾਲਾ ਪੱਥਰ ਤੋੜ ਰਿਹਾ ਹੈ
ਉਹ ਜਿਨ੍ਹਾਂ ਦੇ ਹੱਥ ਧੁੱਪ ਤੇ ਬਾਰਿਸ਼ ਹੈ
ਅਤੇ ਜਿਨ੍ਹਾਂ ਦਾ ਜੁੱਸਾ ਮਿੱਟੀ ਨਾਲ ਮਿੱਟੀ ਹੋਇਆ ਹੈ
ਇਹ ਚੋਗਾ ਉਤਾਰ ਸੁੱਟ
ਅਤੇ ਉਸੇ ਤਰ੍ਹਾਂ ਧਰਤੀ 'ਤੇ ਉਤਰ ਆ
ਤੈਨੂੰ ਈਸ਼ਵਰ ਮਿਲੇਗਾ।"

ਇਸੇ ਵਿਚਾਰ ਤੇ ਖ਼ਿਆਲ ਨੂੰ ਲੱਲੇਸ਼ਵਰੀ ਜਾਂ ਲੱਲ ਮਾਂ ਨੇ 14ਵੀਂ ਸਦੀ ਵਿੱਚ ਆਪਣੇ ਕੁੱਝ ਵਾਕਾਂ ਵਿੱਚ ਬਿਆਨ ਕੀਤਾ-

"ਮੇਰਿਆ ਰੱਬਾ
ਕਿੰਨਾ ਚਿਰ ਹੋਇਆ ਕਿ ਮੇਰਾ ਪਿਆਸਾ ਦਿਲ
ਤੇਰੀ ਰਹਿਮਤ ਦੇ ਮੀਂਹ ਨੂੰ ਤਰਸ ਰਿਹਾ ਹੈ
ਅਸਮਾਨ ਨੰਗਾ ਹੈ
ਬੱਦਲ ਦੀ ਕੋਈ ਪਤਲੀ ਬਰੀਕ ਚੱਦਰ ਵੀ ਨਹੀਂ
ਠੰਡੀ ਬੁਸ਼ਾੜ ਦਾ ਅਵਾਰਾ ਇਸ਼ਾਰਾ ਵੀ ਨਹੀਂ
ਮੌਤ ਵੰਗਰ ਖ਼ੌਫਨਾਕ ਇੱਕ ਬ੍ਰਹਮ ਤੂਫ਼ਾਨ ਭੇਜ
ਬਿਜਲੀ ਦੀ ਚਾਬਕ ਨਾਲ ਆਕਾਸ਼ ਨੂੰ ਇੱਥੋਂ ਦੀ ਉਥੇ ਤਕ



CC-0. Sohail Kazmi Collection, Jammu. Digitized by eGangotri

ਤੜਫਾ ਕੇ ਰੱਖ ਦੇ
ਪਰ ਇਸ ਜ਼ਾਲਮ ਤੇ ਜੰਮੀ ਹੋਈ ਗਰਮੀ ਨੂੰ
ਭੁੰਨ ਦੇਣ ਵਾਲੀ ਗਰਮੀ ਨੂੰ ਵਾਪਿਸ ਬੁਲਾ ਲੈ।"

-0-0-0-

"ਉਹ ਆਇਆ ਤੇ ਮੇਰੇ ਕੋਲ ਬੈਠ ਗਿਆ
ਪਰ ਮੈਂ ਨਾ ਜਾਗੀ
ਹਾਏ ਉਹ ਨੀਂਦ ਕਿੰਨੀ ਦੋਜ਼ਖੀ ਨੀਂਦਰ ਸੀ
ਜਿਹੜੀ ਮੈਨੂੰ ਸ਼ਰਮਿੰਦਾ ਕਰ ਗਈ
ਉਹ ਆਇਆ ਜਦ ਰਾਤ ਚੁੱਪ ਸੀ
ਉਸਦੇ ਹੱਥ ਵਿੱਚ ਸੰਤੂਰ ਸੀ ਤੇ
ਉਸਦੇ ਗੀਤਾਂ ਨੇ ਮੇਰੀ ਨੀਂਦ ਨੂੰ ਮਸਤ ਬਣਾਇਆ ਸੀ
ਹਾਏ ਅਫਸੋਸ ਮੇਰੀਆਂ ਰਾਤਾਂ ਇੰਝ ਹੀ ਜ਼ਾਇਆ ਹੋ ਰਹੀਆਂ ਹਨ
ਹਾਏ ਮੈਂ ਕਿਉਂ ਹਮੇਸ਼ਾ ਉਹਦੇ ਦੀਦਾਰ ਤੋਂ ਵਾਂਝੀ ਰਹਿੰਦੀ ਹਾਂ
ਜਿਦੇ ਸਾਹ ਮੇਰੀ ਨੀਂਦ ਨੂੰ ਛੂਹ ਕੇ ਜਾਂਦੇ ਹਨ।"

ਇਹੋ ਖ਼ਿਆਲ ਲੱਲ ਮਾਂ ਤੇ ਨੁੰਦ ਰਿਸ਼ੀ ਨੇ ਆਪਣੇ ਕਸ਼ਮੀਰੀ ਵਾਕਾਂ ਵਿੱਚ ਬਿਆਨ ਕੀਤਾ ਹੈ, ਜਿਹੜੇ 14ਵੀਂ ਸਦੀ ਦੇ ਸ਼ਾਇਰ ਸਨ।

"ਦਿਨ ਢੱਲ ਚੁੱਕਿਆ ਹੈ
ਛਾਂ ਜ਼ਮੀਂ 'ਤੇ ਉਤਰ ਆਈ ਹੈ
ਵਕਤ ਆ ਗਿਆ ਹੈ ਕਿ ਮੈਂ
ਆਪਣੀ ਗਾਗਰ ਭਰਨ ਨਾੜੂ 'ਤੇ ਜਾਵਾਂ
ਸ਼ਾਮ ਦੀ ਹਵਾ
ਪਾਣੀ ਦੇ ਸੋਗੀ ਰਾਗ ਨਾਲ ਮਸਤ ਹੈ
ਤੇ ਮੈਨੂੰ ਨ੍ਹੇਰੇ ਵੱਲ ਬੁਲਾਂਦੀ ਹੈ
ਇਸ ਸੁੰਨਸਾਨ ਗਲੀ ਵਿੱਚ ਕੋਈ ਨਹੀਂ ਹੈ
ਹਵਾ ਤੂਫਾਨ ਮਚਾ ਰਹੀ ਹੈ
ਦਰਿਆ ਦੀਆਂ ਮੌਝਾਂ ਠਾਠਾਂ ਮਾਰ ਰਹੀਆਂ ਹਨ
ਮੈਨੂੰ ਨਹੀਂ ਪਤਾ ਕਿ ਮੈਂ
ਘਰ ਪਰਤ ਵੀ ਸਕਾਂਗੀ ਜਾਂ ਨਹੀਂ
ਉਹ (ਰੱਬ) ਬੇੜੀ 'ਚ ਬੈਠਾ ਵੰਝਲੀ ਵਜਾ ਰਿਹਾ ਹੈ
ਤੇ ਮੈਨੂੰ ਬੁਲਾ ਰਿਹਾ ਹੈ।"


CC-0. Sohail Kazmi Collection, Jammu. Digitized by eGangotri

ਇਸ ਖ਼ਿਆਲ ਨੂੰ ਮੀਆਂ ਮੁਹੰਮਦ ਬਖ਼ਸ਼ ਨੇ ਲਗਭਗ ਸੌ ਸਾਲ ਪਹਿਲਾਂ 'ਸੈਫ-ਉਲ-ਮਲੂਕ' ਵਿੱਚ ਇੰਝ ਪੇਸ਼ ਕੀਤਾ ਹੈ-

"ਲੋਏ ਲੋਏ ਭਰ ਲੈ ਕੁੜੀਏ ਜੇ ਤੁੱਧ ਭਾਂਡਾ ਭਰਨਾ
ਸ਼ਾਮ ਪਈ ਬਿਨ ਸ਼ਾਮ ਮੁਹੰਮਦ ਘਰ ਜਾਂਦੀ ਨੇ ਡਰਨਾ।"

-0-0-0-

"ਮੇਰੇ ਮਾਲਕਾ
ਤੇਰੇ ਅੱਗੇ ਮੇਰੀ ਪ੍ਰਾਰਥਨਾ ਹੈ
ਕਿ ਮੇਰੇ ਮਨ ਦੀ ਉਦਾਸੀ ਦੂਰ ਕਰ
ਮੈਨੂੰ ਬਲ ਬਖ਼ਸ਼ੋ ਕਿ ਮੈਂ
ਦੁੱਖਾਂ ਤੇ ਸੁੱਖਾਂ ਨੂੰ
ਸੌਖਿਆਂ ਬਰਦਾਸ਼ਤ ਕਰ ਸਕਾਂ
ਮੈਨੂੰ ਤਾਕਤ ਦੇ ਕੇ ਮੈਂ ਖੁਸ਼ੀ ਤੇ ਮੁਹੱਬਤ ਨਾਲ
ਆਪਣੇ ਆਪ ਨੂੰ ਤੇਰੀ ਇੱਛਾ ਅੱਗੇ ਸਮਰਪਣ ਕਰ ਸਕਾਂ।"

-0-0-0-

"ਕੇਵਲ ਮੇਰੇ ਅੰਦਰ
ਨਿੱਕਾ ਜੇਹਾ ਹਿੱਸਾ ਬਾਕੀ ਰਹਿਣ ਦੇ
ਜਿਸ ਨਾਲ ਮੈਂ ਕੱਲ੍ਹ ਤੈਨੂੰ ਭੁਲਾ ਸਕਾਂ
ਮੇਰੀ ਤਾਂਘ ਦਾ ਸਿਰਫ ਇੰਨਾ ਹਿੱਸਾ
ਬਾਕੀ ਰਹਿਣ ਦੇ
ਇਸ ਨਾਲ ਮੈਂ
ਚੁਫੇਰੇ ਤੈਨੂੰ ਹੀ ਮਹਿਸੂਸ ਕਰਾਂ
ਤੇ ਹਰ ਪਲ ਤੇਰੇ ਹਜ਼ੂਰ ਵਿੱਚ
ਆਪਣੀ ਮੁਹੱਬਤ ਨਜ਼ਰ ਕਰਾਂ।"

ਤੇ ਆਖ਼ਰੀ ਨਜ਼ਮ ਪੜ੍ਹੋ-

"ਬੇਕਰਾਰ ਤੇ ਬੇਚੈਨ ਰਾਤਾਂ ਵਿੱਚ
ਮੈਨੂੰ ਤੌਫ਼ੀਕ ਦੇ ਕਿ ਮੈਂ ਤੇਰੇ 'ਤੇ ਭਰੋਸਾ ਕਰਕੇ
ਬਗ਼ੈਰ ਕਿਸੇ ਸੰਘਰਸ਼ ਦੇ ਆਪਣੇ ਆਪ ਨੂੰ
ਨੀਂਦਰ ਦੇ ਹਵਾਲੇ ਕਰ ਸਕਾਂ
ਇੰਝ ਨਾ ਕਰੀਂ ਮੈਂ ਆਪਣੀ
ਥੱਕੀ ਹੋਈ ਰੂਹ ਨੂੰ


CC-0. Sohail Kazmi Collection, Jammu. Digitized by eGangotri

ਤੇਰੀ ਪੂਜਾ ਲਈ ਮਜਬੂਰ ਕਰਾਂ।"

'ਗੀਤਾਂਜਲੀ' ਨੂੰ ਪੜ੍ਹ ਕੇ ਲੱਗਦਾ ਹੈ ਕਿ ਟੈਗੋਰ ਦੀ ਸ਼ਾਇਰੀ ਅਸਲ ਵਿੱਚ ਸੰਤਾਂ ਦੀ ਬਾਣੀ, ਭਗਤਾਂ ਦੀ ਸ਼ਾਇਰੀ ਤੇ ਸੂਫ਼ੀ ਕਾਵਿ ਦਾ ਨਿਰੰਤਰ ਚੱਲਦਾ ਸਿਲਸਿਲਾ ਹੈ। ਭਗਤੀ ਲਹਿਰ ਵਿੱਚ ਤੇ ਸੂਫ਼ੀਆਂ ਦੀਆਂ ਕੁੱਲੀਆਂ ਵਿੱਚ ਜੋ ਸ਼ਾਇਰੀ ਰਚੀ ਗਈ ਹੈ, ਉਸਦਾ ਹੀ ਰੂਪ ਸਰੂਪ ਟੈਗੋਰ ਦੀ ਕਵਿਤਾ ਵਿੱਚ ਹੈ। ਉਹੋ ਖ਼ਿਆਲ ਤੇ ਸੋਚ ਤੇ ਉਹੋ ਰੂਹਾਨੀਅਤ ਜਿਹੜੀ ਬਾਬਾ ਫ਼ਰੀਦ, ਲੱਲ ਮਾਂ, ਨੁੰਦ ਰਿਸ਼ੀ, ਗੁਰੂ ਨਾਨਕ, ਕਬੀਰ, ਮੀਰਾ ਬਾਈ, ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਦੇ ਕਲਾਮ ਵਿੱਚ ਮਿਲਦੀ ਹੈ, ਉਹ 'ਗੀਤਾਂਜਲੀ' ਵਿੱਚ ਵੀ ਹੈ। 'ਗੀਤਾਂਜਲੀ' ਨੂੰ ਪੜ੍ਹ ਕੇ ਮੇਰੀ ਗੱਲ ਦੀ ਸੱਚਾਈ ਨੂੰ ਬਲ ਮਿਲੇਗਾ। 'ਗੀਤਾਂਜਲੀ' ਵਿੱਚ ਵੇਦਾਂਤ ਹੈ, ਵਹਿਦਾਨੀਅਤ ਹੈ, ਅਫ਼ਲਾਤੂਨ (Platu) ਦੀ ਬਾਤਨੀਅਤ ਹੈ, ਇਬਨੇਅਰਬੀ ਦੀ ਰੂਹਾਨੀਅਤ ਹੈ, ਗੀਤਾ ਦਾ ਗਿਆਨ ਹੈ, ਸ਼ੰਕਰ ਤੇ ਰਾਮਾਨੁਜ ਦੇ ਭਜਨਾਂ ਦਾ ਰਸ ਹੈ ਅਤੇ ਕਾਇਨਾਤ ਦਾ ਇਰਫ਼ਾਨ ਹੈ। ਇਸੇ ਕਰਕੇ 'ਗੀਤਾਂਜਲੀ' ਇੱਕੀਵੀਂ ਸਦੀ ਵਿੱਚ ਵੀ ਮਨੁੱਖੀ ਆਤਮਾ ਦੀ ਖ਼ੁਰਾਕ ਹੈ ਤੇ ਦਾਨਿਸ਼ਮੰਦੀ ਦਾ ਲਿਬਾਸ ਹੈ।

*** *** ***



CC-0. Sohail Kazmi Collection, Jammu. Digitized by eGangotri

# ਸਾਂਝੀ ਰਹਿਤਲ ਦਾ ਪ੍ਰਤੀਕ- ਮੀਆਂ ਮੀਰ

ਹਜ਼ਰਤ ਮੀਆਂ ਮੀਰ ਦਾ ਪੂਰਾ ਨਾਂ ਸ਼ੇਖ਼ ਮੁਹੰਮਦ ਮੀਆਂ ਮੀਰ ਸੀ। ਉਨ੍ਹਾਂ ਦਾ ਜਨਮ ਸਿੰਧ ਪ੍ਰਾਂਤ ਦੇ ਕਦੀਮੀ ਸ਼ਹਿਰ ਸੇਵਿਸਤਾਨ ਵਿੱਚ ਹੋਇਆ, ਜਿਸਨੂੰ ਅੱਜਕੱਲ੍ਹ ਸੈਵਨ ਸ਼ਰੀਫ਼ ਕਹਿੰਦੇ ਹਨ। ਇਹ ਸ਼ਹਿਰ ਭੱਕਰ ਤੇ ਠੱਠਾ ਵਿਚਕਾਰ ਜ਼ਿਲ੍ਹਾ ਦਾਦੂ ਵਿੱਚ ਹੈ। ਹਜ਼ਰਤ ਮੀਆਂ ਮੀਰ ਦੀ ਜਨਮ ਮਿਤੀ ਬਾਰੇ ਦੋ ਖ਼ਿਆਲ ਦੱਸੇ ਜਾਂਦੇ ਹਨ। ਬਾਦਸ਼ਾਹ ਸ਼ਾਹਜਹਾਨ ਦੇ ਵੱਡੇ ਪੁੱਤਰ ਦਾਰਾਸ਼ਿਕੋ, ਜਿਸਦਾ ਇਲਾਜ ਹਜ਼ਰਤ ਮੀਆਂ ਮੀਰ ਨੇ ਕੀਤਾ ਸੀ, ਨੇ ਆਪਣੀ ਪੁਸਤਕ 'ਸਕੀਨਾ-ਤੁਲ-ਔਵਲੀਆ' ਵਿੱਚ ਮੀਆਂ ਮੀਰ ਦੀ ਜਨਮ ਮਿਤੀ 1532 ਈ. ਜਾਂ 938 ਹਿਜ਼ਰੀ ਦੱਸੀ ਹੈ। ਜਦਕਿ 'ਤੁਹਫਾ-ਤੁਲ-ਕਰਾਮ' ਪੁਸਤਕ ਦੇ ਲਿਖਾਰੀ ਨੇ ਮੀਆਂ ਮੀਰ ਦੀ ਪੈਦਾਇਸ਼ 1550 ਦੱਸੀ ਹੈ। ਇਹ ਵੇਲਾ ਮੁਗ਼ਲ ਸ਼ਹਿਨਸ਼ਾਹ ਅਕਬਰ ਦੀ ਹਕੂਮਤ ਦਾ ਆਖ਼ਰੀ ਜ਼ਮਾਨਾ ਸੀ।

ਹਜ਼ਰਤ ਮੀਆਂ ਮੀਰ ਦੇ ਦਾਦਾ ਕਾਜ਼ੀ ਕਲੰਦਰ ਫ਼ਰੂਕੀ ਆਪਣੇ ਵੇਲੇ ਦੇ ਉਚੱ-ਕੋਟੀ ਦੇ ਗਿਆਨੀ, ਕਰਮੀ ਤੇ ਪਾਕ ਸਾਫ਼ ਆਬਿਦ ਅਤੇ ਵੱਡਮੁੱਲੇ ਬਜ਼ੁਰਗ ਸਨ। ਮੀਆਂ ਮੀਰ ਦੇ ਪਿਤਾ ਦਾ ਨਾਂ ਕਾਜ਼ੀ ਸਾਈਂ ਅੱਲ੍ਹਾ ਦਿੱਤਾ ਫ਼ਾਰੂਕੀ ਸੀ, ਜਿਨ੍ਹਾਂ ਨੂੰ ਸਾਈਂ ਡੰਨੋ ਵੀ ਕਹਿੰਦੇ ਹਨ। ਉਹ ਵੀ ਆਪਣੇ ਜ਼ਮਾਨੇ ਦੇ ਪਰਮ ਗਿਆਨੀ ਤੇ ਆਲਮ ਸਨ। ਮੀਆਂ ਮੀਰ ਦੇ ਨਾਨਾ ਜੀ ਕਾਜ਼ੀ ਕਾਦਿਨ ਸੇਵਿਸਤਾਨ ਸ਼ਹਿਰ ਦੇ ਕਾਜ਼ੀ ਸਨ। ਉਹ ਬੜੇ ਸੂਝਵਾਨ, ਆਲਮ ਤੇ ਇਸਲਾਮ ਧਰਮ ਦੇ ਗਿਆਨੀ ਸਨ ਤੇ ਪੂਰੇ ਸਿੰਧ ਪ੍ਰਾਂਤ ਵਿੱਚ ਮਸ਼ਹੂਰ ਸਨ। ਮੀਆਂ ਮੀਰ ਜੀ ਦੀ ਮਾਤਾ ਦਾ ਨਾਂ ਫ਼ਾਤਿਮਾ ਖ਼ਾਤੂਨ ਸੀ। ਮੀਆਂ ਮੀਰ ਦੇ ਵੱਡੇ ਭਰਾ ਦੁਨੀਆਦਾਰ ਸਨ, ਪਰ ਉਹਨਾਂ ਦੀ ਭੈਣ ਬੀਬੀ ਜਮਾਲ ਸੂਫ਼ੀ ਵਿਚਾਰਧਾਰਾ ਨਾਲ ਜੁੜੀ ਹੋਈ ਸੀ ਤੇ ਬੜੀ ਇਬਾਦਤ ਕਰਦੀ ਸੀ। ਉਹ ਚੋਖੀ ਪੜ੍ਹੀ ਲਿਖੀ ਸੀ ਤੇ ਉਸਦੇ ਨਾਂ ਨਾਲ ਵੀ ਕਈ ਕਰਾਮਾਤਾਂ ਜੋੜੀਆਂ ਜਾਂਦੀਆਂ ਹਨ।

ਮੀਆਂ ਮੀਰ ਦੀ ਮੁੱਢਲੀ ਸਿੱਖਿਆ ਤੇ ਤਰਬੀਅਤ ਆਪਣੇ ਮਾਪਿਆਂ ਦੀ ਸਰਪਰਸਤੀ ਹੇਠ ਸ਼ੁਰੂ ਹੋਈ। ਸੱਤ ਸਾਲ ਦੀ ਉਮਰ ਵਿੱਚ ਮੀਆਂ ਮੀਰ ਦੇ ਪਿਤਾ ਸਾਈਂ ਡੰਨੋ ਅਕਾਲ ਚਲਾਨਾ ਕਰ ਗਏ ਤੇ ਉਸਦੇ ਨਾਨਾ ਜੀ ਆਪਣੇ ਯਤੀਮ ਦੋਹਤੇ ਨੂੰ ਨਾਨਕੇ ਲੈ ਆਏ। ਫੇਰ ਉਨ੍ਹਾਂ ਦਾ ਪਾਲਣ ਪੋਸ਼ਣ ਕਾਜ਼ੀ ਕਾਦਿਨ ਨੇ ਹੀ ਕੀਤਾ।



CC-0. Sohail Kazmi Collection, Jammu. Digitized by eGangotri

ਕਾਜ਼ੀ ਕਾਦਿਨ ਕਾਰਨ ਨਾਨਕੇ ਘਰ ਦਾ ਮਾਹੌਲ ਬੜਾ ਸੁਖਾਵਾਂ ਤੇ ਦੁਨਿਆਵੀ ਅਤੇ ਰੂਹਾਨੀਅਤ ਤਾਲੀਮ ਦੀ ਖੁਸ਼ਬੋਈ ਨਾਲ ਮਹਿਕਿਆ ਹੋਇਆ ਸੀ। ਇਸ ਮਾਹੌਲ ਵਿੱਚ ਮੀਆਂ ਮੀਰ ਨੇ ਦੁਨਿਆਵੀ ਤੇ ਰੂਹਾਨੀ ਗਿਆਨ ਹਾਸਿਲ ਕੀਤਾ। ਉਹਨਾਂ ਨੂੰ ਪੜ੍ਹਨ ਦਾ ਬੜਾ ਸ਼ੌਕ ਸੀ ਤੇ ਆਪਣੇ ਸ਼ੌਕ ਦੀ ਪੂਰਤੀ ਲਈ ਸਿੰਧ ਤੋਂ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਗਏ ਤੇ ਫਿਰ ਲਾਹੌਰ ਆ ਕੇ ਆਬਾਦ ਹੋਏ। ਬਾਦਸ਼ਾਹ ਜਹਾਂਗੀਰ ਦੇ ਜ਼ਮਾਨੇ ਵਿੱਚ ਪੰਜਾਬ ਦੇ ਜਿਨ੍ਹਾਂ ਸੂਝਵਾਨਾਂ, ਸੂਫੀਆਂ ਤੇ ਸੰਤਾਂ ਨੇ ਵਧੇਰੇ ਸ਼ੁਹਰਤ ਹਾਸਿਲ ਕੀਤੀ, ਉਨ੍ਹਾਂ ਵਿੱਚੋਂ ਹਜ਼ਰਤ ਮੀਆਂ ਮੀਰ ਬੜਾ ਸੁੱਚਾ ਤੇ ਉੱਚਾ ਦਰਜਾ ਰੱਖਦੇ ਸਨ। ਪੂਰੇ ਭਾਰਤ ਦੇ ਸੂਫੀ ਸੰਤ ਉਹਨਾਂ ਦਾ ਆਦਰ ਮਾਣ ਕਰਦੇ ਸਨ। ਉਹਨਾਂ ਆਪ ਤਾਂ ਕਦੇ ਕੋਈ ਪੁਸਤਕ ਨਹੀਂ ਲਿਖੀ, ਪਰ ਉਹਨਾਂ ਦੇ ਮੁਰੀਦ ਸ਼ਹਿਜ਼ਾਦਾ ਦਾਰਾਸ਼ਿਕੋ ਨੇ ਹਜ਼ਰਤ ਮੀਆਂ ਮੀਰ ਬਾਰੇ ਪੂਰੀ ਇੱਕ ਕਿਤਾਬ ਲਿਖੀ, ਜਿਸਦਾ ਨਾਂ 'ਸਕੀਨਾ-ਤੁਲ-ਅਵਲੀਆ' ਰੱਖਿਆ। ਦਾਰਾਸ਼ਿਕੋ ਨੇ ਆਪਣੀ ਦੂਜੀ ਕਿਤਾਬ 'ਸਫੀਨਾ-ਤੁਲ-ਅਵਲੀਆ' ਵਿੱਚ ਵੀ ਹਜ਼ਰਤ ਮੀਆਂ ਮੀਰ ਦਾ ਚੋਖਾ ਜ਼ਿਕਰ ਕੀਤਾ ਹੈ ਤੇ ਦੱਸਿਆ ਹੈ ਕਿ ਮੀਆਂ ਮੀਰ ਇਲਮ, ਦਾਨਿਸ਼ ਤੇ ਰੱਬੀ ਗਿਆਨ ਵਿੱਚ ਕਾਮਿਲ ਸਨ ਤੇ ਪੁੱਜੇ ਹੋਏ ਦਰਵੇਸ਼ ਸਨ। ਉਹ ਇੱਕ ਪਰਹੇਜ਼ਗਾਰ, ਗਿਆਨੀ ਤੇ ਆਰਿਫ ਸਨ। ਬਾਹਰੀ ਤੇ ਅੰਦਰੂਨੀ ਹਕੀਕਤਾਂ ਬਾਰੇ ਪੂਰਾ ਗਿਆਨ ਰੱਖਦੇ ਸਨ। ਇੱਕ ਹੋਰ ਪੁਸਤਕ 'ਤਹਿਕੀਕਾਤ ਚਿਸ਼ਤੀ' ਦੇ ਲਿਖਾਰੀ ਨੇ ਵੀ ਮੀਆਂ ਮੀਰ ਨੂੰ ਆਪਣੇ ਵੇਲੇ ਦਾ ਸਭ ਤੋਂ ਵੱਡਾ ਸੂਫੀ ਦਰਵੇਸ਼ ਦਰਸਾਇਆ ਹੈ।

ਮੀਆਂ ਮੀਰ ਕਾਦਰੀ ਸਿਲਸਿਲੇ ਦੇ ਸੂਫੀ ਦਰਵੇਸ਼ ਸਨ। ਉਹ ਆਪਣੇ ਮੁਰਸ਼ਿਦ ਮੁਹੰਮਦ ਸ਼ੇਖ ਖਿਜ਼ਰ ਸੇਵਿਸਤਾਨੀ ਦੀ ਆਗਿਆ ਨਾਲ 25 ਵਰ੍ਹਿਆਂ ਦੀ ਉਮਰ ਵਿੱਚ ਸਿੰਧ ਤੋਂ ਲਾਹੌਰ ਆ ਗਏ ਤੇ ਅਨਾਰਕਲੀ ਕੋਲ ਨੀਲਾ ਗੁਮਬੰਦ ਦੇ ਨੇੜੇ ਇੱਕ ਹੁਜਰੇ ਅੰਦਰ ਰਹਿਣ ਲੱਗੇ। ਉਹਨਾਂ ਦੇ ਸ਼ਰਧਾਲੂ ਮੀਆਂ ਮੀਰ ਨੂੰ ਸ਼ਾਹ ਮੀਰ ਤੇ ਬਾਲਾ ਪੀਰ ਵੀ ਕਹਿੰਦੇ ਸਨ। ਪੰਜਾਬੀ ਵਿੱਚ 'ਮੀਆਂ' ਸ਼ਬਦ ਦਾ ਅਰਥ ਮਾਣਯੋਗ, ਆਦਰਯੋਗ, ਸ੍ਰੀਮਾਨ ਤੇ ਸਾਹਿਬ ਹੈ। ਮੀਆਂ ਮੀਰ ਨੇ ਬਾਕੀ ਦੀ ਸਾਰੀ ਹਯਾਤੀ ਲਾਹੌਰ ਵਿੱਚ ਹੀ ਗੁਜ਼ਾਰੀ। ਲਾਹੌਰ ਵਿੱਚ ਹੀ ਉਨ੍ਹਾਂ ਨੇ ਮੌਲਵੀ ਸਾਅਦ-ਉੱਲਾ ਹੋਰਾਂ ਕੋਲੋਂ ਰੂਹਾਨੀ ਗਿਆਨ ਹਾਸਿਲ ਕੀਤਾ। ਉਹ ਇੱਕ ਸਾਲ ਲਈ ਸਰਹਿੰਦ ਵੀ ਗਏ। ਪਰ ਮੁੜ ਵਾਪਿਸ ਲਾਹੌਰ ਪਰਤ ਆਏ ਤੇ ਮੁਹੱਲਾ ਬਾਗਬਾਨਪੁਰਾ ਵਿੱਚ ਪੱਕੀ ਸਕੂਨਤ ਅਖ਼ਤਿਆਰ ਕਰ ਲਈ। ਉਨ੍ਹਾਂ ਆਪਣੀ ਹਯਾਤੀ ਵਿੱਚ ਅਕਬਰ, ਜਹਾਂਗੀਰ, ਸ਼ਾਹਜਹਾਨ ਤੇ ਔਰੰਗਜ਼ੇਬ ਦਾ ਰਾਜ ਦੇਖਿਆ। ਦਾਰਾਸ਼ਿਕੋ ਉਨ੍ਹਾਂ ਨਾਲ ਬੜੀ ਸ਼ਰਧਾ ਰੱਖਦੇ ਸਨ ਤੇ ਮੀਆਂ ਮੀਰ ਵੀ


CC-0. Sohail Kazmi Collection, Jammu. Digitized by eGangotri

ਦਾਰਾ ਨੂੰ ਆਪਣਾ ਖ਼ਾਸ ਮੁਰੀਦ ਮੰਨਦੇ ਸਨ। ਅਸਲ ਵਿੱਚ ਮੀਆਂ ਮੀਰ ਬਾਰੇ ਸਾਨੂੰ ਪੂਰੀ ਜਾਣਕਾਰੀ ਦਾਰਾਸ਼ਿਕੋ ਦੀ ਪੁਸਤਕ ਵਿੱਚ ਹੀ ਮਿਲਦੀ ਹੈ। ਮੀਆਂ ਮੀਰ ਜਲਾਲੀ ਦਰਵੇਸ਼ ਨਹੀਂ, ਸਗੋਂ ਜ਼ਮਾਨੀ ਫਕੀਰ ਸਨ। ਗੀਤ, ਸੰਗੀਤ ਦੇ ਸ਼ੌਕੀਨ ਸਨ। ਕਵਾਲੀਆਂ, ਖ਼ੁਦਾ ਦੀ ਹਮਦ ਤੇ ਕਾਫੀਆਂ ਸੁਣਕੇ ਮਸਤ ਹੋ ਜਾਂਦੇ। ਜਹਾਂਗੀਰ ਤੇ ਸ਼ਾਹਜਹਾਨ ਅਕਸਰ ਉਨ੍ਹਾਂ ਦੇ ਹੁਜਰੇ 'ਤੇ ਹਾਜ਼ਰੀ ਦੇਂਦੇ ਸਨ। ਮੁੱਲਾ ਸ਼ਾਹ ਬਦਖਸ਼ਾਹਨੀ ਉਹਨਾਂ ਦੇ ਮੁਰੀਦ ਸਨ, ਜਿਹੜੇ ਆਪ ਵੀ ਕਾਮਿਲ ਦਰਵੇਸ਼ ਸਨ। ਮੀਆਂ ਨੱਥਾ ਉਨ੍ਹਾਂ ਦੇ ਸੇਵਾਦਾਰ ਸਨ, ਜੋ ਜ਼ਾਤ ਦੇ ਤੇਲੀ ਸਨ, ਪਰ ਉਨ੍ਹਾਂ ਮੀਆਂ ਮੀਰ ਦੀ ਮਰਦੇ ਦਮ ਤਕ ਸੇਵਾ ਕੀਤੀ ਸੀ। ਉਹ ਆਪ ਵੀ ਰੱਬ ਸੱਚੇ ਦੀ ਇਬਾਦਤ ਵਿੱਚ ਮਗਨ ਰਹਿੰਦੇ ਤੇ ਦਰਵੇਸ਼ੀ ਦੀ ਮਸਤੀ ਵਿੱਚ ਡੁੱਬੇ ਰਹਿੰਦੇ। ਮੀਆਂ ਨੱਥਾ ਜਦ ਅਕਾਲ ਚਲਾਨਾ ਕਰ ਗਏ ਤਾਂ ਹਜ਼ਰਤ ਮੀਆਂ ਮੀਰ ਨੇ ਉਹਨਾਂ ਦਾ ਜਨਾਜ਼ਾ ਆਪ ਪੜ੍ਹਾਇਆ ਤੇ ਵਸੀਅਤ ਕੀਤੀ ਕਿ ਉਹਨਾਂ ਦੀ ਫੌਤਗੀ ਮਗਰੋਂ ਉਨ੍ਹਾਂ ਨੂੰ ਵੀ ਮੀਆਂ ਨੱਥਾ ਦੀ ਕਬਰ ਕੋਲ ਹੀ ਦਫਨਾਇਆ ਜਾਵੇ।

ਹਜ਼ਰਤ ਮੀਆਂ ਮੀਰ ਦੇ ਦੋਸਤਾਂ, ਅਕੀਦਤਮੰਦਾਂ ਤੇ ਮੁਰੀਦਾਂ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਸਭ ਸਨ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਾਲ ਉਨ੍ਹਾਂ ਦੀ ਬੜੀ ਸਾਂਝ ਸੀ। ਦੋਵੇਂ ਦੁਨਿਆਵੀ ਤੇ ਰੂਹਾਨੀ ਗਿਆਨ ਦੇ ਸਮੁੰਦਰ ਸਨ ਤੇ ਉਹ ਜਦ ਵੀ ਮਿਲਦੇ ਆਪਣੇ ਗਿਆਨ ਦਾ ਵਟਾਂਦਰਾ ਕਰਦੇ ਰਹਿੰਦੇ। ਰੱਬੀ ਗਿਆਨ ਦੀਆਂ ਪਰਤਾਂ ਖੋਲ੍ਹਦੇ। ਦਰਵੇਸ਼ੀ ਤੇ ਸੂਫੀ ਰਮਜ਼ਾਂ ਨੂੰ ਖੋਜਦੇ ਤੇ ਨਫਸ ਨੂੰ ਕਾਬੂ ਰੱਖਣ ਤੇ ਲੋਕਾਈ ਨੂੰ ਅਮਨ, ਸਕੂਨ ਤੇ ਗਿਆਨ ਬਖਸ਼ਣ ਦੇ ਉਪਾਅ ਲੱਭਦੇ ਰਹਿੰਦੇ। ਗੁਰੂ ਅਰਜਨ ਦੇਵ ਜੀ ਹਜ਼ਰਤ ਮੀਆਂ ਮੀਰ ਨੂੰ ਇੱਕ ਸੱਚਾ ਦਰਵੇਸ਼ ਤੇ ਸਾਹਿਬੇ ਫਕਰ ਮੰਨਦੇ ਸਨ ਅਤੇ ਉਨ੍ਹਾਂ ਨੂੰ ਪਰਮ ਗਿਆਨੀ ਕਹਿੰਦੇ ਸਨ। ਉਹ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸਨ। ਇਹੋ ਕਾਰਨ ਸੀ ਕਿ ਜਦ ਗੁਰੂ ਅਰਜਨ ਦੇਵ ਮਹਾਰਾਜ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਫੈਸਲਾ ਲਿਆ ਤਾਂ ਆਪਣੇ ਸੂਫੀ ਦਰਵੇਸ਼ ਤੇ ਕਾਮਿਲ ਫਕੀਰ ਅਤੇ ਮਿੱਤਰ ਮੀਆਂ ਮੀਰ ਨੂੰ ਸਿੱਖ ਧਰਮ ਦੀ ਅਜ਼ੀਮ ਤੇ ਪਵਿੱਤਰ ਇਮਾਰਤ ਅਤੇ ਸਿੱਖੀ ਦੀ ਸ਼ਨਾਖਤ ਦਾ ਨੀਂਹ ਪੱਥਰ ਰੱਖਣ ਦੀ ਦਾਅਵਤ ਦਿੱਤੀ, ਜੋ ਉਨ੍ਹਾਂ ਬੜੀ ਨਿਮਰਤਾ ਨਾਲ ਕਬੂਲ ਕੀਤੀ। ਹਜ਼ਰਤ ਮੀਆਂ ਮੀਰ ਉਚੇਚੇ ਤੌਰ 'ਤੇ ਲਾਹੌਰ ਤੋਂ ਅੰਮ੍ਰਿਤਸਰ ਆਏ ਤੇ ਹਜ਼ਾਰਾਂ ਸ਼ਰਧਾਲੂਆਂ ਤੇ ਗੁਰ ਸੰਗਤ ਦੀ ਹਾਜ਼ਰੀ ਵਿੱਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਿਆ। ਮਜ਼ਬੀ ਰਵਾਦਾਰੀ, ਇਨਸਾਨ ਦੋਸਤੀ ਤੇ ਭਾਈਚਾਰੇ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ। ਗੁਰੂ ਸਾਹਿਬਾਨ, ਸੰਤ, ਫਕੀਰ



CC-0. Sohail Kazmi Collection, Jammu. Digitized by eGangotri

ਤੇ ਸੂਫੀ ਦਰਵੇਸ਼ ਹਮੇਸ਼ਾ ਲੋਕਾਈ ਨੂੰ ਅਮਨ ਤੇ ਸ਼ਾਂਤੀ ਦਾ ਸਬਕ ਪੜ੍ਹਾਉਂਦੇ ਰਹੇ ਹਨ, ਪਰ ਅੱਜ ਦੇ ਅਖੌਤੀ ਸੰਤ ਮਹਾਤਮਾ ਤੇ ਪੀਰ ਫਕੀਰ ਦਰਵੇਸ਼ੀ ਤੇ ਰਿਸ਼ੀਅਤ ਨੂੰ ਬਦਨਾਮ ਕਰ ਰਹੇ ਹਨ ਅਤੇ ਅਰਬਾਂ ਕਰੋੜਾਂ ਦੀਆਂ ਜਾਇਦਾਦਾਂ ਬਣਾ ਕੇ ਲੋਕਾਂ ਨੂੰ ਲੁੱਟ ਰਹੇ ਹਨ। ਇਨ੍ਹਾਂ ਦੇ ਪ੍ਰਵਚਨ ਇੱਕ ਦਿਖਾਵਾ ਹਨ, ਕਿਉਂਕਿ ਅਰਬਾਂ ਖਰਬਾਂ ਰੁਪਏ ਤੇ ਸੋਨੇ ਚਾਂਦੀ ਦੇ ਭੰਡਾਰ ਜਮ੍ਹਾ ਕਰਕੇ ਅਤੇ ਹਵਾਈ ਜਹਾਜ਼ਾਂ ਦੇ ਮਾਲਿਕ ਬਣਨ ਦੇ ਬਾਵਜੂਦ ਇਹ ਲੋਕ ਆਪਣੇ ਆਪ ਨੂੰ ਰਿਸ਼ੀ ਮੁਨੀ ਤੇ ਸੰਤ ਦਰਵੇਸ਼ ਅਖਵਾਉਂਦੇ ਹਨ। ਪਰ ਸੱਚੇ ਦਰਵੇਸ਼ਾਂ, ਸੰਤਾਂ ਤੇ ਰਿਸ਼ੀਆਂ ਨੇ ਕਦੇ ਦੌਲਤ ਨਾਲ ਕੋਈ ਰਿਸ਼ਤਾ ਨਹੀਂ ਜੋੜਿਆ। ਕੁਟੀਆ ਤੇ ਹੁਜਰਾ, ਜੰਗਲ ਤੇ ਪਹਾੜ, ਰੂੜੀ ਤੇ ਫੂੜੀ ਉਤੇ ਬਹਿ ਕੇ ਈਸ਼ਵਰ-ਭਗਤੀ ਕੀਤੀ ਤੇ ਲੋਕਾਈ ਨੂੰ ਸਿੱਧਾ ਰਾਹ ਦੱਸਿਆ। ਸ਼ੇਖ਼ ਫਰੀਦ, ਲੱਲ ਮਾਂ, ਨੁੰਦ ਰਿਸ਼ੀ, ਗੁਰੂ ਨਾਨਕ ਤੇ ਬਾਕੀ ਪਾਤਸ਼ਾਹੀਆਂ, ਭਗਤ ਕਬੀਰ, ਸੂਰਦਾਸ, ਤੁਲਾ ਰਾਮ, ਤੁਲਸੀ, ਮੀਰਾ ਬਾਈ, ਸਰਮਦ, ਮਨਸੂਰ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਹੋਰ ਬੇਸ਼ੁਮਾਰ ਪਰਮ ਗਿਆਨੀਆਂ ਨੇ ਲੋਕਾਂ ਦੇ ਦਿਲ ਜਿੱਤੇ। ਲੋਕਾਈ ਦੀਆਂ ਮੁਰਾਦਾਂ ਪੂਰੀਆਂ ਕੀਤੀਆਂ। ਪਰ ਦੌਲਤ ਨੂੰ ਹੱਥ ਨਹੀਂ ਲਗਾਇਆ। ਪਰ ਅੱਜਕੱਲ ਜੋ ਕੁੱਝ ਹੋ ਰਿਹਾ ਹੈ ਉਹ ਫਕੀਰੀ ਤੇ ਦਰਵੇਸ਼ੀ ਦੇ ਨਾਂ 'ਤੇ ਕਲੰਕ ਹੈ।

ਹਜ਼ਰਤ ਮੀਆਂ ਮੀਰ ਦੇ ਜਨਮ, ਗਿਆਨ ਤੇ ਕਰਾਮਾਤਾਂ ਬਾਰੇ ਦਾਰਾਸ਼ਿਕੋ ਨੇ ਆਪਣੀ ਕਿਤਾਬ ਵਿੱਚ ਭਰਪੂਰ ਵੇਰਵਾ ਦਿੱਤਾ ਹੈ ਤੇ ਉਨ੍ਹਾਂ ਦੇ ਪ੍ਰਵਚਨ ਬਿਆਨ ਕੀਤੇ ਹਨ, ਜੋ ਇਸ ਪ੍ਰਕਾਰ ਹਨ-

1. ਈਸ਼ਵਰ ਦੀ ਪੂਜਾ ਜਾਂ ਰੱਬੀ ਇਬਾਦਤ ਲਈ ਘੱਟ ਖਾਣਾ, ਘੱਟ ਸੌਣਾ ਤੇ ਘੱਟ ਬੋਲਣਾ ਜ਼ਰੂਰੀ ਹੈ।
2. ਸੰਤ ਫਕੀਰ ਤੇ ਸੂਫੀ ਦਰਵੇਸ਼ ਉਹ ਹੈ ਜਿਸਦੀ ਨਜ਼ਰ ਵਿੱਚ ਪੱਥਰ ਤੇ ਹੀਰੇ ਵਿੱਚ ਕੋਈ ਫਰਕ ਨਾ ਹੋਵੇ।
3. ਰੱਬ ਤੋਂ ਦੂਰ ਰਹਿਣ ਵਾਲਾ ਨਰਕ ਦੇ ਨੇੜੇ ਰਹਿੰਦਾ ਹੈ।
4. ਹਾਕਿਮ ਨੂੰ ਆਪਣੇ ਦੇਸ ਤੇ ਆਪਣੇ ਲੋਕਾਂ ਦੀ ਖ਼ਬਰਗੀਰੀ ਕਰਨੀ ਚਾਹੀਦੀ ਹੈ। ਜੇ ਲੋਕ ਖੁਸ਼ ਹੋਣਗੇ ਤਾਂ ਦੇਸ ਆਬਾਦ ਹੋਵੇਗਾ ਤੇ ਖ਼ਜ਼ਾਨਾ ਭਰਿਆ ਰਹੇਗਾ।
5. ਹੰਕਾਰ, ਮੋਹ, ਮਾਇਆ ਤੇ ਛਲ ਫਰੇਬ ਇਨਸਾਨ ਦਾ ਸਰਵਨਾਸ਼ ਕਰਦੇ ਹਨ।
6. ਆਪਣੇ ਦਿਲ, ਨਫ਼ਸ ਤੇ ਰੂਹ ਨੂੰ ਪਾਕ ਸਾਫ ਰੱਖੋ।

ਹਜ਼ਰਤ ਮੀਆਂ ਮੀਰ 11 ਅਗਸਤ 1635 ਈ. ਨੂੰ 85 ਸਾਲ ਦੀ ਉਮਰ


CC-0. Sohail Kazmi Collection, Jammu. Digitized by eGangotri

ਪੂਰੀ ਕਰਕੇ ਅੱਲਹਾ ਨੂੰ ਪਿਆਰੇ ਹੋ ਗਏ ਤੇ ਉਨ੍ਹਾਂ ਦੀ ਵਸੀਅਤ ਅਨੁਸਾਰ ਉਨ੍ਹਾਂ ਨੂੰ ਮੀਆਂ ਨੱਥਾ ਦੀ ਕਬਰ ਕੋਲ ਦਫ਼ਨਾਇਆ ਗਿਆ। ਉਨ੍ਹਾਂ ਦਾ ਮਜ਼ਾਰ ਇਨਫੈਂਟਰੀ ਰੋਡ, ਮੁਸਤਫਾਬਾਦ ਲਾਹੌਰ ਵਿੱਚ ਹੈ ਤੇ ਹਰ ਵਰ੍ਹੇ ਇੱਥੇ ਉਰਸ (ਮੇਲਾ) ਲੱਗਦਾ ਹੈ ਜਿਸ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਇੱਕੱਠੇ ਹੁੰਦੇ ਹਨ। ਭਾਰਤ ਤੋਂ ਸਿੱਖਾਂ ਤੇ ਹਿੰਦੂਆਂ ਦੇ ਜਥੇ ਉਰਸ ਵਿੱਚ ਸ਼ਾਮਿਲ ਹੋਣ ਲਈ ਹਰ ਸਾਲ ਆਉਂਦੇ ਹਨ। ਲੰਗਰ ਦਾ ਇੰਤਜ਼ਾਮ ਹੁੰਦਾ ਹੈ। ਕਵਾਲੀਆਂ ਤੇ ਕਾਫੀਆਂ ਗਾਉਣ ਦਾ ਮੁਕਾਬਲਾ ਹੁੰਦਾ ਹੈ ਤੇ ਇੰਝ ਸਾਈਂ ਮੀਆਂ ਮੀਰ ਨੂੰ ਲੋਕ ਯਾਦ ਕਰਦੇ ਹਨ, ਕਿਉਂਕਿ ਸੱਚੇ ਸੰਤ ਫਕੀਰ ਕਦੇ ਮਰਦੇ ਨਹੀਂ, ਉਹ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜ਼ਿੰਦਾ ਰਹਿੰਦੇ ਹਨ।

*** *** ***



CC-0. Sohail Kazmi Collection, Jammu. Digitized by eGangotri

# ਜੰਮੂ ਕਸ਼ਮੀਰ ਦਾ ਪੰਜਾਬੀ ਸ਼ਾਇਰ- ਨਵਾਬ ਦੀਨ ਨਵਾਬ

ਪੰਜਾਬ ਨਾਲ ਮਿਲਦੇ ਜੰਮੂ-ਕਸ਼ਮੀਰ ਦੇ ਇਲਾਕੇ ਪੁਣਛ, ਰਾਜੌਰੀ, ਊੜੀ, ਕਰਨਾਹ, ਨੌਸ਼ਹਿਰਾ, ਮੀਰਪੁਰ, ਮੁਜ਼ੱਫਰਾਬਾਦ, ਭਿੰਬਰ, ਕੋਟਲੀ, ਜੰਮੂ, ਹੀਰਾ ਨਗਰ ਤੇ ਕਠੂਆ ਦੇ ਇਲਾਕੇ ਵੀ ਪੰਜਾਬੀ ਬੋਲੀ ਦੇ ਇਲਾਕੇ ਹਨ। ਇੱਥੇ ਡੋਗਰੀ ਤੇ ਗੌਜਰੀ ਤੋਂ ਇਲਾਵਾ ਪਹਾੜੀ (ਪੋਠੋਹਾਰੀ) ਤੇ ਮਾਝੀ ਉਪ-ਬੋਲੀਆਂ ਪ੍ਰਚਲਿਤ ਹਨ। ਮੀਆਂ ਮੁਹੰਮਦ ਬਖ਼ਸ਼, ਸਾਈਂ ਫੱਕਰਦੀਨ, ਸਾਈਂ ਕ਼ਾਦਰ ਬਖ਼ਸ਼, ਮਿਹਰਦੀਨ ਕਮਰ, ਗੁਲਾਮ ਮੁਹੰਮਦ ਖਾਦਿਮ, ਭੀਮ ਸੈਨ ਸੇਵਕ, ਬਸ਼ੀਰ ਅਹਿਮਦ ਬਸ਼ੀਰ, ਮੌਲਵੀ ਅਬਦੁੱਲਾ ਸਿਆਖਵੀ, ਅਬਦੁੱਲਾ ਲਾਰਵੀ ਤੇ ਮੀਆਂ ਨਿਜ਼ਾਮ ਦੀਨ ਲਾਰਵੀ ਜਿਹੇ ਉਚੱਕੋਟੀ ਦੇ ਸੂਫੀ ਤੇ ਸ਼ਾਇਰ ਹੋਏ ਨੇ, ਜਿਨ੍ਹਾਂ ਪੰਜਾਬੀ ਨੂੰ ਹੀ ਆਪਣੇ ਇਜ਼ਹਾਰ ਦਾ ਜ਼ਰੀਆ ਬਣਾਇਆ। ਮੀਆਂ ਮੁਹੰਮਦ ਬਖ਼ਸ਼ ਦੇ ਸਮਕਾਲੀਆਂ ਵਿੱਚੋਂ ਤਹਿਸੀਲ ਕੋਟਲੀ ਦੇ ਮੀਆਂ ਮੁਹੰਮਦ ਜ਼ਮਾਨ ਕੁਰੇਸ਼ੀ ਹੋਰਾਂ ਨੇ ਵੀ ਬੜੀ ਸ਼ੁਹਰਤ ਖੱਟੀ ਹੈ। ਅੱਜ ਵੀ ਉਨ੍ਹਾਂ ਦਾ ਕਲਾਮ ਮੀਰ ਪੁਰ, ਕੋਟਲੀ ਤੇ ਭਿੰਬਰ ਦੇ ਇਲਾਕਿਆਂ ਵਿੱਚ ਲੋਕਾਂ ਨੂੰ ਜ਼ੁਬਾਨੀ ਯਾਦ ਹੈ। ਉਨ੍ਹਾਂ ਦਾ ਇੱਕ ਚੌਮਿਸਰਾ ਦੇਖੋ-

"ਅਚਨਚੇਤ ਪਿਆਰੜੇ ਯਾਰ ਸਾਡੇ
ਬੂਹੇ ਮਾਰ ਹਵੇਲੀਆਂ ਬੰਦ ਕਰ ਗਏ
ਡਾਢੜੀ ਹੁਭ ਦੇ ਜੰਦਰੇ ਲਾਇ ਕੇ
ਤੇ ਸੰਗਲ ਗ਼ਮਾਂ ਦੇ ਨਾਲ ਪਾਬੰਦ ਕਰ ਗਏ
ਦਿਲ ਨੂੰ ਹਿਜਰ ਦੀ ਜੇਲ੍ਹ ਵਿੱਚ ਕੈਦ ਕਰਕੇ
ਹੱਥੋਂ ਖੋਲ੍ਹਣਾ ਫੇਰ ਸੁਗੰਧ ਕਰ ਗਏ
ਬੂਹੇ ਮਾਰ ਜ਼ਮਾਨ ਮੁਹੱਬਤਾਂ ਦੇ
ਸਾਰੀ ਉਮਰ ਦੀ ਕੈਦ ਪਸੰਦ ਕਰ ਗਏ।"

ਇਸ ਤੋਂ ਇਲਾਵਾ ਮੁਹੰਮਦ ਸ਼ਾਹ ਖਨਿਆਰਾ ਸ਼ਰੀਫ ਹੋਰਾਂ ਦਾ ਕਲਾਮ ਅਤੇ ਕਾਜ਼ੀ ਮੁਹੰਮਦ ਜਾਨ ਹੋਰਾਂ ਦਾ ਕਲਾਮ ਵੀ ਪੋਠੋਹਾਰ ਦੇ ਇਲਾਕੇ ਵਿੱਚ ਪੜ੍ਹਿਆ ਜਾਂਦਾ ਹੈ। ਕਾਜ਼ੀ ਮੁਹੰਮਦ ਜਾਨ ਹੋਰੀਂ ਵੀ ਮੀਰ ਪੁਰ ਸ਼ਹਿਰ ਦੇ ਇੱਕ ਪਿੰਡ


CC-0. Sohail Kazmi Collection, Jammu. Digitized by eGangotri

ਦੇ ਵਸਨੀਕ ਸਨ। ਹਾਜੀ ਨਵਾਬ ਦੀਨ ਨਵਾਬ ਜੰਮੂ-ਕਸ਼ਮੀਰ ਦੇ ਉਨ੍ਹਾਂ ਵੱਡੇ ਸ਼ਾਇਰਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਪੰਜਾਬੀ ਭਾਸ਼ਾ ਵਿੱਚ ਸ਼ਾਇਰੀ ਕੀਤੀ। ਉਨ੍ਹਾਂ ਦਾ ਜਨਮ 1905 ਵਿੱਚ ਰਾਜੌਰੀ ਦੇ ਕੋਲ ਪਿੰਡ ਸਾਜ ਵਿੱਚ ਹੋਇਆ। ਉਹ ਭੱਟੀ ਰਾਜਪੂਤ ਘਰਾਨੇ ਦੇ ਚਿਰਾਗ ਸਨ ਤੇ ਪਿਤਾ ਦਾ ਨਾਂ ਹਾਸ਼ਿਮ ਖ਼ਾਨ ਸੀ। ਉਹ ਆਪਣੇ ਪਿੰਡ ਬਾਰੇ ਇੰਝ ਦੱਸਦੇ ਨੇ-

"ਸੂਬਾ ਜੰਮੂ ਜ਼ਿਲ੍ਹਾ ਰਿਆਸੀ ਵਿੱਚ ਤਹਿਸੀਲ ਰਾਜੌਰੀ
ਸਾਜ ਗਰਾਂ ਇੱਕ ਸੁੰਦਰ ਸੋਹਣਾ ਰੂਪ ਸਰੂਪ ਚਕੋਰੀ
ਰਾਜੌਰੀ ਤੋਂ ਪਰਬਤ ਪਾਸੋਂ ਪੀਰ ਪੰਚਾਲੋਂ ਨੇੜੇ
ਕੁਦਰਤ ਰੱਬ ਦੀ ਨਜ਼ਰੀਂ ਆਵੇ ਤੱਕਣ ਜਾ ਕੇ ਜੇੜੇ
ਪੂਰਬ ਨੂੰ ਜਮਿਓਟ ਦੁਕਾਸਣ ਪੱਛਮ ਨਡੀਆਂ ਡੰਨਾ
ਉੱਤਰ ਨੀਰੂ ਜਾਲ ਤੇ ਦੱਖਣ ਭੱਟੀਆਂ ਬੱਧਾ ਕੰਨਾ
ਚਾਰ ਚੁਫੇਰੇ ਉਦੇ ਹਰਿਆਲੀ ਖੇਤ ਹਰੇ ਹਰਿਆਲੇ
ਠੰਢੇ ਪਾਣੀ ਵਾਲੇ ਚਸ਼ਮੇ ਚਾਂਦੀ ਰੁੜਦੇ ਨਾਲੇ
ਖੇਤਾਂ ਦੇ ਵਿੱਚ ਉੱਗ-ਉੱਗ ਜਾਵੇ ਜਿਹੜਾ ਬੀਜ ਉਗਾਈਏ
ਲਾਸਾਨੀ ਜ਼ਰਖੇਜ਼ੀ ਐਸੀ ਕੀ ਕੁੱਝ ਆਖ ਸੁਣਾਈਏ।
ਗੰਜੀ ਬੀਬੀ ਦੇ ਦਰਬਾਰੋਂ ਪਰਬੱਤ ਪਾਸੇ ਆਇਆ
ਜਿੰਨੀ ਵਾਰੀ ਤੱਕੋ ਇਸ ਨੂੰ ਲੱਗੇ ਰੂਪ ਸਵਾਇਆ।
ਕੰਗੜ ਕੱਸ ਉਦੇ 'ਚੋਂ ਨਿਕਲੇ ਠੰਢੇ ਪਾਣੀ ਵਾਲਾ
ਜਿਸਨੂੰ ਸੀਨੇ ਦੇ ਨਾਲ ਲਾਵੇ ਥਨੇ ਵਾਲਾ ਨਾਲਾ
ਇਸ ਗਰਾਂ ਵਿੱਚ ਕਈ ਮੁਹੱਲੇ ਰੌਣਕ ਮੇਲੇ ਰਸਦੇ
ਕਈ ਜ਼ਾਤਾਂ ਦੇ ਲੋਕ ਜਿਨ੍ਹਾਂ ਵਿੱਚ ਮੁੱਢ ਕਦੀਮੋਂ ਵੱਸਦੇ
ਭੱਟੀ, ਠੱਕੁਰ, ਖੋਖਰ, ਗੁੱਜਰ, ਕਸਬੀ ਲੋਕ ਤਮਾਮੀ
ਰੰਗ ਬਰੰਗੀ ਖਲਕਤ ਰੱਬ ਦੀ ਕੁੱਝ ਖ਼ਾਸੇ ਕੁੱਝ ਆਮੀ
ਨਾਰਮਿਆਂ ਦੇ ਕੁੱਝ ਘਰ ਇਸ ਵਿੱਚ ਕੁੱਝ ਜੰਝੂਏ ਰਹਿੰਦੇ
ਇਨ੍ਹਾਂ ਸਭਾਂ ਦਾ ਜੋ ਗੁਲਦਸਤਾ 'ਸਾਜ' ਇਸੇ ਨੂੰ ਕਹਿੰਦੇ
ਮੈਂ ਵੀ ਉਸ ਗਰਾਂ ਦੀ ਮਿੱਟੀ ਦਾ ਇੱਕ ਮਿੱਟੀ ਜਾਇਆ
ਜਿਸ ਮਿੱਟੀ ਨੇ ਦਿੱਤਾ ਮੈਨੂੰ ਸ਼ੇਅਰਾਂ ਦਾ ਸਰਮਾਇਆ।"

ਹਾਜੀ ਨਵਾਬਦੀਨ ਬਹੁਤੇ ਪੜ੍ਹੇ ਲਿਖੇ ਨਹੀਂ ਸਨ। ਉਨ੍ਹਾਂ ਮਕਤਬ ਤੇ ਮਦਰਸੇ ਤੋਂ ਮਾੜੀ ਮੋਟੀ ਅਰਬੀ ਤੇ ਉਰਦੂ ਜ਼ੁਬਾਨ ਸਿੱਖੀ। ਪਰ ਉਨ੍ਹਾਂ ਦੇ ਸੱਜਣ ਬੇਲੀ ਚੋਖੇ ਪੜ੍ਹੇ-ਲਿਖੇ ਸਨ, ਜਿਨ੍ਹਾਂ ਦੀ ਸੋਹਬਤ ਵਿੱਚ ਰਹਿ ਕੇ ਨਵਾਬ ਦੀਨ ਹੋਰਾਂ



CC-0. Sohail Kazmi Collection, Jammu. Digitized by eGangotri

ਪੰਜਾਬੀ, ਹਿੰਦੀ ਤੇ ਅਰਬੀ ਫ਼ਾਰਸੀ ਭਾਸ਼ਾਵਾਂ ਨੂੰ ਸਮਝਣ ਤੇ ਜਾਨਣ ਦਾ ਯਤਨ ਕੀਤਾ। ਹਾਜੀ ਨਵਾਬ ਦੀਨ ਨਵਾਬ ਹੋਰਾਂ ਬ੍ਰਿਟਿਸ਼ ਰੇਲਵੇ ਦੀ ਮੁਲਾਜ਼ਮਤ ਕਰ ਲਈ ਤੇ ਲੋਕੋ ਵਰਕਸ਼ਾਪ ਲਾਹੌਰ ਵਿੱਚ ਕੰਮ ਕਰਦੇ ਰਹੇ। ਪੰਦਰਾਂ ਸਾਲ ਨੌਕਰੀ ਕਰਨ ਮਗਰੋਂ ਜਦ ਇੱਕ ਘਟਨਾ ਵਿੱਚ ਉਨ੍ਹਾਂ ਦੀਆਂ ਉਂਗਲੀਆਂ ਕੱਟੀਆਂ ਗਈਆਂ ਤਾਂ ਉਨ੍ਹਾਂ ਨੇ 1935 ਵਿੱਚ ਪੈਨਸ਼ਨ ਲੈ ਲਈ। 1947 ਦੀ ਵੰਡ ਵੇਲੇ ਨਵਾਬ ਦੀਨ ਨਵਾਬ ਵੀ ਆਪਣੀ ਤੇ ਬਾਲ ਬੱਚਿਆਂ ਦੀ ਜਿੰਦ ਬਚਾ ਕੇ ਪਾਕਿਸਤਾਨ ਚਲੇ ਗਏ। ਪਰ ਜਨਮ ਭੂਮੀ ਦੀ ਮੁਹੱਬਤ ਉਨ੍ਹਾਂ ਨੂੰ 1953 ਵਿੱਚ ਫੇਰ ਰਾਜੌਰੀ ਲੈ ਆਈ। ਵਤਨ ਦੀ ਖਿੱਚ ਦਾ ਇਜ਼ਹਾਰ ਉਨ੍ਹਾਂ ਨੇ ਆਪਣੇ ਸ਼ੇਅਰਾਂ ਵਿੱਚ ਇੰਝ ਕੀਤਾ ਹੈ-

"ਵਤਨ ਆਪਣੇ ਦੀ ਸਿਕ ਨਵਾਬਾ ਲੈਣ ਆਰਾਮ ਨਾ ਦੇਂਦੀ
ਚੱਲਦਿਆਂ ਫਿਰਦਿਆਂ ਬਹਿੰਦਿਆਂ ਉਠਦਿਆਂ ਵਿੱਚ ਖਿਆਲਾਂ ਰਹਿੰਦੀ
ਯਾਦ ਆਵਨ ਜਦ ਸਾਕ ਕਬੀਲੇ ਰਿਸ਼ਤੇਦਾਰ ਪੁਰਾਣੇ
ਕੋਟ ਮਹੱਲੇ ਖੇਤ ਖਿਲਾੜੇ ਆਬਾਦੀ ਵਿਰਾਨੇ
ਦਿਲ ਕਰਦਾ ਏ ਜੇ ਪਰ ਹੋਣ ਲਾਵਾਂ ਇੱਕ ਉਡਾਰੀ
ਜਾ ਤੱਕਾਂ ਉਹ ਸਭ ਟਿਕਾਣੇ ਜੀਵਨ ਵਿੱਚ ਇੱਕ ਵਾਰੀ
ਫੇਰ ਬਿਨਾਂ ਸ਼ੱਕ ਜਾਨ ਆਸਾਡੀ ਜਿਸਮੋਂ ਵੱਖ ਹੋ ਜਾਵੇ
ਇਹ ਦੁਆ ਸਾਡੀ ਹਰਦਮ ਮੌਲਾ ਕਰਮ ਕਮਾਵੇ।"

ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੇਵਾ ਕਰਨ ਵਾਲਾ ਇਹ ਦਰਵੇਸ਼ ਅਗਸਤ 1986 ਵਿੱਚ 81 ਵਰ੍ਹਿਆਂ ਦਾ ਹੋ ਕੇ ਆਪਣੇ ਜੱਦੀ ਪਿੰਡ ਸਾਜ ਵਿੱਚ ਅਕਾਲ ਚਲਾਨਾ ਕਰ ਗਿਆ ਤੇ ਉਥੇ ਹੀ ਉਸਦਾ ਮਜ਼ਾਰ ਹੈ। ਉਨ੍ਹਾਂ ਦਾ ਮਸ਼ਹੂਰ ਕਿੱਸਾ 'ਇਸ਼ਕ ਨਾ ਪੁੱਛੇ ਜ਼ਾਤਾਂ' ਹੈ ਜੋ ਉਨ੍ਹਾਂ ਦੇ ਜੀਵਨ ਵਿੱਚ ਨਾ ਛਪ ਸਕਿਆ, ਪਰ ਉਨ੍ਹਾਂ ਦੇ ਪੁੱਤਰ ਪ੍ਰੋਫੈਸਰ ਮੁਹੰਮਦ ਰਫੀਕ ਭੱਟੀ ਹੋਰਾਂ ਕੋਲ ਮਹਿਫ਼ੂਜ਼ ਹੈ, ਜਿਹੜੇ ਪਾਕਿਸਤਾਨੀ ਕੰਟਰੋਲ ਵਾਲੇ ਕਸ਼ਮੀਰ ਵਿੱਚ ਰਹਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਇੱਕ ਲੰਮੀ ਕਵਿਤਾ 'ਹਿਜਰਤ ਨਾਮਾ' ਲਿਖੀ ਹੈ, ਜਿਸ ਵਿੱਚ ਜੰਮੂ-ਕਸ਼ਮੀਰ ਦੀ ਤਕਸੀਮ ਅਤੇ ਧਰਮ ਦੇ ਨਾਂ 'ਤੇ ਕੱਟ-ਵੱਢ ਤੇ ਪਲਾਇਨ ਬਾਰੇ ਵੇਰਵਾ ਦਿੱਤਾ ਗਿਆ ਹੈ। ਇਹ ਕਿਤਾਬ ਰਾਜੌਰੀ ਵਿੱਚ ਬੜੀ ਮਕਬੂਲ ਹੋਈ ਤੇ ਲੋਕਾਂ ਨੂੰ ਇਸਦੇ ਸ਼ੇਅਰ ਅੱਜ ਵੀ ਯਾਦ ਹਨ। ਕੁੱਝ ਸ਼ੇਅਰ ਵੇਖੋ-

"ਲੱਗੀਆਂ ਅੱਗਾਂ ਸੜੀਆਂ ਫਸਲਾਂ ਲੁੱਟੇ ਲੋਕ ਤਮਾਮੀ
ਛੋੜ ਘਰਾਂ ਨੂੰ ਟੁਰ ਗਏ ਸਾਰੇ ਕਿਆ ਖ਼ਾਸੇ ਕਿਆ ਆਮੀ
ਇੱਜ਼ਤ ਜਾਨ ਬਚਾਵਣ ਕਾਰਨ ਲੋਕਾਂ ਘਰ ਦਰ ਛੋੜੇ



CC-0. Sohail Kazmi Collection, Jammu. Digitized by eGangotri

ਰਿਸ਼ਤੇ ਨਾਤੇ ਸਾਕ ਕਬੀਲੇ ਉਸ ਮੁਸ਼ਕਲ ਵਿੱਚ ਤੋੜੇ
ਉਜੱੜ ਗਈ ਰਾਜੌਰ ਤਮਾਮੀ ਹੱਸਦੀ ਵੱਸਦੀ ਸਾਰੀ
ਪੁਣਛ ਰਿਆਸੀ ਮੇਂਢਰ ਅੰਦਰ ਖ਼ਲਕਤ ਹੋਈ ਖੁਆਰੀ।"

ਉਨ੍ਹਾਂ ਰੱਬ ਸੱਚੇ ਦੀ ਸਿਫਤ ਵਿੱਚ ਹਮਦ ਵੀ ਲਿਖੀ ਤੇ ਨਾਅਤਾਂ ਵੀ ਲਿਖੀਆਂ। ਫ਼ਾਰਸੀ ਦੀਆਂ ਕੁੱਝ ਹਕਾਇਤਾਂ ਦਾ ਪੰਜਾਬੀ ਕਵਿਤਾ ਵਿੱਚ ਤਰਜ਼ੁਮਾ ਵੀ ਕੀਤਾ। ਉਨ੍ਹਾਂ ਦੀ ਇੱਕ ਬੜੀ ਮਸ਼ਹੂਰ ਨਜ਼ਮ 'ਕਸੀਦਾ ਮਿੱਟੀ ਦਾ' ਹੈ, ਜਿਸਦੇ ਕੁੱਝ ਸ਼ੇਅਰ ਪੇਸ਼ ਨੇ-

"ਸੋਨਾ ਮਿੱਟੀ ਚਾਂਦੀ ਮਿੱਟੀ, ਮਿੱਟੀ ਗੁਲ ਫੁੱਲ ਨਾਰਾਂ
ਮਿੱਟੀ ਦੇ ਵਿੱਚ ਦੋਜ਼ਖ਼ ਜੱਨਤ ਮਿੱਟੀ ਵਿੱਚ ਬਹਾਰਾਂ
ਸੱਤ ਅਜੂਬੇ ਦੁਨੀਆ ਵਾਲੇ ਮਿੱਟੀ ਦੇ ਅਫਸਾਨੇ
ਵਿੱਚ ਅਸਮਾਨਾਂ ਲਾਂਦੀ ਫਿਰਦੀ ਮਿੱਟੀ ਨਵੇਂ ਯਰਾਨੇ
ਪਿਆਰ ਮੁਹੱਬਤ ਖ਼ਾਤਰ ਰੱਖੇ ਅੱਡ-ਅੱਡ ਆਪਣੀ ਝੋਲੀ
ਜਿਹੜਾ ਪਿਆਰ ਦੀ ਦੌਲਤ ਵੰਡੇ ਚੁੱਕੇ ਉਸ ਦੀ ਡੋਲੀ
ਇਸ ਪਾਰੋਂ ਮੈਂ ਮਿੱਟੀ ਆਪਣੀ ਚੁੰਮ ਅੱਖੀਆਂ ਸੰਗ ਲਾਵਾਂ
ਹੁਭ ਵਤਨ ਦੀ ਸਕਦੀ ਰਹਿੰਦੀ ਜਿਸ ਜਿਸ ਪਾਸੇ ਜਾਵਾਂ।"

ਕਿੱਸਾ 'ਇਸ਼ਕ ਨਾ ਪੁੱਛੇ ਜ਼ਾਤਾਂ' ਦਾ ਆਰੰਭ ਇੰਝ ਕੀਤਾ ਹੈ-

"ਅੱਵਲ ਆਖ਼ਿਰ ਖ਼ਾਲਿਕ ਮਾਲਿਕ ਕਾਦਿਰ ਕੁੱਦਰਤ ਵਾਲਾ
ਅਜ਼ਲੋਂ ਅਬਦੋਂ ਕਾਇਮ ਦਾਇਮ ਇਸਦਾ ਨੂਰ ਉਜਾਲਾ
ਜੋ ਕੁੱਝ ਹੋਇਆ ਜੋ ਕੁੱਝ ਹੁੰਦਾ ਜੋ ਕੁੱਝ ਹੋਵਣ ਵਾਲਾ
ਮਾਜ਼ੀਹਾਲ ਤੇ ਮੁਸਤਕਬਿਲ ਸਭ ਇਸਦਾ ਪਾਕ ਹਵਾਲਾ
ਸਭ ਮਖਲੂਕਾਂ ਵਿੱਚੋਂ ਅਫਜ਼ਲ ਆਦਿਮ ਜ਼ਾਤ ਬਣਾਈ
ਨਾਇਬ ਖ਼ਾਸ ਬਣਾ ਕੇ ਉਸਨੂੰ ਦੇ ਦਿੱਤੀ ਵਡਿਆਈ
ਬਾਲ ਚਿਰਾਗ਼ ਅਕੀਦਤ ਵਾਲਾ ਲੋਅ ਇਲਮ ਦੀ ਲਾਈਏ
ਹਮਦ ਬਿਆਨ ਨਾ ਮੁੱਕਦਾ ਜੇਕਰ ਸਦੀਆ ਲਿਖਦੇ ਜਾਈਏ।"

ਫਿਰ ਉਹ ਕਿੱਸੇ ਨੂੰ ਅੱਗੇ ਟੋਰਦੇ ਹਨ ਤੇ ਜੰਮੂ-ਕਸ਼ਮੀਰ ਅੰਦਰ ਰਾਜਨੀਤਿਕ ਤੇ ਆਰਥਿਕ ਤੇ ਜਾਗੀਰਦਾਰੀ ਤੇ ਬੰਦੋਬਸਤੀ ਲੁੱਟ ਖਸੁੱਟ ਦੀ ਤਸਵੀਰ ਖਿੱਚਦੇ ਹੋਏ ਕਹਿੰਦੇ ਹਨ-

"ਅੱਜਕੱਲ ਬੰਦੋਬਸਤ ਹੋਰਾਂ ਨੇ ਦੁਨੀਆ ਸਖ਼ਤ ਸਤਾਈ
ਅੰਡੇ ਮੁਰਗੀ ਚਾਵਲ ਮੱਖਣ ਘਰ ਵਿੱਚ ਰਿਹਾ ਨਾ ਕਾਈ
ਜਿਸ ਦਿਨ ਜਿਸ ਦਾ ਨੰਬਰ ਆਵੇ ਉਸ ਨੂੰ ਦੇਣ ਸਕਾਈ



CC-0. Sohail Kazmi Collection, Jammu. Digitized by eGangotri

ਪਹਿਲਾਂ ਪੁੱਛਣ ਸਾਡੇ ਕਾਰਨ ਕੀ ਖ਼ੁਰਾਕ ਬਣਾਈ
ਵਿੱਚ ਦੇਹਾਤ ਗਰੀਬਾਂ ਵਾਲੀ ਹੋ ਗਈ ਸਖ਼ਤ ਤਬਾਹੀ
ਅੱਜ ਕੱਲ੍ਹ ਬੰਦੋਬਸਤ ਹੋਰਾਂ ਨੇ ਦੁਨੀਆ ਸਖ਼ਤ ਸਤਾਈ।"

ਇਸੇ ਕਿੱਸੇ ਦੇ ਕੁਝ ਸ਼ੇਅਰ ਵੇਖੋ-

"ਮਰਦ ਸਿਆਣਾ ਕਾਮਲ ਕੋਈ ਹਿੰਮਤ ਜਦੋਂ ਨਾ ਕਰਸੀ
ਡੁੱਬਾ ਬੇੜਾ ਸਦੀਆਂ ਵਾਲਾ ਪਾਰ ਨਾ ਹਰਗਿਜ਼ ਤਰਸੀ
ਰੱਬ ਕਰੇ ਕਸ਼ਮੀਰ ਵਤਨ ਨੂੰ ਮਰਦ ਕੋਈ ਮਿਲ ਜਾਵੇ
ਡੁੱਬੀ ਕਿਸ਼ਤੀ ਦਰਿਆ ਵਿੱਚੋਂ ਕੰਢੇ ਮੋੜ ਲਗਾਵੇ
ਕੌਮ ਮੇਰੀ ਮਜ਼ਲੂਮ ਨਿਮਾਣੀ ਦੋ ਪਾਟਾਂ ਵਿੱਚ ਆਈ
ਅੱਗੇ ਅੱਗ ਦੇ ਭਾਂਬੜ ਬਲਦੇ ਪਿੱਛੇ ਇਸ ਦੇ ਖਾਈ
ਲੀਡਰ ਇਸ ਦੇ ਵੱਖੋ-ਵੱਖਰੇ ਆਪਣੀ ਬੀਣ ਬਜਾਂਦੇ
ਆਪਸ ਵਿੱਚ ਨਾ ਹੋਣ ਇੱਕੱਠੇ ਦੂਰ ਦੁਰਾਡੇ ਜਾਂਦੇ
ਰੱਬਾ ਆਪਣੀ ਰਹਿਮਤ ਪਾਰੋਂ ਲਾਜ ਅਸਾਡੀ ਰੱਖੀਂ
ਦਿਲ ਬੇਚੈਨ ਕਲੇਜਾ ਜ਼ਖ਼ਮੀ ਛਮ ਛਮ ਰੋਵਣ ਅੱਖੀਂ।"

ਹਾਜੀ ਨਵਾਬ ਦੀਨ ਨਵਾਬ ਹੋਰਾਂ ਆਪਣੇ ਇਲਾਕੇ ਦੀ ਗੁਰਬਤ ਅਤੇ ਇਸ ਨਾਲ ਜੁੜੇ ਬਾਕੀ ਮਸਲਿਆਂ ਦਾ ਬੜਾ ਗਹਿਰਾ ਅਧਿਐਨ ਕੀਤਾ ਹੈ। ਇਸ ਬਾਰੇ ਉਨ੍ਹਾਂ ਦੇ ਕੁੱਝ ਸ਼ੇਅਰ ਵੇਖੋ-

"ਇਸ ਮੌਕੇ ਨੂੰ ਜਾਣ ਗਨੀਮਤ ਅਰਜ਼ ਕਰਾਂ ਇੱਕ ਭਾਈ
ਗੁਰਬਤ ਦੇਸ ਅਸਾਡੇ ਅੰਦਰ ਹੈ ਇੱਕ ਬੜੀ ਬੁਰਾਈ
ਇਹ ਗੱਲ ਸਭ ਸਿਆਣੇ ਕਹਿੰਦੇ ਜਿਸ ਦੇ ਪੇਟ ਨਾ ਰੋਟੀ
ਨਹੀਂ ਭਰੋਸਾ ਉਸ ਦੇ ਉਤੇ ਉਸ ਦੀ ਹਰ ਗੱਲ ਖੋਟੀ
ਗੁਰਬਤ ਰੋਗ ਬਿਮਾਰੀ ਜ਼ਾਲਿਮ ਅਕਲ ਸਮਝ ਖਾ ਜਾਵੇ
ਗੁਰਬਤ ਅੰਦਰ ਬੰਦਾ ਆਪਣਾ ਅਸਲ ਮੁਕਾਮ ਭੁਲਾਵੇ
ਕੌਮ ਗਰੀਬ ਹੋਵੇ ਤੇ ਉਸਦੀ ਆਜ਼ਾਦੀ ਲੁੱਟ ਜਾਂਦੀ
ਦੂਜੀ ਕੌਮ ਉਦੇ 'ਤੇ ਆ ਕੇ ਆਪਣਾ ਹੁਕਮ ਚਲਾਂਦੀ
ਇਹ ਬਿਮਾਰੀ ਦੇਸ ਆਪਣੇ ਦੀ ਜਲਦੀ ਦੂਰ ਕਰਾਵੋ
ਮੁਲਕ ਬਚਾਓ ਕੌਮ ਬਚਾਓ ਆਪਣਾ ਈਮਾਨ ਬਚਾਓ।"

ਹਾਜੀ ਨਵਾਬ ਦੀਨ ਨਵਾਬ ਹੋਰਾਂ ਦਾ ਸੰਬੰਧ ਬੁਨਿਆਦੀ ਤੌਰ 'ਤੇ ਇੱਕ ਧਾਰਮਿਕ ਘਰਾਣੇ ਨਾਲ ਸੀ, ਇਸ ਲਈ ਉਨ੍ਹਾਂ ਇਸਲਾਮ ਤੇ ਇਸਲਾਮੀ ਕਿਤਾਬਾਂ ਦਾ ਡੂੰਘਾ ਅਧਿਐਨ ਕੀਤਾ ਤੇ ਆਪਣੇ ਸ਼ੇਅਰ ਵਿੱਚ ਇਸਲਾਮੀ ਇਤਿਹਾਸ ਦੀਆਂ


CC-0. Sohail Kazmi Collection, Jammu. Digitized by eGangotri

ਘਟਨਾਵਾਂ ਨੂੰ ਬਿਆਨਿਆ। ਜਿਵੇਂ ਹਜ਼ਰਤ ਮੁਹੰਮਦ ਦੇ ਆਖ਼ਰੀ ਖ਼ੁਤਬੇ (ਪ੍ਰਵਚਨ) ਦੀਆਂ ਕੁੱਝ ਗੱਲਾਂ ਸ਼ੇਅਰਾਂ ਵਿੱਚ ਇੰਝ ਕਹੀਆਂ-

"ਨਾ ਕੋਈ ਅਰਬੀ ਨਾ ਕੋਈ ਅਜ਼ਮੀਂ ਨਾ ਕੋਈ ਨੀਵਾਂ ਉਚੱਾ
ਚੰਗੇ ਜਿਸਦੇ ਅਮਲ ਜ਼ਿਆਦਾ ਉਸਨੂੰ ਜਾਣੋਂ ਸੁੱਚਾ
ਜ਼ਾਤ ਫਕਤ ਪਹਿਚਾਣ ਜ਼ਮਾਨੀ ਜਾਂ ਪਹਿਚਾਣ ਮਕਾਨੀਂ
ਅਮਲ ਬਣਾਵੇ ਉਚੱਾ ਨੀਵਾਂ ਫਾਨੀ ਤੇ ਲਾਫਾਨੀ
ਇਸ ਖ਼ੁਤਬੇ ਨੂੰ ਅੱਗੇ ਰੱਖ ਕੇ ਜੇ ਆਪਣੇ ਵੱਲ ਤੱਕੀਏ
ਵਿੱਚ ਕਚਹਿਰੀ ਪਾਰ ਨਬੀ ਦੀ ਮੂੰਹ ਨੂੰ ਕਿੱਥੇ ਰੱਖੀਏ।"

ਮਸਨਵੀ (ਕਿੱਸਾ) 'ਇਸ਼ਕ ਨਾ ਪੁੱਛੇ ਜ਼ਾਤਾਂ' ਆਪਣੇ ਸਮੇਂ ਦੇ ਰੀਤੀ-ਰਿਵਾਜਾਂ ਤੇ ਸੱਭਿਆਚਾਰ ਦੀ ਤਸਵੀਰਕਸ਼ੀ ਕਰਦਾ ਹੈ। ਇਸ ਵਿੱਚ ਇੱਕ ਦੂਜੇ ਲਈ ਬੇਲੋੜ ਮੁਹੱਬਤ ਤੇ ਕੁਰਬਾਨੀ ਦਾ ਜਜ਼ਬਾ ਹੈ। ਸਮਾਜ ਦੀਆਂ ਖ਼ੂਬੀਆਂ ਤੇ ਖ਼ਾਮੀਆਂ ਦਾ ਜ਼ਿਕਰ ਹੈ। ਜ਼ਾਤਾਂ ਤੇ ਕਬੀਲਿਆਂ ਦੀ ਆਪਸੀ ਦੁਸ਼ਮਣੀ ਦਾ ਵੇਰਵਾ ਹੈ, ਜਿਵੇਂ-

"ਸ਼ਾਹਿਦਾ ਬੀਬੀ ਦੇ ਚਾਚੇ ਨੇ ਹੋਰ ਸਲਾਹ ਬਣਾਈ
ਆਲਮ ਦੀਨ ਨੂੰ ਮਾਰਨ ਵਾਲੀ ਡੱਗੀ ਇਸ ਨੇ ਚਾਈਂ
ਰਿਸ਼ਤੇਦਾਰ ਕਬੀਲੇ ਇਸ ਨੇ ਆਣ ਇੱਕੱਠੇ ਕੀਤੇ
ਸਖ਼ਤ ਲੜਾਈ ਕਾਰਨ ਇਸ ਨੇ ਕੀਤੇ ਕੰਮ ਚੁਪੀਤੇ
ਸਾਜ ਗਰਾਂ ਦੇ ਉਸ ਦਿਨ ਕੜਕ ਪਈ ਅਸਮਾਨੀਂ
ਕੜਕਿਆ ਬੱਦਲ ਸਾਵਣ ਵਾਂਗੂੰ ਹਿੱਲੀ ਧਰਤ ਨਿਮਾਣੀ।

ਇੱਕ ਹੋਰ ਥਾਂ 'ਤੇ ਨਵਾਬ ਦੀਨ ਨਵਾਬ ਕਹਿੰਦੇ ਨੇ-

ਬੰਦਾ ਸਾਰ ਬੰਦੇ ਦਾ ਹੁੰਦਾ ਬੰਦਾ ਯਾਰ ਬੰਦੇ ਦਾ
ਬੰਦਾ ਬੰਦੇ ਪਿੱਛੇ ਮਰਦਾ ਬੰਦਾ ਪਿਆਰ ਬੰਦੇ ਦਾ
ਬੰਦੇ ਹੱਥੋਂ ਬੰਦਾ ਆਪਣੀ ਕਿਸ਼ਤੀ ਪਾਰ ਉਤਾਰੇ
ਬੰਦਾ ਆਪਣੇ ਹੱਥੋਂ ਬੰਦੇ ਦੀ ਤਕਦੀਰ ਸੰਵਾਰੇ
ਯਾਰ ਯਾਰਾਂ ਦੀ ਲਾਜ ਨਿਭਾਂਦੇ ਸੂਲੀ 'ਤੇ ਚੜ੍ਹ ਜਾਂਦੇ
ਆਉਣ ਵਾਲੀਆਂ ਨਸਲਾਂ ਕਾਰਨ ਇੱਕ ਮਿਸਾਲ ਬਣਾਂਦੇ।"

ਹਾਜੀ ਨਵਾਬ ਦੀਨ ਨਵਾਬ ਹੋਰੀਂ ਮੀਆਂ ਮੁਹੰਮਦ ਬਖ਼ਸ਼ ਤੋਂ ਬੜੇ ਪ੍ਰਭਾਵਿਤ ਸਨ। ਅਸਲ ਵਿੱਚ ਉਨ੍ਹਾਂ ਦੀ ਕਿਤਾਬ 'ਸੈਫ-ਉਲ-ਮਲੂਕ' ਨੂੰ ਪੜ੍ਹ ਕੇ ਹੀ ਉਨ੍ਹਾਂ ਨੂੰ ਕਿੱਸਾ 'ਇਸ਼ਕ ਨਾ ਪੁੱਛੇ ਜ਼ਾਤਾਂ' ਨੂੰ ਲਿਖਣ ਦੀ ਪ੍ਰੇਰਣਾ ਮਿਲੀ। ਆਪਣੀ ਨਿਮਰਤਾ ਤੇ ਇਨਕਸਾਰੀ ਦਾ ਬਿਆਨ ਇਨ੍ਹਾਂ ਸ਼ਬਦਾਂ ਵਿੱਚ ਕਰਦੇ ਹਨ-


CC-0. Sohail Kazmi Collection, Jammu. Digitized by eGangotri

"ਨਾ ਮੈਂ ਆਲਮ ਨਾ ਮੈ ਫਾਜ਼ਲ ਨਾ ਹੀ ਮੈ ਸਿਆਣਾ
ਸੱਚ ਹਕੀਕਤ ਆਖ ਸੁਣਾਵਾਂ ਮੈਂ ਨਾਦਾਨ ਅੰਜਾਣਾ
ਗੱਲ ਕਰਨ ਦਾ ਚੱਜ ਨਾ ਮੈਨੂੰ ਜਹਿਲ ਜਹਾਲਤ ਭਰਿਆ
ਉਸਦੀ ਕਿਸ਼ਤੀ ਅੰਦਰ ਬਹਿ ਕੇ ਇਸ ਦਰਿਆ 'ਚ ਤਰਿਆ
ਹੱਕੇ ਸੱਚੇ ਰਸਤੇ ਉਤੇ ਜਿਹੜਾ ਕਦਮ ਉਠਾਵੇ
ਰੱਬ ਦੀ ਰਹਿਮਤ ਉਸ ਦੇ ਉਤੇ ਹਰਦਮ ਸਾਇਆ ਪਾਵੇ
ਹਜ਼ਰਤ ਮੀਆਂ ਸਾਹਿਬ ਦੇ ਸੰਗ ਮੇਰਾ ਮੇਲ ਨਾ ਕਾਈ
ਉਹ ਸੋਨਾ ਮੈਂ ਸਵਾਹ ਸੁਹਾਗਾ ਉਹ ਪਰਬਤ ਮੈਂ ਰਾਈ
ਫੈਜ਼ ਉਨ੍ਹਾਂ ਦਾ ਰਹਿਮਤ ਤੇਰੀ ਨਵੀਂ ਕਿਤਾਬ ਬਣਾਵਾਂ
ਪੀੜ ਦਿਲੇ ਦੀ ਮੋਤੀਆਂ ਵਾਂਗੂੰ ਹਰਫਾਂ ਵਿੱਚ ਟਿਕਾਵਾਂ
ਗੁੰਝਲ ਗੁੱਥੀ ਸ਼ੇਅਰ ਸੁਖਣ ਦੀ ਰੱਬਾ ਤੂੰ ਸੁਲਝਾਈਂ
ਮਾਰੂਥਲ ਵਿੱਚ ਆ ਵੜਿਆ ਹਾਂ ਮੇਰੇ ਪੈਰ ਬਚਾਈਂ।"

ਹਾਜੀ ਨਵਾਬ ਦੀਨ ਹੋਰਾਂ ਦੀ ਸ਼ਾਇਰੀ ਵਿੱਚ ਸਰਲ ਭਾਸ਼ਾ, ਮਾਰਫਤ ਤੇ ਹਿਕਮਤ ਦਾ ਰੰਗ, ਜ਼ਬਾਨ ਦੀ ਰਵਾਨਗੀ ਮਿਲਦੀ ਹੈ ਤੇ ਉਨ੍ਹਾਂ ਦੇ ਕਲਾਮ ਦਾ ਟਾਕਰਾ ਕਿਸੇ ਵੀ ਕਲਾਸਿਕੀ ਪੰਜਾਬੀ ਸ਼ਾਇਰੀ ਦੇ ਕਲਾਮ ਨਾਲ ਕੀਤਾ ਜਾ ਸਕਦਾ ਹੈ।

*** *** ***


CC-0. Sohail Kazmi Collection, Jammu. Digitized by eGangotri

# ਬੇਨਾਮ ਨਸਲ ਦਾ ਸ਼ਾਇਰ- ਪ੍ਰਿਤਪਾਲ ਸਿੰਘ ਬੇਤਾਬ

ਪ੍ਰਿਤਪਾਲ ਸਿੰਘ ਬੇਤਾਬ ਮੇਰਾ ਬਚਪਨ ਅਤੇ ਜਵਾਨੀ ਦਾ ਦੋਸਤ ਹੈ। ਅਸੀਂ ਦੋਵਾਂ ਨੇ ਅਦਬੀ ਅਵਾਰਗੀ ਲਗਭਗ ਇੱਕੱਠੇ ਹੀ ਸ਼ੁਰੂ ਕੀਤੀ ਹੈ। ਅਸੀਂ ਦੋਵੇਂ ਆਪਣੀਆਂ ਰਚਨਾਵਾਂ 'ਬਜ਼ਮ-ਏ-ਫਰੋਗ-ਏ ਉਰਦੂ' ਵਿੱਚ ਆਲੋਚਨਾ ਲਈ ਪੇਸ਼ ਕਰਦੇ ਸੀ, ਜਿੱਥੇ ਬਹੁ ਗਿਣਤੀ ਪਰੰਪਰਾਵਾਦੀਆਂ ਦੀ ਹੁੰਦੀ ਸੀ। ਨਵੇਂ ਰੁਝਾਨ ਅਤੇ ਆਧੁਨਿਕਤਾ ਜਾਂ ਉੱਤਰ ਆਧੁਨਿਕਤਾ ਉਹਨਾਂ ਲੋਕਾਂ ਤੋਂ ਹਜ਼ਮ ਨਹੀਂ ਸੀ ਹੁੰਦੀ। ਨਤੀਜੇ ਵੱਜੋਂ ਕਈ ਵਾਰੀ ਬਜ਼ਮ ਦਾ ਮਾਹੌਲ ਪਰੰਪਰਾ ਦੀ ਰਾਖ ਅਤੇ ਨਵੇਂ ਰੁਝਾਨਾਂ ਦੇ ਅਲਾਵ ਨਾਲ ਸਰਦ ਗਰਮ ਹੋ ਜਾਂਦਾ ਅਤੇ ਕਦੇ-ਕਦੇ ਤੇਜ਼ ਤੱਰਾਰ ਹਵਾਵਾਂ ਵੀ ਚੱਲਣ ਲੱਗ ਪੈਂਦੀਆਂ। 'ਬਜ਼ਮ-ਏ-ਫਰੋਗ-ਏ-ਉਰਦੂ' ਦੀਆਂ ਇਹਨਾਂ ਬੈਠਕਾਂ ਵਿੱਚ ਰਾਜ ਕੁਮਾਰ ਚੰਦਨ ਅਤੇ ਆਨੰਦ ਲਹਿਰ ਵੀ ਸਾਡੀ ਡਾਚੀ ਦੇ ਸਵਾਰ ਹੁੰਦੇ। ਬੇਤਾਬ ਨਵੀਂ ਸੋਚ ਅਤੇ ਨਵੇਂ ਰੁਝਾਨ ਨਾਲ ਉਰਦੂ ਸ਼ਾਇਰੀ ਦੇ ਅਖਾੜੇ ਵਿੱਚ ਕੁੱਦਿਆ ਸੀ ਅਤੇ ਆਪਣੇ ਨਜ਼ਰੀਏ ਅਤੇ ਅਧਿਐਨ ਦੇ ਜ਼ੋਰ 'ਤੇ ਕਿਸੇ ਨੂੰ ਘੱਟ ਹੀ ਖ਼ਾਤਿਰ ਵਿੱਚ ਲਿਆਉਂਦਾ ਸੀ। ਬੇਤਾਬ ਕੋਲ ਅੱਖਰਾਂ ਦੀ ਤਹਿਜ਼ੀਬ ਸੀ, ਕਲਪਨਾ ਦੀ ਸਜਾਵਟ ਸੀ, ਨਵੀਂ ਸੋਚ ਸੀ। ਉਹ ਕਾਇਨਾਤ ਦੇ ਅਲੱਗ ਅਲੱਗ ਰੰਗਾਂ ਨੂੰ ਨਵੇਂ ਪ੍ਰਤਿਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਆਪਣੀਆਂ ਨਜ਼ਮਾਂ ਅਤੇ ਗ਼ਜ਼ਲਾਂ ਵਿੱਚ ਪੇਸ਼ ਕਰਦਾ। ਉਹ ਪਰੰਪਰਾਵਾਦੀ ਬਿਲਕੁਲ ਨਹੀਂ ਸੀ, ਪਰ ਉਹਨੂੰ ਰਵਾਇਤ ਪਸੰਦ ਕਿਹਾ ਜਾ ਸਕਦਾ ਹੈ, ਕਿਉਂਕਿ ਦਿਲ ਦਿਮਾਗ ਵਾਲੀ ਪੁਰਾਣੀ ਸ਼ਾਇਰੀ ਦਾ ਉਹ ਪਰਸਤਾਰ ਸੀ। ਪੁਰਾਣੇ ਉਸਤਾਦਾਂ ਦੇ ਸ਼ੇਅਰਾਂ ਨੂੰ ਉਹ ਨਵੇਂ ਅਰਥ ਦੇਂਦਾ-

"ਮੈਂ ਨੇ ਕਬ ਕਹਾ ਤੂ ਗੁਹਰ ਨਹੀਂ ਜ਼ਰਾ ਪੱਥਰੋਂ ਸੇ ਜੁਦਾ ਤੋ ਲਗ
ਤੂ ਜਮੀਲ ਹੈ ਯੇ ਬਜਾ ਮਗਰ ਮੁਝੇ ਭੀ ਤੋ ਜ਼ੌਕ-ਏ-ਜਮਾਲ ਦੇ।
ਮੈਂ ਜੋ ਸੰਗਜ਼ਾਦ ਅਜ਼ਲ ਸੇ ਹੂੰ ਮੇਰੀ ਆਂਖ ਮੇਂ ਕਈ ਖ਼੍ਵਾਬ ਹੈਂ
ਮੁਝੇ ਗੀਲੀ ਮਿੱਟੀ ਸਾ ਨਰਮ ਕਰ ਕਿਸੀ ਬੁੱਤ ਮੇਂ ਮੁਝ ਕੋ ਭੀ ਢਾਲ ਦੇ।
ਜੋ ਬਰਾਬਰੀ ਪੇ ਦਿਖਾਈ ਦੇ ਕੋਈ ਹੋਗਾ ਤੇਰੇ ਜਹਾਨ ਮੇਂ।
ਜੋ ਸਵਾਲ ਹੂੰ ਤੋ ਜਵਾਬ ਦੇ ਮੈਂ ਜਵਾਬ ਹੂੰ ਤੋ ਸਵਾਲ ਦੇ।"

ਚੰਗਾ ਸ਼ੇਅਰ ਅੰਮ੍ਰਿਤ ਤੋਂ ਘੱਟ ਨਹੀਂ ਹੁੰਦਾ। ਉਸਨੂੰ ਸੋਨੇ ਦੇ ਪਾਣੀ ਨਾਲ



CC-0. Sohail Kazmi Collection, Jammu. Digitized by eGangotri

ਕਾਗਜ਼ 'ਤੇ ਉਤਾਰ ਦਿਓ ਜਾਂ ਕੋਲੇ ਨਾਲ ਕੰਧ 'ਤੇ ਲਿਖ ਦਿਓ, ਉਸਦੀ ਸੁੰਦਰਤਾ ਵਿੱਚ ਕੋਈ ਫਰਕ ਨਹੀਂ ਪੈਂਦਾ। ਘਟੀਆ ਸ਼ੇਅਰ ਲਈ ਵੀ ਇਹੋ ਗੱਲ ਕਹੀ ਜਾ ਸਕਦੀ ਹੈ। ਧਨ ਦੀ ਧਮਕ ਤੇ ਤਾਕਤ ਦੀ ਚਮਕ, ਚਮਚੇ ਤਾਂ ਪੈਦਾ ਕਰ ਸਕਦੀ ਹੈ, ਪਰ ਸ਼ੇਅਰ ਨੂੰ ਵਧੀਆ ਨਹੀਂ ਬਣਾ ਸਕਦੀ। ਚੰਗੀ ਸ਼ਾਇਰੀ ਮਾਨਵੀ ਭਾਵਨਾਵਾਂ ਦੀ ਤਰਜ਼ਮਾਨੀ ਕਰਦੀ ਹੈ। ਚੰਗੇ ਸ਼ੇਅਰ ਦੀ ਉਮਰ ਸਦੀਆਂ ਤੇ ਫੈਲੀ ਹੋਈ ਹੁੰਦੀ ਹੈ ਅਤੇ ਸ਼ਾਇਰ ਨੂੰ ਅਮਰ ਬਣਾ ਦਿੰਦੀ ਹੈ। ਬੇਤਾਬ ਦੇ ਹੇਠ ਲਿਖੇ ਸ਼ੇਅਰ ਵੀ ਇਸੇ ਸ਼੍ਰੇਣੀ ਦੇ ਸ਼ੇਅਰ ਹਨ-

"ਮੌਜੋਂ ਕੇ ਸਾਥ ਦੂਰ ਤਲਕ ਬਹਿ ਗਏ ਥੇ ਹਮ
ਫਿਰ ਜਾਣੇ ਕਬ ਚੜ੍ਹਾ ਹੂਆ ਦਰਿਆ ਉਤਰ ਗਿਆ।
ਦੀਵਾਰ-ਓ-ਦਰ ਖੜੇ ਰਹੇ ਬਾਹਰ ਉਸੀ ਤਰ੍ਹਾਂ
ਔਰ ਜ਼ਲਜ਼ਲਾ ਮਕਾਨ ਕੇ ਅੰਦਰ ਉਤਰ ਗਿਆ।
ਕੋਈ ਦਿਨ ਅਨਾ ਕੋ ਸਿਫਰ ਦੇਖਨਾ
ਫਿਰ ਆਪਣੀ ਸਦਾ ਕਾ ਅਸਰ ਦੇਖਨਾ।"

-0-0-0-

"ਚਰਾਗ਼ ਆਜ ਭੀ ਜਲ ਰਹਾ ਹੈ ਯਹਾਂ
ਕਭੀ ਆ ਕੇ ਮੇਰਾ ਖੰਡਰ ਦੇਖਣਾ।"

-0-0-0-

"ਨਾ ਦੇ ਪੁਖਤਾ ਇਮਾਰਤ ਇੱਕ ਖੰਡਰ ਦੇ
ਮੈਂ ਬੇਘਰ ਹੂੰ ਮੁਝੇ ਭੀ ਇੱਕ ਘਰ ਦੇ।
ਨਾ ਦੇ ਊਂਚਾਈ ਬੇਸ਼ੱਕ ਮੇਰੇ ਕਦ ਕੋ
ਮਿਰੀ ਹਰ ਸ਼ਾਖ਼ ਕੋ ਲੇਕਿਨ ਸਮਰ ਦੇ।
ਫਰਿਸ਼ਤਾ ਮੇਰੇ ਹਿੱਸੇ ਕਾ ਅਤਾ ਕਰ
ਮੁਝੇ ਭੀ ਮੇਰੇ ਹੋਨੇ ਕੀ ਖ਼ਬਰ ਦੇ।"

ਪ੍ਰਿਤਪਾਲ ਸਿੰਘ ਬੇਤਾਬ ਨਾ ਉਬਾਲੀ ਤਬੀਅਤ ਦਾ ਮਾਲਿਕ ਹੈ। ਚਾਹ ਦੀਆਂ ਦੁਕਾਨਾਂ ਵਿੱਚ ਮਹਿਫਲਾਂ ਸਜਾਣਾ, ਤਿੰਨ ਬਟਾ ਛੇ ਕੱਪ ਚਾਹ ਦਾ ਆਰਡਰ ਦੇਣਾ ਅਤੇ ਮਸਤੀ ਮਲੰਗੀ ਵਿੱਚ ਦਿਨ ਗੁਜ਼ਾਰਨਾ ਰੋਜ਼ ਦਾ ਮਾਮੂਲ ਸੀ। ਇਸੇ ਮਲੰਗੀ ਵਿੱਚ ਉਸਨੇ ਸਾਇੰਸ ਦੇ ਵਿਸ਼ਿਆਂ ਨਾਲ ਗ੍ਰੈਜੂਏਸ਼ਨ ਕਰ ਲਈ, ਵਕਾਲਤ ਵੀ ਪੜ੍ਹ ਲਈ ਅਤੇ ਵੇਖਦੇ ਹੀ ਵੇਖਦੇ ਉਸਨੇ ਕਸ਼ਮੀਰ ਐਡਮਿਨਿਸਟ੍ਰੇਟਿਵ ਸਰਵਿਸ ਦਾ ਇਮਤਿਹਾਨ ਵੀ ਪਾਸ ਕਰ ਲਿਆ। ਉਹਦੀ ਪਹਿਲੀ ਨਿਯੁਕਤੀ ਸਿਵਿਲ ਸਕੱਤ੍ਰੇਤ ਵਿੱਚ ਅੰਡਰ ਸੈਕ੍ਰੇਟਰੀ ਦੇ ਤੌਰ 'ਤੇ ਹੋਈ, ਜਿੱਥੇ ਨਾਚੀਜ਼ ਪਹਿਲੇ ਤੋਂ



CC-0. Sohail Kazmi Collection, Jammu. Digitized by eGangotri

ਹੀ ਨਾਇਬ ਵਜ਼ੀਰ-ਏ-ਆਲਾ ਮਿਰਜ਼ਾ ਅਫਜ਼ਲ ਬੇਗ ਦੇ ਪੀ.ਏ. ਦੇ ਤੌਰ 'ਤੇ ਮੌਜੂਦ ਸੀ। ਮਹਿਫਲਾਂ ਹੁਣ ਮੇਰੇ ਦਫਤਰ ਦੇ ਕਮਰੇ ਵਿੱਚ ਸੱਜਣ ਲੱਗੀਆਂ, ਇਹਨਾਂ ਵਿੱਚ ਬੇਤਾਬ ਦੇ ਨਾਲ-ਨਾਲ ਸਾਰਾ K.A.S. ਗਰੁੱਪ ਸ਼ਾਮਿਲ ਹੁੰਦਾ। ਬੇਤਾਬ ਦੀ ਬਦੌਲਤ ਮੇਰੀ ਵਾਕਫੀ ਤਨਵੀਰ ਜਹਾਂ, ਨਸੀਮ ਲੰਕਰ, ਮਸਊਦ ਸਾਮੂੰ, ਸਈਅਦ ਫਜ਼ਲ ਉਲੱਾ ਅਤੇ ਦਲੀਪ ਸਿੰਘ ਵਗੈਰਾ ਨਾਲ ਹੋਈ ਤੇ ਇਹ ਵਾਕਫੀਅਤ ਦੋਸਤੀ ਅਤੇ ਬਰਾਦਰਾਨਾ ਰਿਸ਼ਤਿਆਂ ਵਿੱਚ ਬਦਲ ਗਈ ਜੋ ਅੱਜ ਤਕ ਕਾਇਮ ਹੈ। ਇਸੇ ਦੌਰਾਨ ਬੇਤਾਬ ਦੀ ਜ਼ਿੰਦਗੀ ਵਿੱਚ ਇੱਕ ਤੂਫਾਨ ਆਇਆ। ਇਸ ਤੂਫਾਨ 'ਚੋਂ ਬਾਹਰ ਨਿਕਲਣ ਲਈ ਨਾਚੀਜ਼ ਨੇ ਬੇਤਾਬ ਦਾ ਭਰਪੂਰ ਸਾਥ ਦਿੱਤਾ। ਬੇਤਾਬ ਅਨੂ ਭਾਬੀ ਨਾਲ ਕੁੱਝ ਦੇਰ ਮੇਰੇ ਕੋਲ ਰਿਹਾ। ਕੁੱਝ ਦੇਰ ਬਾਅਦ ਤੂਫਾਨ ਥੰਮ ਗਿਆ ਅਤੇ ਬੇਤਾਬ ਆਪਣੇ ਪਿਆਰ ਦੀ ਕਿਸ਼ਤੀ ਨੂੰ ਕਾਮਯਾਬੀ ਨਾਲ ਭੰਵਰ 'ਚੋਂ ਬਾਹਰ ਕੱਢ ਲਿਆਇਆ ਅਤੇ ਆਪਣੇ ਅੰਦਾਜ਼ ਵਿੱਚ ਜ਼ਿੰਦਗੀ ਜੀਊਣ ਲੱਗ ਪਿਆ। ਉਹਨਾਂ ਦਿਨਾਂ ਦੀ ਬੇਤਾਬ ਦੀ ਸ਼ਾਇਰੀ ਵਿੱਚ ਤਲਖੀ, ਦਰਦ, ਪ੍ਰੇਸ਼ਾਨੀ ਅਤੇ ਸਮਾਜ ਦੇ ਦੋਗਲੇਪਨ ਦੀ ਬਦਸੂਰਤੀ ਨਜ਼ਰ ਆਉਂਦੀ ਹੈ-

"ਹਰ ਤਰਫ ਆਸੇਬ ਨੇ ਜਬ ਆਪਣੇ ਪਰ ਫੈਲਾ ਦੀਏ
ਔਰ ਕੁੱਝ ਚਾਰਾ ਨਹੀਂ ਥਾ ਘਰ ਕੋ ਠੁਕਰਾਨਾ ਪੜਾ।"

-0-0-0-

"ਮੇਰੀ ਹਿਜਰਤ ਅਜੀਬ ਹਿਜਰਤ ਥੀ
ਘਰ ਮੇਂ ਥਾ ਫਿਰ ਭੀ ਘਰ ਸੇ ਬਾਹਰ ਥਾ।
ਮੁਝ ਪੇ ਸਦੀਆਂ ਗੁਜ਼ਾਰਨੇ ਵਾਲੋ
ਮੈਂ ਤੋ ਰਸਤੇ ਕਾ ਮੀਲ ਪੱਥਰ ਥਾ।"

-0-0-0-

"ਤਾਰੀਕ ਜੰਗਲੋਂ ਮੇਂ ਤੋ ਮਹਿਫੂਜ਼ ਹਮ ਰਹੇ
ਅਪਣੀ ਪਨਾਹ ਗਾਹੋਂ ਮੇਂ ਬੇਆਸਰਾ ਹੂਏ।"

-0-0-0-

"ਘਰ ਸੇ ਮੁਝੇ ਨਿਕਾਲ ਕੇ ਖੁਸ਼ ਹੋ ਗਿਆ ਥਾ ਵੋ
ਮੈਂ ਤੋ ਮਗਰ ਬਸਾ ਹੂਆ ਸਾਰੇ ਨਗਰ ਮੇਂ ਥਾ।"

-0-0-0-

"ਸਰ ਸੇ ਭੀ ਊਂਚਾ ਹੋਨੇ ਕੋ ਸੈਲਾਬ ਥਾ ਮਗਰ
ਸਹਿਰਾ ਕਾ ਸਿਲਸਿਲਾ ਅਭੀ ਮੇਰੀ ਨਜ਼ਰ ਮੇਂ ਥਾ।"


CC-0. Sohail Kazmi Collection, Jammu. Digitized by eGangotri

ਪ੍ਰਿਤਪਾਲ ਸਿੰਘ ਬੇਤਾਬ ਆਪਣੇ ਅਕੀਦੇ ਅਤੇ ਆਪਣੀ ਸੋਚ 'ਤੇ ਕਾਇਮ ਰਿਹਾ। ਉਸਦੀ ਸ਼ਾਇਰੀ ਸਿਆਸੀ ਅਤੇ ਸਮਾਜੀ ਉਥਲ ਪੁਥਲ, ਤਹਿਜ਼ੀਬੀ ਰੱਖ ਰਖਾਵ ਦੀ ਟੁੱਟ ਫੁੱਟ, ਬੇਲੋੜ ਅਤੇ ਅਸੁਰੱਖਿਅਤ ਜ਼ਿੰਦਗੀ, ਬਿਖਰਾਵ ਅਤੇ ਖ਼ਾਲੀਪਨ ਦੀ ਤਸਵੀਰ ਪੇਸ਼ ਕਰਦੀ ਹੈ-

"ਜ਼ਲਜ਼ਲੋਂ ਕਾ ਇੱਕ ਤਸਲਸਲ ਸ਼ਹਿਰ ਸ਼ਹਿਰ
ਲਮਹਾ ਲਮਹਾ ਖ਼ਸਤਗੀ ਘਰ ਘਰ ਉਦਾਸ।"

-0-0-0-

"ਆਲਾਮ ਕੀ ਜ਼ਦ ਮੇਂ ਹੈ ਮਗਰ ਸ਼ਾਦ ਬਹੁਤ ਹੈ
ਦਿਲ ਅਹਿਦ-ਏ-ਗੁਲਾਮੀ ਮੇਂ ਭੀ ਆਜ਼ਾਦ ਬਹੁਤ ਹੈ।
ਸੋ ਰੰਗ ਸੇ ਆਬਾਦ ਕੀਆ ਹੈ ਇਸੇ ਹਮ ਨੇ
ਯੇ ਸ਼ਹਿਰ-ਏ-ਤਮੱਨਾ ਹੈ ਕਿ ਬਰਬਾਦ ਬਹੁਤ ਹੈ।"

-0-0-0-

"ਅਸਲੀ ਚਿਹਰੇ ਕਿਤਨੇ ਸਹਿਮੇ ਸਹਿਮੇ ਨਿਕਲੇ
ਹਮੇਂ ਲੂਟਨੇ ਵਾਲੇ ਭੀ ਹਮ ਜੈਸੇ ਨਿਕਲੇ।
ਕਿਆ ਜੋਗੀ ਸੰਨਿਆਸੀ, ਕਿਆ ਭੋਗੀ ਸੰਸਾਰੀ
ਕਪੜੋਂ ਸੇ ਬਾਹਰ ਹਮ ਸਭ ਇੱਕ ਜੈਸੇ ਨਿਕਲੇ।

ਆਸਕਰ ਵਾਈਲਡਜ਼ ਦਾ ਕਥਨ ਹੈ ਕਿ ਜੋ ਸ਼ਖ਼ਸ ਜਿਸਮ ਅਤੇ ਰੂਹ ਵਿੱਚ ਫਰਕ ਕਰੇ, ਉਸਦਾ ਨਾ ਕੋਈ ਜਿਸਮ ਹੈ ਅਤੇ ਨਾ ਹੀ ਰੂਹ। ਇਸ ਕਥਨ 'ਤੇ ਬੇਤਾਬ ਪੂਰਾ ਉਤਰਦਾ ਹੈ। ਉਸਦੀ ਸ਼ਾਇਰੀ ਵਿੱਚ ਸਰੀਰ ਅਤੇ ਆਤਮਾ ਇੱਕੋ ਹੀ ਤੱਤ ਦਾ ਨਾਮ ਹੈ। ਲੱਗਦਾ ਹੈ ਉਹ ਤਸਵੁੱਫ ਦੀ ਦੁਨੀਆ ਵਿੱਚ ਘੁੰਮ ਰਿਹਾ ਹੈ। ਸੂਫੀਆਂ ਅਤੇ ਸੰਤਾਂ ਦੀ ਬਾਣੀ ਦੀ ਖ਼ੁਮਾਰੀ ਵਿੱਚ ਮਸਤ ਹੈ-

"ਏਕ ਦਿਨ ਸੋਚਾ ਥਾ ਉਜਲੇ ਹੋ ਜਾਏਂ
ਤਨ ਕੋ ਧੋਇਆ ਥਾ ਕਿ ਮਨ ਯਾਦ ਆਇਆ।
ਜ਼ਿੰਦਗੀ ਕਟ ਗਈ ਬੇ ਨੰਗ-ਓ-ਨਾਮ
ਕਬਰ ਮੇਂ ਥੇ ਤੋ ਕਫਨ ਯਾਦ ਆਇਆ।"

-0-0-0-

"ਜਿਸੇ ਹਰ ਰੋਜ਼ ਬਾਹਰ ਢੂੰਡਤੇ ਥੇ
ਉਸੇ ਹਰ ਰੋਜ਼ ਅੰਦਰ ਦੇਖਨਾ ਥਾ।
ਕਦਆਵਰ ਅਪਨੀ ਖ਼੍ਵਾਹਿਸ਼ ਥੀ ਕਿ ਖ਼ੁਦ ਕੋ
ਤੇਰੇ ਕਦ ਕੇ ਬਰਾਬਰ ਦੇਖਨਾ ਥਾ।


CC-0. Sohail Kazmi Collection, Jammu. Digitized by eGangotri

-0-0-0-

ਸਾਰੇ ਦਰਵਾਜ਼ੇ ਖੁਲੇ ਬਾਹਰ ਕੀ ਸਮਤ
ਏਕ ਦਰਵਾਜ਼ਾ ਮਗਰ ਅੰਦਰ ਖੁਲਾ।
ਆਸਮਾਂ! ਚਾਦਰ ਤੇਰੀ ਫੱਟ ਜਾਏਗੀ
ਮੇਰੇ ਅੰਦਰ ਕਾ ਅਗਰ ਜ਼ੋਹਰ ਖੁਲਾ।'

-0-0-0-

"ਦੁਨੀਆ ਮੇਂ ਹਮ ਥੇ ਤੋ ਅਪਨੀਂ ਯਾਦ ਨਾ ਥੀ
ਅੰਦਰ ਸਫ਼ਰ ਕੀਆ ਤੋ ਬਾਹਰ ਭੂਲ ਗਏ।'

ਬੇਤਾਬ ਦੇ ਪਹਿਲੇ ਕਾਵਿ-ਸੰਗ੍ਰਹਿ 'ਪੇਸ਼ ਖ਼ੇਮਾ' ਦਾ ਮੁਖਬੰਦ ਸ਼ਮਸ-ਉਲ ਰਹਿਮਾਨ ਫ਼ਾਰੂਕੀ ਨੇ ਲਿਖਿਆ। ਉਸਦਾ ਕਹਿਣਾ ਹੈ, "ਬੇਤਾਬ ਆਪਣੀਆ ਨਜ਼ਮਾਂ ਵਿੱਚ ਥੋੜ੍ਹੇ ਤਲਖ, ਥੋੜੇ ਬਹੁਤ ਗੁਸੀਲੇ, ਥੋੜੇ ਅਲਬੇਲੇ ਨਜ਼ਰ ਆਉਂਦੇ ਹਨ। ਉਹਨਾਂ ਦੇ ਅੰਦਰ ਛਾਇਆ ਵਾਦ ਵੀ ਹੈ।" ਬਲਰਾਜ ਕੋਮਲ 'ਮੌਜ-ਏ-ਰੇਗ' ਵਿੱਚ ਆਪਣੇ ਮੁਖਬੰਦ ਵਿੱਚ ਲਿਖਦੇ ਹਨ, "ਬੇਤਾਬ ਦੀਆਂ ਗਜ਼ਲਾਂ ਦਾ ਅਧਿਐਨ ਕਰਦੇ ਹੋਏ ਮੈਨੂੰ ਅਕਸਰ ਅਹਿਸਾਸ ਹੋਇਆ ਹੈ ਕਿ ਉਹਨਾਂ ਦਾ ਰਚਨਾਤਮਕ ਪ੍ਰਤੀਕਰਮ ਇਨਤਿਹਾਵਾਂ (Infinites) ਅਤੇ ਇਨਤਿਹਾਵਾਂ ਦੇ ਦਰਮਿਆਨ ਦਿਖਾਈ ਦੇਣ ਵਾਲੇ ਅਮਲਾਂ ਦੀ ਜਮਾਲੀਆਤੀ (Aesthetic) ਮਾਨਵੀਅਤ ਅਤੇ ਪੇਸ਼ਕਸ਼ ਨਾਲ ਸੰਬੰਧ ਰੱਖਦੀ ਹੈ।" ਉਹ ਅੱਗੇ ਚੱਲ ਕੇ ਲਿਖਦੇ ਹਨ, "ਬੇਤਾਬ ਦਾ ਕਲਮ ਇੱਕੋ ਸਮੇਂ ਕਵੀ ਦਾ ਕਲਮ ਵੀ ਹੈ ਅਤੇ ਚਿੱਤਰਕਾਰ ਦੀ ਰਚਨਾਤਮਕ ਛੁਹ ਵੀ ਹੈ। ਆਪਣੇ ਹੁਨਰਮੰਦ ਹੱਥ ਨਾਲ ਉਹਨਾਂ ਨੇ ਜੋ ਸੰਸਕ੍ਰਿਤਿਕ ਦ੍ਰਿਸ਼ ਪੇਸ਼ ਕੀਤਾ ਹੈ, ਉਹ ਇੱਕੋ ਸਮੇਂ ਕਾਵਿਆਤਮਕ ਪ੍ਰਤੀਕਰਮ ਅਤੇ ਬੁੱਧੀਜੀਵੀ ਦਿਲਕਸ਼ੀ ਦੀਆਂ ਰੰਗ ਰੋਸ਼ਨੀਆਂ ਦਾ ਨਮੂਨਾ ਹੈ।"

ਬੇਤਾਬ ਦੇ ਹੁਣ ਤਕ ਪੰਜ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। 'ਪੇਸ਼-ਖ਼ੇਮਾ', 'ਸਰਾਬ ਦਰ ਸਰਾਬ', 'ਖ਼ੁਦ ਰੰਗ', 'ਮੌਜ-ਏ-ਰੇਗ' ਅਤੇ 'ਨਜ਼ਮ ਇੱਕੀਸਵੀਂ ਸਦੀ'। ਉਸ ਦੀਆਂ ਕੁੱਝ ਨਜ਼ਮਾਂ ਦਾ ਅੰਗਰੇਜ਼ੀ ਅਨੁਵਾਦ ਅਜ਼ੀਜ਼ ਪਰਿਹਾਰ ਨੇ ਕੀਤਾ ਹੈ ਜੋ 'The Third Stand' ਦੇ ਨਾਮ ਨਾਲ ਪ੍ਰਕਾਸ਼ਿਤ ਹੋ ਚੁੱਕਿਆ ਹੈ। ਉਸ ਦੀਆਂ ਗਜ਼ਲਾਂ ਦੇ ਦੋ ਸੰਗ੍ਰਹਿ ਦੇਵਨਾਗਰੀ ਲਿੱਪੀ ਵਿੱਚ 'ਕੈਕਟਸ ਔਰ ਗੁਲਾਬ' ਅਤੇ 'ਸ਼ਹਿਰ-ਏ-ਗਜ਼ਲ' ਨਾਮ ਨਾਲ ਛਪ ਚੁੱਕੇ ਹਨ। ਆਪਣੀਆਂ ਗਜ਼ਲਾਂ ਅਤੇ ਨਜ਼ਮਾਂ ਰਾਹੀਂ ਬੇਤਾਬ ਆਪਣੇ ਵਿਅਕਤਿਤਵ ਦਾ ਸਿੱਕਾ ਮਨਾਉਣ ਵਿੱਚ ਕਾਮਯਾਬ ਹੋ ਚੁੱਕਾ ਹੈ। ਉਹਦੇ ਕੋਲ ਤਰਨੁੰਮ ਨਹੀਂ, ਪਰ ਇੱਕ ਆਪਣਾ ਨਿੱਜੀ ਲਹਿਜ਼ਾ ਹੈ। ਸ਼ੇਅਰਾਂ ਵਿੱਚ ਆਮ ਲਫਜ਼ਾਂ ਦੇ ਰਚਨਾਤਮਕ



CC-0. Sohail Kazmi Collection, Jammu. Digitized by eGangotri

ਬਰਤਾਵ ਅਤੇ ਗੰਭੀਰ ਰਚਾਵ ਨੇ ਉਸ ਦੀਆਂ ਨਜ਼ਮਾਂ ਅਤੇ ਗਜ਼ਲਾਂ ਨੂੰ ਦਾਰਸ਼ਨਿਕਤਾ ਬਖ਼ਸ਼ੀ ਹੈ। ਸਾਹਿਤ ਸਾਡੀ ਜ਼ਿੰਦਗੀ 'ਚੋਂ ਬਨਾਵਟ ਅਤੇ ਦਿਖਾਵੇ ਨੂੰ ਕੱਢ ਬਾਹਰ ਕਰਦਾ ਹੈ ਅਤੇ ਸਾਦਗੀ, ਸੁਥਰੇਪਨ, ਨਿਮਰਤਾ, ਹੱਕ-ਸੱਚ ਨੂੰ ਜ਼ਿੰਦਗੀ ਦਾ ਸਰਮਾਇਆ ਬਣਾ ਦੇਂਦਾ ਹੈ। ਇੱਕ ਕਾਮਯਾਬ ਸ਼ਾਇਰ ਇਨਸਾਨੀ ਰਿਸ਼ਤਿਆਂ ਦੀ ਅਸਲੀਅਤ ਅਤੇ ਸਮਾਜੀ ਜ਼ਿੰਦਗੀ ਦੀਆਂ ਕਲਪਨਾਵਾਂ ਅਤੇ ਧਾਰਨਾਵਾਂ ਦਾ ਅਧਿਐਨ ਕਰਦਾ ਹੈ। ਫਿਰ ਉਹ ਜ਼ਿੰਦਗੀ ਦੀਆਂ ਸੱਚਾਈਆਂ ਅਤੇ ਉਸ ਵਿੱਚੋਂ ਉਭੱਰਣ ਵਾਲੇ ਜਜ਼ਬਿਆਂ ਨੂੰ ਆਪਣੀ ਲਿਖਤ ਵਿੱਚ ਕਲਮਬੱਧ ਕਰਦਾ ਹੈ। ਉਹ ਆਪਣੀ ਕਲਪਨਾ, ਦਿੱਵ ਦ੍ਰਿਸ਼ਟੀ ਅਤੇ ਕਲਾਤਮਿਕ ਅਭਿਆਸ ਨਾਲ ਇੱਕ ਸ਼ਾਹਕਾਰ ਦੀ ਰਚਨਾ ਕਰਦਾ ਹੈ। ਪ੍ਰਿਤਪਾਲ ਸਿੰਘ ਬੇਤਾਬ ਇਸੇ ਸ਼੍ਰੇਣੀ ਦਾ ਸ਼ਾਇਰ ਹੈ। ਇਹੀ ਵਜ੍ਹਾ ਹੈ ਕਿ ਉਹ ਕਹਿੰਦਾ ਹੈ, "ਪਾਠਕ ਮੇਰੀ ਸ਼ਾਇਰੀ ਦੇ ਲਬਾਸ ਦੇ ਭੱਦੇ ਪਨ ਨੂੰ ਨਜ਼ਰਅੰਦਾਜ਼ ਕਰਦੇ ਹੋਏ ਉਸਦੀ ਰੂਹ ਵਿੱਚ ਉਤਰਨ ਦੀ ਕੋਸ਼ਿਸ਼ ਕਰੇ।" ਬੇਤਾਬ ਦੇ ਕੋਲ ਕਲਪਨਾ ਦੀ ਜਾਦੂਗਰੀ ਵੀ ਹੈ ਅਤੇ ਅਨੁਭਵ ਵੀ। ਭਾਵੇਂ ਉਸਦੇ ਕਲਾਮ ਵਿੱਚ ਕਿਤੇ ਕਿਤੇ ਖੁਰਦਰਾਪਨ ਅਤੇ ਮਾਅਨੀ ਦਾ ਧੁੰਦਲਾਪਨ ਮਿਲਦਾ ਹੈ, ਪਰ ਉਹ ਉਸ ਲਈ ਸਮਾਜ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਉਹ ਕਹਿੰਦਾ ਹੈ, "ਮੇਰੀ ਸ਼ਾਇਰੀ ਜ਼ਿੰਦਗੀ ਦੀ ਸ਼ਾਇਰੀ ਹੈ। ਜ਼ਿੰਦਗੀ ਵਿੱਚ ਦਰਦ ਜੇ ਇਤਨਾ ਜ਼ਿਆਦਾ ਹੈ ਤਾਂ ਇਸ ਵਿੱਚ ਮੇਰਾ ਕੀ ਕਸੂਰ?" ਉਹ ਇਹ ਵੀ ਕਹਿੰਦਾ ਹੈ, "ਜਿਸ ਨਸਲ ਨਾਲ ਮੈਂ ਸੰਬੰਧ ਰੱਖਦਾ ਹਾਂ, ਉਹ ਨਸਲ ਹੀ ਸਿਰਲੇਖ ਵਿਹੂਣੀ ਹੈ, ਫਿਰ ਇਸ ਨਸਲ ਦੀਆਂ ਨਜ਼ਮਾਂ ਦਾ ਸਿਰਲੇਖ ਕਿਉਂ ਹੋਵੇ? ਹਾਲਾਂਕਿ ਉਸਦੀਆਂ ਲਗਭਗ ਸਭ ਨਜ਼ਮਾਂ ਦੇ ਉਨਵਾਨ ਮੌਜੂਦ ਹਨ। ਨਜ਼ਮ 'ਗਰ ਤੂ ਬੁਰਾ ਨਾ ਮਾਨੇ' ਦਾ ਇਹ ਬੰਦ ਵੇਖੋ-

"ਚਸ਼ਮੇ ਕੀ ਮਦਦ ਸੇ ਦੇਖਤੇ ਹੋ
ਔਰ ਕਹਿਤੇ ਹੋ ਕਿ ਹਾਏ
ਦੁਨੀਆ ਕਿਤਨੀ ਖ਼ੂਬਸੂਰਤ ਕਿਤਨੀ ਪਿਆਰੀ ਹੈ
ਕਭੀ ਇਸੇ ਉਤਾਰ ਕਰ ਦੇਖੋ
ਤੋ ਤੁਮਹੇਂ ਮਾਲੂਮ ਹੋ
ਕਿ ਜੰਨਤ ਕੀ ਹਕੀਕਤ ਕਿਆ ਹੈ।"

-0-0-0-

"ਗ਼ੁਲਾਮੋਂ ਕੇ ਨਗਰ ਮੇਂ
ਕਿਸ ਲੀਏ ਪੈਦਾ ਹੂਆ ਮੈਂ
ਮੇਰੇ ਅੰਦਰ ਲਵਾਜ਼ਮ ਵੋ ਸਭੀ ਮੌਜੂਦ ਹੈਂ



CC-0. Sohail Kazmi Collection, Jammu. Digitized by eGangotri

ਆਜ਼ਾਦ ਹੋਨੇ ਕੇ ਲੀਏ ਜੋ ਹੈਂ ਜ਼ਰੂਰੀ।" (ਸ਼ਿਨਾਖਤ ਕਾ ਅਲਮੀਆ)

"ਕਭੀ ਸੋਚਤਾ ਹੂੰ
ਕਿ ਆਪਣੇ ਅੰਦਰ ਉਗੇ ਹੁਏ
ਸਾਰੇ ਘਨੇ ਜੰਗਲ ਕੋ
ਕਾਟ ਡਾਲੂੰ
ਲੇਕਿਨ ਫਿਰ ਸੋਚਤਾ ਹੂੰ
ਕਿ ਯਹੀ ਤੋ ਮੇਰੀ ਪਨਾਹਗਾਹ ਹੈ।
ਜੇ ਨਹੀਂ ਰਹੇਗਾ
ਤੋ ਮੈਂ ਛੁਪੂੰਗਾ ਕਹਾਂ।" (ਘਨਾ ਜੰਗਲ ਮੇਰੀ ਅਨਾਕਾ ਹੈ।)

"ਹਰ ਇੱਕ ਕਰਵਟ ਹਰਾਸਾਂ
ਹਰ ਇੱਕ ਬਿਸਤਰ ਪ੍ਰੇਸ਼ਾਂ
ਭਲਾ ਇਸ ਖ਼ੌਫ ਕੇ ਆਲਮ ਮੇਂ
ਕੋਈ ਸੋ ਸਕਾ ਹੈ।" (ਇੱਕ ਨਜ਼ਮ 'ਚੋਂ)

"ਮੈਂ ਜੰਗਲ ਸੇ ਭਾਗੂੰ
ਜੰਗਲ ਮੇਰੇ ਪੀਛੇ ਭਾਗੇ
ਊਬੜ ਖਾਬੜ ਚੱਟਾਨੋਂ ਸੇ
ਖ਼ੌਫ ਹੈ ਇਨ ਮੈਦਾਨੋਂ ਸੇ
ਮੈਦਾਨੋਂ ਮੇਂ
ਹਰ ਗਾਮ ਪੇ ਜੰਗਲ ਗਹਿਰਾ ਹੈ।
ਮੈਂ ਜੰਗਲ ਸੇ ਜਿਤਨਾ ਭਾਗੂੰ
ਜੰਗਲ ਉਤਨਾ ਮੇਰੇ ਅੰਦਰ ਉਗਤਾ ਹੈ।" (ਹਰ ਗਾਮ ਪੇ ਜੰਗਲ ਗਹਿਰਾ ਹੈ)

ਇਹ ਟੁੱਕੜੇ ਬੇਤਾਬ ਦੀਆਂ ਨਜ਼ਮਾਂ ਦੇ ਸੰਗ੍ਰਹਿ 'ਨਜ਼ਮ ਇੱਕੀਸਵੀਂ ਸਦੀਂ' ਵਿੱਚੋਂ ਹਨ, ਜਿਨ੍ਹਾਂ ਦੇ ਬਾਰੇ ਬੇਤਾਬ ਦਾ ਕਹਿਣਾ ਹੈ, "ਉਹਦੀਆਂ ਇਹ ਨਜ਼ਮਾਂ ਇੱਕੀਵੀਂ ਸਦੀ ਵਿੱਚ ਹੀ ਸਮਝੀਆਂ ਜਾ ਸਕਦੀਆਂ ਹਨ।" 'ਨਜ਼ਮ ਇੱਕੀਵੀਂ ਸਦੀ' ਦੇ ਮੁਖਬੰਦ ਵੱਜੋਂ ਕ੍ਰਿਸ਼ਨ ਕੁਮਾਰ ਤੂਰ ਦਾ ਇੱਕ ਲੇਖ 'ਸਿਤਾਰਾ-ਏ-ਹਫਤ ਰੰਗ' ਕਿਤਾਬ ਵਿੱਚ ਸ਼ਾਮਿਲ ਹੈ, ਜਿਸ ਵਿੱਚ ਤੂਰ ਸਾਹਿਬ ਦਾ ਕਹਿਣਾ ਹੈ, "ਬੇਤਾਬ ਦੀਆ ਨਜ਼ਮਾਂ ਵਿੱਚ ਸੋਚ ਅਤੇ ਦ੍ਰਿਸ਼ਟੀ ਨੇ ਆਪਣੀਆ ਨਜ਼ਮਾਂ ਦੀ ਬਣਤਰ ਅਤੇ ਸ਼ਕਲ ਸੂਰਤ ਕੁੱਝ ਇਸ ਤਰੀਕੇ ਨਾਲ ਕੀਤੀ ਹੈ ਕਿ ਇਹ ਉਹਨਾਂ ਦੀ ਸੋਚ ਅਤੇ ਉਹਨਾਂ ਦੇ ਜਜ਼ਬਿਆਂ ਦੇ ਇੱਕਮਿਕ ਹੋਣ ਦਾ ਉਦਾਹਰਣ ਬਣ ਗਈ ਹੈ। ਨਜ਼ਮ ਉਹਨਾਂ ਦੇ ਵਿਅਕਤਿਤਵ ਦੀ ਪਛਾਣ ਵੀ ਹੈ ਅਤੇ ਉਹਨਾਂ ਦੀ



CC-0. Sohail Kazmi Collection, Jammu. Digitized by eGangotri

ਰਚਨਾਤਮਕ ਕਾਬਲੀਅਤ ਦਾ ਨਮੂਨਾ ਵੀ।"

ਪ੍ਰਿਤਪਾਲ ਸਿੰਘ ਬੇਤਾਬ ਨੂੰ ਨਜ਼ਮ ਅਤੇ ਗ਼ਜ਼ਲ ਉਤੇ ਬਰਾਬਰ ਦੀ ਮੁਹਾਰਤ ਹਾਸਲ ਹੈ। ਇਹ ਫੈਸਲਾ ਕਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿ ਅਸਲ ਵਿੱਚ ਉਹ ਨਜ਼ਮ ਦਾ ਸ਼ਾਇਰ ਹੈ ਜਾਂ ਗ਼ਜ਼ਲ ਦਾ, ਕਿਉਂਕਿ ਦੋਵੇਂ ਵੰਨਗੀਆਂ ਕਵਿਤਾ ਦੀ ਤਾਸੀਰ ਅਤੇ ਉਸਦੀ ਫਾਇਦੇਮੰਦੀ ਵਿੱਚ ਵਾਧਾ ਹੀ ਕਰਦੀਆ ਹਨ। ਹਾਂ ਇਹ ਗੱਲ ਬੜੇ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਉਹ ਸ਼ਾਇਰ ਹੈ ਅਤੇ ਸ਼ਾਇਰੀ ਉਸਦਾ ਪਹਿਲਾ ਅਤੇ ਆਖ਼ਰੀ ਇਸ਼ਕ ਹੈ। ਹਾਲਾਂਕਿ ਉਸਨੇ ਗੱਦ ਲੇਖਨ ਵਿੱਚ ਵੀ ਕਦਮ ਰੱਖਿਆ ਹੈ। ਉਸਦੇ ਆਲੋਚਨਾਤਮਕ ਲੇਖ ਪੰਜਾਬੀ ਅਤੇ ਉਰਦੂ ਦੋਹਾਂ ਭਾਸ਼ਾਵਾਂ ਵਿੱਚ ਛਪ ਚੁੱਕੇ ਹਨ। ਉਹ ਕਈ ਪੁਸਤਕਾਂ ਦੇ ਮੁਖਬੰਦ ਵੀ ਲਿਖ ਚੁੱਕਿਆ ਹੈ। ਪਰ ਸ਼ਾਇਰੀ ਉਸਦੀ ਰੂਹ ਦੀ ਖ਼ੁਰਾਕ ਹੈ। ਬੇਤਾਬ ਦੇ ਕੋਲ ਦਿੱਵ ਦ੍ਰਿਸ਼ਟੀ ਹੈ। ਉਸਨੇ ਗ਼ਜ਼ਲਾਂ ਲਈ ਸਹਿਲ ਅਤੇ ਰਵਾਂ ਦਵਾਂ ਬਹਿਰਾਂ ਦਾ ਚੁਨਾਵ ਕੀਤਾ ਹੈ। ਉਸਤਾਦਾਂ ਦੀਆਂ ਜ਼ਮੀਨਾਂ ਵਿੱਚ ਵੀ ਸ਼ੇਅਰ ਕਹੇ ਹਨ।

ਬੇਤਾਬ ਦਾ ਜ਼ੌਕ ਅਤੇ ਸ਼ੌਕ ਵੇਖੋ-

"ਹਮ ਕੋ ਖ਼ਾਮੋਸ਼ ਨਾ ਜਾਨੋ ਸਾਹਿਬ
ਅੰਦਰ ਇੱਕ ਸ਼ੋਰ ਬਪਾ ਰਹਿਤਾ ਹੈ।
ਮੇਰੀ ਤਨਹਾਈ ਕੀ ਪਗਡੰਡੀ ਪਰ
ਮੇਰੇ ਹਮਰਾਹ ਖ਼ੁਦਾ ਰਹਿਤਾ ਹੈ।"

-0-0-0-

"ਜ਼ਮਾਨਾ ਥਾ ਹਮਾਰੀ ਦਸਤਰਸ ਮੇਂ
ਮਗਰ ਜਬ ਹਮ ਨਾ ਥੇ ਖ਼ੁਦ ਆਪਣੇ ਬਸ ਮੇਂ।
ਨਾ ਭੀਗੇ ਉਮਰ ਭਰ ਬਾਹਰ ਕੇ ਮੌਸਮ
ਨਾ ਭੀਗੇ ਹਮ ਕਭੀ ਅੰਦਰ ਕੇ ਰਸ ਮੇਂ।"

-0-0-0-

"ਇਨ ਬਦਲਤੇ ਮੌਸਮੋਂ ਮੇਂ ਮੁਸ਼ਤਕਿਲ ਕੁਛ ਭੀ ਨਹੀਂ
ਸਬਜ਼ਾ ਜ਼ਾਰੋ ਕੀ ਜਗ੍ਹਾ ਪਰ ਜ਼ਰਦੀਆਂ ਰਹਿ ਜਾਏਂਗੀ।
ਹਮ ਤਬੀਅਤ ਕੇ ਮੁਹਾਜਿਰ ਔਰ ਯੇ ਵਾਦੀ ਇੱਕ ਮੁਕਾਮ
ਖ਼੍ਵਾਬਜ਼ਾਰੋਂ ਮੇਂ ਫਕਤ ਕੁੱਝ ਤਿੱਤਲੀਆਂ ਰਹਿ ਜਾਏਂਗੀ।"

-0-0-0-

"ਹਸ਼ਮਤੋਂ ਕਾ ਜ਼ਵਾਲ ਸਾਮਨ੍ਹੇ ਹੈ
ਜ਼ਲਜ਼ਲੋਂ ਕਾ ਜ਼ਵਾਲ ਸਾਮਨ੍ਹੇ ਹੈ।



CC-0. Sohail Kazmi Collection, Jammu. Digitized by eGangotri

ਹੈ ਸਵਾਲ-ਏ-ਬਕਾ ਤਆਕੁਬ ਮੇਂ
ਔਰ ਅਨਾ ਨਾ ਸਵਾਲ ਸਾਮਨ੍ਹੇ ਹੈ।
ਚਾਰ ਜਾਨਿਬ ਹੈ ਏਕ ਜਗ-ਏ-ਗਫੀਰ
ਔਰ ਕਹਿਤ ਉਲਰਜਾਲ ਸਾਮਨ੍ਹੇ ਹੈ।
ਕੱਲ੍ਹ ਜੋ ਬੰਦੇ ਥੇ ਆਜ ਵੋ ਹੈਂ ਖ਼ੁਦਾ
ਬੰਦਗੀ ਕਾ ਜ਼ਵਾਲ ਸਾਮ੍ਹਨੇ ਹੈ।"

-0-0-0-

"ਮੌਤ ਕੇ ਰਾਸਤੇ ਹਜ਼ਾਰ ਸਹੀ,
ਜ਼ਿੰਦਗੀ ਕੇ ਭੀ ਸੌ ਬਹਾਨੇ ਹੈਂ।
ਖ਼੍ਵਾਹਿਸ਼ੋਂ ਕੇ ਦਯਾਰ ਮੇਂ ਹਰ ਸੂ
ਕੈਦਖ਼ਾਨੇ ਹੀ ਕੈਦਖ਼ਾਨੇ ਹੈਂ।
ਯੇ ਜੋ ਗੁੰਜਾਨ ਸ਼ਹਿਰ ਹੈਂ ਦਰਅਸਲ
ਅੰਦਰ ਅੰਦਰ ਸਭੀ ਵਿਰਾਨੇ ਹੈਂ।"

ਬੇਤਾਬ ਦੀ ਇੱਕ ਹਮਦ ਦੇ ਦੋ ਸ਼ੇਅਰ ਵੇਖੋ-

ਧੂਪ ਉਸ ਕੀ ਮੁਹੱਬਤੋਂ ਕਾ ਜੋਸ਼
ਬਾਰਿਸ਼ੇਂ ਗੁਲਫਿਸ਼ਾਨੀਆਂ ਉਸ ਕੀ।
ਉਸ ਕੇ ਕਦਮੋਂ ਕੀ ਚਾਪ ਬਾਦ-ਏ-ਨਸੀਮ
ਬੁਲਬੁਲੇਂ ਖ਼ੁਸ਼ ਬਿਆਨੀਆਂ ਉਸ ਕੀ।"

ਪ੍ਰਿਤਪਾਲ ਸਿੰਘ ਬੇਤਾਬ ਦੇ ਕਲਾਮ ਵਿੱਚ ਉਸਦੀ ਅੰਦਰੂਨੀ ਦੁਨੀਆ ਦੇ ਬਿਖਰਾਵ ਦਾ ਮਨਜ਼ਰ ਮਿਲੇਗਾ। ਨਾਬਰਾਬਰੀ, ਨਾਇਨਸਾਫੀ, ਉਦਯੋਗਿਕ ਪਸਾਰ, ਜੰਗੀ ਬਰਬਾਦੀ ਨੇ ਅੱਜ ਤਨਹਾਈ ਦੇ ਅਹਿਸਾਸ ਨੂੰ ਵੈਸ਼ਵਿਕ ਸਮੱਸਿਆ ਬਣਾ ਦਿੱਤਾ ਹੈ। ਸਾਮਰਾਜੀ ਤਾਕਤਾਂ ਦੀਆਂ ਸਾਜ਼ਿਸ਼ਾਂ ਨੇ ਵਿਅਕਤੀ ਦੀ ਰਚਨਾਤਮਕ ਸ਼ਕਤੀ, ਵਿਅਕਤਿਤਵ ਅਤੇ ਨਿੱਜੀ ਆਜ਼ਾਦੀ ਖੋਹ ਲਈ ਹੈ। ਇਹ ਸਭ ਬੇਤਾਬ ਦੀ ਸ਼ਾਇਰੀ ਦਾ ਮਨਜ਼ਰਨਾਮਾ ਹੈ। ਇਹੀ ਵਜ੍ਹਾ ਹੈ ਕਿ ਉਸਦੀ ਸ਼ਾਇਰੀ ਵਿੱਚ ਸਾਨੂੰ ਕਦੇ ਝੁੰਝਲਾਹਟ ਅਤੇ ਬਿਖਰਾਵ ਮਿਲੇਗਾ ਤਾਂ ਕਦੇ ਨਿਡਰਤਾ ਅਤੇ ਆਪ ਮੁਹਾਰਾਪਨ। ਇਜ਼ਹਾਰ ਵਿੱਚ ਆਧੁਨਿਕਤਾ ਅਤੇ ਕਲਾਮ ਵਿੱਚ ਲਹੂ ਦੀ ਰਵਾਨੀ। ਉਸਦੇ ਪ੍ਰਤਿਬਿੰਬ ਜਾਣੇ ਪਛਾਣੇ ਅਤੇ ਜੀਵਨ ਨਾਲ ਜੁੜੇ ਹੋਏ ਹਨ-

"ਅਪਨੇ ਹਾਥੋਂ ਸੇ ਜਲਾਇਆ ਘਰ ਕੋ
ਆਗ ਭੜਕੀ ਹੈ ਤੋ ਰੋਤਾ ਕਿਆ ਹੈ?
ਬੀਚ ਬਾਜ਼ਾਰ ਖੜਾ ਸੋਚੂੰ



CC-0. Sohail Kazmi Collection, Jammu. Digitized by eGangotri

ਖ਼ੁਦ ਕੋ ਬੇਚਾ ਤੋ ਖ਼ਰੀਦਾ ਕਿਆ ਹੈ?
ਕਈ ਪਰਦੋਂ ਮੇਂ ਛੁਪਾ ਇੱਕ ਸ਼ਖ਼ਸ
ਔਰ ਇਸ ਚਿਹਰੇ ਮੇਂ ਰੱਖਾ ਕਿਆ ਹੈ?"

ਕਦੇ ਕਦੇ ਇੰਝ ਲੱਗਦਾ ਹੈ ਕਿ ਬੇਤਾਬ ਰੂਹਾਨੀਅਤ ਅਤੇ ਰੂਮਾਨੀਅਤ ਦੀਆਂ ਤੈਹਾਂ ਖੋਲ੍ਹ ਰਿਹਾ ਹੈ। ਇੰਝ ਉਹ ਸ਼ੇਅਰ ਨੂੰ ਵਾਸਤਵਿਕ ਸਤਹਿ ਤਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ-

"ਇੱਕ ਕੂਆਂ ਹੈ ਕਹਾਂ ਕਹਾਂ ਜਾਏ
ਧੂੰਆਂ ਉਠਤਾ ਹੈ ਆਜ ਘਰ ਘਰ ਸੇ।
ਖ਼ੂਬਸੂਰਤ ਹੈਂ ਯੇ ਖਿਲੌਨੇ ਮਗਰ
ਸਭੀ ਟੂਟੇ ਹੂਏਂ ਹੈ ਅੰਦਰ ਸੇ।"

-0-0-0-

"ਮਿੱਟੀ ਡਾਲੋ ਰਿਸ਼ਤੋਂ ਪਰ
ਮਿੱਟੀ ਕੇ ਸਭ ਰਿਸ਼ਤੇ ਹੈਂ।
ਵੋ ਸੱਚਾ ਹੈ ਮਗਰ ਉਸ ਕੇ
ਸਭੀ ਹਵਾਲੇ ਝੂਟੇ ਹੈਂ।
ਸਪਨੇ ਬੇਚਨੇ ਵਾਲੋਂ ਕੇ
ਅਪਨੇ ਭੀ ਕੁਛ ਸਪਨੇ ਹੈਂ।"

-0-0-0-

"ਦੁਨੀਆ-ਏ-ਰੰਗ-ਓ-ਬੂ ਸੇ ਕਿਨਾਰਾ ਨਹੀਂ ਕੀਆ
ਅੱਛਾ ਕੀਆ ਜੋ ਹਮ ਨੇ ਦਿਖਾਵਾ ਨਹੀਂ ਕੀਆ।"

ਬੇਤਾਬ ਦਾ ਕਲਾਮ ਆਪਣੀ ਮੌਲਿਕਤਾ ਅਤੇ ਮਾਨਵੀਅਤ ਦੀ ਵਜ੍ਹਾ ਨਾਲ ਨਾ ਕੇਵਲ ਉਰਦੂ ਹਲਕਿਆਂ ਵਿੱਚ ਬਲਕਿ ਹਿੰਦੀ ਪਾਠਕਾਂ ਵਿੱਚ ਵੀ ਭਰੋਸੇਮੰਦ ਜਾਣਿਆ ਜਾਂਦਾ ਹੈ। ਬੇਤਾਬ ਕਈ ਆਲਾ ਅਹੁਦਿਆਂ ਉਤੇ ਰਿਹਾ ਹੈ। ਉਹ ਆਈ.ਏ.ਐਸੱ. ਵਿੱਚ ਵੀ ਲਿਆ ਗਿਆ, ਪਰ ਉਹ ਹਮੇਸ਼ਾ ਜ਼ਮੀਨ ਨਾਲ ਜੁੜਿਆ ਰਿਹਾ। ਅਦੀਬਾਂ, ਸ਼ਾਇਰਾਂ ਅਤੇ ਫਨਕਾਰਾਂ ਦੀਆਂ ਮਹਿਫਲਾਂ ਸਜਾਉਣਾ, ਸਾਹਿਤਕ ਪ੍ਰੋਗਰਾਮ ਕਰਵਾਉਣਾ ਅਤੇ ਨਵੇਂ ਸ਼ਾਇਰਾਂ ਅਦੀਬਾਂ ਦੀ ਹੌਸਲਾ ਅਫਜ਼ਾਈ ਕਰਨਾ ਉਸ ਦੀਆਂ ਖ਼ੂਬੀਆਂ ਵਿੱਚ ਸ਼ਾਮਿਲ ਹੈ। ਬੇਤਾਬ ਨੇ ਪਹਿਲੀ ਗ਼ਜ਼ਲ ਸਕੂਲ ਦੇ ਦਿਨਾਂ ਵਿੱਚ ਕਹੀ ਅਤੇ ਉਰਦੂ ਦੇ ਨਾਲ ਨਾਲ ਪੰਜਾਬੀ ਵਿੱਚ ਵੀ ਸ਼ੇਅਰ ਕਹਿਣ ਲੱਗਾ। ਪਰ ਜੰਮੂ-ਕਸ਼ਮੀਰ ਵਿੱਚ ਪੰਜਾਬੀ ਸ਼ਾਇਰੀ ਦੀ ਮਾੜੀ ਹਾਲਤ ਦੇਖ ਕੇ ਅਤੇ ਜ਼ਿਆਦਾਤਰ ਬੇਵਜ਼ਨੇ, ਬੇਬਹਿਰੇ ਤੁਕਬੰਦੀਏ ਸ਼ਾਇਰਾਂ ਦੇ


CC-0. Sohail Kazmi Collection, Jammu. Digitized by eGangotri

ਕਲਾਮ ਤੋਂ ਮਾਯੂਸ ਹੋ ਕੇ ਉਸਨੇ ਉਰਦੂ ਦਾ ਹੀ ਪੱਲਾ ਫੜ ਲਿਆ। ਉਸ ਦੀਆਂ ਨਜ਼ਮਾਂ ਗ਼ਜ਼ਲਾਂ ਮੁਲਕ ਦੇ ਪ੍ਰਸਿੱਧ ਅਤੇ ਉੱਚ-ਪੱਧਰੇ ਪਰਚਿਆਂ ਵਿੱਚ ਛਪਣ ਲੱਗੀਆਂ। ਅੱਜ ਹਿੰਦ-ਪਾਕ ਉਪੱ-ਮਹਾਂਦੀਪ ਵਿੱਚ ਸ਼ਾਇਦ ਹੀ ਕੋਈ ਪਰਚਾ ਹੋਵੇ, ਜਿਸ ਵਿੱਚ ਬੇਤਾਬ ਨਾ ਛਪਿਆ ਹੋਵੇ। ਉਰਦੂ ਅਦਬ ਦੀ ਖ਼ਿਦਮਤ ਲਈ ਉਹਨੂੰ ਪੂਰੇ ਮੁਲਕ ਵਿੱਚ ਇਜ਼ੱਤ ਮਿਲੀ। ਉਸ ਦੀਆਂ ਗ਼ਜ਼ਲਾਂ ਅਤੇ ਨਜ਼ਮਾਂ ਸੰਬੰਧੀ ਕਈ ਲੇਖ ਲਿਖੇ ਗਏ। ਪਾਕਿਸਤਾਨ ਅਤੇ ਹਿੰਦੋਸਤਾਨ ਦੇ ਨਾਮਵਰ ਆਲੋਚਕਾਂ ਨੇ ਉਸਦੀ ਸ਼ਾਇਰੀ ਬਾਰੇ ਲੇਖ ਲਿਖੇ। ਉਸਦੇ ਕਲਾਮ ਨੂੰ ਸਿਲੇਬਸ ਦਾ ਹਿੱਸਾ ਬਣਾਇਆ ਗਿਆ। ਅਫਸੋਸ ਕਿ ਜੰਮੂ-ਕਸ਼ਮੀਰ ਦੀ ਕਿਸੇ ਯੂਨੀਵਰਸਿਟੀ ਨੇ ਇਸ ਪਾਸੇ ਧਿਆਨ ਨਾ ਦਿੱਤਾ। ਸ਼ਾਇਦ ਇਸ ਦੀ ਵਜ੍ਹਾ ਇਹ ਹੋਵੇ ਕਿ ਅਧਿਆਪਕ ਲੋਕ ਸਿਲੇਬਸ ਦੇ ਇਲਾਵਾ ਕੁੱਝ ਪੜ੍ਹਦੇ ਹੀ ਨਹੀਂ। ਨਵੀਆਂ ਰਚਨਾਵਾਂ ਅਤੇ ਨਵੇਂ ਸਾਹਿਤਕਾਰਾਂ ਤੋਂ ਵਾਕਿਫ ਹੀ ਨਹੀਂ ਹੁੰਦੇ, ਨਹੀਂ ਤਾਂ ਬੇਤਾਬ ਵਰਗੇ ਨਵੇਂ ਰੁਝਾਨਾਂ ਦੇ ਸ਼ਾਇਰ ਨੂੰ ਉਹ ਕਿਵੇਂ ਨਜ਼ਰ ਅੰਦਾਜ਼ ਕਰ ਸਕਦੇ ਸੀ। ਜਿਸ ਸ਼ਖ਼ਸ ਨੂੰ ਸ਼ਮਸ-ਉਲ ਰਹਿਮਾਨ, ਫ਼ਾਰੂਕੀ, ਗੋਪੀ ਚੰਦ ਨਾਰੰਗ ਅਤੇ ਵਜ਼ੀਰ ਆਗਾ ਵਰਗੇ ਸੰਸਾਰ ਪੱਧਰ ਦੇ ਆਲੋਚਕਾਂ ਨੇ ਕਬੂਲ ਕੀਤਾ ਹੋਵੇ ਅਤੇ ਜੋ ਆਪਣੀ ਸ਼ਾਇਰਾਨਾ ਸਲਾਹੀਅਤ ਅਤੇ ਰਚਨਾਤਮਕ ਸ਼ਕਤੀ ਨੂੰ ਮੰਨਵਾ ਚੁੱਕਿਆ ਹੋਵੇ। ਜਿਸਦੀ ਸ਼ਾਇਰੀ ਵਿੱਚ ਨਵੀਨਤਾ ਅਤੇ ਮੌਲਿਕਤਾ ਹੋਵੇ, ਜੋ ਸ਼ਖ਼ਸ ਆਪਣੇ ਸਮੇਂ ਦੀ ਨਬਜ਼ ਪਛਾਣਦਾ ਹੋਵੇ, ਉਸਦੇ ਨਾਲ ਸਰਕਾਰੀ ਅਤੇ ਨੀਮ ਸਰਕਾਰੀ ਸੰਸਥਾਵਾਂ ਦੀ ਬੇਰੁਖ਼ੀ ਕਾਬਲ-ਏ-ਅਫ਼ਸੋਸ ਹੈ। ਪਰ ਇੱਕ ਸੱਚੇ ਸੁੱਚੇ ਸਾਹਿਤਕਾਰ ਨੂੰ ਇਹਨਾਂ ਗੱਲਾਂ ਨਾਲ ਕੋਈ ਫਰਕ ਨਹੀਂ ਪੈਂਦਾ। ਬੇਤਾਬ ਦੇ ਕਥਨ ਮੁਤਾਬਿਕ-

"ਹਮ ਜਿਸਮ ਕੋ ਬਚਾ ਨਾ ਸਕੇ ਗਰਦ ਸੇ ਮਗਰ
ਯੇ ਤੋ ਕੀਆ ਕਿ ਰੂਹ ਕੋ ਮੈਲਾ ਨਹੀਂ ਕੀਆ।"

*** *** ***



CC-0. Sohail Kazmi Collection, Jammu. Digitized by eGangotri

# ਯਾਸੀਨ ਬੇਗ਼ ਦੀ ਸ਼ਾਇਰੀ

ਭਾਰਤੀ ਉਪ-ਮਹਾਂਦੀਪ ਦੀ ਵੰਡ ਵੀਹਵੀਂ ਸਦੀ ਦਾ ਸਭ ਤੋਂ ਵੱਡਾ ਦੁਖਾਂਤ ਸੀ। ਭਾਰਤ ਦੋ ਦੇਸ਼ਾਂ ਵਿੱਚ ਕੀ ਵੰਡਿਆ ਗਿਆ ਕਿ ਦੋਹਾਂ ਥਾਈਂ ਘੱਟ ਗਿਣਤੀ ਵਾਲੀ ਲੋਕਾਈ ਨੂੰ ਧਰਮ ਦੇ ਨਾਂ 'ਤੇ ਕਤਲ ਕੀਤਾ ਗਿਆ। ਮਾਂਵਾਂ, ਭੈਣਾਂ ਦੀ ਪੱਤ ਲੁੱਟੀ ਗਈ, ਜਾਇਦਾਦ, ਸੰਪਤੀ ਸਾੜ-ਫੂਕ ਦਿੱਤੀ ਗਈ ਤੇ ਇਸ ਫਿਰਕੂ ਰੌਲਿਆਂ ਦੀ ਅੱਗ ਵਿੱਚ ਜੰਮੂ ਪ੍ਰਾਂਤ ਵੀ ਝੁਲਸ ਗਿਆ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿੱਚ ਹੋਣ ਕਾਰਨ ਮਾਰੇ ਗਏ। ਉਨ੍ਹਾਂ ਦੀ ਸੰਪਤੀ ਤਬਾਹ ਹੋਈ ਤੇ ਉਹ ਆਪਣੀ ਹੀ ਰਿਆਸਤ ਵਿੱਚ ਸ਼ਰਨਾਰਥੀ ਬਣ ਗਏ। ਉਨ੍ਹਾਂ ਦਾ ਸਭ ਕੁੱਝ ਲੁੱਟਿਆ ਗਿਆ। ਜੰਮੂ ਦੇ ਮੁਸਲਮਾਨਾਂ ਦੀ ਬਹੁ-ਗਿਣਤੀ ਮੀਰਪੁਰ, ਕੋਟਲੀ, ਸਿਆਲਕੋਟ ਤੇ ਦੂਜੇ ਪਾਕਿਸਤਾਨੀ ਇਲਾਕਿਆਂ ਵੱਲ ਪਲਾਇਨ ਕਰ ਗਈ। ਜਿਨ੍ਹਾਂ ਲੋਕਾਂ ਨੇ ਧਰਮ ਦੇ ਆਧਾਰ 'ਤੇ ਵੰਡ ਨੂੰ ਕਬੂਲ ਨਹੀਂ ਕੀਤਾ ਅਤੇ ਆਪਣੇ ਹੀ ਤਬਾਹ ਹੋਏ ਘਰਾਂ ਵਿੱਚ ਟਿਕ ਕੇ ਰਹਿਣ ਲੱਗੇ, ਉਨ੍ਹਾਂ ਵਿੱਚ ਮਿਰਜ਼ਾ ਮੁਹੰਮਦ ਯਾਸੀਨ ਬੇਗ਼ ਤੇ ਮੇਰਾ ਖ਼ਾਨਦਾਨ ਵੀ ਸ਼ਾਮਿਲ ਸੀ। ਉਂਝ ਤਾਂ ਮੇਰੇ ਘਰ ਦੇ ਸੱਤ ਜੀਅ ਫਿਰਕੂ ਰੌਲਿਆਂ ਵਿੱਚ ਮਰ-ਖਪ ਗਏ ਸਨ, ਪਰ ਫਿਰ ਵੀ ਮੇਰੀ ਮਾਂ ਨੇ ਜੰਮੂ ਛੱਡਣ ਤੋਂ ਇਨਕਾਰ ਕਰ ਦਿੱਤਾ। ਐਸਾ ਹੀ ਮਾਮਲਾ ਯਾਸੀਨ ਬੇਗ਼ ਦੇ ਨਾਲ ਵੀ ਹੋਇਆ, ਉਸਦੀ ਮਾਂ ਨੇ ਜੰਮੂ ਤੋਂ ਪਲਾਇਨ ਕਰਨਾ ਕਬੂਲ ਨਹੀਂ ਕੀਤਾ, ਜਦਕਿ ਯਾਸੀਨ ਬੇਗ਼ ਦਾ ਪਿਓ ਮਿਰਜ਼ਾ ਅਬਦੁੱਲ ਕਰੀਮ ਬੇਗ਼ ਆਪਣੀ ਤੀਵੀਂ, ਤਿੰਨ ਪੁੱਤਰਾਂ ਤੇ ਇੱਕ ਧੀਅ ਨੂੰ ਛੱਡ ਕੇ ਸਿਆਲਕੋਟ ਚਲਾ ਗਿਆ ਜਿੱਥੇ ਉਹਨੇ ਦੂਜਾ ਵਿਆਹ ਕਰਵਾ ਲਿਆ।

ਯਾਸੀਨ ਬੇਗ ਦੀ ਮਾਂ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਉਂਝ ਤਾਂ ਉਸਨੇ ਹਾਲਾਤ ਦਾ ਮੁਕਾਬਲਾ ਮਰਦਾਂ ਵਾਂਗ ਕੀਤਾ, ਪਰ ਪਤੀ ਦੀ ਬੇਵਫ਼ਾਈ ਦਾ ਗ਼ਮ ਉਸਨੂੰ ਅੰਦਰ ਹੀ ਅੰਦਰ ਖੋਖਲਾ ਕਰ ਰਿਹਾ ਸੀ ਤੇ ਆਖ਼ਿਰ ਉਹਨੂੰ ਮੌਤ ਨੇ ਗਲੇ ਲਾ ਲਿਆ। ਯਾਸੀਨ ਬੇਗ਼ ਦੀ ਵੱਡੀ ਭੈਣ



CC-0. Sohail Kazmi Collection, Jammu. Digitized by eGangotri

ਆਪਾ ਸਫੀਰਾ ਨਾਹੀਦ ਦੇ ਮੋਢਿਆਂ 'ਤੇ ਭਾਈਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਆ ਪਈ। ਉਹ ਤਾਲੀਮ ਦੇ ਮਹਿਕਮੇ ਵਿੱਚ ਅਧਿਆਪਿਕਾ ਸੀ। ਉਸਨੇ ਯਾਸੀਨ ਬੇਗ, ਆਮੀਨ ਬੇਗ਼ ਤੇ ਫਾਰੂਕ ਬੇਗ਼ ਨੂੰ ਲਾਡ ਮੁਹੱਬਤ ਨਾਲ ਪਾਲਿਆ। ਉਨ੍ਹਾਂ ਨੂੰ ਆਲਾ ਤਾਲੀਮ ਦੁਆਈ ਅਤੇ ਚੰਗੇ ਸੰਸਕਾਰ ਦਿੱਤੇ। ਆਪਾ ਸਫੀਰਾ ਲਈ ਕਈ ਵਧੀਆ ਘਰਾਂ ਤੋਂ ਵਿਆਹ ਦੇ ਪੈਗ਼ਾਮ ਆਉਂਦੇ ਰਹੇ, ਪਰ ਭਰਾਵਾਂ ਦੀ ਪਰਵਰਿਸ਼ ਕਾਰਨ ਉਹ ਵਿਆਹ ਕਰਵਾਉਣ ਤੋਂ ਇਨਕਾਰ ਕਰਦੀ ਰਹੀ। ਇੰਝ ਆਪਣੀ ਜਵਾਨੀ ਉਸਨੇ ਭਰਾਵਾਂ ਦੀ ਜ਼ਿੰਦਗੀ ਬਣਾਉਣ ਲਈ ਕੁਰਬਾਨ ਕਰ ਦਿੱਤੀ। ਜਦ ਤਕ ਭਰਾ ਜਵਾਨ ਹੋਏ ਅਤੇ ਆਪਣੇ ਪੈਰਾਂ 'ਤੇ ਖਲੋਣ ਦੇ ਕਾਬਿਲ ਬਣੇ ਤਦ ਤਕ ਆਪਾ ਸਫੀਰਾ ਦੀ ਉਮਰ ਢਲ ਚੁੱਕੀ ਸੀ। ਸਿਰ ਦੇ ਵਾਲਾਂ ਵਿੱਚ ਚਾਂਦੀ ਚਮਕਣ ਲੱਗੀ ਸੀ ਤੇ ਅੱਖਾਂ ਦੀ ਲੋਅ ਕਮਜ਼ੋਰ ਪੈ ਗਈ ਸੀ। ਮਾੜ੍ਹੇ ਹਾਲਾਤ ਤੇ ਮਹਿਰੂਮੀਆਂ ਨੇ ਆਪਾ ਸਫੀਰਾ ਨੂੰ ਕਾਫੀ ਪ੍ਰਭਾਵਿਤ ਕੀਤਾ ਤੇ ਉਸਨੂੰ ਜਜ਼ਬਾਤੀ ਬਣਾ ਦਿੱਤਾ ਸੀ ਤੇ ਉਸਨੇ ਸ਼ਾਇਰੀ ਦੀ ਬੁੱਕਲ ਵਿੱਚ ਪਨਾਹ ਲਈ ਸੀ। ਉਹ ਸ਼ੇਅਰ ਕਹਿਣ ਲੱਗੀ। ਉਨ੍ਹਾਂ ਦੀ ਮਾਂ ਵੀ ਪੰਜਾਬੀ ਵਿੱਚ ਸ਼ੇਅਰ ਕਹਿੰਦੀ ਸੀ। ਮਾਂ ਦੀ ਪੰਜਾਬੀ ਸ਼ਾਇਰੀ ਦਾ ਖਰੜਾ ਯਾਸੀਨ ਬੇਗ ਕੋਲ ਪਿਆ ਸੀ ਤੇ ਉਹ ਉਸਨੂੰ ਛਪਵਾਉਣਾ ਵੀ ਚਾਹੁੰਦਾ ਸੀ। ਪਰ ਇੰਝ ਨਹੀਂ ਹੋ ਸਕਿਆ ਅਤੇ ਨਾ ਹੀ ਆਪਾ ਸਫੀਰਾ ਨਾਹੀਦ ਦਾ ਕਲਾਮ ਛਪ ਸਕਿਆ, ਜਦਕਿ ਉਸਦੀ ਬਿਆਜ (ਖਰੜਾ) ਨਿੱਕੇ ਭਰਾ ਫਾਰੂਕ ਬੇਗ਼ ਕੋਲ ਪਈ ਹੋਈ ਹੈ।

ਯਾਸੀਨ ਬੇਗ ਨੇ 22 ਜਨਵਰੀ 1943 ਈ. ਨੂੰ ਜੰਮੂ ਵਿੱਚ ਜਨਮ ਲਿਆ। ਬਾਲਪੁਣੇ ਵਿੱਚ ਹੀ ਰੇਡੀਓ ਕਸ਼ਮੀਰ ਜੰਮੂ ਨਾਲ ਜੁੜ ਗਿਆ ਤੇ ਬੱਚਿਆਂ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਲੱਗਾ। ਉਹ ਆਪਾ, ਐਡਲੀਅਨ ਤੇ ਰੀਤਾ ਲੰਗਰ (ਜੋ ਬਾਅਦ ਵਿੱਚ ਰੀਤਾ ਜਤਿੰਦਰ ਬਣ ਗਈ, ਕਲਾਜ ਦੀ ਪ੍ਰਿੰਸੀਪਲ ਤੇ ਰਿਆਸਤੀ ਕਲਚਰਲ ਅਕਾਦਮੀ ਦੀ ਸੈਕਟਰੀ ਵੀ ਰਹੀ।) ਦੇ ਨਾਲ ਉਰਦੂ ਤੇ ਹਿੰਦੀ ਡਰਾਮਿਆਂ ਵਿੱਚ ਆਪਣੀ ਆਵਾਜ਼ ਦਾ ਜਾਦੂ ਜਗਾਣ ਲੱਗਾ। ਉਹ ਮਹਿਮੂਦ ਅਹਿਮਦ ਦੇ ਪੰਜਾਬੀ ਰੇਡੀਓ ਨਾਟਕਾਂ ਵਿੱਚ ਵੀ ਕਿਰਦਾਰ ਨਿਭਾਉਂਦਾ ਰਿਹਾ ਅਤੇ ਰੰਗ-ਮੰਚ 'ਤੇ ਵੀ ਬਲਦੇਵ ਅਤੇ ਕ੍ਰਿਸ਼ਨ ਦੇ ਨਾਲ ਅਦਾਕਾਰੀ ਨਿਭਾਉਂਦਾ ਰਿਹਾ। ਇੰਝ ਉਹ ਆਪਣੀ ਪੜ੍ਹਾਈ ਤੇ ਘਰੇਲੂ ਖ਼ਰਚੇ ਵਿੱਚ ਆਪਾ ਸ਼ਫੀਰਾ ਦਾ ਹੱਥ ਵਟਾਉਂਦਾ ਰਿਹਾ।


CC-0. Sohail Kazmi Collection, Jammu. Digitized by eGangotri

1947 ਈ. ਮਗਰੋਂ ਯਾਰ ਬੇਲੀਆਂ ਵਿੱਚੋਂ ਯਾਸੀਨ ਬੇਗ ਪਹਿਲਾ ਗੱਭਰੂ ਸੀ, ਜਿਸਨੇ ਕਾਲਜ ਦੀ ਪੜ੍ਹਾਈ ਪੂਰੀ ਕੀਤੀ ਤੇ ਬੀ.ਏ. ਪਾਸ ਕੀਤੀ ਤੇ ਫਿਰ ਸਰਕਾਰੀ ਨੌਕਰੀ ਲਈ ਯਤਨ ਕਰਨ ਲੱਗਾ। ਮੈਨੂੰ ਯਾਦ ਹੈ ਕਿ ਨੌਕਰੀ ਲਈ ਉਸਦੀ ਪਹਿਲੀ ਦਰਖ਼ਾਸਤ ਮੈਂ ਹੀ ਟਾਈਪ ਕੀਤੀ ਸੀ। ਉਸਤਾਦ ਮੁਹੱਲੇ ਤੇ ਕਰਨ ਨਗਰ ਦੇ ਮਿਊਂਸਿਪਲ ਕੌਂਸਲਰ ਮ. ਮੁਹੰਮਦ ਸ਼ਰੀਫ ਉਸਨੂੰ ਜੰਮੂ-ਕਸ਼ਮੀਰ ਦੇ ਪ੍ਰਧਾਨ ਮੰਤਰੀ ਬਖ਼ਸ਼ੀ ਗ਼ੁਲਾਮ ਮੁਹੰਮਦ ਕੋਲ ਲੈ ਗਏ ਤੇ ਉਸਨੂੰ ਕਲਰਕ ਦੀ ਨੌਕਰੀ ਦਿਵਾਈ। ਯਾਸੀਨ ਬੇਗ ਬੀ.ਏ. ਪਾਸ ਸੀ, ਇਸ ਲਈ ਚੰਗੀ ਤੋਂ ਚੰਗੀ ਨੌਕਰੀ ਲਈ ਯਤਨ ਕਰਦਾ ਰਿਹਾ ਅਤੇ ਇੰਟਰਵਿਊ ਦਿੰਦਾ ਰਿਹਾ। ਉਹ ਰਿਆਸਤੀ ਕਲਚਰਲ ਅਕੈਡਮੀ ਵਿੱਚ ਆਫਿਸ ਸੁਪਰੀਟੈਂਡੰਟ (Superintendent) ਲੱਗਾ ਤੇ ਉਥੇ ਹੀ ਅੰਡਰ ਸੈਕਟਰੀ ਬਣਿਆ ਤੇ 1975 ਵਿੱਚ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਮੁਹੰਮਦ ਸ਼ੇਖ਼ ਅਬਦੁੱਲਾ ਦੇ ਪਰਸਨਲ ਸਟਾਫ ਵਿੱਚ ਅੰਡਰ ਸੈਕਟਰੀ ਬਣ ਕੇ ਆਇਆ। ਉਸਦੀ Induction Kashmir Administrative Service (K.A.S.) ਪੋਸਟਿੰਗ ਵਿੱਚ ਹੋਈ ਤੇ ਫਿਰ ਤਰੱਕੀ ਕਰਦਿਆਂ ਕਰਦਿਆਂ ਉਹ ਸਪੈਸ਼ਲ ਸੈਕਟਰੀ ਦੇ ਅਹੁਦੇ ਤੋਂ ਰਿਟਾਇਰ ਹੋਇਆ।

ਯਾਸੀਨ ਬੇਗ ਹਸਮੁੱਖ ਤਬੀਅਤ ਦਾ ਮਾਲਿਕ ਸੀ ਤੇ ਖ਼ੂਬ ਲਤੀਫੇ ਸੁਣਾਉਂਦਾ। ਉਂਝ ਤਾਂ ਸਾਡਾ ਬਚਪਨ ਤੇ ਜਵਾਨੀ ਫਾਕਾ ਮਸਤੀ ਵਿੱਚ ਗੁਜ਼ਰੀ, ਪਰ ਚੰਗੀ ਜ਼ਿੰਦਗੀ ਲਈ ਅਸਾਂ ਬੜੀ ਮਿਹਨਤ ਕੀਤੀ। ਚੋਖਾ ਸੰਘਰਸ਼ ਕੀਤਾ। ਇਹੀ ਉਹ ਜ਼ਮਾਨਾ ਸੀ, ਜਦ ਸਾਡੇ ਅੰਦਰ ਇੱਕ ਸਾਹਿਤਕਾਰ ਤੇ ਸ਼ਾਇਰ ਨੇ ਜਨਮ ਲਿਆ। ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਤੇ ਯਾਸੀਨ ਬੇਗ ਸ਼ਾਇਰ ਬਣ ਗਿਆ। ਅਸੀਂ ਦੋਵੇਂ ਸਾਹਿਤਕ ਤੇ ਇਤਿਹਾਸਿਕ ਪੁਸਤਕਾਂ ਪੜ੍ਹਦੇ-ਪੜ੍ਹਦੇ ਅੰਗਰੇਜ਼ੀ ਤੇ ਰੂਸੀ ਸਾਹਿਤ ਤੋਂ ਵਾਕਿਫ ਹੋਏ। ਉਰਦੂ ਦੀ ਕਲਾਸਕੀ ਤੇ ਜਦੀਦ ਸ਼ਾਇਰੀ ਨੂੰ ਪੜ੍ਹਿਆ। ਮੰਨੇ-ਪ੍ਰਮੰਨੇ ਕਹਾਣੀਕਾਰਾਂ ਦੀਆਂ ਰਚਨਾਵਾਂ ਨੂੰ ਪੜ੍ਹਿਆ ਤੇ ਆਪਸ ਵਿੱਚ ਵਿਚਾਰ ਵਟਾਂਦਰਾ ਕੀਤਾ। ਉਹ ਕਦੇ ਯਾਰਾਂ ਨੂੰ ਇੱਕੱਠਿਆਂ ਕਰਕੇ ਸ਼ੇਅਰ ਸੁਣਾਉਂਦਾ। ਉਹ ਗੁਲਿਸਤਾਨ ਤੇ ਬੋਸਤਾਨ ਦੀਆਂ ਕਹਾਣੀਆਂ ਸੁਣਾਉਂਦਾ। ਚਾਰ ਦਰਵੇਸ਼ ਦੇ ਕਿੱਸੇ ਤੇ ਦਾਸਤਾਨ ਅਮੀਰ ਹਮਜ਼ਾ ਸਾਨੂੰ ਪੜ੍ਹ ਕੇ ਸੁਣਾਉਂਦਾ- ਸ਼ੁਰੂ ਵਿੱਚ ਉਹਨੇ ਆਪਣੀ ਭੈਣ ਕੋਲੋਂ ਸ਼ਾਇਰੀ ਦੀ ਤਕਨੀਕ ਸਮਝੀ। ਫਿਰ ਆਪਣੀ ਮਿਹਨਤ ਤੇ ਲਗਨ ਨਾਲ ਛੰਦਾ-ਬੰਦੀ,


CC-0. Sohail Kazmi Collection, Jammu. Digitized by eGangotri

ਵਜਨ ਤੇ ਬੈਹਰਾਂ ਦੀ ਮੁਹਾਰਤ ਹਾਸਿਲ ਕੀਤੀ ਤੇ ਉਰਦੂ ਸ਼ਾਇਰੀ ਦੇ ਪਿੜ ਵਿੱਚ ਕੁੱਦ ਪਿਆ। ਸ਼ੁਰੂ ਦੇ ਕੁੱਝ ਸਾਲਾਂ ਵਿੱਚ ਉਹ ਐਡਲੀਅਨ ਰੂਹੀ ਤੇ ਉਸਦੇ ਭਰਾ ਜ਼ੈਡ ਸੈਮੀ ਦੇ ਪ੍ਰਭਾਵ ਹੇਠ ਸ਼ੇਅਰ ਕਹਿੰਦਾ ਰਿਹਾ। ਜ਼ੈਡ ਸੈਮੀ ਇੱਕ ਚੰਗਾ ਸ਼ਾਇਰ ਸੀ, ਪਰ ਸ਼ਰਾਬ ਦੀ ਨਜ਼ਰ ਹੋ ਗਿਆ। ਯਾਸੀਨ ਬੇਗ਼ ਖੁਸ਼ ਆਵਾਜ਼ ਸੀ ਤੇ ਤਰੰਨੁਮ ਵਿੱਚ ਸ਼ੇਅਰ ਪੜ੍ਹਦਾ ਸੀ ਤੇ ਉਹ ਮੁਸ਼ਾਇਰਾ ਲੁੱਟਣ ਦੇ ਚੱਜ ਜਾਣ ਗਿਆ ਸੀ। ਮੈਨੂੰ ਯਾਦ ਹੈ ਕਿ ਇੱਕ ਮੁਸ਼ਾਇਰੇ ਵਿੱਚ ਇਹ ਗਜ਼ਲ ਤਰੰਨੁਮ (ਗਾ ਕੇ) ਵਿੱਚ ਸੁਣਾਈ ਤਾਂ ਸੁਣਨ ਵਾਲਿਆਂ ਕੋਲੋਂ ਭਰਵੀਂ ਦਾਦ ਹਾਸਿਲ ਕੀਤੀ। ਲੋਕੀਂ ਚੋਖੇ ਚਿਰ ਤਕ ਇਹ ਗ਼ਜ਼ਲ ਗੁਣਗੁਣਾਉਂਦੇ ਰਹੇ। ਗਜ਼ਲ ਇੰਝ ਹੈ-

"ਆਜ ਕਾ ਦਿਨ ਭੀ ਯੂੰ ਹੀ ਲਮਹਾ ਲਮਹਾ ਹੋ ਕਰ ਬਿਖਰਾ ਬਾਬਾ
ਜੀਵਨ ਕੇ ਤਪਤੇ ਆਂਗਣ ਮੇਂ ਔਰ ਇੱਕ ਸਪਨਾ ਟੂਟਾ ਬਾਬਾ।
ਮਨ ਕਾ ਮੋਤੀ ਲੇ ਕਰ ਨਿਕਲੋ ਕੌੜੀ ਮੋਲ ਨਹੀਂ ਪਾਉਗੇ
ਇਸ ਬਸਤੀ ਕੇ ਬਾਜ਼ਾਰੋਂ ਮੇਂ ਕਿਆ ਪੱਥਰ ਕਿਆ ਹੀਰਾ ਬਾਬਾ।
ਦਰਿਆ ਦਰਿਆ ਪੀ ਲੇਨੇ ਸੇ ਕਬ ਕੋਈ ਸਾਗਰ ਭਰਤਾ ਹੈ
ਬਰਸੋਂ ਬਰਸੋਂ ਜੀਨੇ ਪਰ ਭੀ ਆਖ਼ਰ ਮੇਂ ਪਛਤਾਨਾ ਬਾਬਾ।"

ਇਹ ਗ਼ਜ਼ਲ ਵੀ ਯਾਸੀਨ ਬੇਗ਼ ਦੇ ਸ਼ੁਰੂ ਦੇ ਦੌਰ ਦੀ ਹੈ-

"ਸੂਰਜ ਕਾ ਯੇਹ ਰੰਗ ਸੁਨਿਹਰਾ ਮੈਂ ਕਿਆ ਜਾਣੂੰ
ਕਿਸ ਕੇ ਕਾਰਨ ਅੰਬਰ ਠਹਿਰਾ ਮੈਂ ਕਿਆ ਜਾਣੂੰ।
ਗਲੀਉਂ ਗਲੀਉਂ ਦਰਦ ਮੇਂ ਡੂਬੀ ਇੱਕ ਸਦਾ ਹੈ
ਮੈਂ ਤੋਂ ਹੂੰ ਇੱਕ ਗੂੰਗਾ ਬਹਿਰਾ ਮੈਂ ਕਿਆ ਜਾਣੂੰ।
ਇਸ ਬਸਤੀ ਮੇਂ ਰਹਿਣੇ ਵਾਲੇ ਕਿਨ ਲੋਗੋਂ ਕਾ
ਮਨ ਮਟਿਆਲਾ ਰੂਪ ਸੁਨਹਿਰਾ ਮੈਂ ਕਿਆ ਜਾਣੂੰ।"

ਯਾਸੀਨ ਬੇਗ਼ ਦਾ ਪਹਿਲਾ ਉਰਦੂ ਕਾਵਿ-ਸੰਗ੍ਰਹਿ 'ਸ਼ਾਖ-ਏ-ਸਨੋਬਰ ਕੇ ਤਲੇ' 1967 ਵਿੱਚ ਛਪਿਆ। ਇਸੇ ਪੁਸਤਕ ਦਾ ਦੂਜਾ ਐਡੀਸ਼ਨ 1993 ਵਿੱਚ ਛਪਿਆ। ਦੂਜੇ ਐਡੀਸ਼ਨ ਵਿੱਚ 1960 ਤੋਂ ਲੈ ਕੇ 1975 ਤਕ ਦੀ ਸ਼ਾਇਰੀ ਦਰਜ ਹੈ। ਉਸਦਾ ਦੂਜਾ ਉਰਦੂ ਕਾਵਿ-ਸੰਗ੍ਰਹਿ 'ਧਹਿਰੇ ਆਸ਼ੂਬ' 1991 ਵਿੱਚ ਛਪਿਆ। ਉਸ ਵਿੱਚ ਕੇਵਲ ਨਜ਼ਮਾਂ ਹੀ ਹਨ ਜਿਹੜੀਆਂ ਯਾਸੀਨ ਬੇਗ਼ ਨੇ 1976 ਤੋਂ ਲੈ ਕੇ 1990 ਤਕ ਲਿਖੀਆਂ। ਉਸਦੀ ਤੀਜੀ ਉਰਦੂ ਕਾਵਿ-ਪੁਸਤਕ 'ਲਹੂ-ਲਕੀਰ' 1996 ਵਿੱਚ ਛਪੀ। ਯਾਸੀਨ ਬੇਗ਼ ਦੀ ਸ਼ਾਇਰੀ ਨੂੰ ਪੜ੍ਹ ਕੇ ਜਾਪਦਾ ਹੈ ਕਿ ਉਹ


CC-0. Sohail Kazmi Collection, Jammu. Digitized by eGangotri

ਕਤੀਲ ਸ਼ਫ਼ਾਈ, ਸਾਹਿਰ ਲੁਧਿਆਣਵੀ ਅਤੇ ਫੈਜ਼ ਅਹਿਮਦ ਫੈਜ਼ ਤੋਂ ਚੋਖਾ ਪ੍ਰਭਾਵਿਤ ਸੀ, ਕਿਉਂਕਿ ਉਸਨੇ ਆਪਣੀਆਂ ਗਜ਼ਲਾਂ ਵਿੱਚ ਇਨ੍ਹਾਂ ਮਸ਼ਹੂਰ ਸ਼ਾਇਰਾਂ ਦੀਆਂ ਬੈਹਰਾਂ ਤੇ ਜ਼ਮੀਨਾਂ ਇਸਤੇਮਾਲ ਕੀਤੀਆਂ ਹਨ, ਪਰ ਹੌਲੀ ਹੌਲੀ ਉਸਨੇ ਆਪਣੀ ਇੱਕ ਵੱਖਰੀ ਸ਼ੈਲੀ ਵਰਤੀ ਅਤੇ ਸ਼ਾਇਰੀ ਦੀ ਦੁਨੀਆ ਵਿੱਚ ਆਪਣੀ ਸ਼ਨਾਖਤ ਬਣਾਈ।

"ਇਸ ਬਸਤੀ ਕੇ ਬਨਜਾਰੋਂ ਕੀ ਰੀਤ ਯੇਹੀ ਹੈ, ਕਹਿ ਦੇਤੇ ਹੈਂ
ਆਪਣੇ ਕੰਕਰ ਕੋ ਭੀ ਸ਼ੰਕਰ, ਔਰੋਂ ਕੇ ਸੋਨੇ ਕੋ ਪੀਤਲ।"

-0-0-0-

"ਯੇਹ ਮੇਰਾ ਅਹਿਸਾਸ ਹੈ ਯਾ ਰੋਸ਼ਨੀ ਕੀ ਕਿਰਚੀਆਂ
ਏਕ ਸ਼ੀਸ਼ੇ ਕਾ ਘਰੌਂਦਾ ਪੱਥਰੋਂ ਕੀ ਜ਼ੱਦ ਮੇਂ ਹੈ।"

-0-0-0-

"ਐ ਅਕਲ-ਓ-ਖ਼ਿਰੱਦ ਕੇ ਰੱਖਵਾਲੋ, ਤੁਮ ਪੱਥਰ ਚੁਣ ਚੁਣ ਕਰਿ ਰੱਖ ਲੋ,
ਗੁਲਸ਼ਨ ਕੀ ਫ਼ਿਜ਼ਾ ਸੇ ਜ਼ਾਹਿਰ ਹੈ, ਵਹਿਸ਼ੀ ਫਿਰ ਲੌਟ ਕੇ ਆਏਗਾ।"

-0-0-0-

"ਏਕ ਧੁਪ ਕੀ ਜਾਦੂਗਰਨੀ ਹੈ ਪਾਨੀ ਪਰ ਨਕਸ਼ ਬਣਾਤੀ ਹੈ
ਦੇਖੋ ਤੋ ਯੇਹ ਦੁਨੀਆ ਸਭ ਕੁਛ ਹੈ ਸੋਚੋ ਤੋ ਯੇ ਦੁਨੀਆ ਕੁਛ ਭੀ ਨਹੀਂ।
ਵੋਹ ਕੌਨ ਮਦਾਰੀ ਹੈ, ਉਸਨੇ ਯੇ ਕੈਸਾ ਖੇਲ ਰਚਾਇਆ ਹੈ
ਇੱਕ ਪਲ ਮੇਂ ਤਮਾਸ਼ਾ ਸਦੀਉਂ ਕਾ, ਇੱਕ ਪਲ ਮੇਂ ਤਮਾਸ਼ਾ ਕੁਛ ਭੀ ਨਹੀਂ।"

-0-0-0-

"ਸਭ ਸ਼ਜਰ ਬੇਲਿਬਾਸ ਲਗਤੇ ਹੈਂ, ਸਭ ਅਕੀਦੇ ਕਿਆਸ ਲਗਤੇ ਹੈਂ,
ਲੋਗ ਮਾਸੂਮ ਤਿੱਤਲੀਉਂ ਜੈਸੇ, ਵਕਫ ਖ਼ੌਫ-ਓ-ਹਿਰਾਸ ਲਗਤੇ ਹੈਂ।"

-0-0-0-

"ਤਿੱਤਲੀ ਫੂਲ ਸਬਾ ਹੋ ਜਾਊਂ, ਇੱਕ ਮਾਸੂਮ ਦੁਆ ਹੋ ਜ਼ਾਊਂ,
ਆਜ ਬਦਨ ਕੀ ਸੂਰਤ ਹੂੰ ਮੈਂ, ਕੱਲ੍ਹ ਕਿਆ ਜਾਨੇ ਕਿਆ ਹੋ ਜਾਊਂ।"

ਯਾਸੀਨ ਬੇਗ ਨੇ ਗਜ਼ਲ ਨੂੰ ਜਮਾਲ ਤੇ ਕਬਾਲ ਬਖ਼ਸ਼ਿਆ। ਉਸਦੀ ਸ਼ਾਇਰੀ ਦਿਲ ਖਿੱਚਵੀਂ ਹੈ। ਉਹ ਮੁਹੱਬਤ ਤੇ ਵਫ਼ਾ ਦਾ ਸ਼ਾਇਰ ਹੈ। ਉਸਦੀ ਸ਼ਾਇਰੀ ਵਿੱਚ ਸੰਗੀਤ ਤੇ ਤਗਜ਼ੁਲ ਹੈ।

"ਥੋੜੀ ਸੀ ਤਦਬੀਰੇਂ ਹੈਂ, ਬਾਕੀ ਸਭ ਤਕਦੀਰੇਂ ਹੈਂ,
ਚਾਹਤ, ਰਿਸ਼ਤੇ, ਅਪਨਾਪਨ, ਪੈਰੋਂ ਕੀ ਜ਼ੰਜੀਰੇਂ ਹੈਂ।"

-0-0-0-


CC-0. Sohail Kazmi Collection, Jammu. Digitized by eGangotri

"ਮੈਂ ਦੋਸਤੋਂ ਕੀ ਤਰਫ਼ ਦੇਖਤਾ ਰਹਾ ਲੇਕਿਨ,
ਵੋ ਤੀਰ ਮੁਝ ਪੇ ਸਫੇ ਦੋਸਤਾਂ ਸੇ ਆਇਆ ਥਾ।"

-0-0-0-

"ਜ਼ੁਬਾਂ ਪੇ ਜਬਰ ਕੇ ਪਹਿਰੇ ਲਗੇ ਹੁਏ ਹੈਂ ਮਗਰ
ਰਗੋਂ ਮੇਂ ਦੌੜਤੀ ਹੈ ਇਖ਼ਤਿਆਰ ਕੀ ਖ਼ੁਸ਼ਬੂ।"

-0-0-0-

"ਮੇਰੇ ਕਾਤਲੋਂ ਕੋ ਖ਼ਬਰ ਕਰੋ ਕਿ ਜੋ ਨੀਮਜਾਂ ਥਾ ਵੋਹ ਮਰ ਗਿਆ,
ਥਾ ਵੋਹ ਜ਼ਖ਼ਮ ਖੁਰਦਾ-ਏ-ਆਰਜ਼ੂ, ਗਮੇ ਆਰਜ਼ੂ ਸੇ ਗੁਜ਼ਰ ਗਿਆ।
ਕਿਸੀ ਭੂਲੀ ਬਿਸਰੀ ਸੀ ਯਾਦ ਕੋ ਜ਼ਰਾ ਨਾਖੁਨੋਂ ਸੇ ਕੁਰੇਦ ਲੂੰ,
ਕਿ ਜੋ ਜ਼ਖ਼ਮ ਬਖ਼ਸ਼ਾ ਥਾ ਆਪ ਨੇ ਵੋਹ ਇਲਾਜੇ ਵਕਤ ਸੇ ਭਰ ਗਿਆ।"

ਪਿਛਲੇ ਕਈ ਸਾਲਾਂ ਤੋਂ ਜੰਮੂ-ਕਸ਼ਮੀਰ ਵਿੱਚ ਫੈਲੀ ਬਦ-ਅਮਨੀ, ਬਰਬਾਦੀ, ਖ਼ੂਨਰੇਜ਼ੀ ਤੇ ਬਾਰੂਦ ਗਰਦੀ ਵਿੱਚ ਫਸੇ ਬੇਬਸ ਲੋਕਾਂ ਦਾ ਦਰਦ ਯਾਸੀਨ ਬੇਗ ਨੇ ਬੜੇ ਨੇੜਿਓਂ ਦੇਖਿਆ ਹੈ। ਲਹੂ ਨਾਲ ਲਿੱਬੜੀਆਂ ਸੜਕਾਂ, ਗਲੀਆਂ ਤੇ ਮਕਾਨਾਂ ਨੂੰ ਦੇਖਿਆ ਹੈ। ਸੜਦੇ, ਬਲਦੇ ਘਰ ਦੇਖੇ ਹਨ। ਇੱਜ਼ਤਾਂ ਲੁੱਟਦੀਆਂ ਵੇਖੀਆਂ ਹਨ ਤੇ ਲਾਸ਼ਾਂ ਬਿਖਰੀਆਂ ਵੇਖੀਆਂ ਹਨ। ਅਜਿਹੇ ਦ੍ਰਿਸ਼ ਤੇ ਮੰਜ਼ਰਨਾਮਿਆਂ ਨੂੰ ਉਸਨੇ ਸ਼ੇਅਰ ਦਾ ਜੁੱਸਾ ਪੁਆਇਆ ਹੈ।

"ਮੈਨੇ ਕਬ ਤੁਝ ਸੇ ਤਲਬ ਕੀ ਹੈ ਗੁਲਾਬੋਂ ਕੀ ਮਹਿਕ
ਮੇਰੀ ਰਾਹੋਂ ਮੇਂ ਵੋਹੀ ਖ਼ੂਨ ਕਾ ਦਰਿਆ ਲਿਖ ਦੇ।
ਅਬ ਦਰ-ਓ-ਬਾਮ ਸੇ ਆਤੀ ਨਹੀਂ ਕੋਈ ਭੀ ਸਦਾ
ਖ਼ਾਮੋਸ਼ੀ ਸਭ ਕਾ ਮੁਕੱਦਰ ਹੁਈ ਐਸਾ ਲਿਖ ਦੇ।"

-0-0-0-

"ਜ਼ਖ਼ਮ ਹੀ ਜ਼ਖ਼ਮ ਹੈ ਵਿਰਾਨੀ ਹੀ ਵਿਰਾਨੀ ਸੀ,
ਆਪਣੇ ਅੰਦਰ ਜੋ ਉਤਰਤਾ ਹੂੰ ਤੋ ਡਰ ਲਗਤਾ ਹੈ।
ਸ਼ਾਮ ਦਫ਼ਤਰ ਸੇ ਨਿਕਲਤਾ ਹੂੰ ਤੋ ਘਰ ਤਕ ਜਾਣਾ,
ਰੇਗਜ਼ਾਰੋਂ ਮੇ ਕਿਆਮਤ ਕਾ ਸਫ਼ਰ ਲਗਤਾ ਹੈ।"

-0-0-0-

"ਕੋਈ ਕਿਆਮਤ ਆਨੇ ਵਾਲੀ ਹੈ, ਹਰ ਬਸਤੀ ਮੇਂ ਖ਼ੌਫ਼-ਓ-ਖ਼ਤਰ ਹੈ,
ਜ਼ਬਤ ਕੇ ਬੰਧਨ ਟੂਟ ਚੁਕੇ ਹੈਂ, ਦਰਿਆ ਆਪਣੇ ਜੋਬਨ ਪਰ ਹੈ।"

-0-0-0-



CC-0. Sohail Kazmi Collection, Jammu. Digitized by eGangotri

"ਖ਼ੂਨ ਕੇ ਡਲ ਮੇਂ ਸੂਰਜ ਆਖ਼ਿਰ ਡੂਬ ਗਿਆ,
ਪਰਬਤ ਵਾਲੋਂ ਨੇ ਜਲਤੇ ਘਰ ਦੇਖੇ ਹੈਂ।"

-0-0-0-

"ਖਿੜਕੀਆਂ ਬੰਦ, ਹਵਾ ਬੰਦ, ਅਜਬ ਸਨਾਟਾ,
ਅਜਨਬੀ ਸ਼ਹਿਰ ਮੇਂ ਹਰ ਸਿਮਤ ਗ਼ਜ਼ਬ ਸਨਾਟਾ।
ਕਿਤਨੇ ਤੂਫ਼ਾਨ ਤਹਿ-ਏ-ਆਬ ਮਚਲ ਉਠਤੇ ਹੈਂ,
ਧੁੰਦ ਦਰਿਆਉਂ ਪੇ ਛਾ ਜਾਤਾ ਹੈ ਜਬ ਸੱਨਾਟਾ।"

-0-0-0-

"ਵੈਸੇ ਤੋ ਮੈਂ ਫਿਜ਼ਾ ਮੇਂ ਪਰਿੰਦੋਂ ਕੇ ਸਾਥ ਹੂੰ,
ਲੇਕਿਨ ਜ਼ਮੀਂ ਪੇ ਜਾਲ ਮੇਰੇ ਸਾਥ-ਸਾਥ ਹੈ।"

ਯਾਸੀਨ ਬੇਗ ਬੜਾ ਮਿੱਠੜਾ ਸ਼ਾਇਰ ਸੀ। ਉਸਦਾ ਅਨੁਭਵ ਤੇ ਕਲਾਤਮਿਕ ਸੂਝ ਬੜੀ ਡੂੰਘੀ ਸੀ। ਸ਼ਾਇਰੀ ਤੇ ਸਾਹਿਤ ਦੇ ਹਵਾਲੇ ਨਾਲ ਉਹਦਾ ਨਾਂ ਅਦਬੀ ਹਲਕਿਆਂ ਵਿੱਚ ਜਾਣਿਆ ਪਛਾਣਿਆ ਸੀ। ਉਸਨੇ ਉਰਦੂ ਗ਼ਜ਼ਲ ਨੂੰ ਆਪਣੇ ਅੰਦਰ ਦੀ ਲੋਅ ਨਾਲ ਰੋਸ਼ਨ ਕੀਤਾ। ਉਹ ਖੁਸ਼ ਰੰਗ ਤੇ ਖੁਸ਼ ਤਰੰਗ ਸੀ ਅਤੇ ਰਚਨਾਤਮਕ ਤੇ ਕਲਾਤਮਕ ਜ਼ਰਖੇਜ਼ੀ ਨਾਲ ਭਰਿਆ ਹੋਇਆ ਸੀ। ਯਾਸੀਨ ਬੇਗ ਨੇ ਨਜ਼ਮ ਨੂੰ ਵੀ ਆਪਣੇ ਇਜ਼ਹਾਰ ਦਾ ਵਸੀਲਾ ਬਣਾਇਆ ਤੇ ਬੜੀਆਂ ਸੋਹਣੀਆਂ ਨਜ਼ਮਾਂ ਲਿਖੀਆਂ ਜੋ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਨਜ਼ਮਾਂ ਵਿੱਚ ਆਰਥਿਕ, ਰਾਜਨੀਤਿਕ ਤੇ ਮਨੋਵਿਗਿਆਨਕਿ ਮਸਲਿਆਂ ਨੂੰ ਉਭਾਰਿਆ ਗਿਆ ਹੈ। ਆਤੰਕਵਾਦ ਤੇ ਉਸ ਨਾਲ ਫੈਲੀ ਤਬਾਹੀ ਤੇ ਬਰਬਾਦੀ ਦੀ ਤਸਵੀਰ ਖਿੱਚੀ ਗਈ ਹੈ। 'ਦਹਰ-ਏ-ਆਸ਼ੂਬ' ਤੇ 'ਲਹੂ-ਲਕੀਰ' ਦੀਆ ਨਜ਼ਮਾਂ ਇਸ ਸੱਚ ਦਾ ਮੂੰਹ ਬੋਲਦਾ ਸਬੂਤ ਹਨ। ਦੋਵੇਂ ਪੁਸਤਕਾਂ ਵਿੱਚ ਜ਼ਿਆਦਾਤਰ ਨਜ਼ਮਾਂ ਹੀ ਹਨ-

"ਮੈਂ ਜੋ ਇਜ਼ਹਾਰ ਕੇ ਦੋਜ਼ਖ਼ ਮੇਂ ਖੜਾ ਹੂੰ,
ਆਪਣੀ ਨਜ਼ਮੋਂ ਕੇ ਲੀਏ ਲਫ਼ਜ਼ ਉਗਾਊਂਗਾ।"

-0-0-0-

"ਨਾ ਰੰਗੋ ਕਾ ਅਜ਼ਾਬ,
ਨਾ ਸਦੀਉਂ ਕੀ ਤਹੀ ਦਸਤ ਸ਼ਰਾਬ,
ਵਕਤ ਕੀ ਜਾਗਤੀ ਖ਼ੁਸ਼ਬੂ ਸੇ ਸਜਾਊਂਗਾਂ ਮੁੱਕਦਸ ਅਹਿਰਾਮ।"

-0-0-0-



CC-0. Sohail Kazmi Collection, Jammu. Digitized by eGangotri

"ਹਜ਼ਾਰ ਸਦੀਊਂ ਸੇ
ਮੇਰੀ ਹੱਥੇਲੀ ਪੇ ਏਕ ਕਾਂਟਾ ਚੁਭਾ ਹੁਆ ਹੈ
ਮੇਰੀ ਨਿਗਾਹੋਂ ਮੇਂ ਜ਼ਹਿਰ ਕਾ ਆਬਲਾ ਉਗਾ ਹੈ
ਮੇਰੇ ਲਹੂ ਮੇਂ
ਸਿਆਹ ਸਾਂਪੋਂ ਕਾ
ਨੀਲਗੂੰ ਖ਼ੌਫ ਪਲ ਰਹਾ ਹੈ
ਜਿਹ ਕਾਇਨਾਤ ਬਗੋਲੇ ਕੀ ਤਰ੍ਹਾਂ ਆਵਾਰਾ
ਅਜ਼ਲ ਸੇ ਲੇਕਰ ਅਬਦ ਤਕ
ਮੇਰਾ ਮੁਕਾਮ ਜਹਨੁੱਮ, ਮੇਰਾ ਵਜੂਦ ਅਜ਼ਾਬ।" (ਨਜ਼ਮ: ਅਜ਼ਾਬ ਨਾਮਾ)

ਮਿਰਜ਼ਾ ਮੁਹੰਮਦ ਯਾਸੀਨ ਬੇਗ਼ ਲਈ ਮੁਹੰਮਦ ਯੂਸਫ ਟੇਂਗ (ਡਿਪਟੀ ਚੇਅਰਮੈਨ ਲੇਜਿਸਲੇਟਿਵ ਕੌਂਸਲ ਤੇ ਉਘੇ ਸਾਹਿਤਕਾਰ ਤੇ ਆਲੋਚਕ) ਨੇ ਕਿਹਾ ਹੈ, "ਸੋਹਣੀ ਆਵਾਜ਼ ਤੇ ਗ਼ਜ਼ਲਾਂ ਨੂੰ ਆਪਣੀ ਧੁਨ ਵਿੱਚ ਗਾਉਣਾ ਉਸਦਾ ਸਭ ਤੋਂ ਵੱਡਾ ਹਰਬਾ ਹੈ ਤੇ ਯਾਸੀਨ ਇਸੇ ਪੈਰਾਸ਼ੂਟ 'ਤੇ ਚੜ੍ਹ ਕੇ ਸਰਬ-ਭਾਰਤੀ ਸਗੋਂ ਹਿੰਦ-ਪਾਕ ਮੁਸ਼ਾਇਰਿਆਂ ਦੇ ਅਖਾੜੇ ਵਿੱਚ ਉਤਰ ਕੇ ਸੁਣਨ ਵਾਲਿਆਂ ਨੂੰ ਲੋਟ-ਪੋਟ ਕਰਕੇ ਰੱਖ ਦਿੰਦਾ ਹੈ। ਪਰ ਉਸਦੀਆਂ ਨਜ਼ਮਾਂ ਪੜ੍ਹ ਕੇ ਇੰਝ ਲੱਗਾ ਕਿ ਉਸ ਅੰਦਰ ਪ੍ਰਭਾਵਸ਼ੀਲਤਾ ਤੇ ਕਲਾ ਕੁਸ਼ਲਤਾ ਦਾ ਇਨਕਲਾਬ ਇਸ ਕਦਰ ਦੰਗ ਕਰ ਦੇਣ ਵਾਲਾ ਹੈ ਕਿ ਇਹ ਨਜ਼ਮਾਂ ਪੜ੍ਹ ਕੇ ਇੱਕ ਅਜਿਹੇ ਰੂਹਾਨੀ ਲੈਂਡ-ਸਕੇਪ ਵਿੱਚ ਪੁੱਜਾ ਗਿਆ, ਜਿੱਥੇ ਕਿਸੇ ਸਲਵਾਡੋਰ ਡਾਲੀ ਦੇ ਕਬੀਲੇ ਦੇ ਸ਼ਬਦਾਂ ਦੇ ਮੁਸੱਵਰ ਨੇ ਨਵੀਂ ਸ਼ੈਲੀ ਕਾਇਮ ਕੀਤੀ ਹੋਏ। ਇਨ੍ਹਾਂ ਨਜ਼ਮਾਂ ਵਿੱਚ ਯਾਸੀਨ ਬੇਗ਼ ਦਾ ਅਸਲੂਬ ਨਾਜ਼ਕ ਖ਼ਿਆਲੀ ਦਾ ਤਕੱਲੁਫ ਤੋੜ ਕੇ ਖ਼ੂਨ ਦੀਆਂ ਨਹਿਰਾਂ ਵਿੱਚ ਜਗਦੇ ਦੀਵਿਆਂ ਦਾ ਹਮਸਫਰ ਬਣ ਜਾਂਦਾ ਹੈ।"

ਯਾਸੀਨ ਬੇਗ਼ ਨੇ ਨਜ਼ਮ ਲਈ ਆਪਣੇ ਰਸਤੇ ਆਪ ਬਣਾਏ ਤੇ ਕਲਾ ਕੁਸ਼ਲਤਾ ਨਾਲ ਆਪਣੇ ਖ਼ਿਆਲਾਂ ਨੂੰ ਰੋਸ਼ਨ ਕੀਤਾ।

"ਹਮਾਰੇ ਚਾਰ ਅਤਰਾਫ
ਮੌਤ ਕਾ ਰਕਸ ਹੋ ਰਹਾ ਹੈ
ਹਮਾਰੀ ਗਲੀਊਂ ਕੇ ਪੇਚ-ਓ-ਖ਼ਮ ਮੇਂ
ਕਿਸੀ ਨੇ ਬਾਰੂਦ ਭਰ ਦੀਆ ਹੈ
ਹਮਾਰੇ ਸ਼ਹਿਰੋਂ ਪੇ
ਧੂਪ ਪਰਚਮ ਨਹੀਂ ਉਡਾਤੀ


CC-0. Sohail Kazmi Collection, Jammu. Digitized by eGangotri

ਨਾ ਕੋਈ ਮਹਾਤਾਬ ਜਾਗਤਾ ਹੈ
ਹਮਾਰੇ ਘਰ
ਅਬ ਹਮਾਰੇ ਘਰ ਨਹੀਂ ਰਹੇ ਹੈਂ
ਨਾ ਕੋਈ ਤਹਿਜ਼ੀਬ ਦਾ ਤਕਦੁੱਸ
ਨਾ ਕੋਈ ਆਦਰਸ਼ ਰੌਸ਼ਨੀ ਕਾ
ਨਾ ਕੋਈ ਅਨਵਾਨ ਜ਼ਿੰਦਗੀ ਕਾ
ਜੋ ਅਜਨਬੀ ਚਾਹੇ
ਜਬ ਭੀ ਆਏ
ਨਾ ਦਸਤਕੋਂ ਕੀ
ਕੋਈ ਰਵਾਇਤ
ਨਾ ਦਰ ਕੀ ਜ਼ੰਜੀਰ ਬੋਲਤੀ ਹੈ
ਹਿਫਾਜ਼ਤੋਂ ਕੀ
ਬਸ਼ਾਰਤੋਂ ਕੀ
ਵੋਹ ਸਾਅਤੇਂ
ਜੋ ਗੁਲਾਬ ਸੂਰਤ ਮਹਿਕ ਰਹੀ ਥੀਂ
ਹਵਾ ਮੇਂ ਤਹਿਲੀਲ ਹੋ ਗਈ ਹੈਂ
ਹਮਾਰੀ ਪਹਿਚਾਣ ਖੋ ਗਈ ਹੈ
ਹਮਾਰੀ ਸੁਬਹੇਂ
ਹਮਾਰੀ ਸ਼ਾਮੇਂ
ਸ਼ਿਕਸਤਗੀ ਕੇ ਹਜਾਬ ਪਹਿਣੇ ਗੁਜ਼ਰ ਰਹੀ ਹੈਂ
ਹਮਾਰੀ ਤਾਮੀਰ ਕੇ ਤਸਵੱਰ ਮੇਂ
ਜ਼ੌਕ-ਏ-ਤਖ਼ਰੀਬ
ਰਚ ਗਿਆ ਹੈ
ਲਹੂ ਟਪਕਤੀ ਹੁਈ ਨਿਗਾਹੇਂ
ਖਜ਼ਾਂ ਕ
ਮੰਜ਼ਰ ਉਗਾ ਰਹੀ ਹੈਂ
ਸਰੋਂ ਕੀ ਜੋ ਫਸਲ ਕਟ ਚੁਕੀ ਹੈਂ
ਹਮ ਉਸ ਕੀ ਦੌਲਤ ਸੰਭਾਲਤੇ ਹੈਂ
ਗ਼ਮੋਂ ਕੀ ਖੇਤੀ ਕੋ ਪਾਲਤੇ ਹੈਂ
ਨਾ ਜਾਣੇ ਕਬ ਤਕ


CC-0. Sohail Kazmi Collection, Jammu. Digitized by eGangotri

ਯੇਹ ਮਰਗ-ਏ-ਮੌਸਮ

ਯੂਹੀਂ ਰਹੇਗਾ।" (ਨਜ਼ਮ: ਮੌਸਮ-ਏ-ਮਰਗ)

ਯਾਸੀਨ ਬੇਗ਼ ਨੇ ਆਪਣੀ ਤਬੀਅਤ ਨਾਲ ਕਦੇ ਜ਼ੋਰ ਜ਼ਬਰਦਤੀ ਨਹੀਂ ਕੀਤੀ। ਉਸਨੇ ਆਮਦ ਵੱਜੋਂ ਸ਼ੇਅਰ ਕਹੇ। ਉਹ ਬੜੀ ਉਚੀ ਸਰਕਾਰੀ ਪੱਦਵੀਆਂ ਵਿੱਚ ਵੀ ਬੈਠਾ, ਪਰ ਉਸਨੇ ਆਪਣੇ ਸੱਭਿਆਚਾਰਕ ਵਿਰਸੇ ਨੂੰ ਟੁੱਟਣ ਭੱਜਣ ਨਹੀਂ ਦਿੱਤਾ। ਉਸ ਦੀਆਂ ਨਜ਼ਮਾਂ ਪਾਠਕ ਨੂੰ ਸੋਚ ਸਮੁੰਦਰ ਵਿੱਚ ਡੁੱਬਕੀਆਂ ਲਾਉਣ ਨੂੰ ਮਜਬੂਰ ਕਰਦੀਆਂ ਹਨ। ਯਾਸੀਨ ਬੇਗ਼ ਮਹਿਫਲ ਪ੍ਰਸਤ ਬੰਦਾ ਸੀ ਤੇ ਯਾਰ ਬੇਲੀਆਂ ਦੇ ਝੁੰਡ ਵਿੱਚ ਖੁਸ਼ ਰਹਿੰਦਾ ਸੀ। ਗੱਪਾਂ ਤੇ ਲਤੀਫੇ ਬਾਜ਼ੀਆਂ ਉਸਦੇ ਦਿਲ ਤੇ ਦਿਮਾਗ ਨੂੰ ਤਰਾਵਟ ਬਖਸ਼ਦੀਆਂ ਸਨ। ਪਰ ਘਰੇਲੂ ਮਾਹੌਲ ਕਾਰਨ ਉਹ ਘਰ ਦਾ ਕੈਦੀ ਬਣ ਗਿਆ ਤੇ ਹੌਲੀ-ਹੌਲੀ ਇਕਲਾਪੇ ਦੀ ਗਾਰ ਵਿੱਚ ਗ਼ਰਕ ਹੋ ਗਿਆ। ਉਸ ਉਤੇ ਅਧਰੰਗ ਦਾ ਹਮਲਾ ਹੋਇਆ ਤੇ ਉਹ ਸੱਤਾਂ ਵਰ੍ਹਿਆਂ ਤਕ ਇੱਕ ਲੰਬਾ ਆਜ਼ਾਬ ਬਰਦਾਸ਼ਤ ਕਰਨ ਮਗਰੋਂ 5 ਨਵੰਬਰ 2008 ਨੂੰ ਅਕਾਲ ਚਲਾਨਾ ਕਰ ਗਿਆ। ਯਾਸੀਨ ਬੇਗ਼ ਨੇ ਡੋਗਰੀ ਤੇ ਪੰਜਾਬੀ ਵਿੱਚ ਵੀ ਸ਼ਾਇਰੀ ਕੀਤੀ। ਡੋਗਰੀ ਵਿੱਚ ਉਸਦਾ ਕਾਵਿ-ਸੰਗ੍ਰਹਿ 'ਸ਼ਬਦ ਅੰਮ੍ਰਿਤ' ਦੇ ਸਿਰਨਾਵੇ ਹੇਠ ਛਪ ਚੁੱਕਿਆ ਹੈ। ਮੈਂ ਆਪਣਾ ਲੇਖ ਯਾਸੀਨ ਬੇਗ਼ ਦੀਆਂ ਦੋ ਨਜ਼ਮਾਂ 'ਤੇ ਖ਼ਤਮ ਕਰਦਾ ਹਾਂ।

**ਫੁੱਲ ਹੀ ਫੁੱਲ**

"ਕੁੱਝ ਲੋਕਾਂ ਨੇ ਮੇਰੀ ਰਾਹੇ,
ਮੇਰੇ ਅੱਗੇ ਟੁਰਦੇ ਟੁਰਦੇ
ਦੋ ਦੋ ਹੱਥੀਂ ਕੰਡੇ ਬੀਜੇ
ਮੈਂ ਟੁਰਿਆ ਤਾਂ ਕੰਡੇ ਹੀ ਕੰਡੇ
ਮੇਰੀਆਂ ਤਲੀਆਂ ਵਿੱਚ ਆ ਚੁੱਭੇ
ਪਰ ਜਿਸ ਜਿਸ ਕੰਡੇ ਦੇ ਮੁੱਖ 'ਤੇ
ਮੇਰੇ ਲਹੂ ਦੀ ਲਾਲੀ ਲੱਗੀ।
ਉਹੋ ਉਹੋ ਫੁੱਲ ਦੇ ਵਾਂਗੂੰ
ਫੁੱਟ ਫੁੱਟ ਖਿੜਿਆ
ਖਿੜ ਖਿੜ ਹੱਸਿਆ
ਕਾਫੀ ਮਗਰੋਂ ਮੇਰੀ ਰਾਹੇ
ਜਦ ਉਹੋ ਲੋਕੀਂ ਵਾਪਸ ਆਏ,



CC-0. Sohail Kazmi Collection, Jammu. Digitized by eGangotri

ਤਾਂ ਮੇਰੀ ਰਾਹ ਵਿੱਚ
ਫੁੱਲ ਹੀ ਫੁੱਲ ਸਨ।"

ਵਿਛੋੜਾ

"ਉਸ ਉਮਰ ਦੇ ਕੱਲੇ ਮੋੜ ਉਤੇ
ਜਿਹਦੀ ਕੁੱਖ ਵਿੱਚ ਸਦੀਆਂ ਲੁਕੀਆਂ ਸਨ
ਮੇਰਾ ਬਚਪਨ ਮੈਥੋਂ ਵਿਛੜ ਗਿਆ
ਜਿਵੇਂ ਰੂਹ ਨੂੰ ਛੱਡ ਕਲਬੂਤ ਹੋਵੇ
ਜਿਵੇਂ ਚੰਨ ਤੋਂ ਚਾਨਣੀ ਵੱਖ ਹੋਵੇ
ਜਿਵੇਂ ਡਾਰ ਨੂੰ ਕੂੰਜ ਪਛਾੜ ਜਾਵੇ।
ਕੋਈ ਧੀਅ ਸਿਆਲਾਂ ਦੀ 'ਰੂਪਮਤੀ'
ਜਿਵੇਂ ਵੱਸਦਾ ਪਿੰਡ ਉਜਾੜ ਜਾਵੇ।
ਉਸ ਉਮਰ ਦੇ ਕੱਲੇ ਮੋੜ 'ਤੇ
ਜਿਹਦੀ ਕੁੱਖ ਵਿੱਚ ਸਦੀਆਂ ਲੁਕੀਆਂ ਸਨ
ਮੈਂ ਗੀਤ ਦੇ ਗੁੰਗੇ ਸ਼ਬਦ ਵਾਂਗੂੰ
ਚੁੱਪ ਚੁਪੀਤੇ ਹੰਝੂ ਪੀਤੇ।"

*** *** ***


CC-0. Sohail Kazmi Collection, Jammu. Digitized by eGangotri

# ਸੁਰਜੀਤ ਸਖੀ ਦੀ ਸ਼ਾਇਰੀ ਦਾ ਅਵਲੋਕਨ

ਜਿਵੇਂ ਮਿੱਠੇ ਪਾਣੀ ਦੀ ਫਿਤਰਤ ਵਿੱਚ ਕੋਈ ਫਰਕ ਨਹੀਂ ਪੈਂਦਾ, ਭਾਵੇਂ ਚਾਂਦੀ ਦੇ ਪਿਆਲੇ ਵਿੱਚ ਰੱਖੀਏ ਜਾਂ ਮਿੱਟੀ ਦੇ ਠੀਕਰੇ ਵਿੱਚ, ਉਵੇਂ ਹੀ ਚੰਗਾ ਸ਼ੇਅਰ ਵੀ ਆਬ-ਏ-ਹਯਾਤ ਹੈ, ਉਸਨੂੰ ਭਾਵੇਂ ਤੁਸੀਂ ਸੋਨੇ ਦਾ ਪਾਣੀ ਚੜ੍ਹਾਉ, ਕਾਗਜ਼ੀ ਜੁੱਸਾ ਪਵਾਉ ਜਾਂ ਭਾਵੇਂ ਕੋਇਲੇ ਨਾਲ ਦੀਵਾਰ 'ਤੇ ਉਲੀਕੋ, ਉਸਦੀ ਖੂਬਸੂਰਤੀ ਵਿੱਚ ਕੋਈ ਫਰਕ ਨਹੀਂ ਪਵੇਗਾ। ਇੰਝ ਹੀ ਘਟੀਆ ਸ਼ੇਅਰ ਲਈ ਵੀ ਕਿਹਾ ਜਾ ਸਕਦਾ ਹੈ। ਚੰਗੀ ਸ਼ਾਇਰੀ ਇਨਸਾਨੀ ਜਜ਼ਬਿਆਂ ਦੀ ਤਰਜੁਮਾਨੀ ਕਰਦੀ ਹੈ, ਦਿਲ ਤੇ ਦਿਮਾਗ ਵਿੱਚ ਖੁੱਭਦੀ ਹੈ ਅਤੇ ਰੂਹ ਦੀ ਪਿਆਸ ਬੁਝਾਂਦੀ ਹੈ। ਚੰਗੇ ਸ਼ੇਅਰ ਦੀ ਹਯਾਤੀ ਸਦੀਆਂ ਲੰਬੀ ਹੁੰਦੀ ਹੈ। ਉਹ ਕਵੀ ਅਜ਼ੀਮ ਹੈ ਜਿਸਦੀ ਰਚਨਾ ਉਚੀ ਤੇ ਸੁੱਚੀ ਸੋਚ ਉਡਾਰੀ ਨਾਲ ਅਤੇ ਸੋਹਣੇ ਤੇ ਢੁੱਕਵੇਂ ਸ਼ਬਦਾਂ ਨਾਲ ਸੱਜੀ ਹੋਵੇ। ਇਸੇ ਤਰ੍ਹਾਂ ਉਹ ਮਨੁੱਖ ਜਿਹੜਾ ਭਾਸ਼ਾ ਦੀ ਸੁੰਦਰਤਾ ਤੇ ਉਸਦੇ ਇਸਤੇਮਾਲ ਤੋਂ ਜਾਣੂੰ ਨਾ ਹੋਵੇ, ਜਿਸਨੂੰ ਛੰਦਾ-ਬੰਦੀ, ਵਜ਼ਨ, ਬੈਹਰ ਤੇ ਅਰੂਜ਼ ਦੀ ਕੋਈ ਸਾਰ ਨਾ ਹੋਵੇ, ਜੇ ਉਹ ਸ਼ੇਅਰ ਕਹਿਣ ਦਾ ਫੈਸਲਾ ਕਰੇ ਤਾਂ ਉਹ ਅਜਿਹਾ ਪਾਗਲ ਹੈ ਜਿਹੜਾ ਤਾਰੂ ਨਾ ਹੁੰਦਿਆਂ ਹੋਇਆਂ ਵੀ ਦਰਿਆ ਵਿੱਚ ਛਾਲ ਮਾਰ ਦਿੰਦਾ ਹੈ।

ਜੰਮੂ-ਕਸ਼ਮੀਰ ਦੇ ਪੰਜਾਬੀ ਖੇਤਰ ਵਿੱਚ ਜਿਨ੍ਹਾਂ ਲੋਕਾਂ ਨੇ ਸ਼ੇਅਰ ਕਹਿਣ ਦਾ ਫੈਸਲਾ ਕੀਤਾ ਹੈ ਉਨ੍ਹਾਂ ਵਿੱਚੋਂ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਤਾਰੀ ਨਾ ਜਾਣਦਿਆਂ ਹੋਇਆਂ ਵੀ ਸ਼ਾਇਰੀ ਦੇ ਦਰਿਆ ਵਿੱਚ ਛਾਲ ਮਾਰੀ ਹੋਈ ਹੈ ਅਤੇ ਜਾਂ ਤਾਂ ਹੁਣ ਤਕ ਡੁੱਬ ਕੇ ਮਰ ਖਪ ਚੁੱਕੇ ਹਨ ਜਾਂ ਫਿਰ ਡੁੱਬ ਰਹੇ ਹਨ, ਪਰ ਜੰਮੂ-ਕਸ਼ਮੀਰ ਵਿੱਚ ਪੰਜਾਬੀ ਸ਼ਾਇਰੀ ਦੇ ਕੁੱਝ ਅਜਿਹੇ ਸੋਹਣੀ-ਮਹੀਂਵਾਲ ਵੀ ਨੇ ਜਿਨ੍ਹਾਂ ਸ਼ਾਇਰੀ ਦੇ ਦਰਿਆ ਨੂੰ ਸਿਦਕ ਦੇ ਘੜੇ ਉਤੇ ਪਾਰ ਕਰਕੇ ਪੰਜਾਬੀ ਜਗਤ ਵਿੱਚ ਨਾਮ ਕਮਾਇਆ ਹੈ। ਇਨ੍ਹਾਂ ਵਿੱਚੋਂ ਪ੍ਰਿੰ. ਤਖ਼ਤ ਸਿੰਘ ਦੀ ਸ਼ਾਗਿਰਦ ਸੁਰਜੀਤ ਸਖੀ ਵੀ ਹੈ ਜਿਹੜੀ ਅੱਜ ਸਮੁੱਚੇ ਪੰਜਾਬੀ ਸਾਹਿਤ ਦਾ ਜਾਣਿਆ ਪਛਾਣਿਆ ਨਾਂ ਬਣ ਚੁੱਕੀ ਹੈ। ਸੁਰਜੀਤ ਸਖੀ ਦੀ ਪਲੇਠੀ ਪੁਸਤਕ 'ਕਿਰਨਾਂ' ਰਿਆਸਤੀ ਕਲਚਰਲ ਅਕੈਡਮੀ ਦੀ ਮਾਇਕ ਸਹਾਇਤਾ ਨਾਲ ਛਪੀ ਸੀ ਤੇ ਉਸ



CC-0. Sohail Kazmi Collection, Jammu. Digitized by eGangotri

ਪੁਸਤਕ ਦਾ ਖਰੜਾ ਜਾਂਚ ਲਈ ਮੇਰੇ ਕੋਲ ਆਇਆ ਸੀ, ਮੈਂ ਉਸ ਵਿੱਚ ਤੋਲ-ਤੁਕਾਂਤ ਦੀਆਂ ਕਈ ਗ਼ਲਤੀਆਂ ਕੱਢੀਆਂ ਸਨ ਤੇ ਕਿਤਾਬ ਨੂੰ ਮਾਇਕ ਸਹਾਇਤਾ ਕਰਨ ਦੀ ਸਿਫ਼ਾਰਸ਼ ਕਰਦਿਆਂ ਹੋਇਆਂ ਇਹ ਲਿਖਿਆ ਸੀ ਕਿ ਸੁਰਜੀਤ ਸਖੀ ਦੀ ਸੋਚ ਉਡਾਰੀ ਉਚੀ ਤੇ ਸੁੱਚੀ ਹੈ, ਪਰ ਕਈ ਸ਼ੇਅਰ ਵਜ਼ਨ ਤੇ ਬੈਹਰ ਤੋਂ ਖਾਰਿਜ ਹਨ, ਇਸ ਲਈ ਉਸਨੂੰ ਕਿਹਾ ਜਾਵੇ ਕਿ ਉਹ ਪੁਸਤਕ ਛਾਪਣ ਤੋਂ ਪਹਿਲਾਂ ਕਿਸੇ ਉਸਤਾਦ ਸ਼ਾਇਰ ਤੋਂ ਸ਼ੇਅਰਾਂ ਦੀ ਦਰੁਸਤੀ ਤੇ ਇਸਲਾਹ ਕਰਵਾ ਲਵੇ, ਪਰ ਸਖੀ ਨੇ ਮੇਰਾ ਮਸ਼ਵਰਾ ਕਬੂਲ ਨਹੀਂ ਕੀਤਾ ਤੇ ਪੁਸਤਕ ਨੂੰ ਉਵੇਂ ਹੀ ਛਾਪ ਦਿੱਤਾ, ਜਿਵੇਂ ਉਸਨੇ ਲਿਖੀ ਸੀ। ਇੱਕ ਸਮਾਗਮ ਵਿੱਚ ਜਦ ਪ੍ਰਿੰ. ਤਖ਼ਤ ਸਿੰਘ ਨੇ ਸੁਰਜੀਤ ਸਖੀ ਦਾ ਉਸ ਦੀਆਂ ਫੰਨੀ ਕਮਜ਼ੋਰੀਆਂ ਵੱਲ ਧਿਆਨ ਦਿਵਾਇਆ ਤਾਂ ਉਸਨੇ ਪ੍ਰਿੰ. ਸਾਹਿਬ ਨੂੰ ਆਪਣੀ ਸ਼ਾਗਿਰਦੀ ਵਿੱਚ ਲੈਣ ਦੀ ਅਰਜੋਈ ਕੀਤੀ ਤੇ ਤਖ਼ਤ ਸਿੰਘ ਹੋਰਾਂ ਉਸਨੂੰ ਆਪਣੀ ਸ਼ਾਗਿਰਦੀ ਵਿੱਚ ਲੈ ਲਿਆ। ਸੁਰਜੀਤ ਸਖੀ ਨੇ ਬੜੀ ਮਿਹਨਤ ਕੀਤੀ ਤੇ ਆਪਣੀਆਂ ਸਾਰੀਆਂ ਕਮਜ਼ੋਰੀਆਂ 'ਤੇ ਕਾਬੂ ਪਾ ਲਿਆ ਤੇ ਸ਼ਾਇਰੀ ਦੀ ਕਲਾ ਅਤੇ ਫੰਨੀ ਰਮੂਜ਼ ਬਾਰੇ ਪੂਰੀ ਜਾਣਕਾਰੀ ਤੇ ਸਿੱਖਿਆ ਹਾਸਿਲ ਕੀਤੀ। ਅੱਜ ਸੁਰਜੀਤ ਸਖੀ ਪੰਜਾਬੀ ਸ਼ਾਇਰੀ ਦਾ, ਖ਼ਾਸ ਕਰ ਜੰਮੂ-ਕਸ਼ਮੀਰ ਦੀ ਪੰਜਾਬੀ ਸ਼ਾਇਰੀ ਦਾ ਬੜਾ ਨਾਂ ਬਣ ਚੁੱਕੀ ਹੈ। ਉਸਨੇ ਆਪਣੀ ਸ਼ਾਇਰੀ ਰਾਹੀਂ ਪੰਜਾਬੀ ਸਾਹਿਤ ਵਿੱਚ ਅਣਮੁੱਲਾ ਵਾਧਾ ਕੀਤਾ ਹੈ। ਸਖੀ ਦੀ ਸ਼ਾਇਰੀ ਜ਼ਮੀਰ ਦੀ ਆਵਾਜ਼ ਹੈ, ਕੰਡਿਆਲਿਆਂ ਪੈਂਡਿਆਂ ਵਿੱਚ ਸੱਚ ਦੇ ਬੂਟੇ ਉਗਾਉਣ ਦਾ ਯਤਨ ਹੈ ਤਾਂ ਜੋ ਝੂਠ, ਮੱਕਰ, ਫਰੇਬ ਤੇ ਖੋਟ ਦੇ ਇਸ ਮਾਰੂਥਲ ਵਿੱਚ ਜਾਗਦੇ ਜ਼ਮੀਰਾਂ ਨੂੰ ਛਾਂ ਮਿਲ ਸਕੇ।

ਸੁਰਜੀਤ ਸਖੀ ਬੁਨਿਆਦੀ ਤੌਰ 'ਤੇ ਗ਼ਜ਼ਲ ਦੀ ਸ਼ਾਇਰਾ ਹੈ। ਉਹ ਬੜੇ ਸਲੀਕੇ ਨਾਲ ਗ਼ਜ਼ਲ ਕਹਿ ਲੈਂਦੀ ਹੈ। ਹੁਣ ਉਸਦੀ ਜ਼ੁਬਾਨ ਤੇ ਬਿਆਨ ਵਿੱਚ ਕੋਈ ਝੋਲ ਨਹੀਂ। ਉਹ ਗਜ਼ਲ ਦੇ ਹੁਸਨ ਨੂੰ ਫੱਟੜ ਕੀਤਿਆਂ ਬਗੈਰ ਬੜੇ ਸੋਹਣੇ ਵਿਅੰਗਾਤਮਕ ਢੰਗ ਨਾਲ ਸਿਆਸੀ ਤੇ ਸਮਾਜੀ ਉਥੱਲ-ਪੁਥੱਲ ਦੀ ਗੱਲ ਕਰਨ ਦਾ ਚੱਜ ਰੱਖਦੀ ਹੈ।

"ਜਾਂ ਅਜਿਹਾ ਕੋਈ ਇਮਤਿਹਾਂ ਹੀ ਨਹੀਂ,
ਜਾਂ ਅਸਾਡੀ ਇਨੂੰ ਬੁਜ਼ਦਿਲੀ ਕਹਿ ਲਵੋ
ਸੀਸ ਉਵੇਂ ਹੀ ਧੜ 'ਤੇ ਸਜਾਈ ਫਿਰੇ,
ਨਾ ਝੁਕਾਇਆ ਗਿਆ ਨਾ ਕਟਾਇਆ ਗਿਆ।"

-0-0-0-

ਇਹ ਜੋ ਸੜਕਾਂ 'ਤੇ ਡੁੱਲ੍ਹਿਆ ਲਹੂ ਹੈ,



CC-0. Sohail Kazmi Collection, Jammu. Digitized by eGangotri

ਐ ਖ਼ੁਦਾ ਤੇਰੇ ਸਿਰ ਹੀ ਤਾਂ ਆਉਂਦਾ ਏ ਇਸਦਾ ਗਿਲਾ।"

-0-0-0-

"ਸੀ ਮਨੁੱਖਾਂ 'ਚ ਜੋ ਜਾਨਵਰ ਸੌਂ ਗਿਆ
ਉਹ ਤੇਰਾ ਨਾਮ ਲੈ ਕੇ ਜਗਾਇਆ ਗਿਆ।"

-0-0-0-

"ਤੁਹਾਡੇ ਹੀ ਨੇ ਚੰਦ ਤਾਰੇ ਸੰਭਾਲੋ,
ਬੜੀ ਰਾਤ ਹੋਈ ਹੈ ਦੀਵਾ ਤਾਂ ਬਾਲੋ।"

-0-0-0-

"ਹਨ੍ਹੇਰੇ 'ਚ ਬਹਿ ਕੇ ਹੀ ਕਰਦੇ ਪਏ ਹੋ,
ਸਦਾਰਤ ਦਾ ਚਰਚਾ ਵਜ਼ਾਰਤ ਦਾ ਚਰਚਾ।"

-0-0-0-

"ਬੜੀ ਖ਼ੂਬਸੂਰਤ ਸੀ ਤਸਵੀਰ ਤੇਰੀ,
ਸਦਾ ਜ਼ੁਲਫ ਵਾਉਂਦੀ ਸੀ ਤਸਵੀਰ ਤੇਰੀ।"

-0-0-0-

"ਬੜੀ ਸ਼ਰਮ ਆਉਂਦੀ ਜਾਂ ਗ਼ੈਰਾਂ 'ਚ ਚੱਲਦਾ ਏ
ਤੇਰੀ ਇਸ ਲਹੂ ਦੀ ਤਜਾਰਤ ਦਾ ਚਰਚਾ।"

ਸੁਰਜੀਤ ਸਖੀ ਦੀਆਂ ਗ਼ਜ਼ਲਾਂ ਮੂਲ ਰੂਪ 'ਚ ਉਰਦੂ, ਫਾਰਸੀ ਅਰੂਜ਼ ਤੇ ਬੈਹਰਾਂ ਵਿੱਚ ਢਲੀਆਂ ਨੇ। ਉਹ ਉਰਦੂ ਤਰਕੀਬਾਂ ਨੂੰ ਖ਼ੂਬਸੂਰਤੀ ਨਾਲ ਪੰਜਾਬੀ ਵਿੱਚ ਵਰਤਦੀ ਹੈ। ਇਹ ਗੱਲ ਮੰਨਣਯੋਗ ਹੈ ਕਿ ਪੰਜਾਬੀ ਗ਼ਜ਼ਲ ਦੀ ਆਬਯਾਰੀ ਕਰਨ ਵਿੱਚ ਸੁਰਜੀਤ ਸਖੀ ਦਾ ਨਾਂ ਵੀ ਵਰਣਨਯੋਗ ਹੈ। ਉਨ੍ਹੇ ਬੜੀ ਮਿਹਨਤ ਕੀਤੀ ਹੈ ਤੇ ਸਿਦਕੀ ਬੰਦਿਆਂ ਲਈ ਹਿੰਮਤ ਦੀ ਟੀਸੀ ਉਤੇ ਕਾਮਯਾਬੀ ਦੀ ਤਸਵੀਰ ਟੰਗੀ ਹੁੰਦੀ ਹੈ। ਉਸਨੇ ਚੋਖੀਆਂ ਨਜ਼ਮਾਂ ਵੀ ਲਿਖੀਆਂ ਹਨ, ਜੋ ਸਲਾਹੁਣਯੋਗ ਹਨ। ਹੁਣ ਤਕ ਉਹਦੇ ਚਾਰ ਕਾਵਿ-ਸੰਗ੍ਰਹਿ ਛਪ ਚੁੱਕੇ ਹਨ। 'ਕਿਰਨਾਂ', 'ਅੰਗੂਠੇ ਦਾ ਨਿਸ਼ਾਨ', 'ਜਵਾਬੀ ਖ਼ਤ' ਤੇ 'ਮੈਂ ਸਿਕੰਦਰ ਨਹੀਂ ਹਾਂ'। 'ਕਿਰਨਾਂ' ਤੇ 'ਅੰਗੂਠੇ ਦਾ ਨਿਸ਼ਾਨ' ਵਿੱਚ ਗ਼ਜ਼ਲਾਂ ਤੇ ਨਜ਼ਮਾਂ ਹਨ, ਜਦਕਿ 'ਜਵਾਬੀ ਖ਼ਤ' ਵਿੱਚ ਕੇਵਲ ਨਜ਼ਮਾਂ ਹੀ ਹਨ। ਉਹ ਅੱਜਕੱਲ੍ਹ ਅਮਰੀਕਾ ਵਿੱਚ ਰਹਿੰਦੀ ਹੈ ਤੇ ਸੁਣਿਆ ਹੈ, ਉਸ ਦੀਆਂ ਕਵਿਤਾਵਾਂ ਦਾ ਪੰਜਵਾਂ ਪਰਾਗਾ ਵੀ ਛਪ ਚੁੱਕਿਆ ਹੈ, ਜੋ ਮੇਰੀ ਨਜ਼ਰੇ ਨਹੀਂ ਚੜ੍ਹਿਆ। ਇੱਕ ਕਵਿਤਾ 'ਪਛਾਣ' ਦੇ ਕੁੱਝ ਬੰਦ ਵੇਖੋ-

"ਧਰਤੀ ਹਿੰਦੁਸਤਾਨ ਦੀ ਦੇਵਤਿਆਂ ਦੀ ਰੱਖ



CC-0. Sohail Kazmi Collection, Jammu. Digitized by eGangotri

ਜਿਸ ਦਿਨ ਟੁੱਟੀਆਂ ਬੇੜੀਆਂ ਸੂਰਜ ਚਮਕੇ ਲੱਖ
ਅਜੇ ਥਕਾਵਟ ਸੱਦੀ ਦੀ ਅਜੇ ਉਨੀਂਦੀ ਅੱਖ
ਕਿਤੋਂ ਪਿਆਲਾ ਦੂਈ ਦਾ ਲਿਆ ਵਾਰਸਾਂ ਚੱਖ
ਉਡੱ ਉਡੱ ਬਣੇ ਸਪੋਲੀਏ ਗਲੀਆਂ ਵਿੱਚੋਂ ਕੱਖ
ਲਹੂ ਚੁਆ ਕੇ ਇੱਕ ਤਾਂ ਪੁੱਤਰ ਹੋਇਆ ਵੱਖ।"

-0-0-0-

"ਇਸ ਮਿੱਟੀ ਦੀ ਅਣਖ਼ ਨੂੰ ਲੱਗੀ ਡਾਹਡੀ ਸੱਟ
ਸਾਂਝੀਆਂ ਹਲ ਪੰਜਾਲੀਆਂ ਤੋੜਣ ਲੱਗੇ ਜੱਟ
ਗੀਤਾਂ ਵਿੱਚੋਂ ਸਾਂਝ ਦੇ ਬੋਲ ਦਿੱਤੇ ਨੇ ਕੱਟ
ਅੰਦਰ ਸੰਖ ਆਜ਼ਾਨ ਦੇ ਲਏ ਜ਼ਬਾਨੀ ਰੱਟ
ਹੱਸ ਰਹੀ ਤਹਿਜ਼ੀਬ ਦੇ ਮੱਥੇ ਪੈ ਗਏ ਵੱਟ
ਹੌਲੀ ਹੌਲੀ ਸੀਹ ਲੇ ਫਿਰ ਸਮੇਂ ਨੇ ਫੱਟ।"

ਸੁਰਜੀਤ ਸਖੀ ਦੀਆਂ ਕਈ ਨਜ਼ਮਾਂ ਵਿੱਚ ਆਪ੍ਰੇਸ਼ਨ ਬਿਲੂ ਸਟਾਰ, ਅਕਾਲ ਤਖ਼ਤ ਦਾ ਉਜਾੜ, ਅਕਸਰੀਅਤ ਵੱਲੋਂ ਇੱਕ ਖ਼ਾਸ ਅਕਲੀਅਤ ਦਾ ਕਤਲੇਆਮ ਤੇ ਉਨ੍ਹਾਂ ਦੀ ਅਣਖ਼ ਨੂੰ ਪੈਰਾਂ ਹੇਠ ਮਦੋਲਣਾ ਉਹਨੂੰ ਡਾਹਢਾ ਬੇਚੈਨ ਕਰਦਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਧਾਰਮਿਕ ਬੁਨਿਆਦ ਪ੍ਰਸਤੀ, ਜ਼ੁਲਮ ਦੀ ਭੱਠੀ ਵਿੱਚ ਦਮ ਤੋੜ ਰਹੀ ਲੋਕਾਈ, ਧਰਮ ਦੇ ਨਾਂ 'ਤੇ ਫ਼ਸਾਦ, ਸਾੜ-ਫੂਕ ਤੇ ਬੇਕਫ਼ਨ ਰੁਲਦੀਆਂ ਲਾਸ਼ਾਂ ਦਾ ਮਾਤਮ ਹੈ, ਜਿਵੇਂ-

"ਕੰਚਨ ਦੇਹ ਪੰਜਾਬ ਦੀ ਨਜ਼ਰਾਂ ਗਈਆਂ ਡੰਗ
ਛਿੰਝ ਵਿਚਾਲੇ ਹੋ ਗਿਆ ਇੱਕ ਰਾਤੀਂ ਅਧਰੰਗ
ਘਰ ਘਰ ਪਈਆਂ ਫੂੜੀਆਂ ਅੰਬਰ ਹੋਇਆ ਦੰਗ।"

-0-0-0-

"ਚਿੱਟਾ ਚੋਲਾ ਧਰਮ ਦਾ ਹੋਇਆ ਖ਼ੂਨੋ ਖ਼ੂਨ
ਅੰਨੇ ਹੋਏ ਆਦਮੀ ਪੱਟੀ ਹੱਦ ਜਨੂੰਨ
ਹਾਸੇ ਹੋਏ ਓਪਰੇ ਉਡਿਆ ਫਿਰੇ ਸਕੂਨ
ਔਖੀ ਹੋਈ ਹੰਢੋਣੀ ਆਦਮੀਆਂ ਦੀ ਜੂਨ
ਥਰ ਥਰ ਜੇਲ੍ਹਾਂ ਕੰਬੀਆਂ ਪੀਲਾ ਪਿਆ ਕਾਨੂੰਨ
ਛੇੜਣ ਕਲਮਾਂ ਕਿਸ ਤਰ੍ਹਾਂ ਇਹ ਔਖਾ ਮਜ਼ਮੂਨ।"

ਸਖੀ ਦੀ ਸ਼ਾਇਰੀ ਅਹਿਸਾਸ ਦੀ ਸ਼ਾਇਰੀ ਹੈ। ਫ਼ਿਕਰ ਤੇ ਸੋਚ ਦੀ ਸ਼ਾਇਰੀ ਹੈ। ਉਸਨੂੰ ਸਮਾਜ ਵਿੱਚ ਫੈਲੀ ਖ਼ੁਦਗਰਜ਼ੀ, ਬੇਹਿੱਸੀ ਡੰਗਦੀ ਹੈ। ਅਕਸਰ ਨਜ਼ਮਾਂ


CC-0. Sohail Kazmi Collection, Jammu. Digitized by eGangotri

ਵਿੱਚ ਪੰਜਾਬ ਦੇ ਸਿਆਸੀ ਹਾਲਾਤ, ਪੰਜਾਬੀਆਂ ਨਾਲ ਧ੍ਰੋਹ, ਪੰਜਾਬੀਆਂ ਦੀ ਅਣਖ ਨੂੰ ਪੁੱਜੀ ਸੱਟ ਅਤੇ ਪੰਜਾਬੀ ਸ਼ਨਾਖ਼ਤ ਤੇ ਹੋਣ ਵਾਲੇ ਹਮਲਿਆਂ ਦਾ ਦਰਦ ਉਭੱਰਦਾ ਹੈ। ਅੱਜ ਦਾ ਵਾਤਾਵਰਣ ਉਸਦੇ ਜ਼ਮੀਰ ਨੂੰ ਟੁੰਬਦਾ ਹੈ, ਅੱਗ ਤੇ ਲਹੂ ਦੀ ਤਜਾਰਤ ਉਸਨੂੰ ਝਰੂੰਡਦੀ ਅਤੇ ਜਦ ਸਬਰ ਦਾ ਬੰਨ੍ਹ ਟੁੱਟਦਾ ਹੈ ਤਾਂ ਉਹ ਆਪਣੇ ਅੰਦਰ ਦੀ ਕੁੜੱਤਣ ਨੂੰ ਸ਼ੇਅਰਾਂ ਰਾਹੀਂ ਬਾਹਰ ਕੱਢਦੀ ਹੈ ਅਤੇ ਵਾਤਾਵਰਣ ਉਤੇ ਫੈਲੀ ਦੁਸ਼ਮਣੀ ਤੇ ਦੂਈ ਦੀ ਧੁੰਧ ਸਾਫ਼ ਹੋਣ ਦੀ ਅਰਦਾਸ ਕਰਦੀ ਹੈ।

"ਹਰ ਰੱਬੀ ਖ਼ਜ਼ਾਨੇ ਦੀ ਜਿਧੇ ਹੱਥਾਂ 'ਚ ਚਾਬੀ ਏ
ਮੈਂ ਜਿਸਦੀ ਗੱਲ ਕਰਦੀ ਆਂ, ਹਾਂ ਇਹ ਉਹ ਪੰਜਾਬੀ ਏ
ਇਹ ਪੂਰਨ ਸਿੰਘ ਦੇ ਮੂੰਹੋਂ ਬੋਲਦੀ ਕਵਿਤਾ ਦਾ ਨਾਇਕ ਏ
ਇਹ ਸ਼ਿਵ ਦੇ ਦਰਦ ਅੰਦਰ ਤੜਫਦੇ ਗੀਤਾਂ ਦਾ ਗਾਇਕ ਏ
ਇਹ ਪੁੱਤ ਦੁੱਲੇ ਦਾ ਇਸ ਦੇ ਖ਼ੂਨ ਅੰਦਰ ਵੀ ਬਗਾਵਤ ਏ
ਸਦਾ ਹੱਕ ਵਾਸਤੇ ਲੜਨਾ ਇਹਦੀ ਸਦੀਆਂ ਦੀ ਆਦਤ ਏ।"

1947 ਦੀ ਵੰਡ ਵੇਲੇ ਪੰਜਾਬ ਵਿੱਚ ਜਿਹੜੀ ਅੱਗ ਤੇ ਖ਼ੂਨ ਦੀ ਹੋਲੀ ਖੇਡੀ ਗਈ ਸੀ, ਧੀਆਂ ਤੇ ਭੈਣਾਂ ਦੀ ਜਿਸ ਬੇਦਰਦੀ ਨਾਲ ਪੱਤ ਲੁੱਟੀ ਗਈ ਸੀ ਤੇ ਉਨ੍ਹਾਂ ਨੂੰ ਅਗਵਾਹ ਕੀਤਾ ਗਿਆ ਸੀ, ਉਸ ਵਾਤਾਵਰਣ ਦੀ ਤਸਵੀਰ ਅੰਮ੍ਰਿਤਾ ਪ੍ਰੀਤਮ ਨੇ ਆਪਣੀ ਅਮਰ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਅਤੇ ਅਹਿਮਦ ਰਾਹੀ ਨੇ ਆਪਣੀ ਮਸ਼ਹੂਰ ਨਜ਼ਮ 'ਤ੍ਰਿੰਝਣ' ਵਿੱਚ ਦਰਸਾਈ ਸੀ ਤੇ ਪੰਜਾਬੀਆਂ ਦੇ ਦਿਲਾਂ ਦੀ ਤਰਜ਼ਮਾਨੀ ਕੀਤੀ ਸੀ ਉਸੇ ਤਰ੍ਹਾਂ ਸੁਰਜੀਤ ਸਖੀ ਨੇ ਵੀ ਪੰਜਾਬ ਅਤੇ ਪੰਜਾਬੀਆਂ ਨਾਲ ਹੋਏ ਧ੍ਰੋਹ ਬਾਰੇ ਆਪਣੀ ਲੰਬੀ ਨਜ਼ਮ 'ਜਵਾਬੀ ਖ਼ਤ' ਰਾਹੀਂ ਪੰਜਾਬ ਦਾ ਮਰਸੀਆ ਪੜ੍ਹਿਆ ਹੈ। ਇਹ ਕਵਿਤਾ ਚੀਖ਼ਾਂ, ਹਾੜੇ, ਅੱਥਰੂਆਂ, ਤਾਂਘਾਂ, ਸੱਧਰਾਂ, ਦੁੱਖਾਂ ਤੇ ਵੈਣਾਂ ਨਾਲ ਭਰੀ ਹੈ। ਇਹ ਕਵਿਤਾ ਪੀੜਾਂ ਦਾ ਪਰਾਗਾ ਹੈ। ਸੁਰਜੀਤ ਸਖੀ ਨੇ ਜੋ ਵੇਖਿਆ, ਜੋ ਹੰਢਾਇਆ, ਜੋ ਮਹਿਸੂਸਿਆ ਉਹ ਸ਼ਬਦਾਂ ਦੀ ਮਾਲਾ ਪ੍ਰੋਵਾ ਕੇ ਫਬਵੇਂ ਤੇ ਸੁਚੱਜੇ ਢੰਗ ਨਾਲ ਬਿਆਨਿਆ ਹੈ।

"ਜਿਸ 'ਤੇ ਹਰਫ਼ ਮੁਹੱਬਤ ਦੇ ਚਮਕਦੇ ਸਨ
ਉਹ ਕਿਤਾਬ ਹੀ ਇਨ੍ਹਾਂ ਫਾੜ ਦਿੱਤੀ।
ਕਿਤੇ ਭੰਨ ਦਿੱਤੇ ਚੂੜੇ ਭਾਬੀਆਂ ਦੇ
ਕਿਤੇ ਭੈਣਾਂ ਦੀ ਮਾਂਗ ਉਜਾੜ ਦਿੱਤੀ।
ਬੰਦ ਡਿਉਡੀਆਂ ਅੰਦਰ ਪੰਜਾਬ ਸਾਰਾ
ਪੀਲੀ ਭੂਕ ਹੋਏ ਇਥੇ ਹੋਂਠ ਸਾਰੇ।
ਹੁਣ ਤਾਂ ਇਸ਼ਕ ਦਾ ਇਨ੍ਹਾਂ ਵੀ ਹੌਸਲਾ ਨਹੀਂ



CC-0. Sohail Kazmi Collection, Jammu. Digitized by eGangotri

ਕਿ ਉਹ ਲੰਘਦੇ ਹੁਸਨ ਨੂੰ 'ਵਾਜ ਮਾਰੇ।
ਪੱਗਾਂ ਰਹੀਆਂ ਲਲਾਰੀਆ ਕੋਲ ਪਈਆਂ
ਕਿਤੇ ਡੋਰ ਰੁਲੇ ਕਿਤੇ ਗੁੱਡੀਆਂ ਨੀ।
ਬਿਨਾਂ ਰੰਗਿਆਂ ਹੀ ਸਾਲੂ ਲਾਲ ਹੋਏ
ਬਿਨਾਂ ਨੇਰ੍ਹੀਉਂ ਚੁੰਨੀਆਂ ਉਡੀਆਂ ਨੀ।
ਜਿਸ ਮਹਿਕ ਦੀ ਧੁੰਧ ਸੀ ਅੰਬਰਾਂ ਤਕ
ਖਿੰਡੀਆਂ ਪੱਤੀਆਂ ਉਸ ਗੁਲਾਬ ਦੀਆਂ।
ਰੋਜ਼ ਛਪਣ ਅਖ਼ਬਾਰਾਂ ਦੀਆਂ ਸੁਰਖ਼ੀਆਂ ਵਿੱਚ
ਬਦਨਸੀਬੀਆਂ ਮੇਰੇ ਪੰਜਾਬ ਦੀਆਂ।
ਅੰਗ ਅੰਗ ਵੱਢਦੇ ਨੇ ਹੁਣ ਤਾਂ
ਕਾਹਦੇ 'ਤੇ ਕਰੇਗਾ ਮਾਣ ਕੋਈ।
ਜਿਹੜਾ ਰੁੱਸਿਆ ਏ ਰੁੱਸਿਆ ਰਹੇ ਬੇਸ਼ੱਕ
ਹੁਣ ਤਾਂ ਆਵੇ ਨਾ ਸ਼ਾਇਦ ਮਨਾਣ ਕੋਈ।
ਕਿਹਦੀ ਮੰਨੀਏ ਕਿਸ ਨੂੰ ਦੋਸ਼ ਦਈਏ
ਸ਼ਾਇਦ ਦੋਸ਼ ਹੀ ਸਾਡੀ ਤਕਦੀਰ ਦਾ ਏ।
ਇਸ ਮਿੱਟੀ ਦੇ ਹੁਸਨ ਨੂੰ ਨਜ਼ਰ ਲੱਗੀ
ਜਾਂ ਇਹ ਸਰਾਪ ਕਿਸੇ ਫ਼ਕੀਰ ਦਾ ਏ।
ਨਜ਼ਮ 'ਜਵਾਬੀ ਖ਼ਤ' ਦੇ ਇਹ ਬੰਦ ਵੇਖੋ-
ਲੱਗਾ ਠੁਮਣਾ ਰੁੜ੍ਹਦਿਆਂ ਜਜ਼ਬਿਆਂ ਨੂੰ
ਸਾਡੇ ਵਤਨ ਨੂੰ ਹੈ ਹਾਲੇ ਲੋੜ ਸਾਡੀ
ਸਾਡੇ ਬਾਝ ਵੀ ਕੋਈ ਉਦਾਸ ਹੁੰਦਾ ਐ
ਅਜੇ ਕੋਈ ਮਹਿਸੂਸ ਦਾ ਐ ਥੋੜ ਸਾਡੀ।
ਓਧਰ ਬੱਸਾਂ 'ਚੋਂ ਲਾਹ ਕੇ ਮਾਰਦੇ ਰਹੇ
ਇਧਰ ਸਾੜੇ ਨੀ ਚਾਰ ਦੀਵਾਰੀਆਂ ਵਿੱਚ।
ਮੌਤ ਗੇਂਦ ਵਾਂਗਰਾਂ ਉਛਾਲ ਦੀ ਰਹੀ
ਇਨ੍ਹਾਂ ਦੋਵਾਂ ਬਦਨਾਮ ਖਿਡਾਰੀਆਂ ਵਿੱਚ।
ਸ਼ਰੇਆਮ ਲਲਕਾਰਨ ਹਜੂਮ ਇੱਧਰ
ਗਾਲ੍ਹਾਂ ਕੱਢਦੇ ਸਿੱਧੀਆਂ ਪੁੱਠੀਆਂ ਨੀਂ
ਕਿਤੇ ਰੋਜ਼ ਕੰਧਾਂ ਇਸ਼ਤਿਹਾਰ ਉਗਲਣ
ਕਿਤੇ ਧਮਕੀਆਂ ਦਿੰਦੀਆਂ ਚਿੱਠੀਆਂ ਨੀ।



CC-0. Sohail Kazmi Collection, Jammu. Digitized by eGangotri

ਇਹ ਫਸਾਦ ਨਈਂ ਪੱਗੜੀਆਂ ਟੋਪੀਆਂ ਦਾ
ਨਾ ਇਹ ਜੰਗ ਐ ਚੁੰਨੀਆਂ ਸਾੜ੍ਹੀਆਂ ਦੀ।
ਇਹ ਜੰਗ ਐ ਮਜ਼ਲੂਮ ਤੇ ਜਾਬਰਾਂ ਦੀ
ਇਹ ਤਾਂ ਜੰਗ ਐ ਝੁੱਗੀਆਂ ਮਾੜੀਆਂ ਦੀ।
ਲੋਕੀ ਅੰਬਰਾਂ ਉਤੇ ਵੀ ਹੋ ਕਾਬਜ਼
ਗੱਡ ਦੇਣਗੇ ਕੌਮੀ ਨਿਸ਼ਾਨ ਆਪਣੇ
ਤੁਸੀਂ ਭਟਕਣਾ ਸਦਾ ਚੌਰਾਹਿਆਂ ਵਿੱਚ
ਕਤਲ ਕਰੋਗੇ ਹੱਥੀਂ ਅਰਮਾਨ ਆਪਣੇ
ਪਹਿਲੇ ਖੋਲ੍ਹ ਕੇ ਪੜ੍ਹੋ ਇਤਿਹਾਸ ਸਾਰਾ
ਕਿਝ ਹੱਕ ਖ਼ਾਤਿਰ ਜੰਗ ਲੜੀਦਾ ਏ।
ਚੰਗੀ ਤਰ੍ਹਾਂ ਪਛਾਣ ਕੇ ਵੈਰੀਆਂ ਨੂੰ
ਫਿਰ ਉਨ੍ਹਾਂ ਦਾ ਮਰਸੀਆ ਪੜ੍ਹੀ ਦਾ ਏ।"

ਸੁਰਜੀਤ ਸਖੀ ਵੇਖਦੀ ਹੈ ਕਿ ਹਯਾਤੀ ਵਿੱਚ ਕਈ ਤਬਦੀਲੀਆਂ ਆਈਆਂ ਹਨ, ਪਰ ਜ਼ਹਿਨਾਂ ਵਿੱਚ ਕੋਈ ਇਨਕਲਾਬ ਨਹੀਂ ਆਇਆ। ਅੱਜ ਦਾ ਇਨਸਾਨ ਨਫ਼ਸਾਂ-ਨਫ਼ਸੀ ਤੇ ਆਪੋ-ਧਾਪੀ ਵਿੱਚ ਆਪਣਾ ਵਜੂਦ ਗੁਆ ਰਿਹਾ ਹੈ। ਅੱਜ ਦਾ ਮਨੁੱਖ ਰੰਗ-ਬਰੰਗੇ ਲੀੜੇ ਪਾਉਂਦਾ ਹੈ, ਪਰ ਅੰਦਰੋਂ ਨੰਗਾਂ ਤੇ ਖੋਖਲਾ ਹੈ। ਸਖੀ ਕਹਿੰਦੀ ਹੈ ਭਈ ਰੱਬ ਸੱਚੇ ਨੇ ਮਨੁੱਖ ਨੂੰ ਇਸ ਲਈ ਸਿਰਜਿਆ ਸੀ ਅਤੇ ਸਾਰੀ ਮਖ਼ਲੂਕ ਵਿੱਚੋਂ ਉਸ ਨੂੰ ਉਚਾ ਦਰਜਾ ਦਿੱਤਾ ਸੀ ਤਾਂ ਜੋ ਉਹ ਲੋਕਾਈ ਦੀ ਭਲਾਈ ਕਰੇ, ਪਰ ਇਨਸਾਨ ਨੇ ਰੱਬ ਨਾਲ ਧ੍ਰੋਹ ਕੀਤਾ ਤੇ ਉਹ ਲਹੂ ਦਾ ਵਪਾਰੀ ਬਣ ਗਿਆ। ਨਜ਼ਮ 'ਅਮਨ ਤੇ ਜੰਗ' ਵਿੱਚ ਅਤੇ ਨਜ਼ਮ 'ਕਾਸਿਦ' ਵਿੱਚ ਉਹਨੇ ਇਨ੍ਹਾਂ ਵਿਚਾਰਾਂ ਨੂੰ ਬਿਆਨ ਕੀਤਾ ਹੈ।

"ਰਹੇ ਖ਼ੌਫ ਦੀ ਗਹਿਮਾਂ ਗਹਿਮੀ
ਜੀਵਨ ਦੀ ਵਿਰਾਨ ਸੜਕ 'ਤੇ
ਕਰਨ ਲਈ ਅਮਨਾਂ ਦੀ ਰਾਖੀ
ਪੈਰ੍ਹੇ 'ਤੇ ਬਾਰੂਦ ਖਲੋਤਾ
ਰੋਜ਼ ਹਜ਼ਾਰਾਂ ਲਾਸ਼ਾਂ ਉਗਲੇ।
ਉਚੀਆਂ ਉਚੀਆਂ ਮਾੜੀਆਂ ਅੰਦਰ ਵੱਸਦੇ ਚੋਰ
ਕਿਹੜਾ ਲਵੇ ਤਲਾਸ਼ੀਆਂ ਕੌਣ ਮਚਾਏ ਸ਼ੋਰ।
ਚਾਨਣ ਚਾਨਣ ਕੂਕਦੇ ਚਾਨਣ ਵਾਲੇ ਲੋਕ
ਨਿਕਲੇ ਬੋਲ ਹਨ੍ਹੇਰੀਓਂ ਲੈਣ ਵਿਚਾਲੇ ਰੋਕ


CC-0. Sohail Kazmi Collection, Jammu. Digitized by eGangotri

ਕਾਸਿਦ ਆਏ ਅਮਨ ਦੇ ਗਏ ਸੁਣੇਹਾ ਦੇ
ਲਾਲ ਹਨ੍ਹੇਰੀ ਆ ਰਹੀ ਤੱਕਦੇ ਰਹੋ ਖੜੇ।"

ਸੁਰਜੀਤ ਸਖੀ ਭਾਰਤ ਨੂੰ ਮਜ਼ਬੂਤ ਦੇਖਣਾ ਚਾਹੁੰਦੀ ਹੈ ਅਤੇ ਦੇਸ਼ ਅੰਦਰ ਵੱਸਣ ਵਾਲੇ ਲੋਕਾਂ ਲਈ ਮਜ਼ਬੀ ਭਾਈਚਾਰੇ, ਅਮਨ, ਨਾਲੇ ਪਿਆਰ ਮੁਹੱਬਤ ਦੀ ਦੁਆ ਮੰਗਦੀ ਹੈ।

"ਸ਼ਾਲਾ ਵੇਦਾਂ ਦੀ ਇਹ ਧਰਤੀ
ਹੋਵੇ ਦੂਣ ਸਵਾਈ
ਜੀਊਣ ਪੁੱਤ ਇਸਦੇ ਬਾਂਕੇ
ਕਰਦੇ ਰਹਿਣ ਕਮਾਈ
ਚਾਰ ਧਰਮ ਏਦੀ ਝੋਲੀ ਖੇਡਣ
ਚਾਰੇ ਸਕੇ ਭਾਈ
ਇੱਕ ਭੈਣ ਤਹਿਜ਼ੀਬ ਇਨ੍ਹਾਂ ਨੂੰ
ਰੱਖੜੀ ਬਣਨ ਆਈ
ਨਿੱਤ ਖ਼ੈਰ ਮੰਗਦੀ
ਇਨ੍ਹਾਂ ਚਾਰ ਭਰਾਵਾਂ ਦੀ ਮੈਂ
ਇੱਕੋ ਇੱਕ ਭੈਣ।"

ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਗਰਜ਼ ਸਾਰੇ ਭਾਰਤ ਵਾਸੀਆਂ ਦੀ ਖ਼ੈਰ ਮੰਗਣ ਵਾਲੀ ਸਖੀ ਅਮਨ ਦੇ ਕਬੂਤਰ ਉਡਾਉਂਦੀ ਹੈ ਤਾਂ ਜੋ ਜ਼ਿੰਦਗੀ ਖੁਸ਼ੀਆ ਮਾਣੇ। ਉਸਦੀ ਕਵਿਤਾ ਦਿਲ ਵਿੱਚ ਉਤਰਦੀ ਹੈ, ਉਸ ਦੀਆਂ ਗ਼ਜ਼ਲਾਂ ਮਨ ਨੂੰ ਖੁਮਾਰੀ ਬਖਸ਼ਦੀਆਂ ਹਨ। ਉਸ ਦੀ ਸੋਚ ਉਡਾਰੀ ਦਿਲ ਤੇ ਦਿਮਾਗ਼ ਨੂੰ ਖਿੱਚਦੀ ਹੈ। ਸੁਰਜੀਤ ਸਖੀ ਨੇ ਪੰਜਾਬੀ ਵਿੱਚ ਪੰਜਾਬ ਲਈ ਸ਼ਾਇਰੀ ਕੀਤੀ ਹੈ, ਕਾਸ਼! ਉਹ ਜੰਮੂ-ਕਸ਼ਮੀਰ ਲਈ ਵੀ ਸ਼ੇਅਰ ਕਹਿੰਦੀ। ਇੱਥੇ ਵਾਪਰ ਰਹੀਆਂ ਘਟਨਾਵਾਂ ਵੀ ਉਹਨੂੰ ਟੁੰਬਦੀਆਂ। ਕਸ਼ਮੀਰ ਵਿੱਚ ਵੱਸਦੇ ਲੋਕਾਂ ਦੀਆਂ ਚੀਖਾਂ ਵੀ ਉਸਨੂੰ ਸੁਣਾਈ ਦਿੰਦੀਆਂ। ਇੱਥੇ ਦੀਆਂ ਮਾਵਾਂ, ਭੈਣਾਂ ਤੇ ਧੀਆਂ ਦੇ ਵਿਰਲਾਪ ਵੀ ਉਹਨੂੰ ਤੜਫਾਉਂਦੇ ਤੇ ਉਹਨੂੰ ਪੜ੍ਹਣ ਵਾਲੇ ਲੋਕੀਂ ਸਮਝਦੇ ਕਿ ਉਹ ਸਾਰੀ ਧਰਤੀ ਦਾ ਮਾਤਮ ਕਰ ਰਹੀ ਹੈ। ਦੁਨੀਆ ਦੇ ਹਰ ਉਸ ਕੋਨੇ ਵਿੱਚ ਜਿੱਥੇ ਲੋਕਾਈ ਨੂੰ ਸੂਲੀ 'ਤੇ ਟੰਗਿਆ ਜਾ ਰਿਹਾ ਹੈ, ਉਥੇ ਦੇ ਰਹਿਣ ਵਾਲੇ ਸਖੀ ਦੀ ਸ਼ਾਇਰੀ ਨੂੰ ਆਪਣੀ ਸ਼ਾਇਰੀ ਸਮਝਦੇ, ਪਰ ਇੱਕ ਖ਼ਾਸ ਖੇਤਰ ਤੇ ਖ਼ਾਸ ਫ਼ਿਰਕੇ ਤਕ ਆਪਣੀ ਸ਼ਾਇਰੀ ਨੂੰ ਮਹਿਦੂਦ ਰੱਖਣਾ ਸਖੀ ਦੀ ਕਮਜ਼ੋਰੀ ਹੈ। ਜਦਕਿ ਇਸ ਕਮਜ਼ੋਰੀ ਦਾ ਉਸਨੇ ਬੜਾ ਖਮਿਆਜ਼ਾ ਭੁਗਤਿਆ ਹੈ। ਉਸਦੇ ਪੁੱਤਰ ਨੂੰ ਮਿਲੀਟੈਂਸੀ ਵਿੱਚ


CC-0. Sohail Kazmi Collection, Jammu. Digitized by eGangotri

ਸ਼ਾਮਿਲ ਹੋਣ ਦੇ ਇਲਜ਼ਾਮ ਵਿੱਚ ਇੰਟੈਰੋਗੇਸ਼ਨ ਦੀਆਂ ਸਖ਼ਤੀਆਂ ਵੀ ਸਹਿਣੀਆਂ ਪਈਆਂ। ਆਪਣੇ ਘਰ ਸਿੰਬਲ ਕੈਂਪ, ਜੰਮੂ ਵਿੱਚ ਕਈ ਲੋਕਾਂ ਨੇ ਉਹਦੀ ਸਾਦਗੀ ਦਾ ਫਾਇਦਾ ਚੁੱਕਦਿਆਂ ਹੋਇਆਂ ਲੱਖਾਂ ਰੁਪਇਆਂ ਦੀ ਰਕਮ ਹੜਪ ਕਰ ਲਈ, ਉਹਦਾ ਕਾਰੋਬਾਰ ਖ਼ਤਮ ਹੋ ਗਿਆ, ਉਹ ਪਾਈ-ਪਾਈ ਦੀ ਮੋਹਤਾਜ਼ ਹੋ ਗਈ। ਕਰਜ਼ਦਾਰਾਂ ਉਹਦੇ ਬੂਹੇ ਭੰਨ ਦਿੱਤੇ। ਆਖ਼ਿਰ ਉਹ ਭੱਜ ਕੇ ਪਹਿਲਾਂ ਹਰਿਆਣਾ ਮਗਰੋਂ ਅਮਰੀਕਾ ਜਾ ਵੱਸੀ। ਉਸ ਨਾਲ ਇਹ ਮਾੜਾ ਸਲੂਕ ਉਸਦੇ ਆਪਣੇ ਫਿਰਕੇ ਵਾਲਿਆਂ ਨੇ ਕੀਤਾ ਸੀ, ਜਿਨ੍ਹਾਂ ਦੀ ਹਾਲਤ ਵੇਖ ਕੇ ਉਹਦੀ ਸ਼ਾਇਰੀ ਦੀ ਰੂਹ ਤੜਫਦੀ ਰਹਿੰਦੀ ਸੀ। ਅਮਰੀਕਾ ਵਿੱਚ ਉਸਨੇ ਬੜੀ ਮਿਹਨਤ ਕੀਤੀ, ਔਰਤ-ਜ਼ਾਤ ਹੋਣ ਦੇ ਬਾਵਜੂਦ ਮਰਦਾਂ ਨਾਲੋਂ ਵੱਧ ਮਿਹਨਤ ਕੀਤੀ ਤੇ ਪੈਸਾ ਕਮਾਇਆ ਅਤੇ ਕਰਜ਼ਦਾਰਾਂ ਦੀ ਰਕਮ ਚੁਕਾਈ। ਉਹ ਬਈਮਾਨ ਜਾਂ ਚੋਰ ਨਹੀਂ ਸੀ, ਪਰ ਹਾਲਾਤ ਨੇ ਉਸਨੂੰ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ, ਪਰ ਅੱਜ ਉਹ ਸਿਰ ਉਚੱਾ ਕਰਕੇ ਚੱਲਣ ਦੇ ਕਾਬਿਲ ਹੈ, ਕਿਉਂਕਿ ਉਸਨੇ ਸਾਰੇ ਕਰਜ਼ੇ ਚੁਕਾ ਦਿੱਤੇ ਹਨ।

ਜਿਸ ਦੁਖਾਂਤ ਵਿੱਚੋਂ ਸੁਰਜੀਤ ਸਖੀ ਲੰਘੀ ਹੈ, ਉਸਦਾ ਪ੍ਰਭਾਵ ਉਹਦੀ ਸ਼ਾਇਰੀ ਉਤੇ ਵੀ ਪਿਆ ਹੈ, ਪਰ ਦੁੱਖਾਂ, ਥੁੜਾਂ ਤੇ ਦਰਦਾਂ ਦੀ ਕੁਠਾਲੀ ਵਿੱਚੋਂ ਉਹਦੀ ਸ਼ਾਇਰੀ ਸੋਨੇ ਰੰਗੀ ਬਣ ਕੇ ਬਾਹਰ ਆਈ ਹੈ ਤੇ ਧਰਤੀ ਨਾਲ ਜੁੜੀ ਹੋਈ ਹੈ, ਇਹ ਧਰਤੀ ਭਾਵੇਂ ਪੰਜਾਬ ਦੀ ਹੀ ਕਿਉਂ ਨਾ ਹੋਵੇ। ਇਸ ਗੱਲ ਦਾ ਸਬੂਤ ਉਸਦੀ ਨਵੀਂ ਕਾਵਿ ਰਚਨਾ 'ਮੈਂ ਸਿਕੰਦਰ ਨਹੀਂ ਹਾਂ' ਤੋਂ ਮਿਲਦਾ ਹੈ। ਜਿਸਦੇ ਇਹ ਸ਼ੇਅਰ ਵਰਣਨਯੋਗ ਹਨ:

"ਪੈਰੀਂ ਮੇਖਾਂ, ਸਿਰ 'ਤੇ ਆਰੇ
ਸੋਚ ਅਸਾਡੀ ਵਿੱਚ ਅੰਗਾਰੇ।
ਜੀਵਨ ਦੀ ਝੋਲੀ 'ਚੋਂ ਕਿਰਦੇ
ਕੁੱਝ ਹਾਸੇ, ਕੁੱਝ ਹੰਝੂ ਖਾਰੇ।
ਬੋਝ ਉਮਰ ਦਾ ਢੋਣਾ ਸੌਖਾ
ਦੁਖ ਦੇ ਪਲ, ਦੋ ਪਲ ਵੀ ਭਾਰੇ।"

-0-0-0-

"ਤਾਜ, ਪਗੜੀ ਯਾ ਟੋਪੀਆਂ ਪਹਿਣਨ
ਹੁਣ ਖ਼ੁਦਾਵਾਂ ਤੋਂ ਡਰ ਨਹੀਂ ਲਗਦਾ।
ਹਰ ਕੋਈ ਵਿਕ ਰਿਹਾ ਹੈ, ਲੋਕਾਂ ਨੂੰ
ਵੇਸਵਾਂ ਤੋਂ ਡਰ ਨਹੀਂ ਲਗਦਾ।"



CC-0. Sohail Kazmi Collection, Jammu. Digitized by eGangotri

-0-0-0-

"ਰਾਤ ਭਰ ਕਮਰੇ ਦੇ ਅੰਦਰ
ਚਾਨਣੀ ਖੁਰਦੀ ਰਹੀ।
ਰਾਤ ਭਰ ਦਰਵਾਜ਼ਿਆਂ 'ਤੇ ਰੇਸ਼ਮੀ
ਪਰਦੇ ਰਹੇ।
ਬੰਦਿਆਂ ਨੂੰ ਪਾੜ ਕੇ ਫਿਰ, ਡੋਬ
ਕੇ ਕਈਆਂ ਦੇ ਘਰ।
ਪਾਣੀਆਂ ਵਿਚ ਕਾਗਜ਼ਾਂ 'ਤੇ
ਫਲਸਫੇ ਤਰਦੇ ਰਹੇ।"

-0-0-0-

"ਤੇਰਾ ਹਰ ਗ਼ਮ, ਮੇਰੇ 'ਤੇ
ਬੋਝ ਸੀ ਢੋਣਾ ਪਿਆ ਮੈਨੂੰ।
ਤੇਰੇ ਹਰ ਲਫਜ਼ ਦੇ ਅੱਜ
ਰੂਬਰੂ ਹੋਣਾ ਪਿਆ ਮੈਨੂੰ।"

ਸੁਰਜੀਤ ਸਖੀ ਨੇ ਆਪਣੇ ਸ਼ੇਅਰਾਂ ਰਾਹੀਂ ਸਾਂਝਿਆਂ ਵਿਹੜਿਆਂ ਤੇ ਸਾਂਝਿਆਂ ਚੁੱਲ੍ਹਿਆਂ ਨੂੰ ਮੁੜ ਉਸਾਰਣ ਦੀ ਗੱਲ ਕੀਤੀ ਹੈ। ਉਸਨੇ ਅਣਖਿੜਿਆਂ ਫੁੱਲਾਂ ਦਾ ਮਾਤਮ ਵੀ ਕੀਤਾ ਹੈ, ਜੋ ਫਿਰਕੂ ਰੌਲਿਆਂ ਤੇ ਸਿਆਸੀ ਜਾਲਸਾਜ਼ੀਆਂ ਦੀ ਭੇਂਟ ਚੜ੍ਹ ਗਏ। ਸੁਰਜੀਤ ਸਖੀ ਦੀ ਸ਼ਾਇਰੀ ਵਿੱਚ ਟੁੱਟਦੇ ਭੱਜਦੇ ਰਿਸ਼ਤਿਆਂ ਦਾ ਦਰਦ ਹੈ, ਵਿਰੋਧ ਹੈ, ਲੋਕਾਂ ਦੇ ਦਿਲਾਂ ਦੀ ਤਰਜ਼ਮਾਨੀ ਹੈ। ਮੇਰੀ ਦੁਆ ਹੈ ਕਿ ਉਹ ਜਿੱਥੇ ਵੀ ਰਹੇ ਆਪਣੀ ਸ਼ਾਇਰੀ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਕਰਦੀ ਰਹੇ।

*** *** ***


CC-0. Sohail Kazmi Collection, Jammu. Digitized by eGangotri

# ਸੁਰਿੰਦਰ ਨੀਰ- ਇੱਕ ਜੀਵੰਤ ਕਹਾਣੀਕਾਰ

"ਮਾਧੋ ਲਾਲ ਸ਼ਾਹ ਹੁਸੈਨ ਦੀ ਇੱਕ ਕਾਫੀ ਹੈ,
ਨੀ ਸਈਓ, ਅਸੀਂ ਨੈਣਾਂ ਦੇ ਆਖੇ ਲੱਗੇ
ਜਿਨਹੀਂ ਪਾਕ ਨਿਗਾਹਾਂ ਹੋਈਆਂ, ਕਿਤੇ ਨਾ ਜਾਂਦੇ ਠੱਗੇ
ਕਾਲੇ ਪੱਟ ਨਾ ਚੜ੍ਹੇ ਸਫੇਦੀ, ਕਾਂ ਨਾ ਥੀਂਦੇ ਬੱਗੇ
ਸ਼ਾਹ ਹੁਸੈਨ ਸ਼ਹਾਦਤ ਪਾਏਂ, ਮਰਨ ਜੋ ਮਿੱਤਰਾਂ ਅੱਗੇ।"

ਸੁਰਿੰਦਰ ਨੀਰ ਨੇ ਵੀ ਦਿਲ ਦਾ ਆਖਾ ਮੰਨਿਆ ਤੇ ਸਾਹਿਤਕ ਖੇਤਰ ਵਿੱਚ ਆਪਣੇ ਜੀਵਨ ਸਾਥੀ ਬਲਜੀਤ ਰੈਨਾ ਵਾਂਗ ਸੱਜਰੇ ਖ਼ਿਆਲਾਂ ਤੇ ਭਾਸ਼ਾਈ ਜਮਾਲਾਂ ਨਾਲ ਉਤਰ ਪਈ। ਉਹਨੇ ਬੱਗੇ ਕਾਗਜ਼ਾਂ ਨੂੰ ਕਾਲੇ ਕਰਨ ਦਾ ਹੁਨਰ ਸਿੱਖ ਲਿਆ ਤੇ ਸਾਹਿਤਕ ਮਿੱਤਰਾਂ ਅੱਗੇ ਆਪਣੇ ਫੰਨ ਦਾ ਲੋਹਾ ਮੰਨਵਾਇਆ। ਜੰਮੂ-ਕਸ਼ਮੀਰ ਦੇ ਕਈ ਆਖੌਤੀ ਮੋਢੀ ਪੰਜਾਬੀ ਕਹਾਣੀਕਾਰਾਂ ਤੇ ਅਦੀਬਾਂ ਉਸਦੀ ਲਿਖਤ ਨੂੰ ਨਿੰਦਿਆ ਅਤੇ ਆਪਣੇ ਮਨ ਦੀ ਭੜਾਸ ਕੱਢਣ ਲਈ ਹੋਛੇ ਹਥਿਆਰਾਂ 'ਤੇ ਉਤਰ ਆਏ ਤੇ ਉਸ ਉਤੇ ਉਂਗਲੀਆਂ ਵੀ ਚੁੱਕੀਆਂ, ਪਰ ਉਹਨੇ ਸ਼ਾਹ ਹੁਸੈਨ ਦੇ ਇਸ ਸ਼ੇਅਰ ਨੂੰ ਆਪਣੀ ਜ਼ਾਤ ਤੇ ਆਪਣੇ ਫੰਨ ਨਾਲ ਜੋੜੀ ਰੱਖਿਆ।

"ਮੰਦੀ ਹਾਂ ਕੇ ਚੰਗੀ ਹਾਂ
ਭੀ ਸਾਹਿਬ ਤੇਰੀ ਬੰਦੀ ਹਾਂ।"

ਉਸਨੇ ਪੰਜਾਬੀ ਸਾਹਿਤ ਨਾਲ ਇਸ਼ਕ ਕੀਤਾ ਤੇ ਸ਼ਾਹ ਹੁਸੈਨ ਦੇ ਹੀ ਇਸ ਸ਼ੇਅਰ ਨੂੰ ਆਪਣੀ ਹਯਾਤੀ ਦਾ ਨਮੂਨਾ ਬਣਾਇਆ।

"ਰਾਹ ਇਸ਼ਕ ਦਾ, ਸੂਈ ਦਾ ਨੱਕਾ
ਧਾਗਾ ਹੋਵੇ ਤੇ ਜਾਵੇ।"

ਉਸਨੇ ਖ਼ੂਬ ਮਿਹਨਤ ਕੀਤੀ ਤੇ ਸੂਈ ਦੇ ਨੱਕੇ 'ਚੋਂ ਆਪਣੇ ਫੰਨ ਦਾ ਧਾਗਾ ਲੰਘਾਇਆ ਤੇ ਨਾਂ ਕਮਾਇਆ। ਉਹਦੀਆਂ ਕਹਾਣੀਆਂ ਵਿੱਚ ਦਮ ਹੈ। ਉਹ ਦਮ ਦਮ ਅਗਾਂਹ ਵਧਦੀ ਰਹੀ। ਉਹਨੇ ਜ਼ਿੰਦਗੀ ਦੇ ਖੁਰਦਰੇਪਣ ਤੇ ਖ਼ੂਬਸੂਰਤੀ ਨੂੰ ਆਪਣੀਆਂ ਕਹਾਣੀਆਂ ਰਾਹੀਂ ਪਾਠਕਾਂ ਅੱਗੇ ਪੇਸ਼ ਕੀਤਾ। ਉਸਦੀ ਲਿਖਤ ਵਿੱਚ ਕੋਈ ਬਣਾਵਟੀ ਚਮਕ ਧਮਕ ਨਹੀਂ ਹੈ, ਉਹ ਸ਼ਬਦਾਂ ਨੂੰ ਵਰਤਣਾ ਜਾਣਦੀ ਹੈ। ਉਹਦੀ ਸ਼ਬਦਾਵਲੀ ਅਮੀਰ ਹੈ। ਕਸ਼ਮੀਰ ਖੇਤਰ ਦੇ ਪੰਜਾਬੀ ਲਿਖਾਰੀਆਂ ਵਿੱਚੋਂ



CC-0. Sohail Kazmi Collection, Jammu. Digitized by eGangotri

ਸ਼ਾਇਦ ਉਹ 'ਕੱਲੀ ਸਵਾਣੀ ਹੈ, ਜਿਸਨੂੰ ਜ਼ਬਾਨ ਅਤੇ ਬਿਆਨ ਤੇ ਅਬੂਰ ਹੈ। ਉਹ ਉਨ੍ਹਾਂ ਮੰਝੇ ਹੋਏ ਪੰਜਾਬੀ ਸਾਹਿਤਕਾਰਾਂ ਨਾਲੋਂ ਵੱਧ ਭਾਸ਼ਾ ਵਿਗਿਆਨੀ ਹੈ, ਜਿਨ੍ਹਾਂ ਨੂੰ ਨਾ ਤੇ ਜ਼ਬਾਨ ਦਾ ਗਿਆਨ ਹੈ, ਨਾ ਹੀ ਕਹਾਣੀ ਦੀ ਬਣਤਰ (Structure) ਦਾ ਪਤਾ ਹੈ। ਇਹੋ ਕਾਰਨ ਹੈ ਕਿ ਕਸ਼ਮੀਰੀ ਹੁੰਦਿਆ ਹੋਇਆਂ ਵੀ ਅਤੇ ਤ੍ਰਾਲੀ ਸਿੱਖੀ ਵਾਤਾਵਰਣ ਵਿੱਚ ਪਾਲਣ ਪੋਸ਼ਣ ਹੋਣ ਦੇ ਬਾਵਜੂਦ ਵੀ ਉਹ ਸਮੁੱਚੀ ਪੰਜਾਬੀ ਕਹਾਣੀ ਅੰਦਰ ਆਪਣਾ ਥਾਂ ਬਣਾਉਣ ਵਿੱਚ ਕਾਮਯਾਬ ਹੋ ਗਈ ਹੈ। ਇਸ ਗੱਲ ਨੂੰ ਪੰਜਾਬੀ ਦੇ ਮੰਨੇ ਪ੍ਰਮੰਨੇ ਸਾਹਿਤਕਾਰਾਂ ਤੇ ਆਲੋਚਕਾਂ ਨੇ ਵੀ ਕਬੂਲਿਆ ਹੈ। ਸੁਰਿੰਦਰ ਨੀਰ 22 ਅਕਤੂਬਰ 1966 ਵਿੱਚ ਪਿਤਾ ਹਕੂਮਤ ਸਿੰਘ ਤੇ ਮਾਤਾ ਕੁਲਵੰਤ ਕੌਰ ਦੇ ਘਰ ਜਨਮੀ। ਉਸਦਾ ਪਿੰਡ ਕੰਘਾ ਲੂੜਾ ਤਹਿਸੀਲ ਤਰਾਲ ਵਿੱਚ ਹੈ, ਜਿੱਥੇ ਉਹਨੇ ਆਪਣੇ ਬਚਪਨ ਨੂੰ ਜਵਾਨੀ ਦੀ ਮਹਿੰਦੀ ਲਵਾਈ ਤੇ ਸੁਹਾਗ ਦਾ ਜੋੜਾ ਪਾ ਕੇ ਬਲਜੀਤ ਰੈਨਾ ਨਾਲ ਲਾਂਵਾਂ ਲੈ ਕੇ ਉਸਦੀ ਜ਼ਿੰਦਗੀ ਦਾ ਹਿੱਸਾ ਬਣ ਗਈ। ਬਲਜੀਤ ਰੈਨਾ ਨੇ ਜ਼ਿੰਦਗੀ ਨੂੰ ਬੜੀ ਲਾਪ੍ਰਵਾਹੀ ਨਾਲ ਗੁਜ਼ਾਰਿਆ, ਪਰ ਸੁਰਿੰਦਰ ਨੀਰ ਨੇ ਘਰ ਦੀਆਂ ਜ਼ਿੰਮੇਵਾਰੀਆਂ ਵੀ ਸੋਹਣੇ ਤਰੀਕੇ ਨਾਲ ਨਿਭਾਹੀਆਂ ਤੇ ਆਪਣੇ ਅਦਬੀ ਸ਼ੌਕ ਨੂੰ ਵੀ ਨਿਰੰਤਰ ਨਿਖਾਰਿਆ। ਖ਼ੈਰ ਨਾਲ ਉਸਦੇ ਤਿੰਨ ਬੱਚੇ ਹਨ, ਦੋ ਧੀਆਂ ਤੇ ਇੱਕ ਪੁੱਤਰ। ਇੱਕ ਧੀਅ ਦਾ ਵਿਆਹ ਵੀ ਹੋ ਚੁੱਕਿਆ ਹੈ ਤੇ ਪ੍ਰਾਹੁਣਾ ਮਰਚੈਂਟ ਨੇਵੀ ਵਿੱਚ ਕੰਮ ਕਰਦਾ ਹੈ, ਦੂਜੀ ਬੇਟੀ ਤੇ ਬੇਟਾ ਗਿਆਨ ਦੇ ਚਰਖ਼ੇ ਦਾ ਸੂਤ ਅਜੇ ਕੱਤ ਰਹੇ ਹਨ। ਉਸਦਾ ਖਾਵੰਦ ਬਲਜੀਤ ਰੈਨਾ ਆਪ ਇੱਕ ਵਧੀਆ ਕਹਾਣੀਕਾਰ ਹੈ ਤੇ ਉਹਦੇ ਕਈ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ, ਪਰ ਬਲਜੀਤ ਰੈਨਾ ਦੀ ਕਹਾਣੀ ਵਿੱਚ ਉਹ ਦਮ ਨਹੀਂ ਹੈ ਜਿਹੜਾ ਉਸ ਜਿਹੇ ਇੱਕ ਤਜਰਬੇਕਾਰ ਲੇਖਕ ਵਿੱਚ ਹੋਣਾ ਚਾਹੀਦਾ ਹੈ। ਸ਼ਾਇਦ ਉਹਨੂੰ ਲਿਖਣ ਵੇਲੇ ਬੜੀ ਕਾਹਲੀ ਹੁੰਦੀ ਹੈ ਤੇ ਉਹ ਕਹਾਣੀ ਨੂੰ ਛੇਤੀ ਤੋਂ ਛੇਤੀ ਮੁਕਾਉਣਾ ਚਾਹੁੰਦਾ ਹੈ, ਪਰ ਸੁਰਿੰਦਰ ਨੀਰ ਦੀਆਂ ਕਹਾਣੀਆਂ ਵਿੱਚ ਪੱਕਿਆਈ ਹੈ, ਭਾਸ਼ਾ ਤੇ ਵਾਕ ਚੁਸਤ ਹਨ, ਪਲਾਟ 'ਤੇ ਉਸਦੀ ਗਰਿਫਤ ਮਜ਼ਬੂਤ ਹੁੰਦੀ ਹੈ ਤੇ ਪੜ੍ਹਣ ਵਾਲੇ ਨੂੰ ਅਜਿਹੀ ਲਿਖਤ ਸਵਾਦਲੀ ਲੱਗਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਜ਼ਿੰਦਗੀ ਦੀ ਸੱਚਾਈ ਮਿਲਦੀ ਹੈ ਤੇ ਕਲਾ ਪੱਖੋਂ ਵੀ ਕਹਾਣੀਆਂ ਪਾਠਕਾਂ ਦੇ ਦਿਲ ਦਿਮਾਗ਼ ਉਤੇ ਨਕਸ਼ ਛੱਡਦੀਆਂ ਹਨ। ਆਪਣੀ ਕਲਾ ਕੁਸ਼ਲਤਾ ਕਾਰਨ ਉਸਦੀ ਵੱਖਰੀ ਪਛਾਣ ਬਣੀ ਹੈ।

ਸੁਰਿੰਦਰ ਨੀਰ ਨੇ ਆਪਣੀਆਂ ਕਹਾਣੀਆਂ ਵਿੱਚ ਆਪਣੇ ਮਨ ਦੀ ਗਵਾਚੀ, ਵਿਸਰੀ ਤੇ ਸੱਧਰਾਂ ਭਰੀ ਦੁਨੀਆਂ ਨੂੰ ਖੋਜਿਆ ਹੈ। ਇਸ ਅਮਲ 'ਚੋਂ ਲੰਘਦਿਆਂ ਉਸਨੇ ਇੱਕ ਨਵਾਂ ਜਨਮ ਲਿਆ ਹੈ ਤੇ ਆਪਣੀ ਆਤਮਾ ਨੂੰ ਪਾਤਰਾਂ ਰਾਹੀਂ


CC-0. Sohail Kazmi Collection, Jammu. Digitized by eGangotri

ਉਲੀਕਿਆ ਹੈ ਤੇ ਆਪਣੇ ਜਜ਼ਬਾਤ ਤੇ ਅਹਿਸਾਸ ਦੀ ਤਰਜ਼ੁਮਾਨੀ ਕੀਤੀ ਹੈ।

ਹਰ ਕਹਾਣੀਕਾਰ ਦਾ ਆਪਣਾ ਮਜ਼ਾਜ, ਰੁਝਾਨ ਤੇ ਸੁਭਾਅ ਹੁੰਦਾ ਹੈ, ਜਿਸ ਕਾਰਨ ਉਸਦੀ ਵੱਖਰੀ ਤੇ ਨਵੇਕਲੀ ਪਹਿਚਾਣ ਬਣਦੀ ਹੈ। ਉਸਦਾ ਪਹਿਲਾ ਕਹਾਣੀ ਸੰਗ੍ਰਹਿ 'ਦਸਤਕ ਦੀ ਉਡੀਕ' ਸੀ ਜਿਸਦਾ ਪੰਜਾਬੀ ਸਾਹਿਤਕ ਜਗਤ ਵਿੱਚ ਭਰਵਾਂ ਸਵਾਗਤ ਹੋਇਆ। ਉਸਦਾ ਦੂਜਾ ਕਹਾਣੀ ਸੰਗ੍ਰਹਿ 'ਖੁੱਲ੍ਹ ਜਾ ਸਿੰਮ ਸਿੰਮ' ਛਾਪੇ ਚੜ੍ਹਿਆ, ਜਿਸਦੀ ਭੂਮਿਕਾ ਵਿੱਚ ਡਾ. ਸਰਵਜੀਤ ਨੇ ਲਿਖਿਆ ਹੈ, "ਸੁਰਿੰਦਰ ਨੀਰ ਦੀਆਂ ਕਹਾਣੀਆਂ ਪੜ੍ਹਦਿਆਂ ਵਾਰ ਵਾਰ ਸਵਾਲ ਖੜਾ ਹੁੰਦਾ ਰਿਹਾ ਹੈ ਕਿ ਉਸ ਦੁਆਰਾ ਰਚਿਤ ਕਥਾ, ਬਿਰਤਾਂਤ ਪੰਜਾਬੀ ਕਥਾ ਬਿਰਤਾਂਤ ਨੂੰ ਜਿੱਥੇ ਵੱਖਰਤਾ ਪ੍ਰਦਾਨ ਕਰਦਾ ਹੈ, ਉਥੇ ਇਨ੍ਹਾਂ ਕਹਾਣੀਆਂ ਦੀ ਆਬੋ ਹਵਾ ਪੰਜਾਬੀ ਕਥਾ ਨੂੰ ਤਾਜ਼ਗੀ ਵੀ ਪ੍ਰਦਾਨ ਕਰਦੀ ਹੈ, ਕਿਉਂਕਿ ਇਸ ਕਥਾ ਸੰਗ੍ਰਹਿ ਵਿੱਚ ਜੰਮੂ-ਕਸ਼ਮੀਰ ਦੀ ਸਮਾਜਿਕ ਜ਼ਿੰਦਗੀ ਦੇ ਵਿਭਿੰਨ ਚਿੱਤਰ ਪੰਜਾਬੀ ਕਥਾ ਨੂੰ ਵਿਸਤਾਰ ਪ੍ਰਦਾਨ ਕਰਨ ਦੀ ਸ਼ਕਤੀ ਨਾਲ ਲਬਰੇਜ਼ ਹਨ।"

'ਖੁੱਲ੍ਹ ਜਾ ਸਿੰਮ ਸਿੰਮ' ਪੁਸਤਕ ਵਿੱਚ ਬੜੀਆਂ ਖ਼ੂਬਸੂਰਤ ਕਹਾਣੀਆਂ ਹਨ। ਖ਼ਾਸਕਰ 'ਜ਼ੋਰਾਵਰ ਲਾਲਾ', 'ਪਸ਼ੌਰਣ', 'ਖੁੱਲ੍ਹ ਜਾ ਸਿੰਮ ਸਿੰਮ', 'ਘੰਮ ਚਾਟੀ ਘੰਮ' ਤੇ 'ਲਵਾਸੇ'। 'ਲਵਾਸ' ਕਸ਼ਮੀਰੀ ਵਿੱਚ ਨਾਨ ਨੂੰ ਕਹਿੰਦੇ ਹਨ ਯਾਨੀ 'ਤੰਦੂਰ ਦੀ ਰੋਟੀ', ਜੋ ਕਸ਼ਮੀਰੀ ਲੂਣੀ ਜਾਂ ਮਿੱਠੀ ਚਾਹ ਨਾਲ ਖਾਂਦੇ ਹਨ। 'ਲਵਾਸੇ' ਕਸ਼ਮੀਰ ਦੀ ਅਲਾਮਤ ਹੈ। ਇਹ ਕਹਾਣੀ ਬੇਸ਼ੱਕ ਕਸ਼ਮੀਰ ਦੀ ਅਜੋਕੀ ਸਥਿਤੀ ਬਾਰੇ ਹੈ। ਗੈਰ-ਸਰਕਾਰੀ ਤੇ ਰਾਜਸੀ ਆਤੰਕਵਾਦ ਨੇ ਅਤੇ ਉਸ ਨਾਲ ਫੈਲੀ ਤਬਾਹੀ, ਬਰਬਾਦੀ, ਨਫਰਤ ਤੇ ਬੇਚਾਰਗੀ, ਇਨਸਾਨੀ ਕਦਰਾਂ ਦੀ ਮੌਤ, ਡਰ ਖ਼ੌਫ਼ ਤੇ ਤਨਾਵ ਦਾ ਸੰਕਟ ਗੀਤਾਂਜਲੀ ਤੇ ਦੂਜੇ ਪਾਤਰਾਂ ਰਾਹੀਂ ਬਿਆਨ ਕੀਤਾ ਗਿਆ ਹੈ। ਨਿਰਸੰਦੇਹ ਇਹ ਨੀਰ ਦੀ ਇੱਕ ਅਜਿਹੀ ਕਹਾਣੀ ਹੈ, ਜਿਸਨੂੰ ਨਾ ਸਿਰਫ ਸਮੁੱਚੀ ਪੰਜਾਬੀ ਕਹਾਣੀ ਨਾਲ ਜੋੜਿਆ ਜਾ ਸਕਦਾ ਹੈ, ਸਗੋਂ ਆਲਮੀ ਕਹਾਣੀ ਵਿੱਚ ਵੀ ਰੱਖਿਆ ਜਾ ਸਕਦਾ ਹੈ। ਸੁਰਿੰਦਰ ਨੀਰ ਦੀਆਂ ਕਹਾਣੀਆਂ 'ਚੋਂ ਮੈਨੂੰ ਸਭ ਤੋਂ ਵੱਧ 'ਲਵਾਸੇ' ਹੀ ਪਸੰਦ ਹੈ। 'ਘੰਮ ਚਾਟੀ ਘੰਮ' ਵੀ ਕਸ਼ਮੀਰ ਦੇ ਦੁਖਾਂਤ ਨੂੰ ਦਰਸਾਉਂਦੀ ਹੈ, ਖ਼ਾਸਕਰ ਛੱਟੀ ਸਿੰਘ ਪੁਰਾ ਦੇ ਕਤਲੇਆਮ ਨੂੰ, ਜਿਸਦੀ ਜਾਂਚ ਕਰਾਉਣ ਦੀ ਮੰਗ ਨੂੰ ਸਰਕਾਰ ਨੇ ਠੁਕਰਾ ਦਿੱਤਾ ਸੀ। 'ਜ਼ੋਰਾਵਰ ਲਾਲਾ' ਰਿਸ਼ਤਿਆਂ ਦੀ ਟੁੱਟ ਭੱਜ ਦੀ ਕਹਾਣੀ ਹੈ। 'ਖੁੱਲ੍ਹ ਜਾ ਸਿੰਮ ਸਿੰਮ' ਇੱਕ ਲੰਬੀ ਕਹਾਣੀ ਹੈ, ਜਿਸ ਵਿੱਚ ਚੋਖਾ ਖਿਲਾਰ ਹੈ, ਪਰ ਸੁਰਿੰਦਰ ਨੀਰ ਨੇ ਤਾਇਆ ਭਗਤਾ, ਕਰਨਾ, ਦੀਪਾ, ਕੇਸਰ, ਤਾਈ ਕੰਤੋ ਤੇ ਕੀਰਤ ਆਦਿ ਪਾਤਰਾਂ ਰਾਹੀਂ ਇਸ ਖਿਲਾਰ ਨੂੰ ਸਮੇਟਨ ਦਾ ਕਾਮਯਾਬ ਤਜਰਬਾ ਕੀਤਾ ਹੈ। ਨੀਰ ਦੀਆਂ ਇਹ


CC-0. Sohail Kazmi Collection, Jammu. Digitized by eGangotri

ਕਹਾਣੀਆਂ ਕਲਾ ਪੱਖੋਂ ਅਮੀਰ ਨੇ ਤੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿੱਚ ਸੂਖਮ ਹਨ। ਸੁਰਿੰਦਰ ਨੀਰ ਨੂੰ ਕਹਾਣੀ ਕਹਿਣ ਦਾ ਚੱਜ ਤੇ ਵਲ ਆਉਂਦਾ ਹੈ। ਇਨ੍ਹਾਂ ਕਹਾਣੀਆਂ ਵਿੱਚ ਨੀਰ ਦੀ ਭਾਸ਼ਾ ਦਾ ਕਮਾਲ ਤੇ ਜਮਾਲ ਵੇਖਿਆ ਜਾ ਸਕਦਾ ਹੈ। ਉਸਦੇ ਸ਼ਬਦ ਮੁੰਦਰੀ ਵਿੱਚ ਨਗੀਨੇ ਵਾਂਗ ਸੱਜਦੇ ਹਨ। ਤਕਨੀਕੀ ਪੱਖੋਂ ਵੀ ਇਹ ਕਹਾਣੀਆਂ ਸ਼ਲਾਘਾਯੋਗ ਹਨ। ਕੁੱਝ ਚਿਰ ਪਹਿਲਾਂ ਸੁਰਿੰਦਰ ਨੀਰ ਦੀ ਕਹਾਣੀ 'ਆਇਰਨ ਗਲੋਜ਼' ਸੁਣੀ ਸੀ। ਇੱਕ ਵਧੀਆ ਕਹਾਣੀ ਜਿਸਨੂੰ ਸਾਰਿਆਂ ਨੇ ਚੋਖਾ ਸਰਾਹਿਆ। ਬਿਉਰੋਕਰੇਸੀ ਦੇ ਨਖ਼ਰੇ, ਚੱਮਚਾਗਰੀ ਤੇ ਖ਼ੁਸ਼ਾਮਦ ਦੀ ਚਾਹ ਰੱਖਣਾ ਤੇ ਸੱਚ ਨੂੰ ਅੱਖੋਂ ਓਹਲੇ ਕਰਨਾ ਇਸ ਕਹਾਣੀ ਦੀ ਅਸਲ ਰੂਹ ਹੈ ਤੇ ਇਸ ਰੂਪ ਦਾ ਸ਼ੀਸ਼ਾ ਨੀਰ ਨੇ ਬੜੀ ਖ਼ੂਬਸੂਰਤੀ ਨਾਲ ਦਰਸਾਇਆ ਹੈ। ਬਲਜੀਤ ਰੈਨਾ ਜਿਹੜਾ ਸ਼ਰਾਬ ਦਾ ਇੰਨਾਂ ਰਸੀਆ ਹੈ ਕਿ ਹੁਣ ਉਹ ਸ਼ਰਾਬ ਨੂੰ ਘੱਟ ਪੀਂਦਾ ਹੈ, ਪਰ ਸ਼ਰਾਬ ਉਹਨੂੰ ਵੱਧ ਪੀਂਦੀ ਹੈ, ਜਿਸ ਕਾਰਨ ਉਹ ਦੋ-ਤਿੰਨ ਵਾਰ ਵੱਡੇ ਹਾਦਸਿਆਂ ਦਾ ਸ਼ਿਕਾਰ ਹੋ ਚੁੱਕਿਆ ਹੈ। ਇਹ ਹਾਦਸੇ ਸੁਰਿੰਦਰ ਨੀਰ ਦੇ ਸਾਹ ਸੁਕਾ ਚੁੱਕੇ ਹਨ। ਨੀਰ ਕਈ ਵਾਰੀ ਬਲਜੀਤ ਰੈਨਾ ਦੀ ਜ਼ਿੰਦਗੀ ਤੇ ਮੌਤ ਦੀ ਖੇਡ ਨੂੰ ਬਰਦਾਸ਼ਤ ਕਰ ਚੁੱਕੀ ਹੈ, ਆਖ਼ਿਰ ਉਹਨੇ ਆਪਣੇ ਅੰਦਰ ਮਚੇ ਤੂਫ਼ਾਨ ਨੂੰ ਬਾਹਰ ਕੱਢਣ ਲਈ ਇੱਕ ਨਿਬੰਧ ਲਿਖਿਆ, ਜਿਸਦਾ ਨਾਂ ਸੀ 'ਡਰ 'ਚੋਂ ਗੁਜ਼ਰਦਿਆਂ'। ਆਪਣੀ ਜ਼ਾਤ ਤੇ ਆਪਣੇ ਪਤੀ 'ਤੇ ਵਾਪਰੀਆਂ ਘਟਨਾਵਾਂ ਦਾ ਇਸ ਨਿਬੰਧ ਵਿੱਚ ਬੜੀ ਖ਼ੂਬਸੂਰਤੀ ਨਾਲ ਵਰਣਨ ਕੀਤਾ ਗਿਆ ਹੈ।

ਸੁਰਿੰਦਰ ਨੀਰ ਦਾ ਇੱਕ ਨਾਵਲ ਵੀ ਛਪ ਕੇ ਆਇਆ ਹੈ ਤੇ ਪਾਠਕਾਂ ਨੇ ਇਸ ਨਾਵਲ ਨੂੰ ਖ਼ੂਬ ਸਰਾਹਿਆ ਹੈ। ਇਹ ਨਾਵਲ ਬਲਵਿੰਦਰ ਜਾਂ ਨਿੱਕੀ ਦੇ ਆਲੇ-ਦੁਆਲੇ ਘੁੰਮਦਾ ਹੈ। ਨਿੱਕੀ ਦੇ ਮੰਗੇਤਰ ਨੂੰ ਉਗੱਰਵਾਦੀ ਮਾਰ ਦਿੰਦੇ ਹਨ, ਕਿਉਂਕਿ ਉਹ ਪੁਲਿਸ ਦਾ ਅਫ਼ਸਰ ਹੈ। ਫ਼ੌਜ ਦਾ ਇੱਕ ਮੇਜਰ ਨਿੱਕੀ 'ਤੇ ਤਰਸ ਖਾ ਕੇ ਉਸ ਨਾਲ ਵਿਆਹ ਕਰਵਾਉਂਦਾ ਹੈ ਤੇ ਉਸਨੂੰ ਅੰਮ੍ਰਿਤਸਰ ਲੈ ਜਾਂਦਾ ਹੈ, ਅੰਮ੍ਰਿਤਸਰੋਂ ਉਹ ਵਿਦੇਸ਼ ਜਾਂਦੀ ਹੈ, ਜਦਕਿ ਉਹਦਾ ਪਤੀ ਕਰਗਿਲ ਜੰਗ ਵਿੱਚ ਅਗਲੇ ਮੋਰਚਿਆਂ 'ਤੇ ਲੜ ਰਿਹਾ ਹੁੰਦਾ ਹੈ ਤੇ ਆਪਣੇ ਪ੍ਰਾਣ ਤਿਆਗ ਦਿੰਦਾ ਹੈ। ਉਸੇ ਸਮੇਂ ਨਿੱਕੀ ਇੱਕ ਬੱਚੀ ਨੂੰ ਜਨਮ ਦਿੰਦੀ ਹੈ। ਨਿੱਕੀ ਦੀ ਬੇਟੀ ਵਲੈਤ ਵਿੱਚ ਹੀ ਪੜ੍ਹਦੀ ਹੈ ਤੇ ਮਾਂ ਨਾਲ ਆਪਣੇ ਪਿੰਡ ਸ਼ਿਕਾਰਗਾਹ, ਤਹਿਸੀਲ ਤਰਾਲ ਵਿੱਚ ਆਉਂਦੀ ਹੈ ਅਤੇ ਆਪਣੇ ਮੰਗੇਤਰ ਦੇ ਮਕਾਨ ਦੀ ਮੁਰੰਮਤ ਕਰਵਾਉਂਦੀ ਹੈ ਤੇ ਬੇਟੀ ਨੂੰ ਮੰਗੇਤਰ ਦੇ ਪਿਤਾ ਦੀ ਫ਼ੋਟੋ ਦੱਸਦਿਆਂ ਕਹਿੰਦੀ ਹੈ ਕਿ ਦਾਰਜੀ ਉਸਦੇ ਦਾਦਾ ਜੀ ਹਨ। ਬੇਟੀ ਦੀ ਉਮਰ ਨੀਰ ਨੇ 15 ਸਾਲ ਦੱਸੀ ਹੈ। ਇੰਝ



CC-0. Sohail Kazmi Collection, Jammu. Digitized by eGangotri

ਇਹ ਗੱਲ ਸਪੱਸ਼ਟ ਨਹੀਂ ਹੁੰਦੀ ਕਿ ਨਿੱਕੀ ਦਾ ਪਤੀ ਫੌਜੀ ਮੇਜਰ ਹੈ ਜਾਂ ਉਸਦਾ ਮੰਗੇਤਰ, ਕਿਉਂਕਿ ਨਾਵਲ ਛਪਣ ਤਕ ਨਿੱਕੀ ਦੀ ਬੇਟੀ ਦੀ ਉਮਰ 15 ਸਾਲ ਨਹੀਂ ਬਣ ਸਕਦੀ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਘਾਟਾਂ ਇਸ ਨਾਵਲ ਵਿੱਚ ਹਨ, ਪਰ ਇਸ ਨਾਵਲ ਦੀ ਸ਼ਬਦਾਵਲੀ, ਬੁਣਤਰ ਬਹੁਤ ਸੋਹਣੀ ਹੈ ਤੇ ਪਾਠਕ ਨੂੰ ਪੜ੍ਹਣ ਲਈ ਮਜਬੂਰ ਕਰਦੀ ਹੈ। ਇਸ ਨਾਵਲ ਦਾ ਸਭ ਤੋਂ ਕਮਜ਼ੋਰ ਪਹਿਲੂ ਇਸਦਾ ਮੁਖਬੰਦ ਹੈ, ਜਿਸ ਵਿੱਚ ਅਮਰਜੀਤ ਸਿੰਘ ਗਰੇਵਾਲ ਨੇ ਦਾਅਵਾ ਕੀਤਾ ਹੈ ਕਿ ਇਹ ਨਾਵਲ ਕਸ਼ਮੀਰ ਦੇ ਉਗੱਰਵਾਦ ਬਾਰੇ ਪਹਿਲਾ ਨਾਵਲ ਹੈ, ਉਹ ਇੱਥੋਂ ਤਕ ਕਹਿੰਦਾ ਹੈ ਕਿ ਕਸ਼ਮੀਰ ਦੀ ਅਜੋਕੀ ਸਥਿਤੀ ਬਾਰੇ ਇਹ ਪਹਿਲੀ ਲਿਖਤ ਹੈ, ਜੋ ਕਿ ਸੱਚ ਨਹੀਂ ਹੈ। ਅਮਰਜੀਤ ਗਰੇਵਾਲ ਅਜਿਹੇ ਦਾਅਵੇ ਕਰਕੇ ਆਪਣੀ ਘੱਟ ਇਲਮੀਂ ਦਾ ਸਬੂਤ ਪੇਸ਼ ਕਰਦਾ ਹੈ, ਕਿਉਂਕਿ ਕਸ਼ਮੀਰ ਬਾਰੇ ਉਸਦਾ ਗਿਆਨ ਅਖ਼ਬਾਰੀ ਖ਼ਬਰਾਂ ਤਕ ਹੀ ਮਹਿਦੂਦ ਹੈ। ਗਰੇਵਾਲ ਦੇ ਦਾਅਵਿਆਂ ਨੂੰ ਜੇ ਅਸੀਂ ਅੱਖੋਂ ਓਹਲੇ ਕਰ ਦਈਏ ਤਾਂ ਇਹ ਮੰਨਣਾ ਪਵੇਗਾ ਕਿ 'ਸ਼ਿਕਾਰਗਾਹ', ਕਸ਼ਮੀਰ ਵਿੱਚ ਰਹਿੰਦੇ ਅਤੇ ਖ਼ਾਸ ਕਰ ਤਰਾਲ ਇਲਾਕੇ ਵਿੱਚ ਰਹਿੰਦੀ ਸਿੱਖ-ਸੰਗਤ ਦੀ ਰਹਿਤਲ, ਉਨ੍ਹਾਂ ਦੀ ਬੋਲੀ, ਰਸਮ ਤੇ ਰਿਵਾਜ ਤੇ ਬਹੁਗਿਣਤੀ ਨਾਲ ਉਨ੍ਹਾਂ ਦੇ ਸੰਬੰਧ ਵੱਲ ਝਾਤ ਪਾਉਂਦਾ ਹੈ।

ਸੁਰਿੰਦਰ ਨੀਰ ਨੇ ਆਪਣੇ ਨਵੇਂ ਛਪੇ ਨਾਵਲ 'ਮਾਇਆ' ਬਾਰੇ ਮੈਨੂੰ ਦੱਸਿਆ ਹੈ ਕਿ ਲਗਭਗ ਅੱਠ ਸੌ ਸਫ਼ਿਆਂ ਦਾ ਇਹ ਨਾਵਲ ਮਾਇਆ ਨਾਂ ਦੀ ਕੁੜੀ ਦੀ ਕਹਾਣੀ ਹੈ ਜੋ ਇੱਕ ਕਲਾਕਾਰ ਬਣਨ ਲਈ ਚੋਖੀ ਮਿਹਨਤ ਕਰਦੀ ਹੈ ਤੇ ਇੱਕ ਪਿੰਡ ਤੋਂ ਨਿਕਲ ਕੇ ਆਰਟ ਦੀ ਦੁਨੀਆ ਦੇ ਸਿਖ਼ਰ ਨੂੰ ਛੂੰਹਦੀ ਹੈ। ਇਹ ਨਾਵਲ ਆਰਟ ਨਾਲ ਜੁੜਿਆ ਹੋਇਆ ਹੈ। ਮਾਇਆ ਸਿਦਕੀ ਤੇ ਸੱਚੀ ਫ਼ਨਕਾਰ ਹੈ, ਉਹ ਆਪਣੇ ਅੰਦਰ ਦੇ ਕਲਾਕਾਰ ਨੂੰ ਸ਼ਾਹਕਾਰ ਬਣਾਉਣ ਲਈ ਜ਼ਿੰਦਗੀ ਦੀਆਂ ਥੁੜਾਂ, ਤਲਖ਼ੀਆਂ ਤੇ ਦੁੱਖ-ਦਰਦ ਦਾ ਮੁਕਾਬਲਾ ਬੜੀ ਸਾਬਤ ਕਦਮੀ ਨਾਲ ਕਰਦੀ ਹੈ ਤੇ ਕਈ ਮਸ਼ਹੂਰ ਕਲਾਕਾਰਾਂ ਨੂੰ ਦੂਰ ਪਿੱਛੇ ਸੁੱਟਦਿਆਂ ਹੋਇਆਂ ਕਲਾ ਦੀ ਦੁਨੀਆ ਵਿੱਚ ਆਪਣਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖਵਾਉਂਦੀ ਹੈ। 'ਮਾਇਆ' ਨਾਵਲ ਵਿੱਚ ਜੰਮੂ-ਕਸ਼ਮੀਰ ਦੀ ਸਿੱਖ ਧਾਰਮਿਕ ਸਿਆਸਤ ਤੋਂ ਲੈ ਕੇ ਪੰਜਾਬ ਦੀ ਧਾਰਮਿਕ ਰਾਜਨੀਤੀ, ਬਲੂ ਸਟਾਰ ਆਪਰੇਸ਼ਨ, 1984 ਦੇ ਸਿੱਖ ਦੰਗੇ ਤੇ ਇਸ ਨਾਲ ਜੁੜੀਆਂ ਹੋਰ ਕਈ ਘਟਨਾਵਾਂ ਦਾ ਲੰਮੇਰਾ ਸਫ਼ਰ ਹੈ। ਆਰਟ ਦੀ ਦੁਨੀਆ ਨੂੰ ਖੋਜਣ ਲਈ ਮਾਇਆ ਨੇ ਸਭ ਕੁੱਝ ਤਿਆਗਿਆ ਤੇ ਜਦ ਉਹ ਕਲਾ ਦੀ ਸਿਖ਼ਰ 'ਤੇ ਪਹੁੰਚੀ ਤਾਂ ਉਹਨੂੰ ਮਹਿਸੂਸ ਹੋਇਆ ਕਿ ਇਹ ਦੁਨੀਆ ਵੀ ਕੁੱਝ ਨਹੀਂ ਹੈ ਤੇ ਅਜੇ ਉਸਨੂੰ ਉਸ ਦੁਨੀਆ ਦੀ ਤਲਾਸ਼ ਹੈ, ਜਿਸਦੀ ਤਾਂਘ


CC-0. Sohail Kazmi Collection, Jammu. Digitized by eGangotri

ਮਾਇਆ ਨੂੰ ਅਗਲੇ ਸਫ਼ਰ ਵੱਲ ਜਾਣ ਦਾ ਹੁੰਗਾਰਾ ਦਿੰਦੀ ਹੈ।

ਇਸ ਨਾਵਲ ਦੇ ਕੁੱਝ ਅੰਸ਼ ਪੜ੍ਹਣ ਮਗਰੋਂ ਤੇ ਸੁਰਿੰਦਰ ਨੀਰ ਨਾਲ ਗੱਲਬਾਤ ਕਰਨ ਮਗਰੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਸੁਰਿੰਦਰ ਨੀਰ ਦਾ ਨਵਾਂ ਨਾਵਲ 'ਮਾਇਆ' ਪੰਜਾਬੀ ਜਗਤ ਵਿੱਚ ਉਸਨੂੰ ਹੋਰ ਉਚਾਈਆਂ 'ਤੇ ਪਹੁੰਚਾਉਣ ਦਾ ਸਾਧਨ ਬਣੇਗਾ।

ਮੇਰੀ ਦੁਆ ਹੈ ਕਿ ਸੁਰਿੰਦਰ ਨੀਰ ਸਮੁੱਚੇ ਪੰਜਾਬੀ ਕਲਮ ਕਬੀਲੇ ਵਿੱਚ ਜੀਉਂਦੀ ਤੇ ਜਾਗਦੀ ਰਹੇ ਤੇ ਇੱਕ ਸਾਹਿਤਕਾਰ ਦੇ ਤੌਰ 'ਤੇ ਆਪਣੀ ਪਹਿਚਾਣ ਨੂੰ ਜ਼ਿੰਦਾ ਰੱਖੇ ਤੇ ਉਨ੍ਹਾਂ ਆਲੋਚਕਾਂ ਕੋਲੋਂ ਵਿੱਥ ਬਣਾ ਕੇ ਰੱਖੇ ਜਿਹੜੇ ਆਪਣੀ ਮਸ਼ਹੂਰੀ ਲਈ ਸਾਹਿਤ ਨੂੰ ਦਰਜਿਆਂ ਵਿੱਚ ਵੰਡਦੇ ਹਨ, ਖ਼ਾਸ ਤੌਰ 'ਤੇ ਪੰਜਾਬੀ ਆਲੋਚਕ। ਕਦੀ ਇਸਤਰੀ ਪੰਜਾਬੀ ਸਾਹਿਤ ਦਾ ਨਾਂ ਦਿੰਦੇ ਹਨ, ਕਦੇ ਦਲਿਤ ਪੰਜਾਬੀ ਸਾਹਿਤ ਅਤੇ ਕਦੇ ਪਰਵਾਸੀ ਪੰਜਾਬੀ ਸਾਹਿਤ ਜਾਂ ਫਿਰ ਪਾਕਿਸਤਾਨੀ ਪੰਜਾਬੀ ਸਾਹਿਤ ਦੇ ਚੌਖਟੇ ਘੜਦੇ ਰਹਿੰਦੇ ਹਨ, ਪਰ ਇਸ ਤਰ੍ਹਾਂ ਦੀ ਸ਼ੋਸ਼ੇਬਾਜ਼ੀ ਬੇਕਾਰ ਹੈ, ਸਾਹਿਤ ਦਾ ਕੋਈ ਧਰਮ ਨਹੀਂ ਹੁੰਦਾ, ਕੋਈ ਜ਼ਾਤ ਨਹੀਂ ਹੁੰਦੀ ਤੇ ਨਾ ਹੀ ਕੋਈ ਖੇਤਰ ਹੁੰਦਾ ਹੈ, ਸਾਹਿਤ ਸਿਰਫ਼ ਸਾਹਿਤ ਹੁੰਦਾ ਹੈ। ਰਚਨਾ ਆਪਣੇ ਮਿਆਰ ਤੋਂ ਪਛਾਣੀ ਜਾਣੀ ਚਾਹੀਦੀ ਹੈ। ਪਰਖ ਪੜਚੋਲ ਦੀ ਬੁਨਿਆਦ ਰਚਨਾ ਦਾ ਆਧਾਰ ਹੋਣਾ ਚਾਹੀਦਾ ਹੈ ਨਾ ਕਿ ਹਿੰਦੂ, ਮੁਸਲਿਮ, ਸਿੱਖ, ਇਸਤਰੀ-ਪੁਰਸ਼, ਦਲਿਤ, ਸਵਰਣ, ਭਾਰਤੀ-ਪਾਕਿਸਤਾਨੀ ਤੇ ਪਰਵਾਸੀ ਹੋਣ ਕਾਰਨ। ਇਸ ਪੱਖੋਂ ਸੁਰਿੰਦਰ ਨੀਰ ਨੂੰ ਕਿਸੇ ਚੌਖਟੇ ਵਿੱਚ ਨਹੀਂ ਰੱਖਿਆ ਜਾ ਸਕਦਾ, ਉਹ ਇੱਕ ਅਦੀਬ ਹੈ, ਕਹਾਣੀਕਾਰ ਹੈ ਤੇ ਕਦੇ ਕਦੇ ਸ਼ਾਇਰ ਵੀ ਤੇ ਉਸਦੀ ਪਰਖ ਕੇਵਲ ਉਸਦੀ ਰਚਨਾ 'ਤੇ ਆਧਾਰਿਤ ਹੋਣੀ ਚਾਹੀਦੀ ਹੈ।

*** *** ***



CC-0. Sohail Kazmi Collection, Jammu. Digitized by eGangotri

# ਮਾਸੂਮ ਜਜ਼ਬਿਆਂ ਦਾ ਸ਼ਾਇਰ- ਬੀਬਾ ਬਲਵੰਤ

ਸਾਹਿਤਕਾਰ, ਕਵੀ ਅਤੇ ਫਨਕਾਰ, ਗਿਆਨ ਦੀ ਦੌਲਤ ਅਤੇ ਕਲਪਨਾ ਦੀ ਅਮੀਰੀ ਨਾਲ ਆਪਣੀ ਰਚਨਾ ਦੀ ਤਖ਼ਲੀਕ ਕਰਦਾ ਹੈ। ਇੱਕ ਸਫਲ ਸ਼ਾਇਰ, ਅਦੀਬ, ਫਨਕਾਰ ਤੇ ਬੁੱਧੀਜੀਵੀ ਹੱਕ ਤੇ ਸੱਚ ਦਾ ਸ਼ਹਿਦ ਚੱਟ ਕੇ ਸਮਾਜੀ ਜੀਵਨ ਨੂੰ ਖ਼ੂਬਸੂਰਤ ਬਣਾਉਣ ਦਾ ਉਪਰਾਲਾ ਕਰਦਾ ਹੈ। ਉਹ ਜ਼ਿੰਦਗੀ ਦੇ ਸੱਚ ਨੂੰ ਆਪਣੀ ਲਿਖਤ ਦਾ ਤੜਕਾ ਲਾ ਕੇ ਰਚਨਾ ਨੂੰ ਜਨਮ ਦਿੰਦਾ ਹੈ। ਇਹ ਤਾਹੀਓਂ ਹੁੰਦਾ ਹੈ ਜਦ ਉਸ ਅੰਦਰ ਜਨੂੰਨ ਦਾ ਜ਼ੌਕ ਤੇ ਸ਼ੌਕ ਜਾਗਦਾ ਹੈ ਤੇ ਰੂਹ ਦੀ ਪਿਆਸ ਬੁਝਾਉਣ ਲਈ ਇੱਕ ਸਾਹਿਤਕ ਰਚਨਾ ਸਾਮ੍ਹਣੇ ਆਉਂਦੀ ਹੈ।

ਬੀਬਾ ਬਲਵੰਤ ਵੀ ਇਸੇ ਕਬੀਲ ਦਾ ਸ਼ਾਇਰ ਹੈ। ਉਸ ਨੇ ਵੀ ਸੂਫੀ ਸਰਮਦ ਵਾਂਗ ਗਿਆਨ ਦੀ ਲੋਅ ਦੇ ਰੱਥ 'ਤੇ ਸਵਾਰ ਹੋ ਕੇ ਕਾਇਨਾਤ ਵਿੱਚ ਸਫਰ ਕੀਤਾ ਹੈ। ਸ਼ਾਇਰੀ ਲਈ ਉਸ ਦਾ ਇਸ਼ਕ ਬਾਤਿਨ ਵਿੱਚ ਵੀ ਅਤੇ ਜ਼ਾਹਰ ਵਿੱਚ ਵੀ ਸਭ ਥਾਈਂ ਹਾਜ਼ਿਰ ਨਾਜ਼ਿਰ ਹੈ।

ਉਹ ਕਹਿੰਦਾ ਹੈ-

"ਮੁਹੱਬਤ ਦੀ ਭਾਲ ਵਿੱਚ
ਅਜੱਬ ਹਾਦਸੇ ਹੋਏ
ਕਦੇ ਰੰਗ ਹੱਸੇ
ਕਦੇ ਰੰਗ ਰੋਏ।"

-0-0-0-

"ਇਸ਼ਕ ਵੀ ਅੱਗ ਦਾ, ਵਗਦਾ ਦਰਿਆ,
ਲੱਖਾਂ ਤਾਰੂ ਏਸ 'ਚ ਡਬੋਏ।
ਭੇਦ ਦਿਲਾਂ ਦੇ ਖੋਲ੍ਹਣ ਅੱਖੀਆਂ,
ਬੀਬਾ ਭਾਵੇਂ ਲੱਖ ਲਕੋਏ।"

ਬੀਬਾ ਬਲਵੰਤ ਮਾਸੂਮ ਜਜ਼ਬਿਆਂ ਦਾ ਸ਼ਾਇਰ ਹੈ। ਉਸ ਦੀਆਂ ਨਜ਼ਮਾਂ ਵਿੱਚ ਮੁਹੱਬਤ, ਇਸ਼ਕ, ਵਿਛੋੜਾ, ਮਿਲਾਪ, ਦਰਦ ਅਤੇ ਜ਼ਾਤ ਦਾ ਕਰਬ ਮਿਲੇਗਾ। ਉਸ ਨੇ ਜਿਸ ਤਰ੍ਹਾਂ ਜ਼ਮਾਨੇ ਨੂੰ ਵੇਖਿਆ ਤੇ ਮਹਿਸੂਸਿਆ ਹੈ ਉਸੇ ਤਰ੍ਹਾਂ ਪੇਸ਼ ਕਰਨ ਦਾ ਯਤਨ ਕੀਤਾ ਹੈ।



CC-0. Sohail Kazmi Collection, Jammu. Digitized by eGangotri

ਜਿਥੇ ਉਸ ਦੀਆਂ ਨਜ਼ਮਾਂ ਵਿੱਚ ਸਾਨੂੰ ਰਿਸ਼ਤਿਆਂ ਦੀ ਟੁੱਟ ਭੱਜ ਤੇ ਤਨਹਾਈ ਮਿਲਦੀ ਹੈ ਉਥੇ ਹੀ ਖ਼ੂਬਸੂਰਤ ਯਾਦਾਂ ਦੀ ਲੱਜ਼ਤ ਦਾ ਅਹਿਸਾਸ ਵੀ ਮਿਲਦਾ ਹੈ।

"ਜਦੋਂ ਮਨਾਂ 'ਚੋਂ
ਮੁਹੱਬਤ ਮੁੱਕਦੀ
ਸਾਹ ਰਗ ਸੁੱਕਦੀ
ਲੰਮੇ ਹੋ ਜਾਂਦੇ ਰਾਹ
ਸਿੱਲ੍ਹੀ ਸਿੱਲ੍ਹੀ ਚਾਹ।
ਜਦੋਂ ਮੁਹੱਬਤ ਉਗੱਦੀ
ਹਰ ਬਾਜ਼ੀ ਪੁੱਗਦੀ
ਲੰਮੇ ਰਾਹ ਲੱਗਦੇ ਔਣੇ ਪੌਣੇ
ਉਚੇ ਪਰਬਤ ਹੁੰਦੇ ਬੌਣੇ।
ਜਾਂ ਫਿਰ–
ਕੁੱਝ ਰਿਸ਼ਤੇ
ਮਨ ਨੂੰ ਭਾਉਂਦੇ
ਹੱਥ ਨਾ ਆਉਂਦੇ
ਬਸ ਭਟਕਾਉਂਦੇ
ਸਾਰੀ ਉਮਰਾ ਲਾਰੇ ਲਾਉਂਦੇ।"

-0-0-0-

"ਕੁੱਝ ਰਿਸ਼ਤੇ
ਚੰਦ ਵਾਂਗ
ਘਟਦੇ ਵਧਦੇ
ਵਧਦੇ ਘਟਦੇ
ਮੁੜ ਮੁੜ ਪੂਰਨਮਾਸ਼ੀ ਬਣਦੇ।"

ਉਸਦੀ ਸ਼ਾਇਰੀ ਦਾ ਖ਼ਮੀਰ ਲੋਕ ਭਾਸ਼ਾ ਦੀਆਂ ਜੜ੍ਹਾਂ ਵਿੱਚ ਲੁਕਿਆ ਹੈ। ਬੀਬਾ ਦੀਆਂ ਨਜ਼ਮਾਂ ਦਾ ਆਪਣਾ ਇੱਕ ਵੱਖਰਾ ਮੌਸਮ ਹੈ ਜਿਹੜਾ ਯਾਦਾਂ ਦੇ ਫੁੱਲਾਂ ਨਾਲ ਮਹਿਕਦਾ ਹੈ। ਕਹਿੰਦੇ ਨੇ ਕਿ ਕਿਸੇ ਸ਼ੈਅ ਨੂੰ ਆਪਣਾ ਬਨਾਉਣ ਜਾਂ ਆਪਣੇ ਅੰਦਰ ਜਜ਼ਬ ਕਰ ਲੈਣ ਦੀ ਆਰਜ਼ੂ ਦਾ ਨਾਂ ਹੀ ਇਸ਼ਕ ਹੈ ਤੇ ਇਹ ਇਸ਼ਕ ਬੀਬਾ ਨੇ ਆਪਣੀਆਂ ਨਜ਼ਮਾਂ ਵਿੱਚ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਕਿਉਂ ਜੇ ਸਾਹਿਤ ਤਹਿਜ਼ੀਬ ਦਾ ਚਿਹਰਾ ਹੁੰਦਾ ਹੈ ਅਤੇ ਸ਼ਾਇਰੀ ਇਸ



CC-0. Sohail Kazmi Collection, Jammu. Digitized by eGangotri

ਚਿਹਰੇ ਦੀ ਖ਼ੂਬਸੂਰਤੀ ਤੇ ਨਜ਼ਾਕਤ ਹੁੰਦੀ ਹੈ।

ਬੀਬਾ ਦੀ ਸ਼ਾਇਰੀ ਨੂੰ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਸਦੇ ਇਸ਼ਕ ਦਾ ਅਨੁਭਵ ਨਿਵੇਕਲਾ ਹੈ। ਉਸ ਦੀ ਸ਼ਾਇਰੀ ਦਿਲ 'ਤੇ ਗੁਜ਼ਰੀਆਂ ਵਾਰਦਾਤਾਂ ਦਾ ਸੁੱਚਾ ਇਜ਼ਹਾਰ ਹੈ। ਉਸ ਦੀ ਸ਼ਾਇਰੀ ਦਿਲਾਂ ਦੀਆਂ ਤਾਰਾਂ ਨੂੰ ਛੂਹੰਦੀ ਹੈ ਤੇ ਮਾਸੂਮ ਹੁਸਨ ਦੀ ਰਾਗਨੀ ਬਣ ਜਾਂਦੀ ਹੈ। ਉਹ ਫਰਹਾਦ ਵਾਂਗ ਪਹਾੜ ਫਾੜ ਕੇ ਨਹਿਰ ਨਹੀਂ ਕੱਢ ਸਕਿਆ ਪਰ ਪਿਆਰ ਦੀ ਖ਼ੁਮਾਰੀ ਲਈ ਮਿੱਠੇ ਸ਼ਬਦਾਂ ਦਾ ਗੁਲਕੰਦ ਤਿਆਰ ਕਰਕੇ ਵਰਤਦਾ ਹੈ। ਉਸ ਦੀਆਂ ਨਜ਼ਮਾਂ ਜੀਵਨ ਦੇ ਬਹੁਤ ਨੇੜੇ ਹਨ, ਜਿਵੇਂ-

"ਆਪਣਾ ਰਿਸ਼ਤਾ
ਇੱਕ ਪਿਆਲਾ
ਦੁੱਧ ਦਾ ਭਰਿਆ
ਉਸ ਉਤੇ ਜਿਉਂ ਫੁੱਲ ਇੱਕ ਤਰਿਆ।"

-0-0-0-

"ਤੇਰੇ ਨਾਲ ਨਿੱਕੀਆਂ ਨਿੱਕੀਆਂ
ਮਿੱਠੀਆਂ ਮਿੱਠੀਆਂ ਗੱਲਾਂ ਕਰਨਾ ਇੰਝ ਹੈ
ਜਿਵੇਂ ਕੋਈ
ਮਿੱਠੀ ਚੂਰੀ ਦੀਆਂ
ਨਿੱਕੀਆਂ ਨਿੱਕੀਆਂ ਗਰਾਹੀਆਂ
ਘੁੱਗੀਆਂ ਕਬੂਤਰਾਂ ਤੇ ਚਿੜੀਆਂ ਨੂੰ ਪਾਏ।"

-0-0-0-

"ਮੁਹੱਬਤ ਵੀ ਕੇਹੀ ਜਾਦੂਗਰਨੀ ਹੈ
ਜਦ ਆਪਣੀ ਆਈ ਤੇ ਆਉਂਦੀ ਹੈ
ਸਾਧਾਰਣ ਜਿਹੇ ਮੁੰਡੇ ਕੁੜੀਆਂ ਨੂੰ
ਬਣਾ ਦਿੰਦੀ ਹੈ
ਸ਼ਹਿਜ਼ਾਦੇ, ਖੰਭਾਂ ਵਾਲੇ ਘੋੜੇ
... ਤੇ ਉਡੱਣ ਪਰੀਆਂ।"

ਪਿਆਰ ਦਾ ਇਹ ਮਾਸੂਮ ਅਹਿਸਾਸ ਤਾਜ਼ਾ ਖਿੜੇ ਫੁੱਲਾਂ ਦੀ ਸੁਗੰਧੀ ਨਾਲ ਜੁੜਦਾ ਹੈ। ਇਆਣ ਉਮਰ ਦੀਆਂ ਰੀਝਾਂ, ਤਾਘਾਂ ਤੇ ਸੱਧਰਾਂ ਦੀ ਤਰਜ਼ਮਾਨੀ ਕਰਦਾ ਹੈ।

ਬੀਬਾ ਬਲਵੰਤ ਨੂੰ ਸ਼ਬਦਾਂ ਨੂੰ ਵਰਤਣ ਅਤੇ ਲਿਖਣ ਦਾ ਚੱਜ ਆਉਂਦਾ ਹੈ



CC-0. Sohail Kazmi Collection, Jammu. Digitized by eGangotri

ਤੇ ਉਸ ਦੀ ਪੁਸਤਕ "ਅੱਥਰੂ ਗੁਲਾਬ ਹੋਏ" ਪੜ੍ਹਨ ਵੇਲੇ ਜਦ ਅਸੀਂ ਸ਼ਬਦਾਂ ਦੇ ਅੰਦਰ ਝਾਕਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਨੂੰ ਹੁਸਨ ਤੇ ਪਿਆਰ ਦੇ ਨਿਰਮਲ ਤੇ ਨਿਰਛੱਲ ਖਜ਼ਾਨਿਆਂ ਦੇ ਦੀਦਾਰ ਹੁੰਦੇ ਹਨ। ਉਹ ਆਪਣੇ ਸ਼ਬਦਾਂ ਨੂੰ ਸੱਚ ਦੇ ਲੀੜੇ ਪੁਆ ਕੇ ਸ਼ਾਇਰੀ ਨੂੰ ਤਖ਼ਲੀਕ ਕਰਦਾ ਹੈ। ਉਸ ਦੀ ਸ਼ਾਇਰੀ ਵਿੱਚ ਜ਼ਿੰਦਗੀ ਦੇ ਅਨੇਕਾਂ ਸ਼ੇਡਜ਼ ਮਿਲਦੇ ਹਨ। ਉਸ ਨੇ ਜ਼ਿੰਦਗੀ ਦੀ ਬਦਸੂਰਤੀ ਅਤੇ ਖ਼ੂਬਸੂਰਤੀ ਵਾਲੇ ਸਾਰੇ ਰੰਗ ਵੇਖੇ ਹਨ ਅਤੇ ਆਪਣੀ ਸ਼ਾਇਰੀ ਵਿੱਚ ਵਰਤੇ ਹਨ।

"ਉਹ ਬੀਜ ਵਾਂਗ ਪੁੰਗਰੀ
ਕਰੂੰਬਲ ਵਾਂਗ ਫੁੱਟੀ
ਫੁੱਲ ਵਾਂਗ ਮਹਿਕੀ
ਉਸ ਦੀ ਮਹਿਕ ਵਰ੍ਹਿਆਂ ਬਾਅਦ ਵੀ
ਮੇਰੇ ਸਾਹਾਂ ਵਿੱਚ ਹੈ।"

ਇਸੇ ਸ਼ੇਡ ਦੀ ਦੂਜੀ ਨਜ਼ਮ-

"ਉਹ ਚਸ਼ਮੇ ਵਾਂਗ ਫੁੱਟੀ
ਝਰਨੇ ਵਾਂਗ ਡਿੱਗੀ
ਨਦੀ ਵਾਂਗ ਵਗਦੀ ਵਹਿੰਦੀ
ਸਮੁੰਦਰ ਵਿੱਚ ਜਾ ਰਲੀ
ਮੈਂ ਉਸ ਨੂੰ ਅਜੇ ਵੀ
ਲੱਭਦਾ ਫਿਰਦਾਂ।"

ਅਗਲਾ ਰੰਗ ਵੇਖੋ-

"ਉਹ ਬਰਸਾਤ ਵਾਂਗ ਵਰ੍ਹੀ
ਸਿਆਲ ਵਾਂਗ ਠਰੀ
ਗਰਮੀ ਵਾਂਗ ਤਪੀ
ਬਹਾਰ ਵਾਂਗ ਮਹਿਕੀ ਟਹਿਕੀ
ਮੇਰੇ ਮਨ ਨੂੰ ਰੰਗ ਬਰੰਗਾ ਕਰ ਗਈ
ਖੁਸ਼ਬੂਆਂ ਨਾਲ ਭਰ ਗਈ।"

ਇਹ ਨਜ਼ਮ ਵੀ ਵੇਖੋ-

"ਜਦੋਂ ਮੈਂ ਖਿੜਦੇ ਫੁੱਲ ਨੂੰ
ਚੜ੍ਹਦੇ ਸੂਰਜ ਨੂੰ
ਪੁੰਗਰਦੇ ਬੀਜ ਨੂੰ
ਏਕਮ ਦੇ ਚੰਨ ਨੂੰ


CC-0. Sohail Kazmi Collection, Jammu. Digitized by eGangotri

ਤੇ ਨਦੀ ਦੇ ਆਰੰਭ ਨੂੰ ਵੇਖਦਾਂ
ਤਾਂ ਸਮਝੀਂ
ਤੇਰੇ ਬਾਰੇ ਹੀ ਸੋਚਦਾਂ
ਤੈਨੂੰ ਹੀ ਵੇਖਦਾਂ।"

ਅਲੜ੍ਹ ਜੋਬਨ ਦੀ ਤਸਵੀਰ ਬੀਬਾ ਇੰਝ ਪੇਸ਼ ਕਰਦਾ ਹੈ:-

"ਹਾਲ ਦੀ ਘੜੀ
ਉਹ ਪਹਾੜੋਂ ਉਤਰਦੀ ਨਦੀ ਹੈ
ਸ਼ੋਰ ਪਾਉਂਦੀ, ਦਹਾੜਦੀ
ਕੰਢੇ ਖੋਰਦੀ, ਪੱਥਰ ਤੋੜਦੀ ਤੇ ਰੋੜ੍ਹਦੀ
ਨਿੱਕੇ ਮੋਟੇ ਕੱਖ ਕਾਨ ਨੂੰ
ਟਿੱਚਰਾਂ ਕਰਦੀ
ਖੌਰੂ ਪਾਉਂਦੀ।"

ਇਸ਼ਕ ਵਿੱਚ ਸਕੂਨ ਪਲ ਦੋ ਪਲ ਹੀ ਮਿਲਦਾ ਹੈ ਮਗਰੋਂ ਹਸਰਤ ਦਰਦ ਤੇ ਦੁੱਖ ਹਯਾਤੀ ਨਾਲ ਜੁੜ ਜਾਂਦੇ ਹਨ। ਜਿਵੇਂ ਉਹ ਨਜ਼ਮ 'ਬੇਨਾਮ ਭਟਕਣ' ਵਿੱਚ ਕਹਿੰਦਾ ਹੈ-

"ਉਹ ਜਦ ਵੀ ਮਿਲੀ
ਹੱਫੀ, ਹੰਭੀ, ਹਾਰੀ
ਚਿਹਰੇ 'ਤੇ ਬੇਜ਼ਾਰੀ
ਸ਼ਰਮ ਦੀ ਮਾਰੀ
ਕਿਸੇ ਦੁੱਖ ਦੀ ਮਾਰੀ।
ਉਹ ਜਦ ਵੀ ਮਿਲੀ
ਤਪਦੇ ਰਾਹਾਂ ਦੀ
ਉਖੜੇ ਸਾਹਾਂ ਦੀ
ਕੰਡੇ ਝਾੜੀਆਂ ਦੀ
ਖੰਡਰ ਹੋਏ ਮਹਿਲ ਮਾੜੀਆਂ ਦੀ
ਕਥਾ ਲੈ ਕੇ ਹੀ ਮਿਲੀ।"

ਜਾਂ

"ਮੈਂ ਉਸ ਨੂੰ ਬਹੁਤ ਕਿਹਾ
ਕਰੇ ਆਪਣੀ ਹੋਂਦ ਦਾ ਇਜ਼ਹਾਰ
ਕਿਸੇ ਹੋਰ ਨੂੰ ਨਾ ਸਹੀ



CC-0. Sohail Kazmi Collection, Jammu. Digitized by eGangotri

ਆਪਣੇ ਆਪ ਨੂੰ ਹੀ ਕਰੇ ਪਿਆਰ
ਪਰ ਉਹ ਸੀ ਕਿਸੇ ਸਾਜਿਸ਼ ਦੀ ਸ਼ਿਕਾਰ
ਹਰਦਮ ਬੇਕਰਾਰ
ਬੁਝ ਮੈਂ ਨਾ ਸਕਿਆ
ਬਹੁਤ ਹਾਂ ਸ਼ਰਮਸਾਰ
ਉਹ ਬਿਨਾਂ ਵਰਤੀ
ਬਰਫ਼ ਵਾਂਗ ਖ਼ੁਰ ਗਈ
ਪਤਾ ਨਹੀਂ ਕਿਹੜੇ ਰਾਹਾਂ ਵਿੱਚ ਤੁਰ ਗਈ।"

ਬੀਬਾ ਮਾਸੂਮ ਦਿਲਾਂ ਦੀਆਂ ਧੜਕਣਾਂ ਨੂੰ ਸਮਝਣ ਵਾਲਾ ਸ਼ਾਇਰ ਹੈ। ਰਿਸ਼ਤੇ ਬੀਬਾ ਦੀ ਸ਼ਾਇਰੀ ਦਾ ਕੇਂਦਰੀ ਚਿੰਤਨ ਹੈ ਤੇ ਮੇਰੀ ਨਜ਼ਰ ਵਿੱਚ ਉਹ ਗੁਆਚੇ ਰਿਸ਼ਤਿਆਂ ਦਾ ਸ਼ਾਇਰ ਹੈ। ਬੀਬਾ ਆਪ ਹੀ ਕਤਰਾ ਤੇ ਆਪ ਹੀ ਸਮੁੰਦਰ ਹੈ। ਉਹ ਆਪ ਹੀ ਆਸ਼ਕ ਤੇ ਆਪ ਹੀ ਮਾਸ਼ੂਕ ਹੈ। ਉਸਨੇ ਕਈ ਵਾਰੀ ਇਸ਼ਕ ਨਾਲ ਯਾਰੀ ਲਾਈ ਪਰ ਤੁਫ਼ੈਲ ਨਿਆਜ਼ੀ ਵਾਂਗੂੰ "ਟੁੱਟ ਗਈ ਤੜੱਕ ਕਰਕੇ" ਜਿਸ ਕਰਕੇ ਉਹ ਮਨ ਦੀ ਮੁਕਤੀ ਤੇ ਨਿਰਵਾਣ ਲਈ ਕਈ ਵਾਰ ਭੱਟਕਣ ਦਾ ਸ਼ਿਕਾਰ ਹੋਇਆ। ਬੀਬਾ ਬਲਵੰਤ ਨੇ ਜ਼ਿੰਦਗੀ ਵਿੱਚ ਬਹੁਤ ਕੁੱਝ ਝੱਲਿਆ ਹੈ। ਖ਼ੁਦਗਰਜ਼ੀਆਂ ਦਾ ਜ਼ਹਿਰ ਪੀਤਾ ਹੈ। ਆਪਣਿਆਂ ਦੇ ਹੱਥੋਂ ਜ਼ਖ਼ਮ ਖਾਧੇ ਹਨ। ਉਸ ਨਾਲ ਕਈ ਮਾਸੂਮ ਧੜਕਣਾਂ ਜੁੜੀਆਂ ਪਰ ਉਸ ਦੀ ਰੂਹ ਦਾ ਹਿੱਸਾ ਨਹੀਂ ਬਣ ਸਕੀਆਂ। ਉਸ ਦਾ ਜੀਵਨ ਆਸ ਤੇ ਉਮੀਦ ਦਾ ਛਲਾਵਾ ਰਿਹਾ ਹੈ। ਉਸ ਦੇ ਮਨ ਮਤਵਾਲੇ ਨੇ ਇਸ਼ਕ ਦਾ ਜੋਗ ਤਾਂ ਲਿਆ ਪਰ ਰਾਂਝੇ ਵਾਗੂੰ ਕੰਨ ਪੜਵਾ ਕੇ ਜੰਗਲ ਬੇਲੇ ਨਹੀਂ ਭਟਕਿਆ। ਉਸ ਦੀ ਸ਼ਾਇਰੀ ਵਿੱਚ ਜੁਦਾਈ ਦਾ ਸੋਜ਼ ਹੈ। ਗ਼ਮ ਦੀ ਕਸਕ ਹੈ ਤੇ ਤਨਹਾਈ ਹੈ। ਆਪਣਾ ਤੇ ਦੁਨੀਆਂ ਦਾ ਗ਼ਮ ਹੈ ਤੇ ਸਮੂਚੇ ਤੌਰ 'ਤੇ ਕਹਿ ਸਕਦਾ ਹਾਂ ਕਿ ਉਸ ਦੀ ਸ਼ਾਇਰੀ ਯਥਾਰਥ ਅਤੇ ਕਲਪਨਾ ਦੀ ਧੁੱਪ ਛਾਂ ਨਾਲ ਸਜੀ ਹੋਈ ਹੈ।

"ਰਿਸ਼ਤੇ ਗਿੱਲੀ ਮਿੱਟੀ ਦੀ
ਖੇਡ ਵਾਂਗ ਹੁੰਦੇ ਨੇ
ਮਿੱਟੀ ਨੂੰ
ਹਾਸੇ ਦੀ ਫੁਹਾਰਾਂ ਨਾਲ
ਹੰਝੂਆਂ ਦੀਆਂ ਧਾਰਾਂ ਨਾਲ
ਗੁੰਨਦੇ ਜਾਓ, ਗੋਂਹਦੇ ਜਾਓ
ਆਪਣੇ ਨਿੱਘੇ ਪੋਟਿਆਂ ਨਾਲ


CC-0. Sohail Kazmi Collection, Jammu. Digitized by eGangotri

ਇਸ ਦੇ ਨਾਲ ਸੰਵਾਦ ਰਚਾਓ
ਧਿਆਨ ਲਾਓ
ਇੱਕ ਦਿਨ ਇਹ ਗਿੱਲੀ ਮਿੱਟੀ
ਕੋਈ ਨਾ ਕੋਈ
ਰੂਪ ਲੈ ਲਵੇਗੀ।"

ਜਾਂ ਇਸ ਨਜ਼ਮ ਦਾ ਬੰਦ ਵੇਖੋ-

"ਮਨ ਖ਼ਾਲੀ ਖ਼ਾਲੀ
ਭਰਿਆ ਭਰਿਆ
ਅਸੀਂ ਦੁੱਖ ਦਾ ਸਾਗਰ ਤਰਿਆ
ਰਹਿ ਗਏ ਖ਼ਾਬ ਅਧੂਰੇ
ਹੋਏ ਨਾ ਪੂਰੇ
ਦੇਵੇ ਕੋਈ ਦਿਲਾਸਾ
ਤੇ ਭਰਵਾਸਾ।"

ਇਹ ਵੀ ਵੇਖੋ-

"ਸਾਹਮਣੇ ਖਲੋ ਕੇ
ਮੈਂ ਦੁੱਖ ਨੂੰ ਪੁੱਛਿਆ
ਕਦੋਂ ਜਾਏਂਗਾ,
ਕਿੰਨੀ ਦੇਰ ਹੋਰ ਸਤਾਏਂਗਾ?
ਦੁੱਖ ਨੇ ਕਿਹਾ
ਸੁੱਖ ਮੇਰੇ ਪਿਛੇ ਪਿਛੇ ਹੀ ਆ ਰਿਹਾ ਹੈ
ਉਸ ਦੇ ਆਉਂਦੇ ਸਾਰ ਹੀ
ਚਲਾ ਜਾਵਾਂਗਾ
ਇਸ ਪਿਛੋਂ
ਮੈਂ ਕਦੇ ਦੁੱਖ ਸੁੱਖ ਨਾਲ
ਬਹਿਸ ਨਹੀਂ ਕੀਤੀ।"

ਉਸ ਦੀ ਇੱਕ ਨਜ਼ਮ ਹੈ "ਫੇਰ ਅਜਨਬੀ" ਜਿਸ ਵਿੱਚ ਮੈਨੂੰ ਉਸ ਦੀ ਜ਼ਾਤ ਦਾ ਕਾਰਣ ਮਿਲਦਾ ਹੈ । ਨਜ਼ਮ ਇੰਝ ਹੈ-

"ਉਹ ਤਨ ਤੋਂ
ਅੱਗੇ ਨਹੀਂ ਤੁਰੀ
ਮੈਂ ਮਨ ਤੋਂ



CC-0. Sohail Kazmi Collection, Jammu. Digitized by eGangotri

ਪਿਛੇ ਨਹੀਂ ਮੁੜਿਆ
ਇਸੇ ਕਸ਼ਮਕਸ਼ 'ਚ ਅਸੀਂ
ਫੇਰ ਇੱਕ ਦੂਜੇ ਲਈ
ਅਜਨਬੀ ਹੋ ਗਏ।"

ਜਾਂ ਫਿਰ-

"ਖਾਪ ਪੰਚਾਇਤ
ਇੱਕ ਖਿੱਤੇ ਵਿੱਚ ਹੀ ਨਹੀਂ
ਘਰ ਘਰ ਲੁਕੀ ਬੈਠੀ ਹੈ।
ਖਾਪ ਪਚੰਾਇਤ
ਸਮਝਾਉਂਦੀ
ਡਰਾਉਂਦੀ
ਧਮਕਾਉਂਦੀ
ਜੇ ਨਾ ਮੰਨੋਂ
ਤਾਂ ਮਾਰ ਮੁਕਾਉਂਦੀ
ਲੰਮੇ ਸਮੇਂ 'ਤੋਂ
ਚੱਲ ਰਿਹਾ ਨਿਰੰਤਰ ਯੁੱਧ
ਬਹੁਤ ਲੰਮੇ ਸਮੇਂ ਤੱਕ ਚਲੇਗਾ
ਨਿਰੰਤਰ ਯੁੱਧ
ਨਾ ਹੀਰ ਰਾਝੇਂ ਮੁੱਕਣੇ
ਨਾ ਕੈਦੋ।"

ਬੀਬਾ ਬਲਵੰਤ ਸ਼ਹਿਰ ਜਗਰਾਓਂ, ਜ਼ਿਲਾ ਲੁਧਿਆਣਾ ਵਿੱਚ 30 ਜੁਲਾਈ 1945 ਨੂੰ ਪਿਤਾ ਸੰਤ ਸਿੰਘ ਅਤੇ ਮਾਤਾ ਗਿਆਨ ਕੌਰ ਦੇ ਘਰ ਜੰਮਿਆ। ਪਰ ਉਸ ਦੀ ਪਦਾਇਸ਼ ਨਾਨਕੇ ਪਿੰਡ ਰੁੜਕਾ ਜ਼ਿਲ੍ਹਾ ਲੁਧਿਆਣਾ ਵਿੱਚ ਹੋਈ। ਬੀਬਾ ਬਲਵੰਤ ਬਹੁਰੰਗੀ ਸ਼ਖ਼ਸੀਅਤ ਹੈ। ਉਹ ਸ਼ਾਇਰ ਹੈ, ਚਿੱਤਰਕਾਰ ਹੈ, ਆਰਟ ਫੋਟੋਗਰਾਫਰ ਹੈ ਤੇ ਸਭ ਤੋਂ ਵੱਡੀ ਗੱਲ ਹੈ ਉਹ ਯਾਰਾਂ ਦਾ ਯਾਰ ਹੈ। ਯਾਰੀ ਨਿਭਾਣੀ ਕੋਈ ਉਸ ਕੋਲੋਂ ਸਿੱਖੇ। ਪਰ ਕੋਈ ਯਾਰੀ ਦੇ ਭੇਸ ਵਿੱਚ ਉਸ ਨਾਲ ਛੱਲ ਫਰੇਬ ਕਰੇ ਤਾਂ ਉਹਨੂੰ ਡਾਹਢੀ ਤਕਲੀਫ ਹੁੰਦੀ ਹੈ। ਪਰ ਫੇਰ ਉਹ ਆਪ ਹੀ ਕਹਿੰਦਾ ਹੈ ਕਿ "ਇਹ ਦੁਨੀਆਂ ਚੰਗੇ ਮੰਦੇ ਬੰਦਿਆਂ ਦਾ ਹੀ ਮੇਲਾ ਹੈ ਤੇ ਅਸੀਂ ਮੇਲੇ 'ਚੋਂ ਕਿੰਝ ਬਾਹਰ ਹੋ ਸਕਦੇ ਹਾਂ।"

ਬੀਬਾ ਦੀਆਂ ਹੁਣ ਤਕ ਚਾਰ ਕਾਵਿ ਪੁਸਤਕਾਂ ਛਪ ਚੁਕੀਆਂ ਹਨ।


CC-0. Sohail Kazmi Collection, Jammu. Digitized by eGangotri

- ਤੇਰੀਆਂ ਗੱਲਾਂ ਤੇਰੇ ਨਾਂ (1980)
- ਫੁੱਲਾਂ ਦੇ ਰੰਗ ਕਾਲੇ (1987)
- ਤੀਜੇ ਪਹਿਰ ਦੀ ਧੁੱਪ (1996)
- ਕਥਾ ਸਰਾਪੇ ਬਿਰਖ਼ ਦੀ (2004)

ਤੇ ਪੰਜਾਬੀ ਕਾਵਿ ਪੁਸਤਕ 'ਅੱਥਰੂ ਗੁਲਾਬ ਹੋਏ' ਸਾਲ 2011 ਵਿੱਚ ਛਪੀ ਹੈ।

ਇਸ ਤੋਂ ਇਲਾਵਾ ਉਸ ਦੀ ਸ਼ਾਇਰੀ ਦੀ ਪੁਸਤਕ "ਕਥਾ ਸਰਾਪੇ ਬਿਰਖ਼ ਦੀ" ਦਾ ਅੰਗ੍ਰੇਜ਼ੀ ਤਰਜ਼ਮਾ ਡਾ: ਰਾਣਾ ਨਈਅਰ ਨੇ 'Tale of a Cursed Tree' ਹੇਠ ਕੀਤਾ ਹੈ, ਜੋ ਪੁਸਤਕ ਦੇ ਰੂਪ ਵਿੱਚ ਵੀ ਆ ਚੁੱਕਾ ਹੈ।

ਇਸ ਤੋਂ ਪਤਾ ਚੱਲਦਾ ਹੈ ਕਿ ਬੀਬਾ ਬਲਵੰਤ ਇੱਕ ਤਜਰਬੇਕਾਰ ਸ਼ਾਇਰ ਹੈ। ਉਸ ਦੀ ਸ਼ਾਇਰੀ ਵਿੱਚ ਕਲਪਨਾ ਦੀ ਡੂੰਘਾਈ ਵੀ ਮਿਲਦੀ ਹੈ ਤੇ ਭਾਸ਼ਾ ਦੀ ਸਾਦਗੀ ਵੀ। ਉਸਦਾ ਮਨ ਸ਼ੁੱਧ ਹੈ ਇਸੇ ਲਈ ਉਸਨੇ ਵੇਲੇ ਦੀ ਫੱਟੀ 'ਤੇ ਸੱਚੀਆਂ ਤੇ ਸੁੱਚੀਆਂ ਗੱਲਾਂ ਉਲੀਕੀਆਂ ਹਨ।

ਉਹ ਬੁਨਿਆਦੀ ਤੌਰ 'ਤੇ ਤਾਂ ਨਜ਼ਮ ਦਾ ਸ਼ਾਇਰ ਹੈ, ਪਰ ਉਸਨੇ ਆਪਣੀਆਂ ਗਜ਼ਲਾਂ, ਨਜ਼ਮਾਂ ਤੇ ਗੀਤਾਂ ਨੂੰ ਸੋਹਣੇ ਸ਼ਬਦਾਂ ਦਾ ਹਦੀਆ ਪੇਸ਼ ਕੀਤਾ ਹੈ। ਉਹ ਆਸ਼ਕਾਂ ਦੇ ਦਿਲਾਂ ਦੀ ਧੜਕਣ ਹੈ। ਇਹੋ ਕਾਰਨ ਹੈ ਕਿ ਉਸਨੇ ਆਪਣੀ ਸ਼ਾਇਰੀ ਮਾਸੂਮ ਦਿਲਾਂ ਦੀਆਂ ਧੜਕਣਾਂ ਨੂੰ ਮਣਸ ਦਿੱਤੀ ਹੈ।

*** *** ***


CC-0. Sohail Kazmi Collection, Jammu. Digitized by eGangotri

# ਕਿੱਸੇ ਹੀਰ ਰਾਂਝੇ ਦੇ

ਲੋਕ ਕਿੱਸੇ ਤੇ ਕਹਾਣੀਆਂ ਆਪਣੇ-ਆਪਣੇ ਖੇਤਰ ਦੇ ਸੱਭਿਆਚਰ ਵਸੇਬ ਤੇ ਰਹਿਤਲ ਦੀ ਸੇਗਣ ਹੁੰਦੀਆਂ ਹਨ। ਇਨ੍ਹਾਂ ਕਿੱਸਿਆਂ ਨੂੰ ਪੜ੍ਹਕੇ ਉਸ ਇਲਾਕੇ ਦੀਆਂ ਰੀਤਾਂ, ਰਸਮਾਂ ਤੇ ਰਿਵਾਜਾਂ ਦਾ ਥੋਹ ਪਤਾ ਲੱਗਦਾ ਹੈ। ਇਹ ਕਿੱਸੇ ਹੁਸਨ, ਇਸ਼ਕ, ਦਲੇਰੀ ਤੇ ਸ਼ੇਰੀ, ਹੌਸਲਾ ਤੇ ਜੁੱਰਅਤ, ਇਖ਼ਲਾਕ ਤੇ ਮੁਹੱਬਤ ਦੇ ਰਾਖੇ ਹੁੰਦੇ ਹਨ। ਪੰਜਾਬ ਦੀ ਧਰਤੀ, ਲੋਕ ਦਾਸਤਾਨਾਂ ਦੀ ਧਰਤੀ ਹੈ। ਇਨ੍ਹਾਂ ਦਾਸਤਾਨਾਂ ਵਿੱਚ ਪੰਜਾਬੀਆ ਦੇ ਸਾਂਝੇ ਖਵਾਬ ਤੇ ਸੁਪਨਿਆਂ ਦੀ ਤਾਬੀਰ ਨਜ਼ਰੀਂ ਆਉਂਦੀ ਹੈ। ਸੋਹਣੀ-ਮਹੀਂਵਾਲ, ਮਿਰਜ਼ਾ-ਸਾਹਿਬਾਂ, ਸੱਸੀ-ਪੁਨੂੰ, ਸੈਫ-ਉਲ-ਮਲੂਕ ਤੇ ਹੋਰ ਕਈ ਕਿੱਸੇ ਲਗਭਗ ਸਾਰੇ ਪੰਜਾਬੀਆਂ ਸ਼ਾਇਰਾਂ ਨੇ ਲਿਖੇ, ਪਰ ਸਭ ਤੋਂ ਵੱਧ ਹੀਰ-ਰਾਂਝੇ ਦਾ ਕਿੱਸਾ ਲਿਖਿਆ ਗਿਆ ਅਤੇ ਘੱਟੋ-ਘੱਟ ਸੱਠ ਸ਼ਾਇਰਾਂ ਨੇ ਇਸ ਕਿੱਸੇ ਨੂੰ ਪੰਜਾਬੀ ਵਿੱਚ ਲਿਖਿਆ। ਇਸ ਕਿੱਸੇ ਦਾ ਅਨੁਵਾਦ ਅੰਗਰੇਜ਼ੀ, ਉਰਦੂ, ਹਿੰਦੀ ਤੇ ਹੋਰ ਕਈ ਭਾਸ਼ਾਵਾਂ ਵਿੱਚ ਵੀ ਹੋਇਆ ਤੇ ਕੁੱਝ ਅਨੁਵਾਦਕਾਂ ਨੇ ਸ਼ਾਇਰੀ ਵਿੱਚ ਵੀ ਇਸਦਾ ਅਨੁਵਾਦ ਦੂਜੀਆਂ ਭਾਸ਼ਾਵਾਂ ਵਿੱਚ ਕੀਤਾ।

ਹੂਮਰ ਦੀ 'ਉਡੇਸੀ' ਜਾਂ ਸ਼ੈਕਸਪੀਅਰ ਦੀ 'ਰੋਮੀਓ ਜੁਲੀਅਟ' ਨੂੰ ਅੰਗਰੇਜ਼ੀ ਸਾਹਿਤ ਵਿੱਚ, ਕਾਲੀਦਾਸ ਦੀ 'ਸ਼ਕੁੰਤਲਾ' ਨੂੰ ਸੰਸਕ੍ਰਿਤ ਵਿੱਚ ਅਤੇ 'ਅਲਫ ਲੈਲਾ' ਨੂੰ ਅਰਬੀ ਅਦਬ ਵਿੱਚ ਜੋ ਮੁਕਾਮ ਹਾਸਿਲ ਹੈ, ਉਹੀ ਪੰਜਾਬੀ ਸਾਹਿਤ ਵਿੱਚ 'ਹੀਰ-ਰਾਂਝੇ' ਦੇ ਕਿੱਸੇ ਨੂੰ ਹੈ। ਇਸ ਪ੍ਰੇਮ ਕਥਾ ਨੂੰ ਸਭ ਤੋਂ ਪਹਿਲਾਂ ਅਕਬਰ ਬਾਦਸ਼ਾਹ ਦੇ ਰਾਜ ਵੇਲੇ ਦਮੋਦਰ ਨੇ ਲਿਖਿਆ। ਮਗਰੋਂ ਔਰੰਗਜ਼ੇਬ ਦੀ ਹਕੂਮਤ ਵੇਲੇ 1693 ਈ. ਵਿੱਚ ਅਹਿਮਦ ਗੁੱਜਰ ਨੇ ਇਸ ਕਿੱਸੇ ਨੂੰ ਪੰਜਾਬੀ ਵਿੱਚ ਉਲੀਕਿਆ। ਉਸ ਦੇ ਬਾਅਦ 1709 ਈ. ਵਿੱਚ ਚਿਰਾਗਦੀਨ ਏਵਾਨ ਨੇ ਇਸ ਇਸ਼ਕੀਆ ਕਿੱਸੇ ਨੂੰ ਆਪਣੀ ਜ਼ੁਬਾਨ ਦਿੱਤੀ। ਚਿਰਾਗ਼ਦੀਨ ਏਵਾਨ ਮਗਰੋਂ 'ਹੀਰ-ਰਾਂਝੇ' ਦੀ ਦਾਸਤਾਂ ਹਾਫਿਜ਼ ਸ਼ਾਹਜਹਾਨ ਮੁਕਬਲ ਨੇ ਲਿਖੀ। ਮੁਕਬਲ ਨੇ ਇਹ ਕਿੱਸਾ ਮੁਗਲ ਬਾਦਸ਼ਾਹ ਮੁਹੰਮਦ ਸ਼ਾਹ ਦੇ ਦੌਰ ਵਿੱਚ ਲਿਖਿਆ। ਹਾਫਿਜ਼ ਸ਼ਾਹਜਹਾਨ ਮੁਕਬਲ ਮਗਰੋਂ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਤੇ ਮਹਾਂ ਕਵੀ ਸਯੱਦ ਵਾਰਿਸ਼ ਸ਼ਾਹ ਹੋਰਾਂ ਨੇ 1768 ਈ. ਵਿੱਚ ਹੀਰ-ਰਾਂਝੇ ਦੀ ਲਾਫਾਨੀ ਦਾਸਤਾਨ ਠੇਠ ਪੰਜਾਬੀ ਵਿੱਚ ਲਿਖੀ। ਸਯੱਦ ਵਾਰਿਸ ਸ਼ਾਹ ਤੇ ਬਾਬਾ ਬੁੱਲ੍ਹੇ ਸ਼ਾਹ ਦੋਵੇਂ ਗੁਰ


CC-0. Sohail Kazmi Collection, Jammu. Digitized by eGangotri

ਭਰਾ ਸਨ ਤੇ ਇੱਕੋ ਗੁਰੂ ਕੋਲੋਂ ਇਨ੍ਹਾਂ ਨੇ ਵਿੱਦਿਆ ਪ੍ਰਾਪਤ ਕੀਤੀ ਸੀ। ਉਨ੍ਹਾਂ ਦੇ ਗੁਰੂ ਗੁਲਾਮ ਮੁਰਤਜ਼ਾ ਕਸੂਰੀ ਨੇ ਆਪ ਫਰਮਾਇਆ ਹੈ ਕਿ ਉਸਦੇ ਇੱਕ ਚੇਲੇ ਬੁੱਲ੍ਹੇ ਸ਼ਾਹ ਨੇ ਰਬਾਬ ਫੜ ਲਈ ਤੇ ਗਲੀਆਂ ਮੁਹੱਲਿਆਂ ਵਿੱਚ ਆਪਣਾ ਕਲਾਮ ਗਾਉਣ ਲੱਗ ਪਿਆਂ ਤੇ ਦੂਜੇ ਵਾਰਿਸ ਸ਼ਾਹ ਨੇ ਕਲਮ ਫੜੀ ਤੇ ਹੀਰ-ਰਾਂਝੇ ਦੀ ਦਾਸਤਾਨ ਨੂੰ ਅਮਰ ਬਣਾ ਦਿੱਤਾ। ਉਰਦੂ ਦਾ ਮਸ਼ਹੂਰ ਸ਼ਾਇਰ ਮੀਰ ਤਕੀ ਮੀਰ ਵੀ ਵਾਰਿਸ ਸ਼ਾਹ ਦਾ ਸਮਕਾਲੀ ਸੀ, ਜਿਸ ਦੀਆਂ ਗ਼ਜ਼ਲਾਂ ਭਾਰਤੀ ਉਪ ਮਹਾਂਦੀਪ ਦੇ ਲਗਭਗ ਸਾਰਿਆਂ ਗਾਇਕਾਂ ਤੇ ਸੰਗੀਤਕਾਰਾਂ ਨੇ ਗਾਈਆਂ ਹਨ। ਵਾਰਿਸ ਸ਼ਾਹ ਦੇ ਬਾਅਦ ਬਹਿਬਲ ਨੇ ਕਿੱਸਾ ਹੀਰ-ਰਾਂਝਾ ਲਿਖਿਆ। ਉਸ ਤੋਂ ਮਗਰੋਂ ਬਾਗਾ ਕਾਦਰੀ ਨੇ ਮੁਹੱਬਤ ਦੀ ਇਸ ਦਾਸਤਾਨ ਨੂੰ ਕਵਿਤਾ ਦਾ ਰੂਪ ਬਖ਼ਸ਼ਿਆ, ਪਰ ਵਾਰਿਸ ਸ਼ਾਹ ਦੀ ਹੀਰ ਮੋਹਰੇ, ਕਿਸੇ ਦਾ ਦੀਵਾ ਨਾ ਬਲਿਆ।

1805 ਈ. ਵਿੱਚ ਹਾਮਿਦ ਸ਼ਾਹ ਅੱਬਾਸੀ ਨੇ ਇਸ ਕਿੱਸੇ ਨੂੰ ਰਚਿਆ। ਫੇਰ ਸਯੱਦ ਹਾਸ਼ਿਮ ਸ਼ਾਹ ਨੇ (ਸੱਸੀ ਪੁਨੂੰ ਵਾਲੇ) ਲਿਖਿਆ। ਉਸ ਤੋਂ ਬਾਅਦ ਵੀਰ ਸਿੰਘ ਨੇ 1812 ਈ. ਵਿੱਚ ਹੀਰ ਰਾਂਝੇ ਦੇ ਕਿੱਸੇ ਨੂੰ ਸ਼ੇਅਰਾਂ ਵਿੱਚ ਪਰੋਇਆ। 1818 ਈ. ਵਿੱਚ ਹੀਰ-ਰਾਂਝੇ ਦਾ ਕਿੱਸਾ ਅਹਿਮਦ ਯਾਰ ਮਰਾਲਵੀ ਨੇ ਲਿਖਿਆ। ਕਵੀ ਗੁਰਦਾਸ ਨੇ ਵੀ ਹੀਰ-ਰਾਂਝੇ ਦੇ ਕਿੱਸੇ ਨੂੰ ਆਪਣੇ ਸੇਅਰਾਂ ਰਾਹੀਂ ਬਿਆਨ ਕੀਤਾ। ਜੋਗ ਸਿੰਘ ਨੇ ਵੀ 1825 ਈ. ਵਿੱਚ ਹੀਰ-ਰਾਂਝੇ ਦਾ ਕਿੱਸਾ ਪੰਜਾਬੀ ਵਿੱਚ ਲਿਖਿਆ। ਅਜੋਕੇ ਵੇਲੇ ਵਿੱਚ ਸੋਭਾ ਸਿੰਘ ਤੇ ਉਸਤਾਦ ਦਾਮਨ ਦੀ ਹੀਰ ਵੀ ਛਾਪੇ ਚੜ੍ਹੀ ਹੈ।

ਹੁਣ ਮੈਂ ਵੱਖ-ਵੱਖ ਸ਼ਾਇਰਾਂ ਦੀ ਲਿਖੀ ਹੋਈ ਹੀਰ ਵਿੱਚੋਂ ਇੱਕ ਅੱਧ ਬੰਦ ਪੇਸ਼ ਕਰਾਂਗਾ ਤਾਂ ਜੋ ਪਾਠਕਾਂ ਨੂੰ ਸਯੱਦ ਵਾਰਿਸ ਸ਼ਾਹ ਦੀ ਹੀਰ ਤੇ ਦੂਜਿਆਂ ਸ਼ਾਇਰਾਂ ਦੀਆਂ ਲਿਖੀਆਂ ਹੀਰਾਂ ਵਿੱਚ ਅੰਤਰ ਦਿਸੇ।

**ਦਮੋਦਰ**

"ਮਾਏ ਸੋ ਰਾਂਝਾ ਵਰ ਦੇਵੈਂ ਮੈਨੂੰ, ਨਿਤ ਸੁਹਾਰਾ ਢਹੀਵੇ।
ਰਾਂਝਾ ਦਿਲਬਰ ਯਾਰ ਅਸਾਡਾ, ਦੀਨ ਦੁਨੀ ਤੇ ਜੀਵੇ।
ਹਿਕਸ ਕਸੀਰੇ ਤੋਂ ਖੇਡਾ ਖੋਟਾ, ਰਾਂਝਾ ਲੱਖੀਂ ਤੁਲੀਵੇ।
ਕਹੇ ਦਮੋਦਰ ਹੀਰ ਸਿਆਲੀ, ਭਾਇ ਅਸਾਡੇ ਥੀਵੇ।"

-0-0-0-

"ਤਾਂ ਚੂਰੀ ਕੁੱਟੀ ਤੇ ਦੁੱਧ ਮਾਝਾ, ਮੱਖਣ ਖੀਰ ਮਿਲਾਈ।
ਘਾਟੀ ਛਾਹ, ਛੁਹਾਰੇ ਮੇਵੇ, ਕਰ ਤਈਯਾਰ ਘਿੰਨ ਆਈ।
ਖਾਵਹੁ ਪੀਵਹੁ ਮੌਜਾਂ ਕਰਿਹੋ, ਸਦਕੇ ਘੋਲ ਘੁਮਾਈ।


CC-0. Sohail Kazmi Collection, Jammu. Digitized by eGangotri

ਆਖ ਦਮੋਦਰ ਖਾਵਣ ਬੈਠੇ, ਸਹਿਤੀ ਪੱਖਾ ਚਾਈ।"

### ਮੁਕਬਲ

"ਕਿਹਾ ਭਾਬੀਆਂ ਰਾਂਝਿਆ ਛੋੜ ਨਾਹੀ ਤੇਰੀ ਥਾਂਉਂ ਅਸੀਂ ਹਲ ਜੋਲਿਆ ਹਾਂ
ਤੇਰੇ ਮੁਖ ਬੁਲੇਂਦਿਆਂ ਫੁੱਲ ਕਿਰਦੇ ਅਸੀਂ ਗੁੰਦ ਕੇ ਹਾਰ ਪਰੋਲਿਆ ਹਾਂ
ਕੁਲ ਜੀਉ ਜਾਮਾਂ ਤੇਰੇ ਪੇਸ਼ ਕੀਤਾ ਹੁਕਮ ਕਰੇਂ ਸੋ ਮਨ ਖਲੋਨਿਆਂ ਹਾਂ
ਤੇਰੇ ਨਾਮ ਨੂੰ ਮਕਬਲਾ ਲੱਖ ਵਾਰੀ ਘੋਲ ਘੱਤੀਆ ਚੌਖਨੇ ਜਾਨਿਆਂ ਹਾਂ।"

### ਹਾਸ਼ਮ

"ਅਲਫ ਆਖਿਆ ਹੀਰ ਨੂੰ ਦਸ ਹੀਰੇ, ਤੇਰਾ ਨਾਲ ਰਾਂਝੇ ਕਿਹੜਾ ਸਾਕ ਹੈ ਜੀ
ਹੀਰ ਆਖਿਆ ਸਾਕ ਨਾ ਆਸ਼ਕਾਂ ਦੇ, ਮੇਰਾ ਦੀਨ ਇਮਾਨ ਇਹ ਚਾਕ ਹੈ ਜੀ
ਝੂਠ ਬੋਲਣੇ ਥੀਂ ਕੁੱਝ ਨਫਾ ਨਾਹੀਂ, ਹੋਈ ਜਾਉਣਾ ਅੰਤ ਨੂੰ ਖਾਕ ਹੈ ਜੀ
ਹਾਸ਼ਮ ਆਖਿਆ ਹੀਰ ਨੇ ਰੱਬ ਜਾਣੇ ਮੇਰਾ ਖੇੜਿਆਂ ਥੀਂ ਤਲਾਕ ਹੈ ਜੀ।"

-0-0-0-

"ਯਾਰੀਆਂ ਕਰਨ ਅਸਾਨ ਨਾਹੀਂ ਨਾਲ ਜੋਗ ਬੇਰਾਗ ਸੰਨਿਆਸੀਆਂ ਦੇ
ਕੌਣ ਲਾ ਭਬੂੱਤ ਮਲੰਗ ਹੋਏ ਦਿਲਾ ਘਾਇਲਾਂ ਨਾਲ ਉਦਾਸੀਆਂ ਦੇ
ਆਖੇ ਲੱਗ ਕੇ ਅਸੀਂ ਖ਼ਰਾਬ ਹੋਏ ਇਨ੍ਹਾਂ ਅੱਖੀਆਂ ਦਰਸ ਪਿਆਸੀਆਂ ਦੇ
ਹਾਸ਼ਮ ਸ਼ਾਹ ਮੀਆਂ ਹੁਣ ਬਹੁਤ ਹੋਈ, ਛੱਡ ਖ਼ਿਆਲ ਰਸੀਲੀਆਂ ਹਾਸੀਆਂ ਦੇ"

### ਵੀਰ ਸਿੰਘ ਪਟਿਆਲਵੀ

"ਰਾਂਝਾ ਰਾਮ ਹੀ ਰਾਮ ਪੁਕਾਰਦਾ ਹੈ ਖੁੱਲੀ ਬਾਂਹ ਕੂਕੇ ਮੰਸੂਰ ਵਾਂਗੁ
ਮਾਰੇ ਵਿਰਹੁ ਦੇ ਹੋਸ਼ ਨਾ ਰਹੀਂ ਮੋਲੇ ਲੱਗੇ, ਪਿੰਡੇ ਨੂੰ ਕੱਖ ਕਪੂਰ ਵਾਂਗੁ
ਖੋਰ ਦੇ ਕੇ ਵੀਰ ਵਿਆਹਿਆ ਮੈਂ ਰਾਂਝਾ ਆਖਦਾ ਅਲਪ ਸਰੂਰ ਵਾਂਗੁ
ਵੀਰ ਸਿੰਘ ਰਣਜੇਠੇ ਦੇ ਨੈਣ ਪੂਰੇ ਨੀਰ ਫੋਰ ਹੈ ਲਾਲ ਸੰਧੂਰ ਵਾਂਗੁ
ਰਾਂਝਾ ਕੂਕਦਾ ਸੀ ਹੀਰ ਦਾ ਨਾਉਂ ਲੈ ਕੇ, ਨਾਰੇ ਮਾਰਦਾ ਸੰਨਿਆਸੀ ਜਗ ਮੀਆਂ
ਜਿੱਥੇ ਹੀਰ ਰਾਂਝਾ ਮਿਲ ਖੇਡਦੇ ਸੀ, ਰੋਵੇ ਬੂਟਿਆਂ ਗਲ ਲੱਗ ਮੀਆਂ
ਹਰੇ ਘਾਹ ਤੇ ਰਾਂਝਾ ਜੇ ਰੱਖੇ, ਲੱਗੇ ਕੱਖਾਂ ਨੂੰ ਭੜਕ ਕੇ ਅੱਗ ਮੀਆਂ।"

### ਜੋਗ ਸਿੰਘ

"ਬੰਸਰੀ ਬਜਾਈ ਸਈਉ ਰਾਂਝੇ ਨੇ ਮੋਰ ਲਈ
ਜ਼ੁਲਫ ਜ਼ੰਜੀਰ ਵਾਲੀ ਪਾਏ ਕੇ ਤੇ ਫਾਸ ਨੀ
ਜੋਗ ਸਿੰਘ ਮੱਤਾ ਕਿੱਤੇ ਹੀਰ ਸਹੇਲੀਆਂ ਨੇ
ਰਾਂਝੇ ਨਾਲ ਖੇਡੀਏ ਬਣਾ ਕੇ ਰਾਸ ਨੀ"

-0-0-0-



CC-0. Sohail Kazmi Collection, Jammu. Digitized by eGangotri

"ਵੇਖ ਸੂਰਤ ਤੇਰੀ ਜਮਾਲ ਹੀਰ ਹੋਈ ਹੈ ਨਿਹਾਲ
ਦਸ ਨਾਉਂ ਤੇ ਗਰਾਉਂ ਕੌਣ ਦੇਸ਼ ਕੌਣ ਤਲਕੇ
ਮੁਖ ਸੋਹਣਾ ਸ਼ੋਹਾਬ, ਮੈਨੂੰ ਦੇਹ ਤੂੰ ਜਵਾਬ
ਜੋਗ ਸਿੰਘ ਪ੍ਰੇਮ ਬਣ ਗਏ ਤਨ ਸਲ ਕੇ"

ਹਾਮਦ ਸ਼ਾਹ ਅੱਬਾਸੀ

"ਜਿਸ ਨੂੰ ਮਜ਼ਾ ਇਸ਼ਕ ਦਾ ਉਸਨੂੰ ਖਾਣ ਕੀ ਆਖ
ਸੋਏਂ ਨਾ ਰਾਤੀਂ ਨੀਂਦ ਵਿੱਚ ਕਿਸੇ ਮੁਸੀਬਤ ਲਾਖ
ਨਾ ਹੱਸਦਾ ਨਾ ਰੋਂਦਾ ਸਿਰ ਵਿੱਚ ਪਾਵੇ ਰਾਖ
ਹਾਮਦ ਇਸ਼ਕ ਹਕੀਕੀ, ਪੱਕੇ ਵੇਲੀਂ ਦਾਖ।"

ਹਾਮਦ ਸ਼ਾਹ ਅੱਬਾਸੀ ਪਠਾਨਕੋਟ ਦਾ ਰਹਿਣ ਵਾਲਾ ਸੀ ਤੇ ਉਸਨੇ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਇਹ ਕਿੱਸਾ ਰਚਿਆ।

ਅਹਿਮਦ ਯਾਰ ਮਰਾਲਵੀ

"ਬੇਲੀ ਸੌਣੇ ਦਾ ਨਹੀਂ ਵੇਲਾ ਕਾਂਗ ਨੇ ਨੇੜੇ ਧਾਨੀ
ਅਹਿਮਦ ਯਾਰ ਕਜ਼ਾ ਨਹੀਂ ਹੋਂਦੀ ਲਿਖੀ ਕਲਮ ਰੱਬਾਨੀ
ਸਿਰ ਹੀਰੇ ਦੀ ਝਨੂੰ ਉਤੇ ਧਰ ਰਾਂਝਾ ਸੌਂ ਜਾਂਦਾ
ਵਸ ਚੱਲਦੇ ਮਿੰਨਤਾਂ ਕਰ ਥੱਕੀ ਹੁਕਮ ਨਾ ਮੋੜਿਆ ਜਾਂਦਾ
ਘੂਕ ਸੁੱਤਾ ਇੱਕ ਘੜੀ ਹੋਈ ਤੇ ਖੜਕ ਆਇਆ ਕਟਕਾਂਦਾ
ਖੇਹੜੇ ਆਣ ਸੁੱਤੇ ਨੂੰ ਫੜਦੇ ਜਾਂਗ ਆਈ ਪਿੱਛੋਂ ਤਾਂਦਾ।"

ਪਰ ਅਹਿਮਦ ਯਾਰ ਮਰਾਲਵੀ ਜਿਨ੍ਹੇ 1818 ਵਿੱਚ ਆਪਣੀ ਹੀਰ ਲਿਖੀ ਸੀ ਉਹ ਵੀ ਇਸ ਗੱਲ ਨੂੰ ਮੰਨਦਾ ਹੈ ਕਿ ਉਸਦੀ ਹੀਰ ਵਿੱਚ ਉਹ ਦੱਮ ਨਹੀਂ ਜੋ ਵਾਰਿਸ ਸ਼ਾਹ ਦੀ ਹੀਰ ਵਿੱਚ ਹੈ। ਭਾਵੇਂ ਉਸਨੇ ਸਾਰਾ ਕਿੱਸਾ ਵਾਰਿਸ ਸ਼ਾਹ ਦੀ ਹੀਰ ਤੋਂ ਲਿਆ ਹੈ, ਪਰ ਉਹ ਆਪ ਵਾਰਿਸ਼ ਸ਼ਾਹ ਜੰਡਿਆਲੇ ਵਾਲੇ ਦੀ ਹੀਰ ਦੀ ਬਹੁਤ ਤਾਰੀਫ ਕਰਦਾ ਹੈ ਅਤੇ ਲਿਖਦਾ ਹੈ-

"ਵਾਰਿਸ ਸ਼ਾਹ ਜੰਡਿਆਲੇ ਵਾਲੇ ਵਾਹ ਵਾਹ ਹੀਰ ਬਣਾਈ
ਮੈਂ ਵੀ ਰੀਸ ਉਸੇ ਦੀ ਕਰਕੇ ਲਿਖੀ ਤੋੜ ਨਿਭਾਈ
ਜੋ ਅਟਕਲ ਮਜ਼ਮੂਨ ਬਣਨ ਦੀ ਉਸ ਸੁ, ਮੈਂ ਨਹੀਂ ਕਾਈ
ਵੱਡਾ ਤਅਜੁਬ ਆਵੇ ਯਾਰੋ ਵੇਖ ਉਸਦੀ ਵਡਿਆਈ।"

ਹਕੀਕਤ ਇਹ ਹੈ ਕਿ ਦਮੋਦਰ ਦੀ ਲਿਖੀ ਹੋਈ ਹੀਰ ਨੂੰ ਪੰਜਾਬੀ ਸਾਹਿਤ ਵਿੱਚ ਜਿੰਨੇ ਵੀ ਸ਼ਾਇਰਾਂ ਨੇ ਆਪਣੇ ਆਪਣੇ ਅੰਦਾਜ਼ ਵਿੱਚ ਅੱਗੇ ਤੋਰਿਆ, ਉਨ੍ਹਾਂ ਵਿੱਚ ਸਭ ਤੋਂ ਵੱਧ ਸ਼ੋਹਰਤ ਤੇ ਪ੍ਰਸਿੱਧੀ ਸਯੱਦ ਵਾਰਿਸ ਸ਼ਾਹ ਦੀ ਹੀਰ ਨੂੰ ਪ੍ਰਾਪਤ


CC-0. Sohail Kazmi Collection, Jammu. Digitized by eGangotri

ਹੋਈ। ਵਾਰਿਸ ਸ਼ਾਹ ਦੀ ਹੀਰ ਦਾ ਅੰਗਰੇਜ਼ੀ ਅਨੁਵਾਦ ਸਰ ਰਿਚਰਡ ਕਾਰਨਿਕ ਟੈਂਪਲ ਨੇ ਕੀਤਾ ਤੇ ਇਸ ਵਿੱਚ ਹੀਰ-ਰਾਂਝੇ ਦਾ ਪੂਰਾ ਕਿੱਸਾ ਬਿਆਨ ਨਹੀਂ ਕੀਤਾ, ਸਗੋਂ ਵਿੱਚੋਂ ਵਿੱਚੋਂ ਕੁੱਝ ਬੰਦ ਛੱਡ ਦਿੱਤੇ। ਪਰ ਫਿਰ ਵੀ ਯੂਰਪ ਅਤੇ ਦੂਜੇ ਮੁਲਕਾਂ ਵਿੱਚ ਪੰਜਾਬੀ ਦੇ ਇਸ ਲਾਫਾਨੀ ਕਿੱਸੇ ਨੂੰ ਜਾਣੂੰ ਕਰਵਾਇਆ। ਉਸਨੇ ਆਪਣੇ ਅੰਗਰੇਜ਼ੀ ਅਨੁਵਾਦ ਦਾ ਨਾਂ 'The Legends of the Punjab' ਰੱਖਿਆ। ਉਸ ਤੋਂ ਬਾਅਦ ਇੰਡੀਅਨ ਸਿਵਲ ਸਰਵਿਸ ਦੇ ਇੱਕ ਅਫਸਰ ਮਿਸਟਰ ਚਾਰਲਿਸ ਫੈਡਰਿਕ ਅਸਬੌਰਨ ਜਿਹੜਾ ਪੰਜਾਬ ਦੇ ਕਈ ਜ਼ਿਲ੍ਹਿਆਂ ਦਾ ਡਿਪਟੀ ਕਮਿਸ਼ਨਰ ਰਿਹਾ, ਉਸਨੇ ਇਸਦਾ ਅਨੁਵਾਦ ਵਾਰਤਕ ਵਿੱਚ ਕੀਤਾ ਤੇ ਨਾਂ 'The Adventures of Heer and Ranjha' ਰੱਖਿਆ। ਇਸ ਅਨੁਵਾਦ ਨੂੰ ਮੰਨੇ ਪ੍ਰਮੰਨੇ ਸਕਾਲਰ ਮੁਮਤਾਜ਼ ਹਸਨ ਨੇ 1972 ਵਿੱਚ ਸੋਧ ਕੇ ਤੇ ਆਪਣਾ ਮੁੱਖਬੰਦ ਲਿਖ ਕੇ ਛਾਪੇ ਚਾੜ੍ਹਿਆ।

ਯੂ.ਐਨੱ.ਓ. ਦੇ ਅਦਾਰੇ ਯੂਨੇਸਕੋ ਨੇ ਵਿਸ਼ਵ ਸਾਹਿਤ ਦੇ ਅਨੁਵਾਦਾਂ ਵਿੱਚ ਇਸ ਪੁਸਤਕ ਨੂੰ ਮੰਜ਼ੂਰ ਕੀਤਾ ਹੈ। ਪਰ ਸਈਅਦ ਹੁਸੈਨ ਜ਼ੈਦੀ ਜਿਨ੍ਹਾਂ ਨੇ ਵਾਰਿਸ ਸ਼ਾਹ ਦੀ ਹੀਰ ਦਾ ਉਰਦੂ ਵਿੱਚ ਮਜ਼ਮੂਨ (ਸ਼ਾਇਰੀ ਵਿੱਚ) ਅਨੁਵਾਦ ਕੀਤਾ ਹੈ, ਉਹ ਕਹਿੰਦਾ ਹੈ ਕਿ ਫੈਡਰਿਕ ਅਸਬੌਰਨ ਦਾ ਖਰੜਾ ਬਾਜ਼ਾਰੀ ਤੇ ਮਲਾਵਟੀ ਹੈ ਤੇ ਉਸ ਵਿੱਚ ਕਈ ਨਾਂ ਗਲਤ ਦਿੱਤੇ ਗਏ ਹਨ। ਹੀਰ ਵਾਰਿਸ ਸ਼ਾਹ ਨੂੰ ਸੋਧ ਕੇ ਛਾਪਣ ਵਾਲਿਆਂ ਵਿੱਚ ਡਾ. ਫਕੀਰ ਮੁਹੰਮਦ ਫਕੀਰ, ਡਾ. ਹਰਨਾਮ ਸਿੰਘ ਸ਼ਾਨ, ਸਯੱਦ ਸਬਤੇ ਹਸਨ ਜ਼ੇਗਮ, ਮੁਹੰਮਦ ਆਸਿਫ ਤੇ ਕਈ ਹੋਰ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਵਾਰਿਸ ਸ਼ਾਹ ਦੀ ਹੀਰ ਵਿੱਚ ਚੋਖਾ ਰਲਾਅ ਮਿਲਦਾ ਹੈ। ਉਹਨਾਂ ਦੇ ਮੁਜਬ ਜਿਸ ਜਿਸ ਬੰਦੇ ਨੇ ਹੀਰ ਵਾਰਿਸ ਸ਼ਾਹ ਨੂੰ ਵੇਲੇ ਸਿਰ ਛਾਪਿਆ ਉਸਨੇ ਉਸ ਖਰੜੇ ਵਿੱਚ ਆਪਣੇ ਸ਼ੇਅਰ ਵੀ ਪਾ ਦਿੱਤੇ, ਜਿਵੇਂ ਅਨਾਇਤ ਉਲੱਾ ਦਰਜ਼ੀ ਨੇ 1673 ਮਿਸਰੇ ਵਾਰਿਸ ਸ਼ਾਹ ਦੀ ਹੀਰ ਵਿੱਚ ਆਪਣੇ ਪਾਏ ਹੋਏ ਹਨ। ਇੰਝ ਹੀ ਪੀਰਾਂ ਦਿੱਤਾ ਦਰਜ਼ੀ ਨੇ 1192, ਮੌਲਵੀ ਮਹਿਬੂਬ ਆਲਮ ਨੇ 750, ਮੁਹੰਮਦ ਦੀਨ ਸੋਖਤਾ ਨੇ 795, ਅਸ਼ਰਫ ਅਲੀ ਨੇ 550, ਤਾਜਦੀਨ ਨੇ 500, ਅਤੇ ਅਜ਼ੀਜ਼ ਦੀਨ ਕਾਨੂੰਨਗੋ ਨੇ 450 ਮਿਸਰੇ ਵਾਰਿਸ ਸ਼ਾਹ ਦੇ ਨਾਂ 'ਤੇ ਹੀਰ ਵਾਰਿਸ ਸ਼ਾਹ ਵਿੱਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸਾਰਿਆਂ ਵਿਦਵਾਨਾਂ ਦਾ ਮੰਨਣਾ ਹੈ ਕਿ ਹੀਰ ਵਾਰਿਸ ਸ਼ਾਹ ਵਿੱਚ ਲਿਖਿਆ ਮਸ਼ਹੂਰ ਚੌਮਿਸਰਾ 'ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ ਮੈਨੂੰ ਲੈ ਚੱਲੇ ਬਾਬਲਾ ਲੈ ਚੱਲੇ ਵੇ' ਦਰਅਸਲ ਹਦਾਇਤ (ਅਨਾਇਤ) ਉਲੱਾ ਦਰਜ਼ੀ ਦਾ ਲਿਖਿਆ ਹੋਇਆ ਹੈ। ਇੰਝ ਹੀ ਇਨ੍ਹਾਂ ਵਿਦਵਾਨਾਂ ਅਜਿਹੇ ਸ਼ੇਅਰਾਂ ਦੀ ਦੱਸ ਪਾਈ ਹੈ ਜਿਹੜੇ ਵਾਰਿਸ ਸ਼ਾਹ ਦੇ


CC-0. Sohail Kazmi Collection, Jammu. Digitized by eGangotri

ਨਹੀਂ ਹਨ, ਪਰ ਉਸਦੀ ਰਚਿਤ ਹੀਰ ਵਿੱਚ ਸ਼ਾਮਿਲ ਹਨ। ਵਾਰਿਸ ਸ਼ਾਹ ਦਾ ਕਿੱਸਾ 'ਹੀਰ-ਰਾਂਝਾ' ਪੰਜਾਬੀ ਸਾਹਿਤ ਵਿੱਚ ਕੁੱਝ ਵਿਦਵਾਨਾਂ ਅਨੁਸਾਰ ਹੋਰ ਵੀ ਅਨੇਕਾਂ ਕਿੱਸਾਕਾਰਾਂ ਦੁਆਰਾ ਰਚਿਆ ਗਿਆ ਹੈ।

ਹੀਰ ਵਾਰਿਸ ਸ਼ਾਹ ਦਾ ਇੱਕ ਕਲਮੀਂ ਨੁਸਖ਼ਾ (ਖਰੜਾ) ਕਿਰਪਾ ਰਾਮ ਹਾਫਿਜ਼ਾਬਾਦ ਵਾਲੇ ਦਾ ਵੀ ਲਿਖਿਆ ਹੋਇਆ ਹੈ ਤੇ ਇਹ ਖਰੜਾ ਕਿਰਪਾ ਰਾਮ ਨੇ ਦੀਵਾਨ ਹਰਦੇਵ ਸਿੰਘ ਦੀ ਫਰਮਾਇਸ਼ 'ਤੇ ਲਿਖਿਆ ਸੀ ਤੇ ਇਸ ਉਪੱਰ ਕਿਤਾਬਤ ਦੀ ਤਾਰੀਖ 8 ਵੈਸਾਖ 1916 ਬਿਕਰਮੀ ਲਿਖੀ ਹੋਈ ਹੈ। ਤੇ ਇਹ ਖਰੜਾ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਤੋਂ ਛੁੱਟ, ਦਿੱਲੀ, ਅੰਮ੍ਰਿਤਸਰ, ਕਰਾਚੀ, ਮੁਲਤਾਨ, ਬਹਾਵਲਪੁਰ ਅਤੇ ਬ੍ਰਿਟਿਸ਼ ਲਾਇਬ੍ਰੇਰੀ ਲੰਦਨ ਅਤੇ ਨਿਊਯਾਰਕ ਪਬਲਿਕ ਲਾਇਬ੍ਰੇਰੀ ਵਿੱਚ ਮੌਜੂਦ ਹੈ। ਇਹ ਖਰੜਾ ਕਿਰਪਾ ਰਾਮ ਨੇ ਚੰਗੀ ਤਰ੍ਹਾਂ ਪਰਖ-ਪੜਚੋਲ ਤੇ ਛਾਣ-ਬੀਣ ਕਰਕੇ ਲਿਖਿਆ ਹੈ ਤੇ ਸਾਰੇ ਵਿਦਵਾਨ ਇਸ ਨੁਸਖੇ ਨੂੰ ਠੀਕ ਮੰਨਦੇ ਹਨ ਤੇ ਇਸਦਾ ਕਾਰਨ ਇਹ ਦੱਸਦੇ ਹਨ ਕਿ ਡੇਢ ਸੌ ਸਾਲ ਬੀਤਣ ਦੇ ਬਾਵਜੂਦ ਇਹ ਖਰੜਾ ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਵਿੱਚ ਛੇੜਛਾੜ ਦੇ ਬਗੈਰ ਮਹਿਫੂਜ਼ ਪਿਆ ਹੈ। ਕਿਰਪਾ ਰਾਮ ਨੇ ਇਸ ਨੂੰ ਵਾਰਿਸ ਸ਼ਾਹ ਦੇ ਹੱਥੀਂ ਲਿਖੇ ਹੋਏ ਖਰੜੇ ਤੋਂ ਨਕਲ ਕੀਤਾ ਹੈ, ਜਿਹੜਾ ਆਪ ਵੀ ਵਾਰਿਸ ਦਾ ਵਤਨੀ ਸੀ। ਇਸ ਲਈ ਜਿਨ੍ਹਾਂ ਵਿਦਵਾਨਾਂ ਨੇ ਵਾਰਿਸ ਸ਼ਾਹ ਦੀ ਹੀਰ ਨੂੰ 1947 ਮਗਰੋਂ ਛਾਪੇ ਚਾੜ੍ਹਿਆ ਉਨ੍ਹਾਂ ਕਿਰਪਾ ਰਾਮ ਦੇ ਨਕਲ ਕੀਤੇ ਹੋਏ ਖਰੜੇ ਨੂੰ ਅਸਲ ਹੀਰ ਵਾਰਿਸ ਸ਼ਾਹ ਮੰਨ ਕੇ ਉਸਦੀ ਨਕਲ ਕੀਤੀ ਹੈ।

ਵਾਰਿਸ ਸ਼ਾਹ ਦੀ ਭਾਸ਼ਾ ਮਿੱਠੀ, ਅਖਾਣਾਂ ਭਰੀ ਤੇ ਮੁਹਾਵਰਿਆਂ ਨਾਲ ਸਜੀ ਹੋਈ ਹੈ। ਇਹ ਅਸਲ ਵਿੱਚ ਮਾਝੀ ਉਪ-ਬੋਲੀ ਵਿੱਚ ਹੈ, ਪਰ ਇਸ ਵਿੱਚ ਬਾਕੀ ਚਾਰ ਉਪ-ਬੋਲੀਆਂ ਦਾ ਵੀ ਰਸ ਮਿਲਦਾ ਹੈ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਵਾਰਿਸ ਸ਼ਾਹ ਇੱਕ ਆਲਮ ਸੀ ਅਤੇ ਇੱਕ ਭਾਸ਼ਾ ਵਿਗਿਆਨੀ ਵੀ। ਉਹ ਪੰਜਾਬ ਦੀ ਹਰਿਤਲ, ਖਾਣ ਪਕਵਾਨ, ਲੋਕ-ਵਿਰਸਾ ਤੇ ਰਸਮਾਂ ਰਿਵਾਜਾਂ ਤੋਂ ਭਲੀ ਭਾਂਤ ਜਾਣੂੰ ਸੀ। ਉਸਨੇ ਆਪ ਆਪਣੀ ਹੀਰ ਦੇ ਸ਼ੁਰੂ ਵਿੱਚ ਲਿਖਿਆ ਹੈ-

"ਯਾਰਾਂ ਅਸਾਨੂੰ ਆਣ ਸਵਾਲ ਕੀਤਾ ਕਿੱਸਾ ਇਸ਼ਕ ਹੀਰ ਦਾ ਨਵਾਂ ਬਣਾਈਏ ਜੀ
ਇਸ ਪ੍ਰੇਮ ਦੀ ਝੋਕ ਦਾਂ ਸਭ ਕਿੱਸਾ ਜੀਭ ਸੋਹਣੀ ਨਾਲ ਸੁਣਾਈਏ ਜੀ
ਨਾਲ ਅਜਬ ਬਹਾਰ ਦੇ ਸ਼ੇਅਰ ਕਹਿ ਕੇ ਰਾਂਝੇ-ਹੀਰ ਦਾ ਮੇਲ ਕਰਾਈਏ ਜੀ
ਯਾਰਾਂ ਨਾਲ ਮਜਲਸਾਂ ਵਿੱਚ ਬਹਿ ਕੇ ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।"

-0-0-0-


CC-0. Sohail Kazmi Collection, Jammu. Digitized by eGangotri

"ਹੁਕਮ ਮੰਨ ਕੇ ਸੱਜਣਾ ਪਿਆਰਿਆਂ ਦਾ ਕਿੱਸਾ ਅਜਬ ਬਹਾਰ ਦਾ ਜੋੜਿਆ ਏ
ਫਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ ਨਵਾਂ ਫੁੱਲ ਗੁਲਾਬ ਦਾ ਤੋੜਿਆ ਏ
ਬਹੁਤ ਜੀਉ ਦੇ ਵਿੱਚ ਤਦਬੀਰ ਕਰਕੇ ਫਰਹਾਦ ਪਹਾੜ ਨੂੰ ਫੋੜਿਆ ਏ
ਸਭਾ ਵੈਣ ਕੇ ਜ਼ੇਬ ਬਣਾਏ ਦਿੱਤੀ ਜਿਹਾ ਅਰਕ ਗੁਲਾਬ ਨਿਚੋੜਿਆ ਏ।"

ਪਿਓ ਦੇ ਮਰਨ ਮਗਰੋਂ ਜਦ ਭਰਾਵਾਂ ਤੇ ਭਾਬੀਆਂ ਉਹਨੂੰ ਤੰਗ ਕੀਤਾ ਤਾਂ ਉਹ ਤਖ਼ਤ ਹਜਾਰਾ ਛੱਡਣ ਦਾ ਫੈਸਲਾ ਕਰਦਾ ਹੈ ਤੇ ਉਸਦੇ ਭਾਈ ਉਸਨੂੰ ਓਪਰੇ ਦਿਲੋਂ ਸਮਝਾਉਂਦੇ ਹਨ-

"ਆਖ ਰਾਂਝਿਆ ਬਣੀ ਕੀ ਭਾਹ ਤੇਰੇ
ਦੇਸ਼ ਆਪਣਾ ਛੋੜ ਸੁਧਾਰ ਨਾਹੀਂ।
ਵੀਰਾ ਅੰਬੜੀ ਜਾਇਆ ਯਾਰ ਨਾਹੀਂ
ਸਾਨੂੰ ਨਾਲ ਫਰਾਕ ਦੇ ਮਾਰ ਨਾਹੀਂ।
ਬਖ਼ਸ਼ ਇਹ ਗੁਨਾਹ ਤੂੰ ਭਾਬੀਆਂ ਨੂੰ
ਕੌਣ ਜੰਮਿਆ ਜੋ ਗੁਨਾਹ ਗਾਰ ਨਾਹੀਂ।
ਇਹ ਬਾਨਦੀਆਂ ਤੇ ਅਸੀਂ ਵੀਰ ਤੇਰੇ
ਕੋਈ ਹੋਰ ਵਿਚਾਰ ਵਿਚਾਰ ਨਾਹੀਂ।"

-0-0-0-

"ਰਾਂਝੇ ਆਖਿਆ ਉਠਿਆ ਰਿਜ਼ਕ ਮੇਰਾ ਮੈਥੋਂ ਭਾਈਓ ਤੁਸੀਂ ਕੀ ਮੰਗਦੇ ਹੋ।
ਵੰਡ ਲਿਆ ਜੇ ਬਾਪ ਦਾ ਮੁਲਕ ਸਾਰਾ ਤੁਸੀਂ ਸਾਕ ਤੇ ਸੀਣ ਨਾ ਅੰਗਦੇ ਹੋ।
ਵਿੱਚੋਂ ਖੁਸ਼ੀ ਹੋ ਅਸਾਂਦੇ ਨਿਕਲਨੇ 'ਤੇ ਗੱਲ ਆਖਦੇ ਮੂੰਹੋਂ ਕਿਉਂ ਸੰਗਦੇ ਹੋ।
ਵਸ ਲਗਜੇ ਤਾਂ ਮੰਸੂਰ ਵਾਂਗੂੰ ਚਾ ਸੂਲੀ ਉਤੇ ਟੰਗਦੇ ਹੋ।"

ਉੱਪਰ ਜਿਹੜੇ ਚੌਮਿਸਰੇ ਦਿੱਤੇ ਗਏ ਹਨ, ਉਨ੍ਹਾਂ ਵਿੱਚ ਵਾਰਿਸ ਸ਼ਾਹ ਦੀ ਭਾਸ਼ਾ ਉਤੇ ਪਕੜ ਤੇ ਗਿਆਨ ਦਾ ਪ੍ਰਗਟਾਵਾ ਹੁੰਦਾ ਹੈ। ਵਾਰਿਸ ਸ਼ਾਹ ਅਰਬੀ ਤੇ ਫਾਰਸੀ ਦਾ ਵੀ ਆਲਮ ਸੀ, ਉਸਨੇ ਕੁਰਾਨ ਮਜੀਦ ਤੇ ਅਰਬੀ ਦੀਆਂ ਹੋਰ ਕਈ ਕਿਤਾਬਾਂ ਪੜ੍ਹੀਆਂ ਸਨ। ਇੰਞ ਹੀ ਉਸਨੇ ਫਾਰਸੀ ਦੇ ਮਹਾਂਕਵੀਆਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਸੀ, ਜਿਵੇਂ ਸ਼ੇਖ਼ ਸਾਅਦੀ ਦੀਆਂ ਸਦਾ ਬਹਾਰ ਪੁਸਤਕਾਂ, 'ਗੁਲਿਸਤਾਨ ਤੇ ਬੋਸਤਾਨ', ਹਾਫਿਜ਼ ਦਾ 'ਦੀਵਾਨ', ਫਿਰਦੋਸੀ ਦਾ 'ਸ਼ਾਹਨਾਮਾ' ਅਤੇ ਬਹਾਰ ਦਾਨਿਸ਼ ਤੇ ਤੋਤੀਨਾਮਾ ਜਿਹੀਆਂ ਕਿਤਾਬਾਂ ਨੂੰ ਪੜ੍ਹ ਕੇ ਭਾਸ਼ਾ ਦੀ ਵਰਤੋਂ ਤੇ ਸ਼ਬਦਾਂ ਦਾ ਗਿਆਨ ਹਾਸਿਲ ਕੀਤਾ ਸੀ। ਉਹ ਆਪ ਕਹਿੰਦਾ ਹੈ-

"ਇੱਕ ਨਜ਼ਮ ਦੇ ਦਰਸ ਹਰਕਰਨ ਪੜ੍ਹਦੇ ਨਾਮ ਹੱਕ ਤੇ ਖ਼ਾਲਿਕ ਬਾਰੀਆਂ ਨੇ
ਗੁਲਿਸਤਾਨ ਬੋਸਤਾਨ ਬਹਾਰ ਦਾਨਿਸ਼ ਤੋਤੀਨਾਮਾ ਤੇ ਰਾਜ਼ਕ ਬਾਰੀਆਂ ਨੇ


CC-0. Sohail Kazmi Collection, Jammu. Digitized by eGangotri

ਮੁਨਸ਼ੀਆਤ ਨਸਾਬ ਤੇ ਅਬੂ-ਉਲ-ਫਜ਼ਲਾਂ ਸ਼ਾਹਨਾਮਿਉ ਵਾਹਿਦ ਬਾਰੀਆਂ ਨੇ।
ਕੁਰਾਨ-ਉਲ-ਸਆਦੇਨ ਦੀਵਾਨ ਹਾਫਿਜ਼ ਸ਼ੀਰੀਂ ਖੁਸਰੋਆਂ ਲਿਖ ਸਵਾਰੀਆਂ ਨੇ"

ਵਾਰਿਸ ਸ਼ਾਹ ਅਧਰਮੀਂ ਪੰਡਿਤਾਂ ਤੇ ਅਖੌਤੀ ਮੌਲਾਣਿਆਂ ਤੋਂ ਬੜਾ ਬੇਜ਼ਾਰ ਸੀ ਤੇ ਆਪਣੇ ਸ਼ੇਅਰਾਂ ਰਾਹੀਂ ਉਹਨਾਂ ਨੂੰ ਵੰਗਾਰਦਾ ਸੀ। ਇੱਕ ਜਗ੍ਹਾ ਉਹ ਕਹਿੰਦਾ ਹੈ-

"ਦਾੜੀ ਸ਼ੇਖ਼ ਦੀ ਅਮਲ ਸ਼ੈਤਾਨ ਵਾਲੇ
ਕਿਹਾ ਰਾਹੀਉਂ ਜਾਂਦੇ ਰਾਹੀਆਂ ਨੂੰ।
ਅੱਗੇ ਕੱਢ ਕੁਰਾਨ ਚੜ੍ਹ ਬਹੀਂ ਮਿਮਬਰ ਕਿਹਾ
ਅੱਡੀਉਂ ਮੱਕਰ ਦੀਆਂ ਫਾਹੀਆਂ ਗਵਾਹੀਆਂ ਨੂੰ।
ਇਹ ਪਲੀਤ ਤੇ ਪਾਕ ਦਾ ਕਰੋ
ਵਾਕਫ ਅਸੀਂ ਜਾਣੀਏ ਸ਼ਰਆ ਨੂੰ।
ਵਾਰਿਸ ਸ਼ਾਹ ਵਿੱਚ ਹੁਜਰਿਆਂ ਫੇਅਲ ਕਰਦੇ
ਮੁਲਾਂ ਜੋਤਰੇ ਲਾਉਂਦੇ ਵਾਹੀਆਂ ਨੂੰ।"

ਵਾਰਿਸ ਸ਼ਾਹ ਨੇ ਆਪਣੀ ਹੀਰ ਵਿੱਚ ਸਾਰੀਆਂ ਕੌਮਾਂ ਦਾ ਜ਼ਿਕਰ ਬੜੇ ਸੁਚੱਜੇ ਢੰਗ ਨਾਲ ਕੀਤਾ ਹੈ। ਹਿੰਦੂ ਰਹਿਤਲ ਤੇ ਮੁਸਲਿਮ ਰਿਵਾਜਾਂ ਦਾ ਜ਼ਿਕਰ ਕੀਤਾ ਹੈ। ਪੀਰਾਂ ਫਕੀਰਾਂ ਤੇ ਨਾਥ-ਜੋਗੀਆਂ ਨਾਲ ਲੋਕਾਂ ਦੀ ਆਸਥਾ ਨੂੰ ਦਰਸਾਇਆ ਹੈ। ਪੇਂਡੂ ਵਸੇਬ ਤੇ ਸ਼ੁੱਧ ਪੰਜਾਬੀ ਖ਼ੁਰਾਕ ਤੇ ਲਿਬਾਸ ਦਾ ਜ਼ਿਕਰ ਕੀਤਾ ਹੈ। ਪੰਜਾਬੀਆਂ ਦੇ ਸੁਭਾਅ ਨੂੰ ਬੜੇ ਸੋਹਣੇ ਢੰਗ ਨਾਲ ਬਿਆਨ ਕੀਤਾ ਹੈ। ਪੰਜਾਬੀ ਅਖਾਣ, ਮੁਹਾਵਰੇ ਬੜੇ ਚੱਜ ਨਾਲ ਵਰਤੇ ਹਨ ਤੇ ਭਾਸ਼ਾ ਇਨ੍ਹੀ ਸਰਲ ਇਸਤੇਮਾਲ ਕੀਤੀ ਹੈ ਕਿ ਸਾਰੇ ਪੰਜਾਬੀਆਂ ਲਈ ਵਾਰਿਸ ਸ਼ਾਹ ਦੀ ਹੀਰ ਲੋਕ ਵਿਰਸਾ ਬਣ ਗਈ। ਇਸ ਕਿੱਸੇ ਵਿੱਚ ਨਬੀ ਰਸੂਲ ਦਾ ਜ਼ਿਕਰ ਹੈ, ਰਾਮ ਤੇ ਰਾਵਣ ਦਾ ਜ਼ਿਕਰ ਹੈ, ਬਾਦਸ਼ਾਹਾਂ ਅਤੇ ਵੈਰੀਆਂ ਦਾ ਜ਼ਿਕਰ ਹੈ, ਸ਼ੈਤਾਨ, ਜਿੰਨ੍ਹ ਅਤੇ ਫਰਿਸ਼ਤਿਆਂ ਦੀ ਗੱਲ ਕੀਤੀ ਗਈ ਹੈ ਤੇ ਪੰਛੀਆਂ, ਜਨੌਰਾਂ, ਸੱਪ ਤੇ ਨਿਉਲਿਆਂ ਦਾ ਜ਼ਿਕਰ ਹੈ।

"ਕੋਈ ਦੋਖ ਤੇ ਦਰਦ ਨਾ ਰਹੇ ਭੋਰਾ
ਜਾਦੂ ਜਿਣ ਤੇ ਭੂਤ ਸਭ ਜਾਉਂਦੇ ਨੇ।
ਤੰਦੋੜਾ, ਬੋਰੜਾ ਫਨੀ ਫਨੀਯਰ
ਸਭ ਆ ਕੇ ਸੀਸ ਨਿਵਾਉਂਦੇ ਨੇ"

-0-0-0-

"ਸਾਨੂੰ ਬਨੀ ਹੈ ਹੀਰ ਨੂੰ ਸੱਪ ਲੜਿਆ ਖੋਲ ਕਹੇ ਹਕੀਕਤਾਂ ਸਾਰੀਆਂ ਜੀ।


CC-0. Sohail Kazmi Collection, Jammu. Digitized by eGangotri

ਕਾਹੇਂ ਵਾਸਤੇ ਰੱਬ ਦੇ ਚਲੋ ਜੋਗੀ ਸਾਨੂੰ ਬਣੀਆਂ ਮੁਸੀਬਤਾਂ ਭਾਰੀਆਂ ਜੀ।
ਵਾਰਿਸ ਸ਼ਾਹ ਉਥੇ ਨਹੀਂ ਫੁਰੇ ਮੰਤਰ ਜਿਥੇ ਦੰਦੀਆਂ ਇਸ਼ਕ ਨੇ ਮਾਰੀਆਂ ਜੀ।"

-0-0-0-

"ਅੱਧੀ ਰਾਤ ਰਾਂਝੇ ਪੀਰ ਯਾਦ ਕੀਤੇ ਤੁਰ ਖਿਜ਼ਰ ਦਾ ਹੱਥ ਲੈ ਬੋਲਿਆ ਏ।
ਸ਼ੱਕਰ ਗੰਜ ਦਾ ਪਕੜ ਰੁਮਾਲ ਚੁੰਮੇ ਮੰਦਰਾਂ ਲਾਲ ਸ਼ਾਹਬਾਜ਼ ਦਾ ਟੋਲਿਆ ਏ।
ਖੁੰਡੀ ਸਈਅਦ ਜਲਾਲ ਬੁਖਾਰੇ ਦੀ ਵਿੱਚੋਂ ਮੁਸ਼ਕ ਤੇ ਇਤਰ ਨੂੰ ਚੋਲਿਆ ਏ।
ਪੀਰ ਬਹਾਉਦੀਨ ਜ਼ੀਕਰੀਏ ਧਮਕ ਦੇ ਕੇ ਕੰਧ ਢਾਹ ਕੇ ਰਾਹ ਨੂੰ ਖੋਲ੍ਹਿਆ ਏ।"

-0-0-0-

"ਓਹਾ ਕਰੂਪ ਕਰ ਜਿਹੜਾ ਪਿਆ ਜੋਗੀ
ਵਿਸਵਾਮਿਤਰ ਖੇਲ ਕਰਾਇਆ ਏ।
ਓਹਾ ਕਰੂਪ ਕਰ ਜਿਹੜਾ ਪਾ ਰਾਵਣ
ਰਾਮ ਚੰਦ ਤੋਂ ਲੰਕ ਲੁਟਵਾਇਆ ਏ।
ਓਹਾ ਕਰੂਪ ਕਰ ਜਿਹੜਾ ਪਾਂਡਵ ਤੋਂ
ਚੱਕਾ ਬੂੰ ਚੱਕਾ ਬੋਹ ਦੇ ਵਿੱਚ ਕਰਵਾਇਆ ਏ।
ਦਰੋਣੇ ਚਾਰਜੂੰ ਲਾਏ ਕੇ ਬੇਲ ਬੀਕਮ
ਜਿਹੜਾ ਕੇਰਵਾਂ ਦੇ ਗਲ ਪਾਇਆ ਏ।
ਘੱਤ ਕਰੂਪ ਜੋ ਪਾਏ ਕੇ ਕੰਸ ਰਾਜੇ
ਬੋਦੀ ਕਾਨ ਬੂੰ ਚਾ ਪਟਵਾਇਆ ਏ।
ਘੱਤ ਕਰੂਪ ਜੋ ਦਰੋਪਦੀ ਨਾਲ ਹੋਈ
ਪਟ ਨਾਲ ਬੜਾਂਤ ਬਚਾਇਆ ਏ।
ਜੋਧ ਵਿੱਚ ਜੋ ਰਾਮ ਨੇ ਨੀਲ ਲਸ਼ਮਣ
ਖੁੰਭ ਕਰਨ ਦੇ ਬਾਬ ਮਨਾਇਆ ਏ।
ਘੱਤ ਕਰੂਪ ਜੋ ਰਾਮ ਨੇ ਕ੍ਰੋਧ ਕਰਕੇ
ਬਲੀ ਸੰਧ ਦੀ ਖੇਡ ਮੁਕਾਇਆ ਏ।"

ਜੇ ਅਸਾਂ ਪੰਜਾਬੀਅਤ ਨੂੰ ਢੂੰਡਣਾ ਹੋਵੇ ਤਾਂ ਵਾਰਿਸ ਸ਼ਾਹ ਦੀ ਹੀਰ ਨੂੰ ਪੜ੍ਹਨਾ ਜ਼ਰੂਰੀ ਬਣ ਜਾਂਦਾ ਹੈ। ਜੇ ਅਸਾਂ ਠੇਠ ਪੰਜਾਬੀ ਭਾਸ਼ਾ ਤੇ ਉਸਦੀ ਵਰਤੋਂ ਨੂੰ ਸਮਝਣਾ ਹੋਵੇ ਤਾਂ ਵਾਰਿਸ ਸ਼ਾਹ ਦੀ ਹੀਰ ਇੱਕ ਮਿਸਾਲ ਵਾਂਗੂੰ ਸਾਡੇ ਸਾਹਮਣੇ ਹੈ। ਵਾਰਿਸ ਸ਼ਾਹ ਨੂੰ ਆਪ ਵੀ ਮਾਣ ਸੀ ਕਿ ਉਸਨੇ ਹੀਰ ਜਿਹਾ ਕਿੱਸਾ ਲਿਖ ਕੇ ਸਾਰੇ ਪੰਜਾਬੀਆ ਨੂੰ ਖੁਸ਼ੀ, ਪਿਆਰ ਤੇ ਮੁਹੱਬਤ ਦਾ ਪੈਗਾਮ ਦਿੱਤਾ ਹੈ ਤੇ ਉਹ ਕਹਿੰਦਾ ਹੈ ਕਿ ਜਿਹੜਾ ਵੀ ਮੇਰੀ ਹੀਰ ਨੂੰ ਪੜ੍ਹੇਗਾ, ਖੁਸ਼ ਰਹੇਗਾ ਅਤੇ


CC-0. Sohail Kazmi Collection, Jammu. Digitized by eGangotri

ਦਾਤਾ ਦੀ ਉਸ 'ਤੇ ਮਿਹਰ ਰਹੇਗੀ। ਆਖ਼ਿਰ ਵਿੱਚ ਮੈਂ ਵਾਰਿਸ ਸ਼ਾਹ ਦੇ ਕੁੱਝ ਅਜਿਹੇ ਸ਼ੇਅਰ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕਰ ਰਿਹਾ ਹਾਂ ਤਾਂ ਜੋ ਪਾਠਕ ਜਾਣ ਸਕਣ ਕਿ ਵਾਰਿਸ ਸ਼ਾਹ ਨੇ ਆਪਣੀ ਹੀਰ ਨੂੰ ਆਪਣਾ ਦੀਨ ਤੇ ਇਮਾਨ ਸਮਝ ਕੇ ਲਿਖਿਆ ਤੇ ਰੱਬ ਅੱਗੇ ਇਹੋ ਦੁਆ ਮੰਗੀ ਕਿ ਇਸ ਹੀਰ ਨੂੰ ਪੜ੍ਹਣ ਵਾਲਿਆਂ ਵਾਸਤੇ ਖ਼ੁਸ਼ੀ ਦੀ ਦੌਲਤ ਬਖ਼ਸ਼ੀਂ।

"ਖ਼ਤਮ ਰੱਬ ਦੇ ਕਰਨ ਦੇ ਨਾਲ ਹੋਈ ਫਰਮਾਇਸ਼ ਪਿਆਰੜੇ ਯਾਰ ਦੀ ਹੈ।
ਐਸਾ ਸ਼ੇਅਰ ਕੀਤਾ ਪੁਰਮਗਜ਼ ਮੌਜ਼ੂੰ ਜੇਹਾ ਮੋਤੀਆਂ ਲੜੀ ਸ਼ਾਹ ਵਾਰ ਦੀ ਹੈ।
ਜੋ ਕੁ ਪੜ੍ਹੇ ਸੋ ਬਹੁਤ ਖੁਰਸੰਦ ਹੋਵੇ ਵਾਹ ਵਾਹ ਸਭ ਖਲਕ ਪੁਕਾਰ ਦੀ ਹੈ।
ਵਾਰਿਸ ਸ਼ਾਹ ਨੂੰ ਸੱਕ ਦੀਦਾਰ ਦੀ ਹੈ ਜੇਹੀ ਹੀਰ ਨੂੰ ਭੁਖਨਾ ਯਾਰ ਦੀ ਹੈ।"

-0-0-0-

"ਬਖ਼ਸ਼ ਲਿਖਣ ਵਾਲਿਆਂ ਜੁਮਲਿਆਂ ਨੂੰ ਪੜ੍ਹਣ ਵਾਲਿਆਂ ਕਰੀਂ ਅੱਤਾ ਮੀਆਂ।
ਸੁਣਨ ਵਾਲਿਆਂ ਨੂੰ ਬਖ਼ਸ਼ ਖੁਸ਼ੀ ਦੌਲਤ ਰੱਖੀਂ ਜ਼ੌਕ ਤੇ ਸ਼ੌਕ ਦਾ ਚਾ ਮੀਆਂ।"

ਜਿਨ੍ਹਾਂ ਕਵੀਆਂ ਨੇ ਹੀਰ ਦਾ ਕਿੱਸਾ ਲਿਖਿਆ ਉਹ ਪੰਜਾਬੀ ਸਾਹਿਤ ਵਿੱਚ ਬੜਾ ਉੱਚਾ ਨਾਂ ਤੇ ਸ਼ੁਹਰਤ ਰੱਖਦੇ ਸਨ ਤੇ ਉਨ੍ਹਾਂ ਹੀਰ ਤੋਂ ਛੁੱਟ ਕਈ ਦੂਜੇ ਕਿੱਸੇ ਵੀ ਲਿਖੇ, ਜਿਵੇਂ ਹਾਸ਼ਿਮ ਸ਼ਾਹ ਨੇ ਪੰਜਾਬੀ ਵਿੱਚ ਹੀਰ-ਰਾਂਝੇ ਤੋਂ ਛੁੱਟ ਸੋਹਣੀ-ਮਹੀਵਾਲ, ਸੱਸੀ-ਪਨੂੰ, ਸ਼ੀਰੀਂ-ਫਰਹਾਦ, ਲੈਲਾ-ਮਜਨੂੰ ਤੇ ਹੋਰ ਦੋਹੜੇ ਤੇ ਢਿਉੜੇ ਲਿਖੇ ਅਤੇ ਸੱਸੀ-ਪਨੂੰ ਲਿਖ ਕੇ ਹਾਸ਼ਿਮ ਸ਼ਾਹ ਅਮਰ ਹੋ ਗਿਆ। ਪਰ ਹੀਰ-ਰਾਂਝੇ ਦੀ ਕਿੱਸੇ ਵਿੱਚ ਉਹ ਗੱਲ ਨਾ ਬਣ ਸਕੀ। ਮੀਆਂ ਮੁਹੰਮਦ ਬਖ਼ਸ਼ ਆਪਣੇ ਕਿੱਸੇ 'ਸੈਫ-ਉਲ-ਮਲੂਕ' ਰਾਹੀਂ ਪੰਜਾਬੀ ਸਾਹਿਤ ਵਿੱਚ ਸਦਾ ਲਈ ਅਮਰ ਹੋ ਗਿਆ। ਪਰ ਉਸਨੇ ਵੀ ਹੀਰ-ਰਾਂਝੇ ਸਮੇਤ ਕਈ ਹੋਰ ਕਿੱਸੇ ਵੀ ਲਿਖੇ, ਪਰ ਵਾਰਿਸ ਸ਼ਾਹ ਦੀ ਰੀਸ ਨਹੀਂ ਕਰ ਸਕਿਆ। ਹਾਮਦ ਸ਼ਾਹ ਅੱਬਾਸੀ ਨੇ ਜੰਗਨਾਮਾ-ਹਾਮਦ, ਫਕੀਰਨਾਮਾ ਹਾਮਦ, ਗੁਲਜ਼ਾਰ ਹਾਮਦ, ਤਫਸੀਰ ਹਾਮਦ ਆਦਿ ਕਈ ਕਿਤਾਬਾਂ ਲਿਖੀਆਂ, ਪਰ ਹੀਰ ਹਾਮਦ, ਵਾਰਿਸ ਸ਼ਾਹ ਦੀ ਹੀਰ ਦੇ ਨੇੜੇ ਵੀ ਨਹੀਂ ਢੁਕਦੀ। ਇਹੋ ਹਾਲ ਮਿਲਖੀ ਰਾਮ ਤੇ ਫਜ਼ਲ ਸਾਹ ਅਤੇ ਅਹਿਮਦ ਯਾਰ ਮਰਾਲਵੀ ਦਾ ਵੀ ਹੈ। ਪੀਲੂ ਮਿਰਜ਼ਾ-ਸਾਹਿਬਾਂ ਕਰਕੇ ਮਸ਼ਹੂਰ ਹੋਇਆ। ਕਾਦਰਯਾਰ ਪੂਰਨ ਭਗਤ ਕਰਕੇ। ਹਾਫਿਜ਼ ਬਰਖੁਰਦਾਰ ਸੋਹਣੀ-ਮਹੀਂਵਾਲ ਕਰਕੇ ਤੇ ਮੌਲਵੀ ਗੁਲਾਮ ਰਸੂਲ 'ਯੂਸਫ ਜ਼ੁਲੇਖਾ' ਕਰਕੇ ਪੰਜਾਬੀ ਜਗਤ ਵਿੱਚ ਪ੍ਰਸਿੱਧ ਹੋਏ। ਇਨ੍ਹਾਂ ਸਾਰਿਆਂ ਵੀ ਹੀਰ-ਰਾਂਝੇ ਦਾ ਕਿੱਸਾ ਲਿਖਿਆ, ਪਰ ਪੰਜਾਬੀਆਂ ਇਨ੍ਹਾਂ ਵੱਡਿਆਂ ਤੇ ਮੰਨੇ-ਪ੍ਰਮੰਨੇ ਸ਼ਾਇਰਾਂ ਦੀ ਹੀਰ ਨੂੰ ਅਣਗੌਲਿਆਂ ਕਰ ਦਿੱਤਾ ਤੇ ਹੀਰ-ਰਾਂਝੇ ਦੀ ਦਾਸਤਾਨ ਵਾਰਿਸ ਸ਼ਾਹ ਦੇ ਨਾਂ ਨਾਲ


CC-0. Sohail Kazmi Collection, Jammu. Digitized by eGangotri

ਜੁੜ ਗਈ। ਅੱਜ ਵੀ ਵਾਰਿਸ ਸ਼ਾਹ ਦੀ ਹੀਰ ਨੂੰ ਲਹਿੰਦੇ ਤੇ ਚੜ੍ਹਦੇ ਪੰਜਾਬ ਜਾਂ ਪੰਜਾਂ ਪਾਣੀਆ ਦੇ ਪੰਜਾਬ ਵਿੱਚ ਬੜੇ ਸ਼ੌਕ ਨਾਲ ਪੜ੍ਹਿਆ ਤੇ ਗਾਇਆ ਜਾਂਦਾ ਹੈ।

ਵਾਰਿਸ ਸ਼ਾਹ ਦੀ ਹੀਰ ਵਿੱਚ ਲੋਕ ਜਜ਼ਬਿਆਂ ਦੀ ਮਿਠਾਸ ਹੈ, ਕਲਾ ਕੁਸ਼ਲਤਾ ਹੈ, ਕਿੱਸਾਕਾਰੀ ਵਿੱਚ ਹੁਸਨ, ਦਿਲਬਰੀ, ਦਰਦ ਤੇ ਸੋਜ਼ ਹੈ। ਵਾਰਿਸ ਸ਼ਾਹ ਨੇ ਪੰਜਾਬੀ ਸਾਹਿਤ ਤੇ ਪੰਜਾਬੀਅਤ ਨੂੰ ਆਪਣੇ ਜਿਗਰ ਦਾ ਲਹੂ ਪਿਲਾ ਕੇ ਦੁਨੀਆ ਦੇ ਅਦਬ ਵਿੱਚ ਉਚੱਾ ਥਾਂ ਦਵਾਇਆ ਹੈ। ਹਿੰਦੂ-ਮੁਸਲਿਮ ਦੀ ਸਾਂਝੀ ਰਹਿਤਲ, ਆਪਸੀ ਮੇਲ-ਜੋਲ, ਧਾਰਮਿਕ ਮੇਲਿਆਂ ਵਿੱਚ ਸ਼ਾਮਿਲ ਹੋਣਾ ਤੇ ਸੰਤਾਂ ਫਕੀਰਾਂ ਦੇ ਮੱਠਾਂ ਅਤੇ ਦਰਗਾਹਾਂ 'ਤੇ ਸੀਸ ਝੁਕਾਉਣਾ, ਲੋਕ ਰਵਾਇਤ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਭਾਸ਼ਾ ਦੀ ਅਮੀਰੀ ਦਾ ਸਿੱਕਾ ਹਰ ਇੱਕ ਨੇ ਮੰਨਿਆ ਹੈ। ਵਾਰਿਸ ਸ਼ਾਹ ਨੇ ਪੰਜਾਬੀ ਦੀਆਂ ਸਾਰੀਆ ਉਪ-ਬੋਲੀਆਂ ਤੋਂ ਸ਼ਬਦਾਂ ਦੀ ਚੋਣ ਕੀਤੀ ਹੈ ਤੇ ਬੜੀ ਖ਼ੂਬਸੂਰਤੀ ਨਾਲ ਉਨ੍ਹਾਂ ਨੂੰ ਵਰਤਿਆ ਹੈ, ਤੇ ਇਹੋ ਹੀਰ ਵਾਰਿਸ ਸ਼ਾਹ ਦੀ ਵਿਸ਼ੇਸ਼ਤਾ ਹੈ।

*** *** ***


CC-0. Sohail Kazmi Collection, Jammu. Digitized by eGangotri

# ਮੌਲਵੀ ਗੁਲਾਮ ਰਸੂਲ ਆਲਮਪੁਰੀ
## ਦਾ ਕਿੱਸਾ ਯੂਸਫ਼ ਜ਼ੁਲੇਖ਼ਾ

ਪੰਜਾਬ ਯੂਨੀਵਰਸਿਟੀ ਦੇ ਮੋਢੀ ਪ੍ਰੋ. ਜੀ.ਡਬਲਯੂ ਲੇਟਨਰ (G.W. Leitner) ਨੇ ਆਪਣੀ ਚਰਚਿਤ ਪੁਸਤਕ 'History of Indigenous Education in Punjab' ਵਿੱਚ ਜਿੱਥੇ ਕਈ ਪੰਜਾਬੀ ਸੂਫ਼ੀ ਸ਼ਾਇਰਾਂ ਤੇ ਸਾਹਿਤਕਾਰਾਂ ਦਾ ਜ਼ਿਕਰ ਕੀਤਾ ਹੈ, ਉਥੇ ਉਨ੍ਹਾਂ ਸੂਫ਼ੀ ਸ਼ਾਇਰ ਤੇ ਯੂਸਫ ਜ਼ੁਲੇਖਾ ਦੇ ਰਚਨਹਾਰ ਮੌਲਵੀ ਗੁਲਾਮ ਰਸੂਲ ਆਲਮਪੁਰੀ ਦਾ ਜ਼ਿਕਰ ਬੜੇ ਆਦਰ ਨਾਲ ਕੀਤਾ ਹੈ। ਉਸਦਾ ਸ਼ੁਮਾਰ ਪੰਜਾਬੀ ਦੇ ਉਚੱਕੋਟੀ ਦੇ ਸ਼ਾਇਰਾਂ ਵਿੱਚ ਕਰਦਿਆਂ ਹੋਇਆਂ ਉਸਦੀਆਂ ਦੋ ਕਿਤਾਬਾਂ 'ਦਾਸਤਾਨ ਅਮੀਰ ਹਮਜ਼ਾ' ਜਿਸ ਨੂੰ ਜੰਗਨਾਮਾ ਅਮੀਰ ਹਮਜ਼ਾ ਵੀ ਕਿਹਾ ਜਾਂਦਾ ਹੈ ਅਤੇ 'ਯੂਸਫ ਜ਼ੁਲੇਖ਼ਾ' ਦਾ ਉਚੇਚੇ ਤੌਰ 'ਤੇ ਵਰਣਨ ਕੀਤਾ ਹੈ।

ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ 29 ਜਨਵਰੀ 1849 ਈ. ਨੂੰ ਪਿੰਡ ਆਲਮਪੁਰ, ਤਹਿਸੀਲ ਦਸੂਹਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜਨਮ ਲਿਆ। ਉਹ ਕੌਮ ਦੇ ਗੁੱਜਰ ਸਨ ਤੇ ਉਨ੍ਹਾਂ ਦੀ ਗੋਤ ਕਿਸਾਨਾ ਸੀ। ਦਾਦੇ ਦਾ ਨਾਂ ਚੌਧਰੀ ਸੁਲਤਾਨ ਅਲੀ ਤੇ ਪਿਤਾ ਦਾ ਨਾਂ ਚੌਧਰੀ ਮੁਰਾਦ ਬਖ਼ਸ਼ ਸੀ। ਮਾਤਾ ਦਾ ਨਾਂ ਰਹਿਮਤ ਬੀਬੀ ਸੀ। ਗੁਲਾਮ ਰਸੂਲ ਆਪਣੇ ਮਾਪਿਆਂ ਦੀ ਇਕਲੌਤੀ ਔਲਾਦ ਸੀ। ਇਹ ਜ਼ਿਮੀਂਦਾਰਾਂ ਦਾ ਘਰ ਸੀ। ਗੁਲਾਮ ਰਸੂਲ ਅਜੇ ਛੇ ਮਹੀਨਿਆਂ ਦੇ ਹੀ ਹੋਏ ਸਨ ਕਿ ਉਨ੍ਹਾਂ ਦੀ ਮਾਂ ਦਾ ਦੇਹਾਂਤ ਹੋ ਗਿਆ। ਬਾਰ੍ਹਾਂ ਸਾਲਾਂ ਦੀ ਉਮਰ ਵਿੱਚ ਪਿਓ ਚੌਧਰੀ ਮੁਰਾਦ ਬਖ਼ਸ਼ ਵੀ ਰੱਬ ਨੂੰ ਪਿਆਰੇ ਹੋ ਗਏ। ਨਾਨਕਿਆਂ ਤੇ ਖਾਨਦਾਨ ਦੇ ਦੂਜੇ ਵੱਡ ਵਡੇਰਿਆਂ ਨੇ ਗੁਲਾਮ ਰਸੂਲ ਹੋਰਾਂ ਨੂੰ ਪੜ੍ਹਾਇਆ ਲਿਖਾਇਆ। ਉਨ੍ਹਾਂ ਮੁੱਢਲੀ ਸਿੱਖਿਆ ਇਸਲਾਮੀ ਮਦਰਸਿਆਂ ਤੇ ਮਕਤਬਿਆਂ, ਤੋਂ ਹਾਸਿਲ ਕੀਤੀ। ਮੌਲਵੀ ਹਾਮਿਦ ਕੋਲੋਂ ਅਰਬੀ ਤੇ ਫਾਰਸੀ ਪੜ੍ਹੀ ਤੇ ਪੰਦਰਾਂ ਸਾਲਾਂ ਦੀ ਉਮਰ ਵਿੱਚ ਹੀ ਸਕੂਲ ਮਾਸਟਰੀ ਕਰਨ ਲੱਗ ਪਏ ਤੇ ਅਠਾਰਾਂ ਵਰ੍ਹਿਆਂ ਤਕ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਬੱਚਿਆਂ ਨੂੰ ਪੜ੍ਹਾਇਆ। ਤੇਤੀ ਸਾਲ ਦੀ ਉਮਰ ਵਿੱਚ ਉਨ੍ਹਾਂ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਸਿਰਫ ਲਿਖਣ-ਪੜ੍ਹਣ ਦਾ ਜਨੂੰਨ ਪਾਲਿਆ। ਮੌਲਵੀ ਗੁਲਾਮ ਰਸੂਲ ਨੇ ਤਿੰਨ ਵਿਆਹ


CC-0. Sohail Kazmi Collection, Jammu. Digitized by eGangotri

ਕਰਵਾਏ। ਪਹਿਲਾ ਵਿਆਹ ਵੀਹ ਸਾਲ ਦੀ ਉਮਰ ਵਿੱਚ 1869 ਨੂੰ ਰਿਆਸਤ ਕਪੂਰਥਲੇ ਦੇ ਪਿੰਡ ਧੁਤਾਂ ਵਿੱਚ ਆਪਣੇ ਮਾਮੇ ਦੀ ਧੀ ਕਰਮੋ ਬੀਬੀ ਨਾਲ ਕਰਵਾਇਆ, ਜਿਹੜੀ ਚਾਰ ਸਾਲਾਂ ਮਗਰੋਂ 1873 ਵਿੱਚ ਅਕਾਲ ਚਲਾਨਾ ਕਰ ਗਈ। ਦੂਜਾ ਵਿਆਹ ਉਨ੍ਹਾਂ ਜ਼ਿਲ੍ਹਾਂ ਹੁਸ਼ਿਆਰਪੁਰ ਦੇ ਪਿੰਡ ਸਕਰਾਲਾ ਵਿਖੇ 1881 ਵਿੱਚ ਕਰਵਾਇਆ ਤੇ ਉਹ ਬੀਬੀ ਵੀ ਪੰਜ ਵਰ੍ਹਿਆਂ ਮਗਰੋਂ 1886 ਵਿੱਚ ਫੌਤ ਹੋ ਗਈ। ਉਸ ਵਿੱਚੋਂ ਇੱਕ ਲੜਕੀ ਆਇਸ਼ਾ ਬੀਬੀ ਪੈਦਾ ਹੋਈ। ਤੇ ਤੀਜਾ ਵਿਆਹ ਉਨ੍ਹਾਂ 1891 ਵਿੱਚ ਹੁਸ਼ਿਆਰਪੁਰ ਦੇ ਪਿੰਡ ਖੰਨਿਆਂ ਵਧਾਇਆ ਦੇ ਚੌਧਰੀ ਗੁਲਾਬ ਗੁੱਜਰ ਦੀ ਧੀ ਜ਼ੈਨਬ ਬੀਬੀ ਨਾਲ ਕਰਵਾਇਆ, ਜਿਹੜੀ ਉਨ੍ਹਾਂ ਦੀ ਆਪਣੀ ਬਰਾਦਰੀ ਵਿੱਚੋਂ ਸੀ। ਉਸ ਵਿੱਚੋਂ ਖਤੀਜਾ ਬੀਬੀ ਨਾਂ ਦੀ ਕੁੜੀ ਨੇ ਜਨਮ ਲਿਆ। ਉਨ੍ਹਾਂ ਦਾ ਕੋਈ ਪੁੱਤਰ ਨਹੀਂ ਸੀ। ਉਨ੍ਹਾਂ ਦੇ ਖਾਨਦਾਨ ਦੀ ਲੜੀ ਇਨ੍ਹਾਂ ਦੋਹਾਂ ਧੀਆਂ ਨਾਲ ਹੀ ਅੱਜ ਤਕ ਚੱਲ ਰਹੀ ਹੈ ਤੇ ਅੱਜ ਉਨ੍ਹਾਂ ਦਾ ਪੜਦੋਤਰਾ ਮਸੂਦ ਅਹਿਮਦ, ਮੌਲਵੀ ਗੁਲਾਮ ਰਸੂਲ ਆਲਮਪੁਰੀ ਦੀ ਸ਼ਖ਼ਸੀਅਤ ਤੇ ਉਨ੍ਹਾਂ ਦੀ ਸ਼ਾਇਰੀ ਬਾਰੇ ਚੋਖਾ ਕੰਮ ਕਰ ਰਿਹਾ ਹੈ। ਮੌਲਵੀ ਸਾਹਿਬ 7 ਮਾਰਚ 1892 ਨੂੰ ਸਿਰਫ 43 ਸਾਲ ਦੀ ਉਮਰ ਵਿੱਚ ਇਸ ਦੁਨੀਆ ਨੂੰ ਛੱਡ ਕੇ ਆਪਣੇ ਮਾਲਕ ਹਕੀਕੀ ਨਾਲ ਜਾ ਰਲੇ। ਪਰ ਇੰਨੀ ਨਿੱਕੀ ਉਮਰ ਵਿੱਚ ਜਿੰਨਾ ਸਾਹਿਤ ਰਚਿਆ, ਜਿੰਨੇ ਕਾਵਿ-ਕਿੱਸੇ ਲਿਖੇ, ਉਹ ਇੰਨੇ ਜ਼ਿਆਦਾ ਹਨ ਕਿ ਸ਼ਾਇਦ ਹੀ ਕਿਸੇ ਹੋਰ ਨੇ ਇੰਨਾ ਕੰਮ ਕੀਤਾ ਹੋਵੇ। ਉਨ੍ਹਾਂ ਦੀ ਜਵਾਨ ਮੌਤ ਬਾਰੇ ਉਨ੍ਹਾਂ ਦਾ ਇੱਕ ਸ਼ੇਅਰ ਇੰਝ ਤਰਜੁਮਾਨੀ ਕਰਦਾ ਹੈ-

"ਨਹੀਂ ਵਫ਼ਾ ਵਿੱਚ ਬਾਦ ਬਹਾਰੀ ਪਈਆਂ ਜਗਤ ਪੁਕਾਰਾਂ।
ਸਦਾ ਨਾ ਬਾਗੀਂ ਬੁਲ ਬੁਲ ਬੋਲੇ ਸਦਾ ਨਾ ਬਾਗ ਬਹਾਰਾਂ।"

ਮੌਲਵੀ ਗੁਲਾਮ ਰਸੂਲ ਹੋਰਾਂ ਨੇ 1864 ਵਿੱਚ ਸਿਰਫ 15 ਸਾਲ ਦੀ ਉਮਰ ਵਿੱਚ ਸਭ ਤੋਂ ਪਹਿਲਾ 'ਜੰਗਨਾਮਾ ਅਮੀਰ ਹਮਜ਼ਾ' ਦਾ ਪਹਿਲਾ ਭਾਗ ਲਿਖਿਆ। ਪੰਜ ਵਰ੍ਹਿਆਂ ਮਗਰੋਂ 19 ਸਾਲ ਦੀ ਉਮਰ ਵਿੱਚ 1869 ਨੂੰ ਦੂਜਾ ਤੇ ਤੀਜਾ ਭਾਗ ਲਿਖਿਆ। ਇਨ੍ਹਾਂ ਤਿੰਨਾਂ ਭਾਗਾਂ ਵਿੱਚ 20 ਹਜ਼ਾਰ ਸ਼ੇਅਰ ਹਨ। ਦਾਸਤਾਨ ਅਮੀਰ ਹਮਜ਼ਾ ਅਸਲ ਵਿੱਚ ਫ਼ਾਰਸੀ ਕਿੱਸਾ ਹੈ, ਜਿਹੜਾ ਵਾਰਤਕ ਵਿੱਚ ਲਿਖਿਆ ਗਿਆ ਤੇ ਆਲਮਪੁਰੀ ਸਾਹਿਬ ਨੇ ਇਸ ਕਿੱਸੇ ਨੂੰ ਪੰਜਾਬੀ ਕਵਿਤਾ ਵਿੱਚ ਢਾਲਿਆ। ਉਹ ਆਪ ਕਹਿੰਦੇ ਹਨ-

"ਕਿਸੇ ਮੂਰਖ ਫ਼ਾਰਸੀ ਲਿਖੀ ਨਸਰ ਤਮਾਮ
ਹਾਲਤ ਅਮ ਰਮੂਲ ਦੀ ਹਮਜ਼ਾ ਜਿਸ ਦਾ ਨਾਮ।"

ਇਸ ਕਿੱਸੇ ਵਿੱਚ ਇਰਾਨੀਆਂ ਤੇ ਅਰਬਾਂ ਦੀ ਸਦੀਆਂ ਤੋਂ ਚੱਲ ਰਹੀ


CC-0. Sohail Kazmi Collection, Jammu. Digitized by eGangotri

ਦੁਸ਼ਮਣੀ ਦੀ ਕਹਾਣੀ ਹੈ ਤੇ ਇਸ ਵਿੱਚ ਅਮੀਰ ਹਮਜ਼ਾ ਤੇ ਇਰਾਨ ਦੇ ਨੌਸ਼ੇਰਵਾਨ ਦੀ ਇੱਕ ਲੰਬੀ ਜੰਗ ਦੀ ਕਹਾਣੀ ਹੈ। ਨੌਸ਼ੇਰਵਾਨ ਇਰਾਨ ਦਾ ਬਾਦਸ਼ਾਹ ਸੀ ਤੇ ਅਮੀਰ ਹਮਜ਼ਾ, ਹਜ਼ਰਤ ਮੁਹੰਮਦ ਦਾ ਚਾਚਾ ਸੀ। ਜੰਗਨਾਮਾ ਅਮੀਰ ਹਮਜ਼ਾ, ਨੌਸ਼ੇਰਵਾਨ ਦੇ ਪਿਤਾ ਕਬਾਦ ਤੋਂ ਸ਼ੁਰੂ ਹੁੰਦਾ ਹੈ। ਫਿਰ ਨੌਸ਼ੇਰਵਾਨ ਦਾ ਦੌਰ ਆਉਂਦਾ ਹੈ। ਉਸਦੇ ਮਗਰੋਂ ਉਸਦਾ ਪੁੱਤਰ ਹਰਮੁਜ਼ ਤੇ ਫਿਰ ਹਰਮੁਜ਼ ਦੇ ਪੁੱਤਰ ਕੱਬਾਦ ਤੇ ਖ਼ਤਮ ਹੋ ਜਾਂਦਾ ਹੈ। ਅਮੀਰ ਹਮਜ਼ਾ, 'ਬਜ਼ਰ ਜਮਹਰ' ਕਾਰਨ ਨੌਸ਼ੇਰਵਾਨ ਦੇ ਦਰਬਾਰ ਵਿੱਚ ਆ ਜਾਂਦਾ ਹੈ ਤੇ ਆਪਣੀ ਬਹਾਦਰੀ ਕਰਕੇ ਸੈਨਾਪਤੀ ਬਣ ਜਾਂਦਾ ਹੈ। ਨੌਸ਼ੇਰਵਾਨ ਦੀ ਧੀ ਮਿਹਰ ਨਿਗਾਰ ਉਸ ਨਾਲ ਪਿਆਰ ਕਰਦੀ ਹੈ। ਇੰਞ ਇਹ ਕਿੱਸਾ ਅੱਗੇ ਵਧਦਾ ਹੈ। ਇਸ ਕਿੱਸੇ ਵਿੱਚ ਸ਼ਬਦਾਂ ਦੀ ਚੋਣ ਕਮਾਲ ਦੀ ਹੈ ਤੇ ਸ਼ਾਇਰੀ ਵਿੱਚ ਮਿਠਾਸ ਹੈ। ਇਸ ਰਚਨਾਵਲੀ ਤੋਂ ਕੁੱਝ ਸ਼ੇਅਰ ਦੇਖੋ-

"ਪਿਓ ਦਾਦੇ ਦੀ ਥਾਂ ਮੈਂ ਅੱਜ ਛੋੜ ਚਲੀ
ਮੇਰੀ ਵਿੱਚ ਪ੍ਰਦੇਸ ਦੇ ਹੋਸੀ ਖ਼ਾਕ ਵਲੀ।"

-0-0-0-

"ਛੋੜ ਚਲੀ ਸਰਦਾਰੀਆਂ ਹੋ ਕੇ ਤੇਰੀ ਨਾਰ
ਨਾਹੀ ਮਨੋ ਵਸਾਰਨਾ ਮੈਨੂੰ ਏਹ ਸਰਦਾਰ।"

-0-0-0-

"ਮੇਰਾ ਮਰਣਾ ਜੀਊਣਾ ਹੋ ਚੁੱਕਾ ਤੈਂ ਨਾਲ
ਅੰਦਰ ਦਰਦ ਵਿਛੋੜਿਆਂ ਜਾਨ ਨਾ ਛੱਡੀ ਘਾਲ।"

-0-0-0-

"ਦਿਲ ਮੇਰਾ ਨਾਸ਼ਾਦ ਤੇ ਘਰ ਮੇਰਾ ਬਰਬਾਦ
ਵਗਦੀ ਮੇਰੀ ਸੀਨਿਓਂ ਦਰਦਾਂ ਦੀ ਫਰਿਆਦ।"

(ਮਿਹਰ ਨਿਗਾਰ ਦੇ ਜਜ਼ਬਾਤ)

ਦਾਸਤਾਨ ਅਮੀਰ ਹਮਜ਼ਾ ਤੋਂ ਇਲਾਵਾ ਮੌਲਵੀ ਗੁਲਾਮ ਆਲਮਪੁਰੀ ਨੇ ਜਿਹੜੀਆਂ ਦੂਜੀਆਂ ਪੁਸਤਕਾਂ ਲਿਖੀਆਂ ਉਨ੍ਹਾਂ ਦਾ ਵੇਰਵਾ ਇੰਞ ਹੈ-

ਸੀਹਰਫੀ ਹੁਲੀਆ ਸ਼ਰੀਫ- ਹਜ਼ਰਤ ਮੁਹੰਮਦ ਦੀ ਸ਼ਾਨ ਵਿੱਚ ਲਿਖੀਆਂ ਸੀਹਰਫੀਆਂ। ਇੱਕ ਸੀਹਰਫੀ ਦਾ ਨਮੂਨਾ ਵੇਖੋ-

"ਆਉ ਮਹਿਬੂਬ ਦਾ ਦੀਦ ਕਰੀਏ, ਜਿਦੇ ਹੁਸਨ ਜਮਾਲ ਦੀ ਸ਼ਾਨ ਭਾਰੀ
ਜਿਸ ਦੇ ਨੂਰ ਜ਼ਹੂਰ ਥੀਂ ਤਬਕ ਚੌਦਾਂ ਕੁਰਸੀ ਅਰਸ਼ ਜੱਨਤ ਤਬਕਾਤ ਨਾਰੀ।
ਜਿਸ ਦੀ ਇਸ਼ਕ ਦੀ ਤੇਗ ਨੇ ਅਰਬ ਕੁੱਠਾ ਸਣੇ ਅਜਬ ਪ੍ਰਦੇਸ ਦੀ ਖਲਕ ਸਾਰੀ


CC-0. Sohail Kazmi Collection, Jammu. Digitized by eGangotri

ਜਾਨੀ ਯਾਰ ਦੀ ਯਾਰ ਨੂੰ ਵਾਰ ਇੱਕ ਵਾਰ ਨਾ ਲਿਖ ਹਜ਼ਾਰ ਵਾਰੀ।"

ਸੀਹਰਫੀ ਸੱਸੀ ਪੁੰਨੂ: ਇਸ ਵਿੱਚ ਸੱਸੀ ਪੁਨੂੰ ਦਾ ਕਿੱਸਾ ਬਿਆਨ ਕੀਤਾ ਗਿਆ ਹੈ। ਦੋ ਸੀਹਰਫੀਆਂ ਉਦਾਹਰਣ ਵੱਜੋਂ ਇੰਝ ਹਨ-

"ਬਿਰਹੁੰ ਦੇ ਕਹਿਰ ਦੁਗਾੜੇ ਮੇਟੇ ਦਿਲ ਵਿੱਚ ਕਾਰੀ ਲੱਗੇ
ਕਰ ਘਾਇਲ ਸੁੱਟ ਗਏ ਸ਼ਿਕਾਰੀ ਕੀ ਜਾਣਾ ਕਿਤ ਵੱਲ ਵੱਗੇ
ਕਰ ਕੇ ਜੁਦਾ ਪੁੰਨੂ ਥੀਂ ਮੈਨੂੰ ਮੇਰੇ ਦੁੱਖਾਂ ਨੇ ਸੁੱਖ ਠੱਗੇ
ਵੇਖ ਗੁਲਾਮ ਰਸੂਲ ਸੱਸੀ ਨੂੰ ਜਿਹੜੀ ਮਰਦੀ ਮਰਣੂ ਅੱਗੇ।"

-0-0-0-

"ਜ਼ਾਰੋ ਜ਼ਾਰ ਸੱਸੀ ਪਈ ਰੋਂਦੀ ਅੰਮਾ ਪਕੜ ਪੱਲੂ ਖਲਿਆਰੇ
ਨਾ ਕਰ ਪਿੱਛਾ ਏਹੋ ਜੇਹਾਂ ਦਾ ਜਿਹੜੇ ਪਾਪ ਕਰਨ ਹਥਿਆਰੇ
ਨਦੀਆਂ ਚੀਰ ਮਿਲੇਂਦੇ ਸਾਜਣ ਤੇ ਏਹ ਗੱਲ ਥੀਂ ਲਾ ਸੁਧਾਰੇ
ਗੁਲਾਮ ਰਸੂਲ ਕੀ ਪ੍ਰੀਤ ਤਿਨਹਾਂ ਦੀ ਜਿਹੜੇ ਦਰਦ ਨਾ ਵੰਡਣ ਹਾਰੇ।"

ਸੀਹਰਫੀ ਚੋਪਟ ਨਾਮਾ- ਇਸ ਵਿੱਚ ਪਿਆਰ ਮੁਹੱਬਤ, ਹਿਜ਼ਰ ਤੇ ਜੁਦਾਈ ਦੀਆਂ ਗੱਲਾਂ ਹਨ। ਉਦਾਹਰਣ ਲਈ ਦੋ ਸੀਹਰਫੀਆਂ-

"ਉਜਾਗਰ ਕੀਤਿਆਂ ਤੇਰੇ ਇਸ਼ਕ ਅਨੋਖੇ
ਆ ਮਿਲ ਮੈਨੂੰ ਸੋਹਣਿਆ ਹੁਣ ਦੇ ਨਾ ਧੋਖੇ
ਵਰਦੀ ਚਮਕ ਜਮਾਲ ਦੀ ਵਿੱਚ ਇਸ਼ਕ ਝਰੋਖੇ
ਅੱਖੀਂ ਥੀਂ ਜੇ ਦੂਰ ਹੈਂ ਨਹੀਂ ਦਿਲੋਂ ਪਰੋਖੇ।"

-0-0-0-

"ਸਾਬਤ ਹੋ ਖੜੀ ਹਾਂ ਮੈਨੂੰ ਛੋੜ ਨਾ ਜਾਈਂ
ਨਾਲ ਤੇਰੇ ਪੰਧ ਟੁਰੀ ਹਾਂ ਮੈਨੂੰ ਮੋੜ ਨਾ ਜਾਈਂ
ਇਹ ਦਿਲ ਸ਼ੀਸ਼ਾ ਸ਼ੌਕ ਦਾ ਮੈਨੂੰ ਛੋੜ ਨਾ ਜਾਈਂ
ਮੈਂ ਹੱਥ ਪੱਲੂ ਪਕੜਿਆ ਹੱਥ ਤੋੜ ਨਾ ਜਾਈਂ।"

ਪੰਧ ਨਾਮਾ- ਇੱਕ ਵਾਰ ਕਿਸੇ ਬੁੱਢੀ ਸਵਾਣੀ ਨੇ ਮੌਲਵੀ ਸਾਹਿਬ ਕੋਲੋਂ ਇੱਕ ਪਿੰਡ ਦਾ ਰਸਤਾ ਪੁੱਛਿਆ ਤਾਂ ਉਨ੍ਹਾਂ ਪੰਧ ਨਾਮਾ ਲਿਖ ਛੱਡਿਆ। ਜਿਸ ਵਿੱਚ ਪੰਜਾਬ ਦੇ ਸ਼ਹਿਰਾਂ ਤੇ ਪਿੰਡਾਂ ਦੇ 212 ਨਾਂ ਕਵਿਤਾ ਵਿੱਚ ਗਿਣਾ ਦਿੱਤੇ। ਦੋ ਤੁਕਾਂ ਤੁਸੀਂ ਵੀ ਪੜ੍ਹ ਲਵੋ-

"ਆਲਮਪੁਰ, ਚੱਕ, ਬੱਲੜ, ਕਾਲਮ, ਕਾਲਵਾਂ, ਮਿਆਣੀ
ਖੋਖਰ, ਡੋਗਰ, ਤੱਲਾਂ, ਮੱਦਾ, ਪੰਡੋਰੀ, ਲੁਡਿਆਣੀ
ਪੁੱਲ ਪੁਖਤਾ, ਫਿਰੋਜ਼, ਦੁਬੁਰਜੀ, ਟਾਂਡਾ, ਕੱਖਾਂ ਜਾਵਾਂ


CC-0. Sohail Kazmi Collection, Jammu. Digitized by eGangotri

ਉੜਮੁੜ, ਯਹੀਯਾਪੁਰ, ਤਲਵੰਡੀ, ਖੱਡਾ, ਧੱਗਾਂ, ਰਾਵਾਂ।"

ਗੁੱਜਰਨਾਮਾ- ਇਸ ਵਿੱਚ ਗੁੱਜਰ ਕੌਮ ਦੇ ਹਾਲਾਤ, ਨਸਲ, ਜ਼ਾਤ ਤੇ ਗੋਤਾਂ ਬਾਰੇ ਗੱਲ ਕੀਤੀ ਗਈ ਹੈ।

ਰੂਹ-ਉਲ-ਤਰਸੀਲ- 256 ਸ਼ੇਅਰਾਂ ਦੀ ਇਸ ਨਜ਼ਮ ਵਿੱਚ ਕੁਰਾਨ ਮਜੀਦ ਵਿੱਚ ਦਰਜ ਸੂਰਤਾਂ (ਕਾਂਡਾਂ) ਦਾ ਪੰਜਾਬੀ ਤਰਜਮਾਂ ਕੀਤਾ ਗਿਆ ਹੈ-

"ਇਹ ਕਵਾਇਦ ਚੰਦ ਜ਼ਰੂਰੀ ਕਾਰਨ ਮੋਮਨ ਭਾਈਆਂ
ਮੈਂ ਪੰਜਾਬੀ ਬੋਲੀ ਅੰਦਰ ਬੈਂਤਾਂ ਸਾਫ਼ ਸੁਣਾਈਆਂ।"

ਕਿੱਸਾ ਯੂਸਫ਼ ਜ਼ੁਲੇਖ਼ਾ- ਇਸ ਦਾ ਨਾਂ ਮੌਲਵੀ ਗੁਲਾਮ ਰਸੂਲ ਨੇ 'ਆਹਸਨ-ਉਲ-ਕਸੱਸ' ਰੱਖਿਆ ਹੈ। ਆਹਸਨ ਦਾ ਮਤਲਬ ਵਧੀਆ, ਸੋਹਣਾ, ਚੰਗਾ, ਖ਼ੂਬਸੂਰਤ ਹੈ ਤੇ ਕਸੱਸ ਦਾ ਮਤਲਬ ਕਿੱਸਾ ਹੈ। ਕਸੱਸ ਕਿਸੇ ਦੀ ਜਮਾ ਹੈ। ਇਸਦਾ ਮਤਲਬ ਇਹ ਹੋਇਆ ਕਿ ਵਧੀਆ ਕਿੱਸੇ। ਇਸ ਕਿੱਸੇ ਵਿੱਚ ਕੁਰਾਨ ਦੀ ਸੂਰਤ 'ਯੂਸਫ਼' ਦੀ ਤਫ਼ਸੀਰ (ਵਿਸਥਾਰ) ਕਵਿਤਾ ਵਿੱਚ ਦਿੱਤੀ ਗਈ ਹੈ। ਯੂਸਫ਼ ਜ਼ੁਲੇਖ਼ਾ ਦਾ ਕਿੱਸਾ ਬਾਈਬਲ ਵਿੱਚ ਤੇ ਕੁਰਾਨ ਵਿੱਚ ਲਗਭਗ ਇੱਕੋ ਜਿਹਾ ਦਿੱਤਾ ਗਿਆ ਹੈ। ਦੂਜੀਆਂ ਇਲਹਾਮੀ ਕਿਤਾਬਾਂ ਵਿੱਚ ਵੀ ਇਸਦਾ ਜ਼ਿਕਰ ਹੈ। ਯੂਸਫ਼ ਜ਼ੁਲੇਖ਼ਾ ਦਾ ਕਿੱਸਾ ਪੰਜਾਬੀ ਵਿੱਚ ਮੌਲਵੀ ਸਾਹਿਬ ਦਾ ਇੱਕ ਸ਼ਾਹਕਾਰ ਹੈ। ਇਹ ਕਿੱਸਾ ਸਭ ਤੋਂ ਪਹਿਲਾਂ ਫ਼ਾਰਸੀ ਵਿੱਚ ਮੌਲਾਣਾ ਜਾਮੀਂ ਨੇ 'ਦਾਸਤਾਂ-ਇ-ਜ਼ੁਲੇਖ਼ਾ' ਦੇ ਸਿਰਨਾਵੇ ਹੇਠ ਲਿਖਿਆ। ਮੌਲਵੀ ਸਾਹਿਬ ਨੇ ਜਾਮੀ ਦੀ ਪੁਸਤਕ ਤੋਂ ਪ੍ਰਭਾਵਿਤ ਹੋ ਕੇ ਅਤੇ ਹਜ਼ਰਤ ਯੂਸਫ਼ ਦੀ ਸੂਰਤ ਅਤੇ ਤਫ਼ਸੀਰ ਨੂੰ ਕੁਰਾਨ 'ਚੋਂ ਪੜ੍ਹ ਕੇ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਆਹਸਨ-ਉਲ-ਕਸੱਸ ਜਾਂ ਯੂਸਫ਼ ਜ਼ੁਲੇਖ਼ਾ ਦਾ ਕਿੱਸਾ ਬਣਾਇਆ। ਪੰਜਾਬੀ ਦੇ ਇਸ ਅਣਮੁੱਲੇ ਕਿੱਸੇ ਵਿੱਚ 6666 ਸ਼ਿਅਰ ਹਨ। ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ ਯੂਸਫ਼ ਜ਼ੁਲੇਖ਼ਾ ਦਾ ਕਿੱਸਾ 1873 ਵਿੱਚ ਲਿਖਿਆ ਤੇ ਉਸ ਵੇਲੇ ਉਨ੍ਹਾਂ ਦੀ ਉਮਰ 24 ਸਾਲ ਸੀ। ਇਸ ਕਿੱਸੇ ਦਾ ਇਤਿਹਾਸਕ ਪਿਛੋਕੜ ਇੰਝ ਹੈ-

ਹਜ਼ਰਤ ਇਬਰਾਹੀਮ ਦੀਆਂ ਦੋ ਬੀਵੀਆਂ ਸਨ। ਇੱਕ ਵਿੱਚੋਂ ਉਨ੍ਹਾਂ ਦਾ ਪੁੱਤਰ ਇਸਹਾਕ ਸੀ ਤੇ ਦੂਜੀ ਵਿੱਚੋਂ ਇਸਮਾਇਲ। ਇਸਮਾਇਲ ਦੀ ਔਲਾਦ ਦੀ ਨਸਲ ਵਿੱਚੋਂ ਹਜ਼ਰਤ ਮੁਹੰਮਦ ਸਨ, ਜਿਨ੍ਹਾਂ ਇਸਲਾਮ ਧਰਮ ਦੀ ਬੁਨਿਆਦ ਰੱਖੀ। ਇਸਹਾਕ ਦੀ ਔਲਾਦ ਵਿੱਚੋਂ ਯਾਕੂਬ, ਯੂਸਫ਼, ਮੂਸਾ ਆਦਿ ਸਨ। ਇਹ ਸਾਰੇ ਰੱਬ ਦੇ ਪੈਗੰਬਰ ਸਨ। ਹਜ਼ਰਤ ਯਾਕੂਬ ਦੀਆਂ ਵੀ ਦੋ ਬੀਵੀਆਂ ਸਨ। ਇੱਕ ਵਿੱਚੋਂ 5 ਪੁੱਤਰ, ਇੱਕ ਧੀ ਅਤੇ ਦੂਜੀ ਪਤਨੀ ਵਿੱਚੋਂ ਹਜ਼ਰਤ ਯੂਸਫ਼ ਤੇ ਬਿਨਯਾਮੀਨ ਸਨ। ਬਿਨਯਾਮੀਨ ਦੇ ਜਨਮ ਮਗਰੋਂ ਉਨ੍ਹਾਂ ਦੀ ਮਾਂ ਮਰ ਗਈ ਤੇ ਕਨੀਜ਼ ਨੇ ਉਸਨੂੰ



CC-0. Sohail Kazmi Collection, Jammu. Digitized by eGangotri

ਆਪਣਾ ਦੁੱਧ ਪਿਲਾਇਆ। ਬਾਲੀ ਉਮਰ ਵਿੱਚ ਯੂਸਫ ਨੂੰ ਭੂਆ ਕੋਲ ਪਲਣ ਲਈ ਭੇਜ ਦਿੱਤਾ, ਪਰ ਜਦ ਭੂਆ ਦਾ ਦੇਹਾਂਤ ਹੋ ਗਿਆ ਤਾਂ ਹਜ਼ਰਤ ਯਾਕੂਬ ਨੇ ਯੂਸਫ ਨੂੰ ਆਪਣੇ ਕੋਲ ਬੁਲਾਇਆ ਤੇ ਉਹਨੂੰ ਪਾਲਣ ਲੱਗੇ। ਯੂਸਫ ਬੜਾ ਸੋਹਣਾ ਸੀ ਅਤੇ ਕੁਰਾਨ ਮੁਤਾਬਿਕ ਸਾਰੇ ਪੈਗੰਬਰਾਂ ਵਿੱਚੋਂ ਯੂਸਫ ਸਭ ਤੋਂ ਵੱਧ ਸੋਹਣਾ ਸੀ। ਸੱਤ ਸਾਲ ਦੀ ਉਮਰ ਵਿੱਚ ਯੂਸਫ ਨੂੰ ਸੁਪਨਾ ਆਇਆ ਕਿ ਉਸਦੇ ਭਰਾ ਉਸਨੂੰ ਜੰਗਲ ਵਿੱਚ ਛੱਡ ਆਏ ਹਨ। ਅੱਠਵੇਂ ਸਾਲ ਉਹਨੂੰ ਮੁੜ ਸੁਪਨਾ ਆਇਆ ਕਿ ਉਨ੍ਹਾਂ ਦੇ ਭਰਾਵਾਂ ਨੇ ਯੂਸਫ ਨੂੰ ਖੂਹ ਵਿੱਚ ਸੁੱਟ ਦਿੱਤਾ ਹੈ। ਅਗਲੇ ਸਾਲ ਉਨ੍ਹਾਂ ਨੂੰ ਸੁਪਨਾ ਆਇਆ ਕਿ ਦਸ ਬਗਿਆੜਾਂ ਨੇ ਉਸਨੂੰ ਘੇਰਿਆ ਹੋਇਆ ਹੈ ਤੇ ਦੰਦਾਂ ਨਾਲ ਉਸਨੂੰ ਵੱਢ ਰਹੇ ਹਨ। ਦਸਵੇਂ ਸਾਲ ਵਿੱਚ ਹਜ਼ਰਤ ਯੂਸਫ ਨੇ ਸੁਪਨੇ ਵਿੱਚ ਵੇਖਿਆ ਕਿ ਉਹ ਸੂਰਜ ਵਾਂਗ ਰੋਸ਼ਨ ਹੈ ਤੇ ਉਸਦੇ ਤਨ ਦਾ ਜੁੱਸਾ ਨਹੀਂ ਹੈ ਤੇ ਮਿਸਰ ਦੇ ਵੱਡੇ-ਵੱਡੇ ਸਰਦਾਰ ਉਸਨੂੰ ਸਲਾਮਾਂ ਕਰ ਰਹੇ ਹਨ। ਇਹ ਖ੍ਵਾਬ ਯੂਸਫ ਨੇ ਆਪਣੇ ਪਿਤਾ ਹਜ਼ਰਤ ਯਾਕੂਬ ਨੂੰ ਸੁਣਾਇਆ। ਪਿਤਾ ਨੇ ਸੁਪਨੇ ਦੀ ਤਾਬੀਰ ਦੱਸੀ ਕਿ ਉਹ ਕਿਸੇ ਵੇਲੇ ਮਿਸਰ ਦਾ ਹਾਕਮ ਬਣੇਗਾ, ਨਾਲੇ ਸਖ਼ਤੀ ਨਾਲ ਮਨ੍ਹਾਂ ਕੀਤਾ ਕਿ ਉਹ ਖ੍ਵਾਬ ਆਪਣੇ ਮਤਰੇਏ ਭਰਾਵਾਂ ਨੂੰ ਨਾ ਦੱਸੇ, ਪਰ ਉਸਦੀ ਮਤਰੇਈ ਮਾਂ ਮਾਰਵਾਂ ਨੇ ਇਹ ਸੁਣ ਲਿਆ ਤੇ ਆਪਣੇ ਪੁੱਤਰਾਂ ਨੂੰ ਜਾ ਸੁਣਾਇਆ। ਸਾਰੇ ਮਤਰੇਏ ਭਰਾ ਹਸੱਦ ਦੀ ਅੱਗ ਵਿੱਚ ਸੜਣ ਲੱਗੇ ਤੇ ਉਨ੍ਹਾਂ ਯੂਸਫ ਨੂੰ ਮਾਰਨ ਦਾ ਮਨਸੂਬਾ ਬਣਾਇਆ। ਇੱਕ ਦਿਨ ਉਹ ਆਪਣੇ ਪਿਤਾ ਹਜ਼ਰਤ ਯਾਕੂਬ ਨੂੰ ਕਹਿਣ ਲੱਗੇ ਕਿ ਉਹ ਸਾਰੇ ਜੰਗਲ ਵਿੱਚ ਸ਼ਿਕਾਰ ਕਰਨ ਜਾ ਰਹੇ ਹਨ ਤੇ ਯੂਸਫ ਨੂੰ ਵੀ ਆਪਣੇ ਨਲ ਲਿਜਾਣਾ ਚਾਹੁੰਦੇ ਹਨ, ਤਾਂ ਜੋ ਉਹ ਵੀ ਸਾਡੇ ਨਾਲ ਸ਼ਿਕਾਰ ਖੇਡੇ। ਪਰ ਹਜ਼ਰਤ ਯਾਕੂਬ ਨੇ ਯੂਸਫ ਨੂੰ ਨਾਲ ਘੱਲਣ ਤੋਂ ਇਨਕਾਰ ਕਰ ਦਿੱਤਾ। ਜਦ ਭਰਾਵਾਂ ਤਰਲੇ ਮਿੰਨਤਾਂ ਕੀਤੀਆਂ ਤਾਂ ਉਹ ਕਿਤੇ ਰਾਜ਼ੀ ਹੋਏ। ਯੂਸਫ ਦੇ ਮਤਰੇਏ ਭਰਾਵਾਂ ਉਸਨੂੰ ਜੰਗਲ ਵਿੱਚ ਲਿਆ ਕੇ ਪਹਿਲਾਂ ਰੱਜ ਕੇ ਮਾਰਿਆ, ਫਿਰ ਉਹ ਉਸਨੂੰ ਕਤਲ ਕਰਨ ਲੱਗੇ। ਪਰ ਇੱਕ ਭਰਾ ਯਾਹੂਦ ਨੇ ਆਪਣੇ ਵੱਡੇ ਭਰਾ ਸ਼ਆਮੂਨ ਨੂੰ ਰੋਕਿਆ ਅਤੇ ਕਿਹਾ ਕਿ ਮਾਰਨ ਦੀ ਥਾਂ ਇਸਨੂੰ ਖੂਹ ਵਿੱਚ ਸੁੱਟ ਦਿਉ, ਆਪੇ ਭੁੱਖਾ ਮਰ ਜਾਵੇਗਾ। ਸਭ ਨੇ ਮਿਲ ਯੂਸਫ ਨੂੰ ਖੂਹ ਵਿੱਚ ਸੁੱਟ ਦਿੱਤਾ। ਸ਼ਾਮੀ ਘਰ ਆਉਂਦਿਆਂ ਉਨ੍ਹਾਂ ਰਸਤੇ ਵਿੱਚ ਇੱਕ ਬੱਕਰੀ ਨੂੰ ਮਾਰ ਕੇ ਉਸਦਾ ਖ਼ੂਨ ਇੱਕ ਕੁੜਤੇ ਉਤੇ ਡੋਲਿਆ ਤੇ ਬਾਪ ਨੂੰ ਦੱਸਿਆ ਕਿ ਯੂਸਫ ਨੂੰ ਬਗਿਆੜਾਂ ਨੇ ਮਾਰ ਦਿੱਤਾ ਹੈ ਤੇ ਉਸਦਾ ਮਾਸ ਖਾ ਲਿਆ ਹੈ। ਹਜ਼ਰਤ ਯਾਕੂਬ ਰੋ ਰੋ ਕੇ ਬੇਹਾਲ ਹੋਏ, ਪਰ ਬਗਿਆੜਾਂ ਵਾਲੀ ਗੱਲ ਉਨ੍ਹਾਂ ਨੂੰ ਹਜ਼ਮ ਨਹੀਂ ਹੋਈ ਤੇ ਉਨ੍ਹਾਂ ਪੁੱਤਰਾਂ ਨੂੰ ਕਿਹਾ ਕਿ ਤੁਸਾਂ ਯੂਸਫ ਨੂੰ ਆਪ ਮਾਰਿਆ


CC-0. Sohail Kazmi Collection, Jammu. Digitized by eGangotri

ਹੈ ਤੇ ਦੋਸ਼ ਗੁਰਗ 'ਤੇ ਦੇ ਰਹੇ ਹੋ। ਦੂਜੇ ਦਿਨ ਸਾਰੇ ਭਰਾ ਇਹ ਦੇਖਣ ਲਈ ਜੰਗਲ ਵੱਲ ਤੁਰ ਪਏ ਕਿ ਯੂਸਫ ਖੂਹ ਵਿੱਚ ਡਿੱਗਾ ਭੁੱਖ ਨਾਲ ਮਰਿਆ ਹੈ ਕਿ ਨਹੀਂ। ਜਦ ਉਹ ਖੂਹ ਕੋਲ ਪਹੁੰਚੇ ਤਾਂ ਉਨ੍ਹਾਂ ਵੇਖਿਆ, ਮਾਲਕ ਇਬਨੇ ਜ਼ਗਰ ਨਾਂ ਦਾ ਇੱਕ ਵਪਾਰੀ ਆਪਣਾ ਕਾਰਵਾਂ ਲੈ ਕੇ ਖੂਹ ਕੋਲ ਖਲੋਤਾ ਹੈ ਤੇ ਉਸਦੇ ਦੋ ਚਾਕਰ ਇੱਕ ਵੱਡੇ ਡੋਲ ਨੂੰ ਖੂਹ ਵਿੱਚ ਲਮਕਾ ਕੇ ਉਸ ਵਿੱਚ ਯੂਸਫ ਨੂੰ ਬਿਠਾ ਕੇ ਖੂਹ ਵਿੱਚੋਂ ਬਾਹਰ ਖਿੱਚ ਰਹੇ ਹਨ। ਚਾਕਰ ਯੂਸਫ ਨੂੰ ਖੂਹ ਵਿੱਚੋਂ ਬਾਹਰ ਕੱਢ ਕੇ ਆਪਣੇ ਮਾਲਕ ਕੋਲ ਲੈ ਆਏ। ਭਰਾਵਾਂ ਨੇ ਜਦ ਯੂਸਫ ਨੂੰ ਜ਼ਿੰਦਾ ਵੇਖਿਆ ਤਾਂ ਉਨ੍ਹਾਂ ਮਾਲਕ ਇਬਨੇ ਜ਼ਗਰ ਨੂੰ ਕਿਹਾ ਕਿ ਯੂਸਫ ਉਨ੍ਹਾਂ ਦਾ ਗੁਲਾਮ ਹੈ ਤੇ ਜੇ ਮਾਲਕ ਉਸਨੂੰ ਖ਼ਰੀਦਣਾ ਚਾਹੁੰਦਾ ਹੈ ਤਾਂ ਉਸਦਾ ਮੁੱਲ ਚੁਕਾਵੇ। ਮਾਲਕ ਨੇ ਮੁੱਲ ਦੇ ਕੇ ਯੂਸਫ ਨੂੰ ਖ਼ਰੀਦ ਲਿਆ ਤੇ ਗੁਲਾਮ ਬਣਾ ਕੇ ਮਿਸਰ ਦੇ ਬਾਜ਼ਾਰ ਵਿੱਚ ਉਸਨੂੰ ਵੇਚਣ ਦੀ ਢੋਂਡੀ ਪਿਟਵਾ ਦਿੱਤੀ। ਯੂਸਫ ਦੀ ਖ਼ੂਬਸੂਰਤੀ ਨੂੰ ਵੇਖ ਕੇ ਚੋਖੀ ਭੀੜ ਇੱਕੱਠੀ ਹੋ ਗਈ ਤੇ ਇਸ ਭੀੜ ਵਿੱਚ ਇੱਕ ਗਰੀਬ ਬੁੱਢੀ ਔਰਤ ਵੀ ਸੀ, ਜਿਹੜੀ ਯੂਸਫ ਨੂੰ ਇੱਕ ਸੂਤ ਦੀ ਅੱਟੀ ਬਦਲੇ ਖ਼ਰੀਦਣਾ ਚਾਹੁੰਦੀ ਸੀ। ਸਾਰਿਆਂ ਨੇ ਉਸਦਾ ਮਜ਼ਾਕ ਉਡਾਇਆ। ਯੂਸਫ ਦੀ ਖ਼ੂਬਸੂਰਤੀ ਦਾ ਚਰਚਾ ਮਿਸਰ ਦੇ ਬਾਦਸ਼ਾਹ ਸ਼ਾਹ ਕੈਤੂਸ ਆਜ਼ੀਜ਼ ਤਕ ਪਹੁੰਚ ਗਿਆ ਤੇ ਉਹ ਵੀ ਬੋਲੀ ਦੇਣ ਆ ਗਿਆ। ਬੋਲੀ ਇਸ ਗੱਲ 'ਤੇ ਮੁੱਕੀ ਕਿ ਜਿਹੜਾ ਮਾਲਕ ਇਬਨੇ ਜ਼ਗਰ ਨੂੰ ਯੂਸਫ ਦੇ ਤੋਲ ਬਰਾਬਰ ਸੋਨੇ ਦੇ ਦਿਨਾਰ ਦੇਵੇਗਾ, ਉਹੀ ਯੂਸਫ ਨੂੰ ਖ਼ਰੀਦ ਸਕਦਾ ਹੈ। ਮਿਸਰ ਦੇ ਬਾਦਸ਼ਾਹ ਨੇ ਯੂਸਫ ਦੇ ਵਜ਼ਨ ਬਰਾਬਰ ਦਿਨਾਰ ਦੇ ਕੇ ਖ਼ਰੀਦ ਲਿਆ। ਉਸ ਜ਼ਮਾਨੇ ਵਿੱਚ ਅਰਬਾਂ ਤੇ ਅਬਰਾਨੀਆਂ ਵਿੱਚ ਗੁਲਾਮ ਖ਼ਰੀਦਣ ਤੇ ਵੇਚਣ ਦਾ ਰਿਵਾਜ ਆਮ ਸੀ। ਮਿਸਰ ਦਾ ਬਾਦਸ਼ਾਹ ਉਸਨੂੰ ਆਪਣੇ ਮਹਿਲ ਵਿੱਚ ਲੈ ਕੇ ਆ ਗਿਆ ਤੇ ਉਸਦੀ ਖ਼ੂਬਸੂਰਤੀ ਤੋਂ ਪ੍ਰਭਾਵਿਤ ਹੋ ਕੇ ਉਸਨੂੰ ਆਪਣੇ ਦਰਬਾਰ ਵਿੱਚ ਆਪਣੇ ਕੋਲ ਬਿਠਾਉਣਾ ਸ਼ੁਰੂ ਕਰ ਦਿੱਤਾ। ਬਾਦਸ਼ਾਹ ਯੂਸਫ ਦੀ ਖ਼ੂਬਸੂਰਤੀ ਨੂੰ ਵੇਖ-ਵੇਖ ਬਹੁਤ ਖੁਸ਼ ਹੁੰਦਾ। ਮਿਸਰ ਦੇ ਬਾਦਸ਼ਾਹ ਦੀ ਧੀ ਜ਼ੁਲੇਖ਼ਾਂ ਨੇ ਜਦ ਯੂਸਫ ਨੂੰ ਵੇਖਿਆ ਤਾਂ ਉਹ ਉਸ 'ਤੇ ਆਸ਼ਿਕ ਹੋ ਗਈ। ਉਹ ਯੂਸਫ 'ਤੇ ਡੋਰੇ ਪਾਉਣ ਲੱਗ ਪਈ ਤੇ ਉਸਨੂੰ ਹਾਸਿਲ ਕਰਨ ਲਈ ਯਤਨ ਕਰਨ ਲੱਗੀ। ਜ਼ੁਲੇਖ਼ਾ ਯੂਸਫ ਦਾ ਵਸਾਲ ਚਾਹੁੰਦੀ ਸੀ, ਪਰ ਯੂਸਫ ਇਨਕਾਰ ਕਰਦਾ ਸੀ ਤੇ ਕਹਿੰਦਾ ਸੀ ਕਿ ਉਹ ਆਪਣੇ ਮਾਲਿਕ ਨਾਲ ਗੱਦਾਰੀ ਨਹੀਂ ਕਰ ਸਕਦਾ। ਜਦ ਜ਼ੁਲੇਖ਼ਾ ਦਾ ਕੋਈ ਵੀ ਹਰਬਾ ਕਾਮਯਾਬ ਨਾ ਹੋਇਆ ਤਾਂ ਉਸਨੇ ਆਪਣੇ ਪਿਤਾ ਬਾਦਸ਼ਾਹ ਅਜ਼ੀਜ਼ ਕੋਲ ਯੂਸਫ 'ਤੇ ਇਲਜ਼ਾਮ ਲਗਾਇਆ ਕਿ ਉਸਨੇ ਮੇਰੀ ਪੱਤ ਲੁੱਟਣ ਦੀ ਕੋਸ਼ਿਸ਼ ਕੀਤੀ ਹੈ ਤੇ ਮੇਰੀ ਕਮੀਜ਼ ਫਾੜ ਦਿੱਤੀ



CC-0. Sohail Kazmi Collection, Jammu. Digitized by eGangotri

ਹੈ ਤੇ ਮੈਂ ਬੜੀ ਮੁਸ਼ਕਿਲ ਨਾਲ ਆਪਣੀ ਪੱਤ ਨੂੰ ਬਚਾਇਆ ਹੈ। ਬਾਦਸ਼ਾਹ ਇਹ ਸੁਣ ਕੇ ਕ੍ਰੋਧ ਨਾਲ ਲਾਲ ਪੀਲਾ ਹੋ ਗਿਆ ਤੇ ਉਸਨੇ ਯੂਸਫ ਨੂੰ ਕੈਦ ਕਰਨ ਦਾ ਫੈਸਲਾ ਕਰ ਲਿਆ। ਪਰ ਯੂਸਫ ਨੇ ਇਸ ਇਲਜ਼ਾਮ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਦੱਸਿਆ ਕਿ ਜ਼ੁਲੇਖ਼ਾ ਆਪ ਉਸ ਨਾਲ ਜ਼ਿਆਦਤੀ ਕਰ ਰਹੀ ਸੀ।

ਬਾਦਸ਼ਾਹ ਨੇ ਜਦ ਸਬੂਤ ਮੰਗਿਆ ਤਾਂ ਉਸਨੇ ਜ਼ੁਲੇਖ਼ਾ ਦੀ ਨੌਕਰਾਣੀ ਦੇ ਕੁੱਛੜ ਵਿੱਚ ਬੈਠੇ ਦੁੱਧ ਪੀਂਦੇ ਬੱਚੇ ਨੂੰ ਗਵਾਹ ਦੇ ਤੌਰ 'ਤੇ ਪੇਸ਼ ਕੀਤਾ। ਜਦ ਬਾਦਸ਼ਾਹ ਨੇ ਪੁੱਛਿਆ ਕਿ ਇਹ ਦੁੱਧ ਪੀਂਦਾ ਬੱਚਾ ਕਿੰਝ ਬੋਲੇਗਾ ਤਾਂ ਯੂਸਫ ਨੇ ਕਿਹਾ ਕਿ ਤੁਸੀਂ ਪੁੱਛੋ ਬੱਚਾ ਜਵਾਬ ਦੇਵੇਗਾ। ਬਾਦਸ਼ਾਹ ਨੇ ਜਦ ਬੱਚੇ ਨੂੰ ਪੁੱਛਿਆ ਤਾਂ ਉਹ ਬੋਲ ਪਿਆ ਅਤੇ ਦੱਸਿਆ ਕਿ ਅਗਰ ਕਮੀਜ਼ ਸਾਹਮਣੇ ਵਾਲੇ ਪਾਸਿਓਂ ਫਟੀ ਹੈ ਤਾਂ ਕਸੂਰ ਯੂਸਫ ਦਾ ਹੈ, ਪਰ ਜੇ ਪਿੱਠ ਵਾਲੇ ਪਾਸਿਓਂ ਫਟੀ ਹੈ ਤਾਂ ਕਸੂਰ ਜ਼ੁਲੇਖ਼ਾ ਦਾ ਹੈ। ਬੱਚੇ ਨੂੰ ਬੋਲਦੇ ਵੇਖ ਕੇ ਜ਼ੁਲੇਖ਼ਾ ਬਹੁਤ ਸ਼ਰਮਿੰਦਾ ਹੋਈ ਤੇ ਉਸਨੇ ਆਪਣੀ ਗ਼ਲਤੀ ਮੰਨ ਲਈ। ਪਰ ਇਸ ਗੱਲ ਦੀ ਚਰਚਾ ਸਾਰੇ ਮਹਿਲ ਵਿੱਚ ਹੋ ਗਈ ਤੇ ਨੌਕਰਾਣੀਆਂ ਤੇ ਕਨੀਜ਼ਾਂ, ਜ਼ੁਲੇਖ਼ਾ ਦੀਆਂ ਗੱਲਾਂ ਕਰਨ ਲੱਗੀਆਂ। ਇੱਕ ਸਵਾਨੀ ਨੇ ਜ਼ੁਲੇਖ਼ਾ ਨੂੰ ਸਲਾਹ ਦਿੱਤੀ ਕਿ ਉਹ ਯੂਸਫ ਨੂੰ ਕੈਦ ਕਰਵਾਏ ਤਾਂ ਜੋ ਇਸਦੀ ਆਕੜ ਭੱਜੇ ਤੇ ਇਹ ਤੇਰੀ ਗੱਲ ਮੰਨ ਲਵੇ। ਉਸਨੇ ਪਿਤਾ ਅੱਗੇ ਅਰਜ਼ ਕੀਤੀ ਕਿ ਯੂਸਫ ਕਾਰਨ ਉਹ ਬੜੀ ਬਦਨਾਮ ਹੋਈ ਹੈ, ਇਸ ਲਈ ਉਸਨੂੰ ਬੰਦੀ ਬਣਾ ਕੇ ਕੈਦ ਖ਼ਾਨੇ ਵਿੱਚ ਸੁੱਟ ਦਿਉ ਤਾਂ ਜੋ ਉਸਦੀ ਇੱਜ਼ਤ ਬਹਾਲ ਹੋਵੇ। ਉਸਦੇ ਕਹਿਣ 'ਤੇ ਬਾਦਸ਼ਾਹ ਨੇ ਯੂਸਫ ਨੂੰ ਕੈਦ ਖ਼ਾਨੇ ਵਿੱਚ ਸੁੱਟ ਦਿੱਤਾ। ਉਹ ਕੈਦ ਖ਼ਾਨੇ ਵਿੱਚ ਵੀ ਯੂਸਫ ਨੂੰ ਤੰਗ ਕਰਨ ਲੱਗੀ ਕਿ ਉਹ ਉਸ ਨਾਲ ਪਿਆਰ ਦਾ ਰਿਸ਼ਤਾ ਜੋੜੇ, ਪਰ ਯੂਸਫ ਬਿਲਕੁਲ ਨਾ ਮੰਨਿਆ। ਜਦ ਸੱਤ ਸਾਲਾਂ ਮਗਰੋਂ ਬਾਦਸ਼ਾਹ ਨੂੰ ਸਾਰੀ ਹਕੀਕਤ ਦਾ ਪਤਾ ਲੱਗਾ ਤਾਂ ਉਸਨੇ ਯੂਸਫ ਨੂੰ ਆਜ਼ਾਦ ਕਰ ਦਿੱਤਾ ਤੇ ਆਪਣੇ ਨਾਲ ਦਰਬਾਰ ਵਿੱਚ ਲੈ ਕੇ ਆਇਆ। ਉਸਨੇ ਯੂਸਫ ਨੂੰ ਆਪਣੇ ਨਾਲ ਤਖ਼ਤ 'ਤੇ ਬਿਠਾਇਆ ਤੇ ਆਪਣੇ ਸਿਰ ਦਾ ਤਾਜ ਉਤਾਰ ਕੇ ਯੂਸਫ ਦੇ ਸਿਰ ਉਤੇ ਧਰ ਕੇ ਐਲਾਨ ਕੀਤਾ ਕਿ ਅੱਜ ਤੋਂ ਬਾਅਦ ਯੂਸਫ ਮਿਸਰ ਦਾ ਬਾਦਸ਼ਾਹ ਹੋਵੇਗਾ। ਕੁੱਝ ਚਿਰ ਮਗਰੋਂ ਅਜ਼ੀਜ਼-ਏ-ਮਿਸਰ ਦਾ ਦਿਹਾਂਤ ਹੋ ਗਿਆ ਤੇ ਮਿਸਰ ਦੀ ਹਕੂਮਤ ਪੂਰੀ ਤਰ੍ਹਾਂ ਯੂਸਫ ਦੇ ਹੱਥ ਆ ਗਈ। ਜ਼ੁਲੇਖ਼ਾ ਆਪਣੀਆਂ ਸ਼ੈਤਾਨੀ ਕਰਤੂਤਾਂ ਕਾਰਨ ਸ਼ਰਮਿੰਦਾ ਹੋ ਕੇ ਭੱਜ ਗਈ। ਚੋਖੇ ਚਿਰ ਮਗਰੋਂ ਜਦ ਉਹ ਬੜੀ ਲਾਗਰ ਤੇ ਲਿੱਸੀ ਹੋ ਗਈ ਤੇ ਉਸਦੇ ਧੌਲੇ ਚਾਂਦੀ ਵਾਂਗ ਚਮਕਣ ਲੱਗੇ ਤਾਂ ਬਿਮਾਰ ਜ਼ੁਲੇਖ਼ਾ ਯੂਸਫ ਕੋਲ ਆਈ, ਪਰ ਯੂਸਫ ਨੇ ਉਸਨੂੰ ਨਹੀਂ



CC-0. Sohail Kazmi Collection, Jammu. Digitized by eGangotri

ਪਹਿਚਾਣਿਆ। ਪਰ ਜ਼ੁਲੇਖ਼ਾ ਦੀ ਪੁਰਾਣੀ ਨੌਕਰਾਣੀ ਨੇ ਜਦ ਯੂਸਫ ਨੂੰ ਜ਼ੁਲੇਖ਼ਾ ਦੀ ਪਹਿਚਾਣ ਕਰਵਾਈ ਅਤੇ ਉਸਦੇ ਦੁੱਖ ਦਰਦਾਂ ਦੀ ਬਿਪਤਾ ਭਰੀ ਕਹਾਣੀ ਸੁਣਾਈ ਤਾਂ ਯੂਸਫ ਨੇ ਉਸ ਦੀਆਂ ਸਭ ਗ਼ਲਤੀਆਂ ਮਾਫ ਕਰ ਦਿੱਤੀਆਂ ਅਤੇ ਉਸ ਨਾਲ ਵਿਆਹ ਕਰਵਾ ਲਿਆ। ਇੰਝ ਜ਼ੁਲੇਖ਼ਾ ਦੀਆਂ ਸਧਰਾਂ ਤੇ ਤਾਂਘਾਂ ਸੁਹਾਗਣ ਹੋਈਆਂ। ਜ਼ੁਲੇਖ਼ਾ ਦੀ ਕੁੱਖ 'ਚੋਂ ਇੱਕ ਪੁੱਤਰ ਨੇ ਜਨਮ ਲਿਆ, ਜਿਸਦਾ ਨਾਂ ਯੂਸਫ ਨੇ ਮਨਸ਼ਾ ਰੱਖਿਆ।

ਉਨ੍ਹਾਂ ਦਿਨਾਂ ਵਿੱਚ ਕਨਆਨ (ਇਸਰਾਈਲ ਦੇਸ਼ ਦਾ ਨਾਂ) ਵਿੱਚ ਬੜੀ ਕਹਿਅਤਸਾਲੀ ਪਈ ਸੀ। ਕਈ ਸਾਲਾਂ ਤੋਂ ਫਸਲਾਂ ਖਰਾਬ ਹੋ ਰਹੀਆਂ ਸਨ। ਹਰ ਪਾਸੇ ਭੁੱਖਮਰੀ ਸੀ। ਪਰ ਮਿਸਰ ਵਿੱਚ ਯੂਸਫ ਦੀ ਦਾਨਸ਼ਮੰਦੀ ਕਾਰਨ ਅਨਾਜ ਦੀ ਕੋਈ ਕਮੀ ਨਹੀਂ ਸੀ। ਇਸ ਕਰਕੇ ਇਸਰਾਈਲ ਦੇ ਲੋਕੀਂ ਗ਼ੱਲਾ ਖ਼ਰੀਦਣ ਮਿਸਰ ਜਾਂਦੇ ਸਨ। ਹਜ਼ਰਤ ਯਾਕੂਬ ਨੇ ਵੀ ਆਪਣੇ ਪੁੱਤਰਾਂ ਨੂੰ ਅਨਾਜ ਖਰੀਦਣ ਮਿਸਰ ਘੱਲਿਆ। ਉਨ੍ਹਾਂ ਨਾਲ ਯੂਸਫ ਦਾ ਸਕਾ ਭਰਾ ਬਿਨਯਾਮੀਨ ਵੀ ਸੀ। ਯੂਸਫ ਨੂੰ ਜਦ ਆਪਣੇ ਭਰਾਵਾਂ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਸਨੇ ਉਨ੍ਹਾਂ ਨੂੰ ਮੁਫਤ ਅਨਾਜ ਦਿੱਤਾ। ਪਰ ਉਹ ਭਰਾਵਾਂ ਦੇ ਸਾਹਮਣੇ ਨਹੀਂ ਹੋਇਆ। ਉਸਨੇ ਆਪਣੇ ਨਿੱਕੇ ਭਰਾ ਬਿਨਯਾਮੀਨ ਨੂੰ ਮਹਿਲ ਦੇ ਅੰਦਰ ਲਿਆਂਦਾ। ਉਥੇ ਬਿਨਯਾਮੀਨ ਦੇ ਭਤੀਜੇ ਮਨਸ਼ਾ ਨੇ ਉਸਨੂੰ ਆਪਣੇ ਅਤੇ ਯੂਸਫ ਬਾਰੇ ਪਰਿਚਯ ਦਿੱਤਾ। ਦੋਵੇਂ ਭਰਾ ਗਲਵਕੜੀਆਂ ਪਾ ਕੇ ਖ਼ੂਬ ਰੋਏ। ਯੂਸਫ ਨੇ ਪਿਤਾ ਦਾ ਹਾਲ ਪੁੱਛਿਆ। ਜਦ ਬਿਨਯਾਮੀਨ ਨੇ ਦੱਸਿਆ ਕਿ ਉਹ ਯੂਸਫ ਦੇ ਵਿਛੋੜੇ ਵਿੱਚ ਰੋ-ਰੋ ਕੇ ਅੰਨ੍ਹਾ ਹੋ ਗਿਆ ਹੈ ਤਾਂ ਯੂਸਫ ਢਾਵਾਂ ਮਾਰ ਕੇ ਰੋਣ ਲੱਗਾ ਤੇ ਉਸਨੇ ਬਿਨਯਾਮੀਨ ਨੂੰ ਆਪਣੇ ਕੋਲ ਰੱਖਣ ਦਾ ਫੈਸਲਾ ਕੀਤਾ। ਦੂਜੇ ਦਿਨ ਜਦ ਭਰਾ ਵਾਪਿਸ ਕਨਆਨ ਨੂੰ ਪਰਤਣ ਲੱਗੇ ਤਾਂ ਯੂਸਫ ਨੇ ਬਿਨਯਾਮੀਨ 'ਤੇ ਇਲਜ਼ਾਮ ਲੱਗਾ ਦਿੱਤਾ ਕਿ ਉਸਨੇ ਚੋਰੀ ਕੀਤੀ ਹੈ। ਇਸ ਲਈ ਉਹ ਤਦ ਤਕ ਨਹੀਂ ਜਾ ਸਕਦਾ ਜਦ ਤਕ ਚੋਰੀ ਦਾ ਮਾਲ ਬਰਾਮਦ ਨਹੀਂ ਹੁੰਦਾ ਜਾਂ ਉਸਦੀ ਕੀਮਤ ਵਸੂਲ ਨਹੀਂ ਹੁੰਦੀ। ਭਰਾਵਾਂ ਤਰਲੇ ਪਾਏ ਕਿ ਉਨ੍ਹਾਂ ਦਾ ਬਾਪ ਬਿਨਯਾਮੀਨ ਦਾ ਸਦਮਾ ਬਰਦਾਸ਼ਤ ਨਹੀਂ ਕਰ ਸਕੇਗਾ ਅਤੇ ਮਰ ਜਾਏਗਾ। ਪਰ ਯੂਸਫ ਨੇ ਉਨ੍ਹਾਂ ਦੀ ਇੱਕ ਨਾ ਸੁਣੀ ਤੇ ਹੁਕਮ ਦਿੱਤਾ ਕਿ ਜਾਂ ਤਾਂ ਚੋਰੀ ਦਾ ਮਾਲ ਵਾਪਿਸ ਲਿਆਉ ਜਾਂ ਪੈਸੇ ਭਰੋ, ਤਦ ਤਕ ਬਿਨਯਾਮੀਨ ਮੇਰੇ ਕਬਜ਼ੇ ਵਿੱਚ ਰਹੇਗਾ। ਯੂਸਫ ਨੇ ਸਾਰੀ ਗੱਲਬਾਤ ਪਰਦੇ ਵਿੱਚ ਕੀਤੀ ਤੇ ਆਪਣਾ ਮੂੰਹ ਉਨ੍ਹਾਂ ਕੋਲੋਂ ਲੁਕਾਈ ਰੱਖਿਆ। ਯੂਸਫ ਦੇ ਮਤਰਏ ਭਰਾ ਜਦ ਵਾਪਿਸ ਇਸਰਾਈਲ ਪਹੁੰਚੇ ਤਾਂ ਉਨ੍ਹਾਂ ਨੇ ਆਪਣੇ ਪਿਤਾ ਜੀ ਨੂੰ ਸਾਰੀ ਗੱਲ ਦੱਸੀ। ਯਾਕੂਬ ਕਿਉਂਕਿ ਇੱਕ ਪੈਗੰਬਰ ਸੀ, ਉਸਨੂੰ ਸਾਰੀ ਗੱਲ ਝੱਟ ਸਮਝ ਆ


CC-0. Sohail Kazmi Collection, Jammu. Digitized by eGangotri

ਗਈ। ਯੂਸਫ ਨੇ ਕੁੱਝ ਚਿਰ ਮਗਰੋਂ ਆਪਣੇ ਪਿਤਾ ਯਾਕੂਬ ਨੂੰ ਇਸਰਾਈਲ ਤੋਂ ਆਪਣੇ ਨਾਲ ਮਿਸਰ ਲਿਆਂਦਾ ਤੇ ਉਨ੍ਹਾਂ ਦੀ ਰੱਜ ਕੇ ਸੇਵਾ ਕੀਤੀ। ਪਰ ਜਦ ਉਨ੍ਹਾਂ ਦਾ ਅਖ਼ੀਰਲਾ ਵਕਤ ਆਇਆ ਤਾਂ ਉਨ੍ਹਾਂ ਨੇ ਆਪਣੇ ਪੁੱਤਰ ਯੂਸਫ ਨੂੰ ਕਿਹਾ ਕਿ ਉਹ ਆਪਣੀ ਧਰਤੀ ਇਸਰਾਈਲ ਵਿੱਚ ਮਰਨਾ ਚਾਹੁੰਦੇ ਹਨ ਤਾਂ ਯੂਸਫ ਨੇ ਉਨ੍ਹਾਂ ਦੀ ਗੱਲ ਮੰਨ ਲਈ ਤੇ ਇੰਝ ਹਜ਼ਰਤ ਯਾਕੂਬ ਨੂੰ ਕਨਆਨ ਵਿੱਚ ਹੀ ਦਫਨ ਕੀਤਾ ਗਿਆ। ਹਜ਼ਰਤ ਯੂਸਫ ਦਾ ਦੇਹਾਂਤ ਵੀ ਮਿਸਰ ਵਿੱਚ ਹੀ ਹੋਇਆ, ਪਰ ਬਾਅਦ ਵਿੱਚ ਹਜ਼ਰਤ ਮੂਸਾ ਨੇ ਉਨ੍ਹਾਂ ਦੇ ਸਰੀਰ ਨੂੰ ਇਸਰਾਈਲ ਵਿੱਚ ਜਾ ਕੇ ਦਫਨਾਇਆ। ਇੰਝ ਇਹ ਕਿੱਸਾ ਸਮਾਪਤ ਹੁੰਦਾ ਹੈ।

ਜਿਵੇਂ ਮੈਂ ਪਹਿਲਾਂ ਦੱਸਿਆ ਹੈ ਕਿ ਯੂਸਫ-ਜ਼ੁਲੇਖ਼ਾ ਦੀ ਦਾਸਤਾਨ ਕੁਰਾਨ ਤੇ ਬਾਈਬਲ ਵਿੱਚ ਬਿਆਨ ਕੀਤੀ ਗਈ ਹੈ, ਪਰ ਇਸ ਕਿੱਸੇ ਨੂੰ ਪੰਜਾਬੀ ਜੁੱਸਾ ਪੁਵਾਉਣ ਵਿੱਚ ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ ਕਮਾਲ ਦੀ ਫਨਕਾਰੀ ਦੱਸੀ ਹੈ। ਇਸ ਵਿੱਚ ਸੂਫੀ ਪ੍ਰੇਮ ਰਸ ਮਿਲਦਾ ਹੈ। ਸੰਗੀਤ ਦੇ ਸੁਰ ਮਿਲਦੇ ਹਨ ਤੇ ਮਨੁੱਖਤਾ ਦੇ ਸੋਮੇ ਫੁੱਟਦੇ ਦਿਸਦੇ ਹਨ। ਇਸ ਕਿੱਸੇ ਦਾ ਆਰੰਭ ਮੌਲਵੀ ਸਾਹਿਬ ਨੇ ਹਮਦ (ਰੱਬ ਦੀ ਵਡਿਆਈ) ਤੇ ਨਆਤ (ਹਜ਼ਰਤ ਮੁਹੰਮਦ ਦੀ ਸਰਾਹਨਾ) ਨਾਲ ਕੀਤੀ ਹੈ ਤੇ ਕਹਿੰਦੇ ਹਨ-

"ਨੂਰੋ ਨੂਰ ਹੋਇਆ ਨੂਰਾਨੀ ਆਲਮ ਵੀ ਗੁਲਜ਼ਾਰੇ
ਚੰਗੇ ਥੀਂ ਚੰਗਿਆਈ ਆਈ ਆਦਮੂੰ ਨੁਕਸ ਨਤਾਰੇ।"

-0-0-0-

"ਅਕਲ ਖ਼ਿਆਲੋਂ ਵਹਿਮ ਗੁਮਾਨੂੰ ਤੇਰੀ ਸਿਫਤਾਂ ਆਲੀ
ਖ਼ਾਲਕ ਮਾਲਕ ਜਾਨ ਜਹਾਂ ਦਾ ਤੂੰ ਆਲਮ ਦਾ ਵਾਲੀ।"

-0-0-0-

"ਨੂਰ ਹਦਾਇਦ ਕਰੀਂ ਅਨਾਇਤ ਖ਼ੌਫ ਰਜ਼ਾ ਵਿੱਚ ਰੱਖੀਂ
ਇਸ਼ਕੂੰ ਕਰੀਂ ਮਨੱਵਰ ਸੀਨਾ ਰੋਸ਼ਨ ਦਿਲ ਦੀ ਅੱਖੀਂ।

ਇਸ ਤੋਂ ਮਗਰੋਂ ਉਹ ਕਿੱਸੇ ਦਾ ਆਗਾਜ਼ ਇੰਝ ਕਰਦਾ ਹੈ-

ਇਸ ਦੁਨੀਆਂ ਦੇ ਮਾਤਮ ਖ਼ਾਨੇ ਕਿੰਨੇ ਹਾਕਮ ਆਏ
ਵਾਰੋ ਵਾਰ ਜ਼ਮਾਨੇ ਆਪਣੇ ਜਗ ਵਿੱਚ ਹੁਕਮ ਚਲਾਏ
ਇਬਰਾਹੀਮ ਨਬੀ ਦੀ ਵਾਰੀ ਮੁੱਦਤ ਪਿੱਛੋਂ ਆਈ
ਫਿਰ ਇਸਹਾਕ ਨੱਬੀ ਨੂੰ ਜਗ ਵਿੱਚ ਸਰਫ ਮਿਲੀ ਵਡਿਆਈ
ਲੱਗਾ ਵਿੱਚ ਕਨਆਨ ਵਲਾਇਤ ਫਿਰ ਅਲਮ ਯਾਕੂਬੀ
ਮਾਲ ਕਸੀਰ ਫਰਾਗ ਇਬਾਦਤ ਹਾਸਿਲ ਕੁਲ ਬਾਖ਼ੂਬੀ


CC-0. Sohail Kazmi Collection, Jammu. Digitized by eGangotri

ਅਰਜਵਾਂ ਨਾਮ ਨੱਬੀ ਦੀ ਜ਼ੋਜਾ ਛੇ ਪੁੱਤ ਉਸ ਨੇ ਜਾਏ
ਨਾਮ ਯਾਹੂਦਾ ਸਭ ਥੀਂ ਵੱਡਾ ਅੰਦਰ ਕਦਰ ਸਵਾਏ
ਮਾਰਵਾਂ ਨਾਮ ਹਰਣ ਦਾ, ਬੇਟਾ ਸੀ ਸ਼ਮੂਅਨ ਪਿਆਰਾ
ਦੂਜਾ ਵੀਰ ਛੁਟੇਰਾ ਇਸ ਥੀਂ ਸੱਕੇ ਏਹਾ ਦੋ ਯਾਰਾ
ਦੋ ਧੀਆਂ ਰਾਹੀਲੇ ਜਾਈਆਂ ਤੇ ਦੋ ਬੇਟੇ ਜਾਏ
ਯੂਸਫ ਬਿਨਯਾਮੀਨ ਦੋਹਾਂ ਦੇ ਪਿਓ ਨੇ ਨਾਮ ਰਖਾਏ
ਸਭ ਨਬੀ ਯਾਕੂਬ ਦੇ ਬੇਟੇ ਬਾਰ੍ਹਾਂ ਗਿਣਤੀ ਆਏ
ਸੂਰਜ ਚੰਦੂੰ ਦੂਣ ਸਵਾਏ ਹੁਸਨ ਸਭਾਂ ਨੇ ਪਾਏ।"

ਜਦ ਭਰਾ ਯੂਸਫ ਨੂੰ ਜੰਗਲ ਵਿੱਚ ਸ਼ਿਕਾਰ ਕਰਨ ਲਈ ਲੈ ਜਾਂਦੇ ਹਨ ਤਾਂ ਭੈਣ ਪਿਓ ਨੂੰ ਮਨ੍ਹਾਂ ਕਰਦੀ ਹੈ ਕਿ ਉਹ ਯੂਸਫ ਨੂੰ ਭਰਾਵਾਂ ਨਾਲ ਨਾ ਭੇਜੇ ਤੇ ਉਹ ਯੂਸਫ ਨੂੰ ਇੰਝ ਸਮਝਾਉਂਦੀ ਹੈ-

"ਭੈਣ ਕਹੇ ਐ ਵੀਰ ਪਿਆਰੇ ਖ਼ਬਰ ਨਹੀਂ ਤੈਂ ਤਾਈਂ
ਗੁਰਗਾਂ ਨਾਲ ਗਜ਼ਾਲ ਚਰਿੰਦੇ ਕਦ ਘਰ ਮੁੜੇ ਕਦਾਈਂ।
ਬਾਜ਼ਾਂ ਸੰਗ, ਨਾ ਗਈਆਂ ਕੂੰਜਾਂ ਫੇਰ ਕਦੇ ਘਰ ਆਈਆਂ
ਯੂਸਫ ਤੈਨੂੰ ਜਾਣ ਨਾ ਦੇਸਾਂ ਨਾਲ ਪਿਆਰਿਆਂ ਭਾਈਆਂ।"

ਜਦ ਜੰਗਲ ਵਿੱਚ ਮਤਰਏ ਭਰਾ ਯੂਸਫ ਨੂੰ ਮਾਰਦੇ ਹਨ ਤਾਂ ਉਹ ਭਰਾਵਾਂ ਅੱਗੇ ਬੇਨਤੀ ਕਰਦਾ ਹੈ ਕਿ ਉਸਨੂੰ ਨਾ ਮਾਰੋ। ਜਿਸ ਦ੍ਰਿਸ਼ ਨੂੰ ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ ਇੰਝ ਬਿਆਨ ਕੀਤਾ ਹੈ-

"ਪਕੜ ਭਰਾਵਾਂ ਮਾਰ ਚਪੇੜਾਂ ਲਾਲ ਕੀਤੇ ਰੁਖ ਸਾਰੇ
ਚੁੱਕ ਚੁੱਕ ਮਾਰਿਆ ਧਰਤੀ ਉਤੇ ਜ਼ਖ਼ਮ ਲੱਗੇ ਤਨ ਸਾਰੇ
ਐ ਫਰਜ਼ੰਦੋ ਬਾਪ ਮੇਰੇ ਦਿਉ ਮੈਨੂੰ ਮਾਰੋ ਨਾਹੀਂ
ਮੈਂ ਗੁਨਾਹ ਤਕਸੀਰ ਤੁਸਾਡਾ ਕੀਤਾ ਨਹੀਂ ਕਦਾਹੀਂ।"

ਤੇ ਭਰਾ ਕਹਿੰਦੇ ਹਨ-

"ਝੂਠੀਆਂ ਗੱਲਾਂ ਜੋੜ ਸੁਣਾਵੇਂ ਪਿਓ ਦਾ ਦਿਲ ਪਤੀਆਵੇਂ
ਆਪ ਬਹੇਂ ਹੋ ਨੇੜੇ ਉਸਦੇ ਸਾਨੂੰ ਦੂਰ ਹਟਾਵੇਂ।"

ਫਿਰ ਯੂਸਫ ਤਰਲੇ ਪਾਉਂਦਾ ਹੈ-

"ਯੂਸਫ ਕਹਿੰਦਾ ਮਾਰੋ ਨਾਹੀਂ ਬਾਪ ਸੁਣੇ ਰੋ ਮਰਸੀ
ਰਹਿਮ ਕਰੋ ਤੁਸੀਂ ਮੇਰੇ ਉਤੇ ਰੱਬ ਤੁਸਾਂ 'ਤੇ ਕਰਸੀ।
ਬਾਪ ਮੇਰਾ ਬਿਨ ਮੇਰੇ ਰਹਿਸੀ ਰੋਂਦਾ ਉਮਰ ਤਮਾਮੀਂ
ਪੈਗੰਬਰ ਨੂੰ ਮਤਾਂ ਸਤਾਉ ਪਾਸੋ ਬੇ ਆਰਾਮੀ।"


CC-0. Sohail Kazmi Collection, Jammu. Digitized by eGangotri

ਜਦ ਯੂਸਫ ਨੂੰ ਉਸਦੇ ਭਰਾ ਖੂਹ ਵਿੱਚ ਸੁੱਟ ਕੇ ਚਲੇ ਜਾਂਦੇ ਹਨ ਤਾਂ ਖੂਹ ਦੇ ਨੇੜੇ ਇੱਕ ਕਾਰਵਾਂ ਆ ਕੇ ਰੁਕਦਾ ਹੈ, ਜਿਸਦਾ ਆਗੂ ਮਾਲਿਕ ਇਬਨੇਜ਼ਗਰ ਸੀ। ਉਸਦੇ ਦੋ ਚਾਕਰ ਖੂਹ ਵਿੱਚੋਂ ਯੂਸਫ ਨੂੰ ਕੱਢ ਕੇ ਬਾਹਰ ਲਿਆਉਂਦੇ ਹਨ ਤੇ ਮਾਲਿਕ ਆਖਿਰ ਉਸਨੂੰ ਮਿਸਰ ਦੇ ਬਾਜ਼ਾਰ ਵਿੱਚ ਵੇਚਣ ਲਈ ਲੈ ਜਾਂਦਾ ਹੈ। ਉਥੇ ਬਾਜ਼ਗਾ ਨਾਂ ਦੀ ਇੱਕ ਜ਼ਨਾਨੀ ਬੋਲੀ ਦੇਣ ਲਈ ਆਉਂਦੀ ਹੈ ਤੇ ਇੱਕ ਬੁੱਢੀ ਮਸਕੀਨ ਮਾਈ ਵੀ।

"ਬੁੱਢੀ ਇੱਕ ਮਸਕੀਨ ਬਿਚਾਰੀ ਅੱਟੀ ਸੂਤ ਲਿਆਈ
ਜੇ ਇਤਨੇ ਨੂੰ ਆਪੇ ਯੂਸਫ ਦਿਉ ਅਰਜ਼ ਸੁਣਾਈ।"

ਤੇ ਬਾਜ਼ਗਾ ਕਹਿੰਦਾ ਹੈ-

"ਸੁਣ ਯੂਸਫ ਲਾ ਗੋਤਾ ਜਾਂਦਾ ਵਹਿਦਤ ਦੇ ਦਰਿਆਈਂ
ਓਹਾ ਇੱਕ ਜਿਦਾ ਮੈਂ ਬੰਦਾ ਕਹਿੰਦਾ ਬਾਜ਼ਗਾ ਤਾਈਂ
ਐ ਬੀਬੀ ਮੈਂ ਜਿਸਦਾ ਬੰਦਾ ਉਸੇ ਦਾ ਜਗ ਸਾਰਾ
ਮੈਂ ਇੱਕ ਨਕਸ਼ ਕਰੋੜੀਂ ਨਕਸ਼ੋਂ ਤੇ ਉਹ ਸਿਰਜਣਹਾਰਾ।"

ਤੇ ਜਦ ਜ਼ੁਲੇਖ਼ਾ ਯੂਸਫ ਨੂੰ ਦੇਖਦੀ ਹੈ ਤੇ ਆਪਣੀ ਸੁੱਧ-ਬੁੱਧ ਗਵਾ ਬਹਿੰਦੀ ਹੈ ਤੇ ਕਹਿੰਦੀ ਹੈ-

"ਇਸਕੂੰ ਤੀਰ ਵੱਜੇ ਜਿੱਥੇ ਕਾਰੀ ਰਹੇ ਨਾ ਜ਼ਖ਼ਮ ਲੁਕਾਇਆ।
ਤਦਬੀਰਾਂ ਦੇ ਪਰਦੇ ਅੰਦਰ ਇਹ ਦੁੱਖ ਕਦੀ ਨਾ ਆਇਆ।
ਮੈਂ ਤਰਹਾਈ ਸ਼ਰਬਤ ਮੰਗਿਆ ਖ਼ੂਨੀ ਜਾਮ ਪਿਲਾਏ।
ਮੰਗਿਆ ਸਬਰ ਮਿਲੀ ਬੇਸਬਰੀ ਸੁੱਖ ਮੰਗੇ ਦੁੱਖ ਪਾਏ।
ਜਾਂ ਮੈਂ ਚਾਹਿਆ ਦਰਦ ਫਿਰਾਕੂੰ ਜਾਨ ਮੇਰੀ ਛੁੱਟ ਜਾਏ।
ਤੂੰ ਫੁਰਕਤ ਦੀਆਂ ਦਰਦਾਂ ਵਾਲੇ ਪੱਕੇ ਅਹਿਦ ਪਕਾਏ।
ਮੈਂ ਮਰ ਗਈ ਤੁਸਾਡੇ ਭਾਣੇ ਰੋਈਉ ਮੇਰੀਉ ਸੇਈਉ।
ਭਲਾ ਹੋਇਆ ਮੈਂ ਕੈਦੀ ਹੋਈ ਤੁਸੀਂ ਸਭੇ ਛੁੱਟ ਗਈਉ।
ਇਸ਼ਕਾ ਚਲ ਸਬਰ ਕਰ ਨੇੜੇ ਮੰਜ਼ਿਲ ਅਜੇ ਦੁਰਾਡੀ।
ਪਾਣੀ ਛਿੜਕ ਕਰਮ ਦਾ ਇੱਕਦਮ ਜਲਦੀ ਜਾਣ ਅਸਾਡੀ।"

ਮੌਲਵੀ ਗੁਲਾਮ ਰਸੂਲ ਨੇ ਇਸੇ ਕਿੱਸੇ ਵਿੱਚ ਬਾਰ੍ਹਾਂ ਮਾਹ ਵੀ ਲਿਖੇ ਹਨ। ਵੰਨਗੀਆਂ ਦੇਖੋ-

"ਚੜ੍ਹਿਆ ਚੇਤ ਚਤਾਰਾਂ ਦਿਲਬਰ ਮੈਨੂੰ ਨਜ਼ਰ ਨਾ ਆਵੇ
ਦਿਲ ਵਿੱਚ ਹਰਦਮ ਉਹੀ ਵਸਦਾ ਨਾ ਵਿੱਚ ਚਸ਼ਮ ਸਮਾਵੇ।"

-0-0-0-



CC-0. Sohail Kazmi Collection, Jammu. Digitized by eGangotri

"ਖੁਲ ਵੇਸਾਖ ਪਈਆਂ ਗੁਲਜ਼ਾਰਾਂ ਝੁੱਲੀਆਂ ਬਾਦ ਬਹਾਰਾਂ
ਸੁੰਬਲ ਸ਼ਾਖਾਂ ਨਾਲ ਸੁਹਾਂਦੇ ਤੋੜ ਜ਼ੁਲਫ ਦੀਆਂ ਤਾਰਾਂ।"

-0-0-0-

"ਜੇਠ ਹਵਾਈਂ ਸੀਨਾ ਸਾੜਣ ਵਾਂਗ ਝੁਰੇਵੇਂ ਯਾਰਾਂ
ਕੌਣ ਓਹਾ ਜਿਸ ਮੇ ਗਮ ਘੱਤੀ ਕਿਸ ਥੀਂ ਪੁੱਛਾਂ ਸਾਰਾਂ।"

-0-0-0-

"ਹਾੜ ਮਹੀਨੇ ਸਿਰ ਪੇ ਗੁਜ਼ਰੀ ਧੁੱਪ ਵਿਛੋੜੇ ਵਾਲੀ
ਸੂਰਜ ਗਮਾਂ ਦੇ ਹੱਡੀਆਂ ਮਗਜੋਂ ਕਰ ਦਿਖਲਾਈਆਂ ਖ਼ਾਲੀ।"

-0-0-0-

"ਸਾਵਣ ਚੜੇ ਬੱਦਲ ਸਿਰ ਆਹੂੰ ਨਦੀਆਂ ਨੀਰ ਉਛਾਲੇ
ਨੈਣ ਮੇਰੇ ਹੁੰਜ ਲਹਿਰੀਂ ਡੁਬਦੇ ਬਹਿਰ ਫਿਰਾਕ ਵਿਚਾਲੇ।

-0-0-0-

ਭਾਦੋਂ ਭਾ ਮੇਰੇ ਦੁੱਖ ਭਾਰੇ ਤੱਪੇ ਦਿਮਾਗ ਬੁਖਾਰੋਂ
ਰੂਏ ਜ਼ਮੀਨ ਦਾ ਤਖ਼ਤਾ ਗਲਿਆ ਮੇਰੇ ਗਿਰਿਆ ਜ਼ਾਰੋਂ।"

-0-0-0-

"ਰੋਵਣ ਦਾ ਵਰਤਾਰਾ ਮੇਰਾ ਨੈਣ ਵਸਾਵਣ ਝੜੀਆਂ
ਮਿਲ ਯਾਰਾ ਮੈਂ ਤੇਰੇ ਬਾਝੋਂ ਸਖ਼ਤੀਆਂ ਪਾਈਆਂ ਬੜੀਆਂ।"

-0-0-0-

"ਅੱਸੂ ਆਸ ਦੁਰਾਡੀ ਮੈਨੂੰ ਰੋਂਦਿਆਂ ਯੁਗ ਵਿਹਾਣੇ
ਸੋਹਣੇ ਵਾਲੀਆਂ ਅੱਖੀਂ ਓਹਾ ਕੋਂਹਦੀਆਂ ਜ਼ੋਰ ਧਗਾਣੇ।"

-0-0-0-

"ਕੱਤਕ ਕਟਕ ਵਿਰਹੂੰ ਦੇ ਧਾਨੇ ਮੈਨੂੰ ਲੁਟ ਸਿਧਾਏ
ਉਹ ਦਿਲਬਰ ਦੇ ਨੈਣ ਤਰੀਖੇ ਵਗ ਦਿਲ ਕਾਰੀ ਆਏ।"

-0-0-0-

"ਮੱਗਰ ਮਾਹ ਅਮਲ ਦੇ ਪਾਲੇ ਤੇਰੀਆਂ ਵਾਹ ਰਜ਼ਾਈਂ
ਮੁਦੱਤ ਜਲੀ ਬਲੀ ਮੈਂ ਦਰਦੀਂ ਹੁਣ ਤੇ ਆ ਮਿਲ ਜਾਈਂ।"

-0-0-0-

"ਪੋਹ ਮਹੀਨਾ ਠੰਡਾ ਚੜਿਆ ਜਿਗਰ ਵਧੇਰੇ ਸੜਿਆ
ਲੰਮੀ ਰਾਤ ਫਰਾਕਾਂ ਵਾਲੀ ਯਾਰ ਨਾ ਮੁੜ ਘਰ ਵੜਿਆ।"

-0-0-0-


CC-0. Sohail Kazmi Collection, Jammu. Digitized by eGangotri

"ਮਾਘ ਮਘਾਈ ਦਿਲ ਦੀ ਆਤਿਸ਼ ਜਾਨ ਗਈ ਹੈ ਬੇਰੇ
ਜਿਓਂ ਜਿਓਂ ਕਰਾਂ ਇਲਾਜ ਦੁੱਖਾਂ ਦਾ ਤਿਓਂ ਤਿਓਂ ਹੋਣ ਵਧੇਰੇ।"

-0-0-0-

"ਫੱਗਣ ਮਾਹ ਫਿਰਾਕੂੰ ਰੋਂਦੀ ਪਏ ਅੱਖੀਂ ਵਿੱਚ ਰੋਹੇ
ਵਾਹ ਵਾਹ ਇਸ਼ਕ ਤੇਰੇ ਨੇ ਮੈਨੂੰ ਦੁੱਖ ਦਿੱਤੇ ਸੁੱਖ ਖੋਹੇ।"

ਆਲਮਪੁਰੀ ਸਾਹਿਬ ਨੇ ਬਾਰ੍ਹਾਂ ਮਾਹ ਵਿੱਚ ਜ਼ੁਲੇਖ਼ਾ ਦੀ ਤੜਪ ਤੇ ਯੂਸਫ਼ ਨੂੰ ਹਾਸਿਲ ਕਰਨ ਲਈ ਉਸਦੀਆਂ ਰੀਝਾਂ ਦਾ ਮਜ਼ਮੂਨ ਬੜੀ ਖ਼ੂਬਸੂਰਤੀ ਨਾਲ ਕਲਮ-ਬੰਦ ਕੀਤਾ ਹੈ। ਜ਼ੁਲੇਖ਼ਾ, ਯੂਸਫ਼ ਨੂੰ ਕੈਦ ਕਰਵਾਉਂਦੀ ਹੈ ਤੇ ਯੂਸਫ਼ ਰੱਬ ਅੱਗੇ ਅਰਦਾਸ ਕਰਦਾ ਹੈ-

"ਮੈਂ ਬੰਦਾ ਤੂੰ ਮਾਲਕ ਮੇਰਾ ਤੂੰ ਹੈਂ ਬਖ਼ਸ਼ਣਹਾਰਾ
ਫਜ਼ਲੂੰ ਬਖ਼ਸ਼ ਨਾ ਪਕੜੀਂ ਅਦਲੇ ਯਾ ਖਾਲਿਕ ਗੁਫਾਰਾ
ਮੈਨੂੰ ਹੋਰ ਨਹੀਂ ਦਰਵਾਜ਼ਾ ਬਾਝ ਤੇਰੇ ਦਰਬਾਰੇ
ਕਿਤ ਵੱਲ ਜਾਵਾਂ ਖਾਉਂ ਨਾ ਕਾਈ ਬਖ਼ਸ਼ ਰੱਬਾ ਛੁਟਕਾਰੇ।"

ਹਜ਼ਰਤ ਯੂਸਫ਼ ਜਦ ਮਿਸਰ ਦਾ ਬਾਦਸ਼ਾਹ ਬਣਦਾ ਹੈ ਤੇ ਜ਼ੁਲੇਖ਼ਾ ਸ਼ਰਮੋਸਾਰੀ ਉਸ ਤੋਂ ਦੂਰ ਚਲੀ ਜਾਂਦੀ ਹੈ। ਪਰ ਯੂਸਫ਼ ਦੇ ਇਸ਼ਕ ਵਿੱਚ ਤੜਫਦੀ ਰਹਿੰਦੀ ਹੈ। ਇਸ ਵਾਤਾਵਰਣ ਨੂੰ ਮੌਲਵੀ ਹੋਰਾਂ ਇੰਨਾ ਸ਼ੇਅਰਾਂ ਵਿੱਚ ਚਿਤਰਣ ਕੀਤਾ ਹੈ-

"ਵੇਖ ਬਹਾਰ ਜਮਾਲ ਫਿਰੋਜ਼ਾਂ ਇਸ਼ਕ ਤਨੂਰ ਤਪਾਇਆ
ਲਾਟਾਂ ਛੋੜ ਗਿਆ ਚੜ੍ਹ ਬਾਲਾ ਸਬਰ ਕਰਾਰ ਜਲਾਇਆ।"

-0-0-0-

"ਚੜ ਚੰਦਾ ਕਰ ਰੋਸ਼ਨ ਖਾਣਾ ਹੋਵਣ ਦੂਰ ਅੰਧੇਰੇ
ਵਿੱਚ ਉਡੀਕਾਂ ਰਾਹੇ ਤੱਕਣ ਸ਼ੌਕ ਜਿਨ੍ਹਾਂ ਨੂੰ ਤੇਰੇ।"

-0-0-0-

"ਅੱਖੀਂ ਦੇ ਵਿੱਚ ਯੂਸਫ਼ ਬਾਝੋਂ ਕੁੱਝ ਨਾ ਨਜ਼ਰੀਂ ਆਵੇ
ਓਹੋ ਅੰਦਰ ਓਹੋ ਬਾਹਰ ਹਰ ਸ਼ੈਅ ਓਹੋ ਪਾਵੇ।"

-0-0-0-

"ਇਸ਼ਕ ਸਬਰ ਵਿੱਚ ਵੈਰ ਪੁਰਾਣਾ ਮੁੱਢੋਂ ਬੁਗਜ਼ ਲੜ੍ਹਾਈ
ਇਸ਼ਕ ਜਿੱਥੇ ਉਤ ਸਬਰ ਵਿਚਾਰਾ ਦਖਲ ਨਾ ਰਖਦਾ ਕਾਈ।"

ਤੇ ਜਦ ਜ਼ੁਲੇਖ਼ਾ ਢਲਦੀ ਉਮਰੇ ਯੂਸਫ਼ ਨੂੰ ਮਿਲਦੀ ਹੈ ਤੇ ਉਹ ਕਹਿੰਦੀ ਹੈ-

"ਕਹੇ ਜ਼ੁਲੇਖ਼ਾ ਲੈ ਮਹਿਬੂਬਾ ਮੈਨੂੰ ਘੱਤ ਕਲਾਵੇ
ਯੂਸਫ਼ ਕਹੇ ਰਹੇ ਵਿੱਚ ਦੋਜ਼ਖ ਜੋ ਇਹ ਅਮਲ ਕਮਾਵੇ।"


CC-0. Sohail Kazmi Collection, Jammu. Digitized by eGangotri

-0-0-0-

"ਯੂਸਫ ਯਾਰ ਪਿਆਰੇ ਵਾਲੀ ਜੋ ਇੱਕ ਗੱਲ ਸੁਣਾਵੇ
ਘਰ ਮੇਰੇ ਵਿੱਚ ਭਰੇ ਖ਼ਜ਼ਾਨੇ ਜੋ ਮੰਗੇ ਸੋ ਪਾਵੇ।"

-0-0-0-

"ਵਿਛੜਿਆਂ ਨੂੰ ਮੇਲ ਖੁਦਾਇਆ ਰੋਂਦਿਆਂ ਜਗ ਵਹਾਏ
ਦੂਰ ਗਿਆਂ ਦੇ ਵਿੱਚ ਗੁਮਨਾਮੀ ਸੁੱਖ ਸੁਨੇਹੇ ਆਏ।"

ਆਖ਼ਿਰ ਯੂਸਫ, ਜ਼ੁਲੇਖ਼ਾ ਦੀ ਹਾਲਤ ਦੇਖ ਕੇ ਨਿੰਮੋਝਾਣ ਹੋ ਜਾਂਦਾ ਹੈ ਤੇ ਉਸ ਨਾਲ ਵਿਆਹ ਕਰ ਲੈਂਦਾ ਹੈ।

"ਜਾਂ ਯੂਸਫ ਨੇ ਸੂਰਤ ਡਿੱਠੀ ਜੋਸ਼ ਮੁਹੱਬਤ ਚਾਇਆ
ਹੁਕਮੇ ਨਾਲ ਖ਼ੁਦਾ ਦੇ ਉਵੇਂ ਉਸ ਥੀਂ ਅਕਦ ਕਰਾਇਆ।"

-0-0-0-

"ਤੇ ਫਰਮਾਇਆ ਵੇਖ ਜ਼ੁਲੇਖ਼ਾ ਤੋਂ ਤੁੱਧ ਤਲਬ ਹਰਾਮੂੰ
ਉਹ ਚੰਗਾ ਯਾ ਹੁਣ ਇਹ ਚੰਗਾ ਜ਼ਾਹਿਰ ਦੱਸ ਕਲਾਮੂੰ।"

ਜਦੋਂ ਇਸਰਾਇਲ ਤੋਂ ਯੂਸਫ ਦੇ ਭਰਾ ਅਨਾਜ ਲੈਣ ਮਿਸਰ ਆਉਂਦੇ ਹਨ ਤਾਂ ਉਨ੍ਹਾਂ ਵਿੱਚ ਯੂਸਫ ਦਾ ਸਕਾ ਭਰਾ ਬਿਨਯਾਮਿਨ ਵੀ ਹੁੰਦਾ ਹੈ। ਯੂਸਫ ਬਾਕੀ ਭਾਈਆਂ ਨੂੰ ਗੱਲਾ ਦੇ ਕੇ ਵਾਪਿਸ ਇਸਰਾਇਲ ਭੇਜ ਦਿੰਦਾ ਹੈ। ਪਰ ਆਪਣੇ ਸਕੇ ਭਾਈ ਬਿਨਯਾਮਿਨ ਨੂੰ ਰੋਕ ਲੈਂਦਾ ਹੈ। ਫਿਰ ਉਹ ਆਪਣੇ ਪੁੱਤਰ ਮਨਸ਼ਾ ਨੂੰ ਬਿਨਯਾਮਿਨ ਕੋਲ ਭੇਜਦਾ ਹੈ ਤੇ ਉਸਨੂੰ ਸਮਝਾਉਂਦਾ ਹੈ ਕਿ ਬਿਨਯਾਮਿਨ ਉਸਦਾ ਚਾਚਾ ਹੈ। ਉਥੇ ਚਾਚੇ-ਭਤੀਜੇ ਦੀ ਵਾਰਤਾਲਾਪ ਇੰਝ ਹੁੰਦੀ ਹੈ-

"ਯੂਸਫ ਦਾ ਮੈਂ ਬੇਟਾ ਹਜ਼ਰਤ ਮਨਸ਼ਾ ਆਖ ਸੁਣਾਵੇ।
ਬਿਨਯਾਮਿਨ ਪਿਆ ਸੁਣ ਧਰਤੀ ਰੋ ਰੋ ਕੇ ਫਰਮਾਵੇ।
ਮੇਰਾ ਵੀ ਇੱਕ ਵੀਰ ਪਿਆਰਾ ਆਹਾ ਯੂਸਫ ਨਾਮੂ।
ਬਾਪ ਤੇਰਾ ਵੀ ਯੂਸਫ ਨਾਮੂ ਮੈਂ ਕੁਰਬਾਨ ਕਲਾਮੂ।
ਮਨਸ਼ਾ ਕਹਿੰਦਾ ਨਾ ਰੋ ਚਾਚਾ ਜ਼ਿੰਦਾ ਤੇਰਾ ਭਾਈ।
ਤੂੰ ਜਿਸ ਦੇ ਵਿੱਚ ਗਮ ਦੇ ਰੋਵੇਂ ਮੇਰਾ ਬਾਪ ਓਹਾਈ।
ਮੈਂ ਪੋਤਾ ਯਾਕੂਬ ਨਬੀ ਦਾ ਤੇਰਾ ਹਾਂ ਭਤਰੀਆ।
ਸ਼ੁਕਰ ਗੁਜ਼ਾਰ ਮਿਲਾਇਓ ਅੱਲਾ ਨਾ ਕਰ ਐਡ ਕਜ਼ੀਆ।
ਛਾਤੀ ਨਾਲ ਲਗਾਇਆ ਰੋ ਰੋ ਪਕੜ ਭਤੀਜੇ ਤਾਈਂ।
ਫਰਜ਼ੰਦਾ ਦੱਸ ਝੱਬਦੇ ਮੈਨੂੰ ਤੇਰਾ ਬਾਪ ਕੁਥਾਈਂ।
ਤਖ਼ਤ ਉੱਪਰ ਤੂੰ ਜਿਸ ਥੀਂ ਬੈਠਾ ਮਨਸ਼ਾ ਨੇ ਫਰਮਾਇਆ।


CC-0. Sohail Kazmi Collection, Jammu. Digitized by eGangotri

ਬਾਪ ਮੇਰਾ ਉਹ ਭਾਈ ਤੇਰਾ ਮਾਂ ਤੇਰੀ ਦਾ ਜਾਇਆ।"

ਫਿਰ ਦੋਵੇਂ ਪਿਓ-ਪੁੱਤਰ ਵੀ ਮਿਲਦੇ ਹਨ ਤੇ ਯੂਸਫ਼ ਆਪਣੇ ਪਿਓ ਹਜ਼ਰਤ ਯਾਕੂਬ ਨੂੰ ਕਹਿੰਦਾ ਹੈ-

"ਚਲੋ ਮਿਸਰ ਵਿੱਚ ਯੂਸਫ਼ ਆਖੇ ਅਮਨ ਮਿਲੇ ਰੱਬ ਚਾਹੇ।
ਪੈਗੰਬਰ ਯਾਕੂਬ ਉਵੇਂ ਹੀ ਅਜੇ ਰਾਸ਼ੀ ਵਿੱਚ ਆਹੇ।
ਗੁਜ਼ਰ ਗਈ ਜੋ ਗੁਜ਼ਰੀ ਸਿਰ ਤੇ ਹੋਏ ਦੂਰ ਕੁਸਾਲੇ।
ਸਾਰੇ ਦਰਦ ਗਵਾਏ ਅੱਲਾ ਸੁੱਖ ਵਖਾਏ ਹਾਲੇ।"

ਹਜ਼ਰਤ ਯਾਕੂਬ ਜੀਵਨ ਦੇ ਆਖ਼ਰੀ ਦਿਨ ਆਪਣੇ ਪੁੱਤਰ ਯੂਸਫ਼ ਕੋਲ ਗੁਜ਼ਾਰਦਾ ਹੈ ਤੇ ਮਰਨ ਵੇਲੇ ਉਸਨੂੰ ਵਸੀਅਤ ਮੁਤਾਬਿਕ ਇਸਰਾਇਲ ਵਿੱਚ ਹੀ ਦਫ਼ਨ ਕੀਤਾ ਜਾਂਦਾ ਹੈ। ਇੰਝ ਹੀ ਯੂਸਫ਼ ਨੂੰ ਵੀ ਮਰਨ ਉਪਰੰਤ ਇਸਰਾਇਲ ਲਿਜਾ ਕੇ ਦਫ਼ਨ ਕੀਤਾ ਜਾਂਦਾ ਹੈ ਤੇ ਇਹ ਕਾਰਜ ਹਜ਼ਰਤ ਮੂਸਾ ਕਰਦਾ ਹੈ, ਜੋ ਆਪ ਵੀ ਪੈਗੰਬਰ ਸੀ ਤੇ ਯਹੂਦੀ ਧਰਮ ਦਾ ਜਨਮਦਾਤਾ।

ਮੌਲਵੀ ਗੁਲਾਮ ਰਸੂਲ ਆਲਮਪੁਰੀ ਨੇ ਯੂਸਫ਼ ਜ਼ੁਲੇਖ਼ਾ ਦੇ ਕਿੱਸੇ ਦਾ ਮੁੱਢ ਉਸ ਵੇਲੇ ਦੀ ਰੀਤ ਅਨੁਸਾਰ ਰੱਬ ਸੋਹਣੇ ਨੂੰ ਯਾਦ ਕਰਕੇ ਕੀਤਾ ਹੈ ਤੇ ਹਮਦ ਲਿਖੀ, ਜਿਸ ਵਿੱਚ ਰੱਬ ਸੱਚੇ ਦੀਆਂ ਸਿਫ਼ਤਾਂ ਬਿਆਨ ਕੀਤੀਆਂ ਗਈਆਂ ਹਨ। ਉਸ ਤੋਂ ਮਗਰੋਂ ਨਬੀ ਪਾਕ ਹਜ਼ਰਤ ਮੁਹੰਮਦ ਨਾਲ ਆਪਣੀ ਸ਼ਰਧਾ ਤੇ ਅਕੀਦਤ ਦਾ ਇਜ਼ਹਾਰ ਕੀਤਾ ਗਿਆ ਹੈ। ਨਆਤੀਆ ਸ਼ੇਅਰਾਂ ਵਿੱਚ ਹਜ਼ਰਤ ਮੁਹੰਮਦ ਨਾਲ ਮੁਹੱਬਤ ਡੁਲ ਡੁਲ ਪੈਂਦੀ ਹੈ। ਪੰਜਾਬੀ ਭਾਸ਼ਾ ਦੇ ਇਸ ਸੇਵਕ ਨੇ ਯੂਸਫ਼-ਜ਼ੁਲੇਖ਼ਾ ਦੀ ਦਾਸਤਾਨ ਨੂੰ ਪੰਜਾਬੀਅਤ ਦੇ ਕਲਾਵੇ ਵਿੱਚ ਲੈਣ ਦਾ ਸਫ਼ਲ ਯਤਨ ਕੀਤਾ ਹੈ। ਆਲਮਪੁਰੀ ਸਾਹਿਬ ਜਿਸ ਦੌਰ ਦਾ ਸ਼ਾਇਰ ਸੀ, ਉਸ ਸਮੇਂ ਅੰਗਰੇਜ਼ਾਂ ਨੇ ਭਾਰਤ 'ਤੇ ਨਵਾਂ-ਨਵਾਂ ਕਬਜ਼ਾ ਕੀਤਾ ਹੋਇਆ ਸੀ। ਮੁਸਲਮਾਨਾਂ ਦਾ ਰਾਜ ਖ਼ਤਮ ਹੋ ਚੁੱਕਾ ਸੀ। ਹਿੰਦੂ ਰਜਵਾੜੇ ਵੀ ਅੰਗਰੇਜ਼ਾਂ ਦੇ ਪੈਰਾਂ ਵਿੱਚ ਰੁਲ ਗਏ ਸਨ। ਅਫਰਾ-ਤਫਰੀ ਤੇ ਬੇਚੈਨੀ ਦਾ ਮਾਹੌਲ ਸੀ ਤੇ ਪੰਜਾਬ ਵਿੱਚ ਵੀ ਸੱਭਿਆਚਾਰਕ ਜ਼ਵਾਲ ਸ਼ੁਰੂ ਹੋ ਚੁੱਕਿਆ ਸੀ। ਆਪੋ-ਤਾਪੀ ਪਈ ਹੋਈ ਸੀ। ਸਿਆਸੀ, ਸਮਾਜਿਕ ਤੇ ਧਾਰਮਿਕ ਕਦਰਾਂ-ਕੀਮਤਾਂ ਟੁੱਟ-ਭੱਜ ਰਹੀਆਂ ਸਨ। ਪੰਜਾਬ ਦੀ ਇਸ ਮੰਦਹਾਲੀ ਨੂੰ ਆਲਮਪੁਰੀ ਸਾਹਿਬ ਨੇ ਉਨ੍ਹਾਂ ਕਈ ਚਿੱਠੀਆਂ ਵਿੱਚ ਬਿਆਨ ਕੀਤਾ ਹੈ, ਜਿਹੜੀਆਂ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਨਜ਼ਮ ਵਿੱਚ ਲਿਖੀਆਂ ਹਨ। ਇਹ ਚਿੱਠੀਆਂ ਵੀ ਮਗਰੋਂ ਕਿਤਾਬੀ ਸੂਰਤ ਵਿੱਚ ਛਪੀਆਂ ਹਨ।

ਯੂਸਫ਼-ਜ਼ੁਲੇਖ਼ਾ ਬੁਨਿਆਦੀ ਤੌਰ 'ਤੇ ਜ਼ਬੂਰ, ਬਾਈਬਲ ਤੇ ਕੁਰਾਨ ਦਾ ਹਿੱਸਾ ਹੈ। ਇਸ ਕਿੱਸੇ ਵਿੱਚ ਬੰਦੇ ਲਈ ਕੰਮ ਦੀਆਂ ਗੱਲਾਂ ਦੱਸੀਆਂ ਗਈਆ ਹਨ। ਇਸ


CC-0. Sohail Kazmi Collection, Jammu. Digitized by eGangotri

ਕਿੱਸੇ ਵਿੱਚ ਖੁਸ਼ੀ, ਗਮੀ, ਦੁੱਖ, ਦਰਦ, ਦੁਸ਼ਮਣੀ, ਦੋਸਤੀ, ਮੰਦਹਾਲੀ ਤੇ ਖੁਸ਼ਹਾਲੀ, ਪਿਆਰ ਤੇ ਨਫ਼ਰਤ, ਇਸ਼ਕ-ਮੁਹੱਬਤ, ਮਿਲਣ-ਜੁਦਾਈ, ਗਿਲੇ-ਸ਼ਿਕਵੇ, ਲੁੱਟ-ਖਸੁੱਟ, ਰਿਸ਼ਤਿਆਂ ਦੀ ਟੁੱਟ-ਭੱਜ, ਜ਼ੁਲਮ ਅਤੇ ਸੱਭਿਆਚਰ ਸਭ ਕੁੱਝ ਮਿਲੇਗਾ। ਮੌਲਵੀ ਸਾਹਿਬ ਉਚੱ-ਕੋਟੀ ਅਤੇ ਸਿਰਕੱਢਵੇਂ ਸ਼ਾਇਰ ਸਨ। ਉਨ੍ਹਾਂ ਨੇ ਸਾਰੀਆਂ ਘਟਨਾਵਾਂ ਦਾ ਸੋਹਣੇ ਤੇ ਸੁਚੱਜੇ ਢੰਗ ਨਾਲ ਚਿਤਰਣ ਕੀਤਾ ਹੈ। ਉਨ੍ਹਾਂ ਨੇ ਯੂਸਫ਼-ਜ਼ੁਲੇਖ਼ਾ ਦੇ ਕਿੱਸੇ ਨੂੰ ਕਲਾਤਮਕ ਲੋੜਾਂ ਨਾਲ ਸ਼ਿੰਗਾਰਿਆ ਹੈ ਤੇ ਨਿਰੋਲ ਪੰਜਾਬੀ ਲਹਿਜਾ ਬਖ਼ਸ਼ਿਆ ਹੈ। ਇੰਝ ਜਾਪਦਾ ਹੈ ਕਿ ਯੁਸਫ਼-ਜ਼ੁਲੇਖ਼ਾ ਪੰਜਾਬੀ ਸ਼ਾਇਰੀ ਦੀ ਚਿੱਤਰਕਲਾ (Art Gallery) ਹੈ। ਮੌਲਵੀ ਸਾਹਿਬ ਦਾ ਸੁਭਾਅ ਮਿਲਾਪੜਾ ਤੇ ਰੱਖ ਰਖਾਵ ਸਾਦਾ ਸੀ। ਉਹ ਬਹੁਪੱਖੀ ਜਜ਼ਬਿਆਂ ਵਾਲੇ ਕਵੀ ਸਨ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਕਿਰਤ ਤੇ ਰਚਨਾ ਵਿੱਚ ਅਸੀਂ ਵੰਨ-ਸੁਵੰਨੇ ਰੰਗ ਦੇਖ ਸਕਦੇ ਹਾਂ। ਇਸ ਕਿੱਸੇ ਵਿੱਚ ਅਜੋਕੇ ਮਸਲਿਆਂ ਦੀ ਜੁਗਤ ਵੀ ਸਾਫ ਦਿਸਦੀ ਹੈ। ਦਾਸਤਾਨ-ਏ-ਅਮੀਰ ਹਮਜ਼ਾ ਤੇ ਯੁਸਫ-ਜ਼ੁਲੇਖ਼ਾ ਨੂੰ ਪੜ੍ਹਣ ਵੇਲੇ ਲੱਗਦਾ ਹੈ ਕਿ ਸੂਫੀਆਨਾ ਵਿਚਾਰਾਂ ਦੀ ਛਾਪ ਗੂੜ੍ਹੀ ਹੈ। ਸਾਦਗੀ ਤੇ ਰਵਾਨਗੀ ਨਾਲ ਸ਼ਬਦਾਂ ਨੂੰ ਵਰਤਣ ਦਾ ਸੋਹਣਾ ਚੱਜ ਵੀ ਇੰਨਾਂ ਸ਼ੇਅਰਾਂ ਨੂੰ ਪੜ੍ਹ ਕੇ ਮਿਲਦਾ ਹੈ। ਮੌਲਵੀ ਸਾਹਿਬ ਨੇ ਆਪਣੀ ਹਯਾਤੀ ਦੇ ਨਿੱਕੇ ਜਿਹੇ ਸਫਰ ਵਿੱਚ ਲਗਭਗ ਪੰਜਾਹ ਹਜ਼ਾਰ ਸ਼ੇਅਰਾਂ ਰਾਹੀਂ ਪੰਜਾਬੀ ਸਾਹਿਤ ਤੇ ਪੰਜਾਬੀ ਕਵਿਤਾ ਨੂੰ ਮਾਲਾਮਾਲ ਕੀਤਾ ਹੈ। ਪਰ ਦੁਖਦਾਈ ਗੱਲ ਇਹ ਹੈ ਕਿ ਅਸਾਂ ਪੰਜਾਬ ਦੇ ਇਸ਼ਕੀਆ ਕਿੱਸੇ ਤੇ ਉਨ੍ਹਾਂ ਦੇ ਰਚਨਾਹਾਰਿਆਂ ਨੂੰ ਤਾਂ ਦਿਲ ਨਾਲ ਲਾਈ ਰੱਖਿਆ ਹੈ ਤੇ ਸਾਰੇ ਪੰਜਾਬੀ ਹਿੰਦੂ, ਸਿੱਖ, ਮੁਸਲਮਾਨ ਤੇ ਈਸਾਈ ਇੰਨਾਂ ਕਿੱਸਿਆਂ ਨੂੰ ਪੜ੍ਹਦੇ ਹਨ ਤੇ ਥਾਂ-ਥਾਂ ਗਾਉਂਦੇ ਹਨ, ਪਰ ਮੌਲਵੀ ਗੁਲਾਮ ਰਸੂਲ ਆਲਮਪੁਰੀ ਹੋਰਾਂ ਦੇ ਕਲਾਮ ਨੂੰ ਉਹ ਮਹੱਤਤਾ ਨਹੀਂ ਦਿੱਤੀ ਗਈ, ਜਿਸਦੇ ਉਹ ਹੱਕਦਾਰ ਸਨ। ਵੰਡ ਨੇ ਜਿੱਥੇ ਕਈ ਹੋਰ ਪੁਆੜੇ ਪਾਏ, ਉਥੇ ਸਾਡੇ ਪਾਸੇ ਯਾਨੀ ਚੜ੍ਹਦੇ ਪੰਜਾਬ ਵਿੱਚ ਮੌਲਵੀ ਗੁਲਾਮ ਰਸੂਲ ਨੂੰ ਵੰਡ ਨੇ ਮਾਰ ਛੱਡਿਆ। ਇੱਕ-ਅੱਧ ਆਲੋਚਕ ਤੇ ਸਾਹਿਤਕਾਰ ਨੂੰ ਛੱਡ ਕੇ ਹੋਰ ਕਿਸੇ ਨੇ ਵੀ ਕੋਈ ਕੰਮ ਨਹੀਂ ਕੀਤਾ। ਡਾ. ਉਤਮ ਸਿੰਘ ਭਾਟੀਆ ਨੇ ਮੌਲਵੀ ਸਾਹਿਬ 'ਤੇ ਪੀਐਚੱ.ਡੀ. ਕੀਤੀ ਹੈ। ਇਸ ਤੋਂ ਛੁੱਟ ਕਿਸੇ ਹੋਰ ਨੇ ਵੀ ਖੋਜ ਦਾ ਕੰਮ ਕੀਤਾ ਹੋਵੇ ਤਾਂ ਮੇਰੀ ਨਜ਼ਰ ਤੋਂ ਨਹੀਂ ਲੰਘਿਆ। ਲਹਿੰਦੇ ਪੰਜਾਬ ਵਿੱਚ ਵੀ ਮੌਲਵੀ ਸਾਹਿਬ 'ਤੇ ਕੋਈ ਬਹੁਤਾ ਕੰਮ ਨਹੀਂ ਹੋਇਆ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਮੌਲਵੀ ਸਾਹਿਬ ਧਾਰਮਿਕ ਵਿਚਾਰਧਾਰਾ ਵਾਲੇ ਵਿਅਕਤੀ ਸਨ। ਉਹ ਮੌਲਵੀ ਵੀ ਸਨ, ਮਾਸਟਰ ਵੀ ਸਨ ਤੇ ਮਜ਼ਬੀ ਆਲਮ ਵੀ, ਸ਼ਾਇਦ ਇਹ ਵੀ


CC-0. Sohail Kazmi Collection, Jammu. Digitized by eGangotri

ਇੱਕ ਕਾਰਨ ਹੋਵੇ ਕਿ ਉਨ੍ਹਾਂ ਦੀ ਸ਼ਾਇਰੀ ਵੱਲ ਬੜਾ ਘੱਟ ਧਿਆਨ ਦਿੱਤਾ ਗਿਆ। ਮੌਲਵੀ ਸਾਹਿਬ ਦੀ ਦਰਗਾਹ ਹੁਸ਼ਿਆਰਪੁਰ ਲਾਗੇ ਪਿੰਡ ਆਲਮਪੁਰ ਵਿੱਚ ਹੈ ਤੇ ਵੰਡ ਤੋਂ ਪਹਿਲਾਂ ਇਸ ਦਰਗਾਹ 'ਤੇ ਸਾਲ ਵਿੱਚ ਦੋ ਵਾਰੀ ਉਰਸ ਮਨਾਇਆ ਜਾਂਦਾ ਤੇ ਅੱਜ ਵੀ ਕੁੱਝ ਗ਼ੈਰ-ਮੁਸਲਮ ਭੈਣ-ਭਰਾ ਉਨ੍ਹਾਂ ਦੇ ਮਜ਼ਾਰ 'ਤੇ ਦੀਵੇ ਬਾਲਦੇ ਹਨ, ਪਰ ਮਜ਼ਾਰ ਦੀ ਹਾਲਤ ਬੜੀ ਮਾੜੀ ਹੈ ਤੇ ਮਜ਼ਾਰ 'ਤੇ ਜਾਣ ਵਾਲੇ ਰਸਤੇ ਨੂੰ ਲੋਕਾਂ ਬੰਦ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਜਾਂ ਭਾਸ਼ਾ ਵਿਭਾਗ, ਪਟਿਆਲਾ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਵਕਫ਼ ਬੋਰਡ ਨੂੰ ਵੀ ਮੌਲਵੀ ਗੁਲਾਮ ਰਸੂਲ ਆਲਮਪੁਰੀ ਸਾਹਿਬ ਦੀ ਦਰਗਾਹ 'ਤੇ ਨਾਜਾਇਜ਼ ਕਬਜ਼ੇ ਖ਼ਤਮ ਕਰਵਾ ਕੇ ਦਰਗਾਹ ਨੂੰ ਆਪਣੀ ਪੁਰਾਣੀ ਸ਼ਕਲ ਵਿੱਚ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਕੰਮ ਲਈ ਪੰਜਾਬ ਦੇ ਸਾਹਿਤਕਾਰਾਂ, ਪੰਜਾਬੀ ਸਾਹਿਤ ਸੰਸਥਾਵਾਂ ਅਤੇ ਪੰਜਾਬੀਆਂ ਦਾ ਦਮ ਭਰਣ ਵਾਲੇ ਸੂਝਵਾਨਾਂ ਨੂੰ ਇੱਕੱਠਿਆਂ ਹੋ ਕੇ ਯਤਨ ਕਰਨਾ ਚਾਹੀਦਾ ਹੈ। ਅਸੀਂ ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਹੋਰ ਸੂਫ਼ੀ ਸ਼ਾਇਰਾਂ ਦੇ ਮਜ਼ਾਰਾਂ 'ਤੇ ਜਾ ਕੇ ਮੱਥਾ ਟੇਕ ਆਉਂਦੇ ਹਾਂ, ਪਰ ਆਪਣੇ ਘਰ ਵਿੱਚ ਦਫ਼ਨ ਸੂਫ਼ੀ ਵੱਲ ਕੋਈ ਧਿਆਨ ਨਹੀਂ ਦੇਂਦੇ। ਆਸ ਹੈ ਕਿ ਮੇਰੀ ਗੱਲ ਦਿਲਾਂ ਵਿੱਚ ਅਸਰ ਕਰੇਗੀ।

*** *** ***


CC-0. Sohail Kazmi Collection, Jammu. Digitized by eGangotri

# ਦੁੱਖਾਂ ਦੀ ਰੋਟੀ ਖਾਣ ਵਾਲਾ ਵਿੱਦਿਆ ਰਤਨ ਆਸੀ

ਮਾਧੋ ਲਾਲ ਸ਼ਾਹ ਹੁਸੈਨ ਦੀ ਇੱਕ ਕਾਫੀ ਦੇ ਕੁੱਝ ਸ਼ੇਅਰ ਇੰਝ ਹਨ-

"ਮਾਏ ਨੀ ਮੈਂ ਕਿਨੂੰ ਆਖਾਂ ਦਰਦ ਵਿਛੋੜੇ ਦਾ ਹਾਲ
ਦੁੱਖਾਂ ਦੀ ਰੋਟੀ ਸੂਲਾਂ ਦਾ ਸਾਲਣ ਆਹੋਂ ਦਾ ਬਾਲਣ ਬਾਲ
ਕਹੇ ਹੁਸੈਨ ਫਕੀਰ ਨਿਮਾਣਾ ਸ਼ੋਹ ਮਿਲੇ ਤਾਂ ਥੀਵਾਂ ਨਿਹਾਲ।"

ਪੰਡਿਤ ਵਿੱਦਿਆ ਰਤਨ ਆਸੀ ਨੇ ਆਪਣਾ ਜੀਵਨ ਸ਼ਾਹ ਹੁਸੈਨ ਦੀ ਉਪੱਰ ਲਿਖੀ ਕਾਫੀ ਵਾਂਗ ਹੀ ਬਿਤਾਇਆ। ਉਸਨੂੰ ਜ਼ਿੰਦਗੀ ਨੇ ਤੇਜ਼ਾਬ ਵਿੱਚ ਨਵਾਇਆ। ਨਸੀਬ ਨੇ ਛੱਲ ਫਰੇਬ ਕੀਤਾ ਅਤੇ ਉਦਾਸੀ, ਮਹਿਰੂਮੀ, ਦਿਲਸ਼ਿਕਨੀ, ਝੂਠ, ਬਦਦਿਆਂਤੀ ਤੇ ਬਦਇਖ਼ਲਾਕੀ ਜਿਹੀਆਂ ਸੌਗਾਤਾਂ ਬਖ਼ਸ਼ੀਆਂ। ਇਹੋ ਕਾਰਨ ਸੀ ਕਿ ਉਸਨੇ ਦਿਲਾਂ ਵਿੱਚ ਉਤਰਨ ਵਾਲਾ ਇਹ ਸ਼ੇਅਰ ਰਚਿਆ-

"ਗ਼ਲਤ ਸਭ ਦਲੀਲੇਂ, ਗ਼ਲਤ ਸਭ ਹਵਾਲੇ
ਅੰਧੇਰੇ-ਅੰਧੇਰੇ, ਉਜਾਲੇ-ਉਜਾਲੇ।
ਹਜ਼ਾਰੋਂ ਥੇ ਦੁਨੀਆ ਮੇਂ ਇਖ਼ਲਾਸ ਵਾਲੇ
ਮਗਰ ਗਰਦਿਸ਼-ਇ-ਵਕਤ ਨੇ ਪੀਸ ਡਾਲੇ।
ਹਕੀਕਤ ਹਮੇਸ਼ਾ ਹਕੀਕਤ ਰਹੇਗੀ
ਹਕੀਕਤ ਪੇ ਪਰਦੇ ਕੋਈ ਲਾਖ ਡਾਲੇ।"

ਕੁੱਝ ਲੋਕ ਬੇਗੁਨਾਹ ਹੋਣ ਦੇ ਬਾਵਜੂਦ ਵੀ ਦੁਨੀਆ ਦੀਆਂ ਨਜ਼ਰਾਂ ਵਿੱਚ ਗੁਨਾਹਗਾਰ ਤੇ ਪਾਪੀ ਬਣ ਜਾਂਦੇ ਹਨ ਅਤੇ ਆਸੀ (ਪਾਪੀ) ਅਖਵਾਉਂਦੇ ਹਨ ਤੇ ਫਿਰ ਜ਼ਿੰਦਗੀ ਦੇ ਮਾਰੂਥਲ ਵਿੱਚ 'ਕੱਲੇ ਇੱਕ ਟੁੰਡ-ਮੁੰਡ ਰੁੱਖ ਵਾਂਗ ਆਪਣੀ ਹੀ ਤਨਹਾਈ ਵਿੱਚ ਝੁਲਸ ਜਾਂਦੇ ਨੇ। ਅਜਿਹੇ ਲੋਕਾਂ ਦੀ ਆਤਮ-ਕਥਾ ਵਿੱਚ ਨਸੀਬ ਸੁੱਤਾ ਰਹਿੰਦਾ ਹੈ, ਪਰ ਜ਼ਮੀਰ ਜਾਗਦਾ ਹੈ। ਜੀਵਨ ਦੀਆਂ ਥੁੜ੍ਹਾਂ ਤੇ ਨਫਰਤਾਂ ਉਸਨੂੰ ਸੰਜੀਦਾ ਤੇ ਹਸਾਸ (ਮਹਿਸੂਸ ਕਰਨ ਵਾਲਾ) ਬਣਾ ਦਿੰਦੀਆਂ ਹਨ। ਅਜਿਹੇ ਲੋਕਾਂ ਵਿੱਚ ਮੇਰਾ ਦੋਸਤ ਤੇ ਉਰਦੂ ਦਾ ਪ੍ਰਸਿੱਧ ਸ਼ਾਇਰ ਪੰਡਿਤ ਵਿੱਦਿਆ ਰਤਨ ਆਸੀ ਵੀ ਹੈ, ਜਿਸਨੇ ਆਪਣੀ ਅਵਚੇਤਨਤਾ ਤੇ ਜ਼ਿੰਦਗੀ ਦੀ ਕੁੜੱਤਣ ਨੂੰ ਪਾਲਿਆ ਹੈ ਤੇ ਕਿਹਾ ਹੈ-


CC-0. Sohail Kazmi Collection, Jammu. Digitized by eGangotri

"ਦਰਹਮ-ਓ-ਬਰਹਮ ਹੈ ਨਜ਼ਮ-ਇ-ਜ਼ਿੰਦਗੀ
ਐ ਗ਼ਮ-ਏ-ਦੋਰਾਂ ਤੇਰਾ ਖ਼ਾਨਾਂ ਖ਼ਰਾਬ।"

ਆਪਣਿਆਂ ਦੀ ਨਫਰਤ ਤੇ ਹਕਾਰਤ ਕਾਰਨ ਜਦ ਵਿੱਦਿਆ ਰਤਨ ਆਸੀ ਲਈ ਮਨੁੱਖੀ ਰਿਸ਼ਤੇ ਆਜ਼ਾਬ ਬਣ ਗਏ ਤਾਂ ਉਹ ਬੋਲ ਪਿਆ-

"ਜੈਸੇ ਮਾਹੌਲ ਮੇਂ ਜੀਏ ਹਮ ਲੋਕ
ਆਪ ਹੋਤੇ ਤੋ ਖ਼ੁਦਕੁਸ਼ੀ ਕਰਤੇ।"

ਮਾਤਾ-ਪਿਤਾ ਦੀ ਫੌਤਗੀ ਮਗਰੋਂ ਜਦ ਆਸੀ ਨੂੰ ਆਪਣਿਆਂ ਦੇ ਸਹਾਰਿਆਂ ਦੀ ਲੋੜ ਸੀ ਤਾਂ ਲਹੂ ਤੇ ਦੁੱਧ ਦੇ ਰਿਸ਼ਤਿਆਂ ਨੇ ਹੀ ਦਗ਼ਾ ਦੇ ਦਿੱਤਾ ਤੇ ਉਸਨੂੰ ਠੁਕਰਾ ਦਿੱਤਾ। ਪਰ ਅਜਿਹੇ ਮਾਹੌਲ ਵਿੱਚ ਕੁੱਝ ਬੇਗਾਨੇ ਕੰਮ ਆਏ ਤੇ ਉਹ ਆਪਣੇ ਬਣ ਗਏ ਜਿਨ੍ਹਾਂ ਅੱਗੇ ਵਧ ਕੇ ਆਸੀ ਨੂੰ ਥੰਮ ਲਿਆ।

ਇੰਨਾਂ ਨਵੇਂ ਰਿਸ਼ਤਿਆਂ ਦੇ ਮਿੱਠੇ ਤੇ ਕੋਸੇ ਸੇਕ ਵਿੱਚ ਆਸੀ ਜੀਉਣ ਲੱਗਾ ਤੇ ਜ਼ਿੰਦਗੀ ਦੇ ਕਾਰੋਬਾਰ ਵਿੱਚ ਰੁਝ ਗਿਆ। ਪਰ ਕੁੱਝ ਪਲਾਂ ਦਾ ਇਹ ਸੁੱਖ ਭਲਾ ਆਪਣਿਆਂ ਨੂੰ ਕਿਵੇਂ ਬਰਦਾਸ਼ਤ ਹੁੰਦਾ। ਆਸੀ ਉਤੇ ਤੋਹਮਤਾਂ ਲੱਗਣ ਲੱਗੀਆਂ। ਉਹ ਇੱਕ ਪੰਡਿਤ ਤੇ ਬ੍ਰਾਹਮਣ ਸੀ ਤੇ ਨਿੱਕੀ ਜ਼ਾਤ ਵਾਲਿਆਂ ਦਾ ਪਿਆਰ ਉਨ੍ਹਾਂ ਨੂੰ ਚੁੱਭਣ ਲੱਗਾ ਤੇ ਉਹ ਵੀ ਬੁੱਲ੍ਹੇ ਸ਼ਾਹ ਵਾਂਗ ਆਸੀ ਨੂੰ ਸਮਝਾਉਣ ਲੱਗੇ-

"ਬੁੱਲ੍ਹੇ ਨੂੰ ਸਮਝਾਵਣ ਆਈਆਂ ਭੈਣਾਂ ਤੇ ਭਰਜਾਈਆਂ।
ਛੱਡ ਦੇ ਪੱਲਾ ਰਾਈਆਂ।
ਆਲ ਨਬੀ ਔਲਾਦ ਅਲੀ ਨੂੰ ਤੂੰ ਕਿਉਂ ਲੀਕਾਂ ਲਾਈਆਂ।"

ਤੇ ਆਸੀ ਨੇ ਵੀ ਬੁੱਲ੍ਹੇ ਸ਼ਾਹ ਦਾ ਬੋਲ ਬੋਲਿਆ ਸੀ ਕਿ-

"ਜਿਹੜਾ ਸਾਨੂੰ ਸਈਅਦ ਆਖੇ ਦੋਜ਼ਖ਼ ਮਿਲਣ ਸਜ਼ਾਈਆਂ
ਰਾਈਂ ਸਾਈਂ ਸਭ ਦੀ ਥਾਈਂ ਰੱਬ ਦੀਆ ਬੇਪਰਵਾਹੀਆਂ।"

ਰਿਸ਼ਤੇਦਾਰਾਂ ਦੇ ਤਾਨੇ-ਮਿਹਣੇ ਸੁਣ ਕੇ ਆਸੀ ਬੇਚੈਨ ਹੋ ਗਿਆ ਤੇ ਉਸਨੇ ਕਿਹਾ-

"ਮੁਫਲਿੱਸੋਂ ਪੇ ਜਬ ਕਭੀ ਆਇਆ ਸ਼ਬਾਬ
ਘੜ ਲੀਏ ਦੁਨੀਆ ਨੇ ਕਿੱਸੇ ਬੇਹਿਸਾਬ।"

ਰਿਸ਼ਤੇਦਾਰਾਂ ਦੇ ਮਜਬੂਰ ਕਰਨ 'ਤੇ ਉਸਨੇ ਇੱਕ ਬ੍ਰਾਹਮਣੀ ਨਾਲ ਵਿਆਹ ਕਰਵਾਇਆ, ਜਿਹੜੀ ਉਸਦੀਆਂ ਭੈਣਾਂ ਦੀ ਪਸੰਦ ਸੀ। ਵਿਆਹ ਨੇ ਖ਼ੁਸ਼ੀਆ ਦੇ ਬਦਲੇ ਦੁੱਖ ਦਿੱਤੇ, ਪੀੜਾਂ ਦਿੱਤੀਆਂ ਅਤੇ ਮਲਾਮਤਾਂ ਬਖ਼ਸ਼ੀਆਂ। ਆਸੀ ਕਈ ਸਾਲਾਂ ਤਕ ਇਸ ਬੰਧਨ ਦੀ ਅਰਥੀ ਚੁੱਕੀ ਅਦਾਲਤਾਂ ਵਿੱਚ ਖੱਜਲ ਹੁੰਦਾ ਰਿਹਾ


CC-0. Sohail Kazmi Collection, Jammu. Digitized by eGangotri

ਅਤੇ ਰਿਸ਼ਤਿਆਂ ਦੀ ਸੂਲੀ 'ਤੇ ਟੰਗਿਆ ਰਿਹਾ। ਇਸ ਅਰਥੀ ਨੂੰ ਸੜ ਕੇ ਰਾਖ ਹੋਣ ਵਿੱਚ 20-25 ਵਰ੍ਹੇ ਲੱਗ ਗਏ, ਜਿਸ ਕਾਰਨ ਆਸੀ ਦੀ ਜ਼ਿੰਦਗੀ ਨਿਰੰਤਰ ਉਹਦੇ ਮੋਢਿਆਂ ਦਾ ਭਾਰ ਬਣੀ ਰਹੀ। ਉਨ੍ਹਾਂ ਬੁਰੇ ਦਿਨਾਂ ਵਿੱਚ ਆਸ਼ਾ ਨਾਂ ਦੀ ਇੱਕ ਕਿਰਨ ਹੌਲੀ ਜਿਹੀ ਤੇ ਚੁੱਪ-ਚੁਪੀਤੇ ਆਸੀ ਦੇ ਦਿਲ ਦੇ ਵਿਹੜੇ ਵਿੱਚ ਉਤਰੀ ਤੇ ਉਸਦੇ ਸਿੱਲੇ ਨਸੀਬ ਨੂੰ ਕੁੱਝ ਪਲਾਂ ਲਈ ਰੋਸ਼ਨ ਕਰਨ ਵਾਸਤੇ ਆਸੀ ਨਾਲ ਕੁੱਝ ਕਦਮ ਚੱਲੀ। ਆਸੀ ਦੇ ਦਿਲ ਵਿੱਚ ਉਸ ਆਸ਼ਾ ਦੀ ਕਿਰਨ ਲਈ ਬੜੀ ਮੁਹੱਬਤ ਤੇ ਇੱਜ਼ਤ ਹੈ।

ਪੰਡਿਤ ਵਿੱਦਿਆ ਰਤਨ ਆਸੀ ਦਾ ਮੁਕੱਦਰ ਭਾਵੇਂ ਖ਼ੂਬਸੂਰਤ ਨਾ ਰਿਹਾ ਹੋਵੇ, ਪਰ ਉਸਦਾ ਹੁਸਨ ਤੇ ਜਵਾਨੀ ਵੇਖ ਕੇ ਅੱਖਾਂ ਪਥਰਾ ਜਾਂਦੀਆਂ ਸਨ। ਮਸ਼ਹੂਰ ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੇ ਗੀਤ ਦੀਆਂ ਇਹ ਦੋ ਤੁਕਾਂ ਆਸੀ 'ਤੇ ਪੂਰੀ ਤਰ੍ਹਾਂ ਢੁਕਦੀਆਂ ਹਨ-

"ਇੱਕ ਉਹਦੇ ਰੂਪ ਦੀ ਧੁੱਪ ਤਿਖੇਰੀ
ਦੂਜਾ ਮਹਿਕਾਂ ਦਾ ਤਰਿਹਾਇਆ
ਤੀਜਾ ਉਹਦਾ ਰੰਗ ਗੁਲਾਬੀ
ਉਹ ਕਿਸੇ ਗੋਰੀ ਮਾਂ ਦਾ ਜਾਇਆ।"

ਜੀਵਨ ਦੇ 75 ਸਾਲ ਹੰਢਾਉਣ ਦੇ ਬਾਵਜੂਦ ਵੀ ਆਸੀ ਦਾ ਰੰਗ ਅੱਜ ਵੀ ਗੁਲਾਬੀ ਹੈ ਤੇ ਅੱਖਾਂ ਨੀਲੀਆਂ। ਪਰ ਇੰਨਾਂ ਅੱਖਾਂ ਵਿੱਚ ਬਦਨਸੀਬੀ ਦੀ ਸਿਆਹੀ ਸਾਫ਼ ਦਿਸਦੀ ਹੈ। ਪੰਡਿਤ ਵਿੱਦਿਆ ਰਤਨ ਆਸੀ ਜੰਮੂ ਦੇ ਮੁਹੱਲੇ ਚੁਗਾਨ ਸਲਾਥੀਆਂ ਵਿਖੇ 11 ਜੁਲਾਈ 1938 ਨੂੰ ਜਨਮਿਆ। ਪਿਤਾ ਦਾ ਨਾਂ ਸ਼ੰਕਰਦਾਸ ਸੀ। ਬਚਪਨ ਤੇ ਇਆਣ ਉਮਰ ਗੁਰਬਤ ਵਿੱਚ ਬੀਤੀ ਅਤੇ ਜਵਾਨੀ 'ਤੇ ਕਿਸਮਤ ਨੇ ਕਾਲੀ ਸਿਆਹੀ ਥੋਪ ਦਿੱਤੀ। ਸਾਰੀ ਜ਼ਿੰਦਗੀ ਮਸਲਿਆਂ ਵਿੱਚ ਹੀ ਉਲਝੀ ਰਹੀ। ਫਿਰ ਇੰਝ ਹੋਇਆ ਕਿ ਹਾਦਸੇ ਤੇ ਘਟਨਾਵਾਂ ਉਸਦੀ ਜ਼ਿੰਦਗੀ ਬਣ ਗਏ। ਜ਼ਮਾਨੇ ਦੀਆਂ ਕੌੜੀਆਂ ਸੱਚਾਈਆਂ ਤੇ ਉਨ੍ਹਾਂ ਨਾਲ ਨਿਭਾਣ ਦਾ ਅਨੁਭਵ ਉਸਦੀ ਰਚਨਾਤਮਕ ਪ੍ਰਾਪਤੀ ਦਾ ਹਿੱਸਾ ਬਣ ਗਏ। ਆਸੀ ਦੇ ਕਲਾਮ ਵਿੱਚ ਉਸਦਾ ਚਿੰਤਨ ਤੇ ਅਨੁਭਵ ਸਾਫ਼ ਝਲਕਦਾ ਹੈ। ਉਸਦੀ ਸ਼ਾਇਰੀ ਜ਼ਿੰਦਗੀ ਦੀ ਬੁਨਿਆਦੀ ਸੱਚਾਈਆਂ ਦਾ ਸ਼ੀਸ਼ਾ ਹੈ। ਉਸਦੇ ਸ਼ੇਅਰ ਸਮਾਜ ਦੇ ਰਿਸਦੇ ਨਾਸੂਰ ਨੂੰ ਦਰਸਾਉਂਦੇ ਹਨ। ਉਹ ਚੋਖੇ ਚਿਰ ਤੋਂ ਸ਼ਾਇਰੀ ਕਰ ਰਿਹਾ ਹੈ, ਪਰ ਉਸਦੀ ਬਿਆਜ਼ (ਖਰੱੜਾ) ਨੂੰ ਛਾਪੇ ਚਾੜਣ ਲਈ ਪੈਸਿਆਂ ਦੀ ਲੋੜ ਸੀ, ਜਿਹੜੇ ਆਸੀ ਕੋਲ ਨਹੀਂ ਸਨ। ਤੇ ਇੱਕ ਚੰਗਾ ਸ਼ਾਇਰ ਜਿਸਦੇ ਸ਼ੇਅਰ ਦਿਲ ਤੇ ਦਿਮਾਗ ਨੂੰ ਝੰਜੋੜਣ, ਉਸਦੀ ਬਿਆਜ਼ ਨੂੰ ਸਿਉਂਕ ਤੇ ਹੋਰ ਕੀੜੇ ਖਾ ਜਾਣ, ਇਹ ਮੈਨੂੰ ਮਨਜ਼ੂਰ ਨਹੀਂ


CC-0. Sohail Kazmi Collection, Jammu. Digitized by eGangotri

ਸੀ। ਆਖ਼ਿਰ ਮੈਂ ਹਿੰਮਤ ਕੀਤੀ ਤੇ ਇੱਕ ਬੇਲੀ, ਮੁਹੰਮਦ ਇਕਬਾਲ ਖਾਂਡੇ (I.A.S.) ਨੇ, ਆਸੀ ਦੇ ਸ਼ੇਅਰ ਸੁਣ ਕੇ ਆਪਣਾ ਯੋਗਦਾਨ ਪਾਇਆ ਤੇ ਅਸੀਂ ਦੋਹਾਂ ਆਸੀ ਦੀ ਸ਼ਾਇਰੀ ਦੀ ਬਿਆਜ਼ ਨੂੰ ਪੁਸਤਕ ਦੀ ਸ਼ਕਲ ਵਿੱਚ ਪੜ੍ਹਿਆਰਾਂ ਤੇ ਸ਼ਾਇਰੀ ਨੂੰ ਰੂਹ ਦਾ ਸ਼ਰਬਤ ਸਮਝਣ ਵਾਲਿਆਂ ਸਾਹਮਣੇ ਪੇਸ਼ ਕੀਤਾ। ਪੁਸਤਕ ਦਾ ਨਾਂ ਹੈ 'ਦਸਤ-ਇ-ਤਲਬ'। ਇਸ ਪੁਸਤਕ ਵਿੱਚ ਆਸੀ ਦੀਆਂ ਬਹੁਤ ਹੀ ਸੁੰਦਰ ਗ਼ਜ਼ਲਾਂ ਹਨ। ਇਹ ਗ਼ਜ਼ਲਾਂ ਉਰਦੂ ਸਾਹਿਤ ਵਿੱਚ ਯਕੀਨਨ ਇੱਕ ਵਾਧਾ ਹੈ। ਇੰਨਾਂ ਗਜ਼ਲਾਂ ਵਿੱਚ ਸਾਹਿਤ ਤੇ ਜੀਵਨ ਇੱਕ ਦੂਜੇ ਵਿੱਚ ਘੁਲਦੇ ਮਿਲਦੇ ਹਨ। ਆਸੀ ਦੀਆਂ ਗ਼ਜ਼ਲਾਂ ਦਾ ਲੁਤਫ਼ ਉਸਦੀ ਸਰਲ ਭਾਸ਼ਾ ਵਿੱਚ ਹੈ, ਜਿਵੇਂ-

"ਜ਼ਿੰਦਗਾਨੀ ਜਬ ਹਮੇਂ ਰਾਸ ਆਏਗੀ
ਦੇਖ ਲੇਨਾ, ਮੌਤ ਵੀ ਆ ਜਾਏਗੀ।
ਮੇਰੇ ਘਰ ਸੇ ਸ਼ਾਮ-ਇ-ਗ਼ਮ ਕਬ ਜਾਇਗੀ
ਆਜ ਜਾਏਗੀ, ਕਲ ਫਿਰ ਆਏਗੀ।"

-0-0-0-

"ਔਰ ਕਿਸ ਤਰਹ ਜ਼ਿੰਦਗੀ ਕਰਤੇ
ਉਮਰ ਗੁਜ਼ਰੀ ਹੈ ਖ਼ੁਦਕੁਸ਼ੀ ਕਰਤੇ
ਹਰ ਤਰਫ਼ ਭੀੜ ਥੀ ਖ਼ੁਦਾਉਂ ਕੀ
ਲੋਗ ਕਿਸ ਕਿਸ ਕੀ ਬੰਦਗੀ ਕਰਤੇ।"

-0-0-0-

"ਹਮਦਰਦੀ ਜਿਤਲਾਨੇ ਵਾਲੇ
ਨਿਕਲੇ ਆਗ ਲਗਾਨੇ ਵਾਲੇ।
ਸ਼ਾਇਦ ਤੇਰਾ ਕੋਈ ਨਹੀਂ ਹੈ
ਰਾਤ ਗਏ ਘਰ ਜਾਨੇ ਵਾਲੇ।"

-0-0-0-

"ਬੈਠੇ ਹੋ ਸਰੇ ਰਾਹਗੁਜ਼ਰ ਕਿਉਂ ਨਹੀਂ ਜਾਤੇ
ਤੁਮ ਲੋਗ ਤੋਂ ਘਰ ਵਾਲੇ ਹੋ ਘਰ ਕਿਉਂ ਨਹੀਂ ਜਾਤੇ।"

-0-0-0-

"ਯੇ ਵਕਤ ਕੇ ਹਾਕਿਮ ਹੈਂ ਸੁਨਾ, ਵਕਤ ਕੇ ਹਾਕਿਮ
ਯੇ ਕਹਤੇ ਹੈਂ ਕਿ ਮਰ ਜਾਉ ਤੋਂ ਮਰ ਕਿਉਂ ਨਹੀਂ ਜਾਤੇ
ਮੁੱਦਤ ਸੇ ਕੁਰੇਦੇ ਭੀ ਨਹੀਂ ਯਾਦ ਕਿਸੀ ਕੀ
ਫਿਰ ਜ਼ਖ਼ਮ ਮੇਰੇ ਸੀਨੇ ਕਿ ਭਰ ਕਿਉਂ ਨਹੀਂ ਜਾਤੇ।"


CC-0. Sohail Kazmi Collection, Jammu. Digitized by eGangotri

-0-0-0-

"ਦਰਦ ਵਾਲੇ ਹੋ ਤੋ ਫਿਰ ਐਸਾ ਕਰੋ
ਸਾਥ ਕੁੱਝ ਹਮਦਰਦ ਭੀ ਰੱਖਾ ਕਰੋ
ਗੋਬੁਲੰਦੀ ਹੋ ਕਿ ਪਸਤੀ, ਹਰ ਜਗ੍ਹਾ
ਜ਼ਹਿਨ-ਓ-ਦਿਲ ਦੋਨੋਂ ਖੁੱਲੇ ਰੱਖਾ ਕਰੋ
ਹਮਸਫਰ ਹੋਂਗੇ ਤੋਂ ਬਿਛੜੇਂਗੇ ਜ਼ਰੂਰ
ਇਸ ਲੀਏ ਇੱਕ ਇੱਕ ਸਫਰ ਤਨਹਾ ਕਰੋ।"

-0-0-0-

"ਮੈਂ ਕਿ ਕਿਸ ਕਿਸ ਸੇ ਆਸ਼ਨਾ ਨਾ ਹੁਆ
ਇੱਕ ਭੀ ਅਪਨੇ ਮਜ਼ਾਜ ਕਾ ਨਾ ਹੁਆ
ਸਾਰੀ ਦੁਨੀਆ ਕੀ ਮੁਨਸਫੀ ਕਰ ਲੀ
ਸਿਰਫ ਅਪਨਾ ਹੀ ਫੈਸਲਾ ਨਾ ਹੁਆ
ਦੁਨੀਆਦਾਰੀ ਨਿਭਾ ਤੋ ਸਕਤੇ ਥੇ,
ਦਿਲ ਹੀ ਸੀਨੇ ਮੇਂ ਦੂਸਰਾ ਨਾ ਹੁਆ।"

ਜੇਕਰ ਗ਼ਜ਼ਲ ਸੰਗੀਤ ਤੇ ਨਗਮਾ ਹੈ ਤਾਂ ਇਹ ਚੀਜ਼ ਆਸੀ ਦੀਆਂ ਗ਼ਜ਼ਲਾਂ ਵਿੱਚ ਭਰਪੂਰ ਮਿਲਣਗੀਆਂ। ਆਸੀ ਨੇ ਸਿਰਫ ਸ਼ਾਇਰੀ ਕੀਤੀ, ਉਹ ਗ਼ਜ਼ਲ ਦੀ ਤਹਿਜ਼ੀਬ ਨੂੰ ਸਮਝਦਾ ਸੀ, ਸ਼ਬਦਾਂ ਦੀ ਵਰਤੋਂ ਦਾ ਮਾਹਿਰ ਸੀ। ਉਸਦਾ ਖ਼ਿਆਲ ਤੇ ਸੋਚ ਉਡਾਰੀ ਨਿਵੇਕਲੀ ਸੀ ਤੇ ਕਲਾ ਲਈ ਉਸਦੀ ਵਚਨਬੱਧਤਾ ਦਾ ਹੀ ਸਿੱਟਾ ਹੈ ਕਿ ਉਹ ਉਰਦੂ ਦਾ ਹਰਮਨ ਪਿਆਰਾ ਸ਼ਾਇਰ ਬਣ ਗਿਆ। ਨਿੱਕੀ ਬਹਿਰ ਵਿੱਚ ਉਸਨੇ ਕਮਾਲ ਦੀਆਂ ਗ਼ਜ਼ਲਾਂ ਲਿਖੀਆ ਹਨ। ਤੁਸੀਂ ਵੀ ਆਨੰਦ ਮਾਣੋ-

"ਰਾਤ ਅੱਛਾ ਲਗਾ,
ਚਾਂਦ ਤੁਮਸਾ ਲਗਾ
ਤੁਮ ਮੇਰੇ ਹੋ ਗਏ,
ਵਕਤ ਕਿਤਨਾ ਲਗਾ
ਕੁਛ ਪਕੜ ਮੇਂ ਨਹੀਂ,
ਸਬ ਹਵਾ ਸਾ ਲਗਾ
ਜਿਸ ਕਿਸੀ ਸੇ ਮਿਲੇ,
ਕਮ ਜ਼ਿਆਦਾ ਲਗਾ
ਆ ਗਿਆ ਜਿਸ ਪੇ ਦਿਲ,


CC-0. Sohail Kazmi Collection, Jammu. Digitized by eGangotri

ਕੌਨ ਕੈਸਾ ਲਗਾ।"

-0-0-0-

"ਗ਼ਮ ਪੁਰਾਨਾ ਥਾ,
ਕਿਆ ਛੁਪਾਨਾ ਥਾ
ਇੱਕ ਜ਼ਮਾਨਾ ਥਾ,
ਆਸ਼ੀਆਨਾ ਥਾ
ਦਿਲ ਸੇ ਮਿਲਦੇ ਥੇ,
ਕਿਆ ਜ਼ਮਾਨਾ ਥਾ
ਇਸ਼ਕ ਕਰਤਬ ਹੈ,
ਕਰ ਦਿਖਾਨਾ ਥਾ
ਜਾਨ ਭੀ ਦੇਤੇ,
ਆਜ਼ਮਾਨਾ ਥਾ
ਫੂਟ ਕਰ ਰੋਏ,
ਮੁਸਕਰਾਨਾ ਥਾ
ਕਿਆ ਗਿਲੇ ਸ਼ਿਕਵੇ,
ਦੋਸਤਾਨਾ ਥਾ
ਆਬਰੂ ਕੈਸੀ,
ਘਰ ਬਚਾਨਾ ਥਾ
ਕੌਨ ਥਾ ਆਸੀ,
ਇੱਕ ਦੀਵਾਨਾ ਥਾ।"

-0-0-0-

"ਤੇਜ਼ ਰਫਤਾਰੀਆਂ,
ਭੂਖ ਬੀਮਾਰੀਆਂ
ਨੇਕ ਕਿਰਦਾਰੀਆਂ,
ਝੂਠ ਮੱਕਾਰੀਆਂ
ਆਸਮਾਂ ਸੇ ਉਤਰ,
ਛੋੜ ਸਰਦਾਰੀਆਂ
ਘਰ ਸੇ ਊਂਚੀ ਨਾ ਕਰ,
ਚਾਰ ਦਿਵਾਰੀਆਂ
ਕੁਛ ਮੁਸਾਫਿਰ ਗਏ,



CC-0. Sohail Kazmi Collection, Jammu. Digitized by eGangotri

ਕੁਛ ਕੀ ਤਿਆਰੀਆਂ
ਹਮ ਭਲੇ ਜਾ ਬੁਰੇ,
ਉਸ ਕੀ ਫਨਕਾਰੀਆਂ।"

ਵਿੱਦਿਆ ਰਤਨ ਆਸੀ ਰੋਜ਼ੀ-ਰੋਟੀ ਲਈ 'ਪੀ.ਮਾਰਕਾ' ਸਰੋਂ ਦਾ ਤੇਲ ਵੇਚਣ ਵਾਲੇ 'ਦੇਵੀ ਦਾਸ ਗੋਪਾਲ ਕਿਸ਼ਨ' ਦੇ ਮਾਲਕ ਅਵਤਾਰ ਕਿਸ਼ਨ ਪੁਰੀ ਕੋਲ ਮੁਲਾਜ਼ਮ ਸੀ। ਪੁਰੀ ਸਾਹਿਬ ਆਸੀ ਦੀ ਬੜੀ ਇੱਜ਼ਤ ਕਰਦੇ ਸਨ। ਪਰ ਜਦ ਬੁਢਾਪੇ ਵਿੱਚ ਕਾਰੋਬਾਰ ਉਹਨਾਂ ਦੇ ਪੁੱਤਰਾਂ ਨੇ ਸਾਂਭ ਲਿਆ ਤਾਂ ਆਸੀ ਨੇ ਪੁਰੀ ਸਾਹਿਬ ਦੀ ਨੌਕਰੀ ਛੱਡ ਕੇ ਆਪਣੀ ਕਿਰਾਏ ਵਾਲੀ ਕਾਲ-ਕੋਠੜੀ ਵਿੱਚ ਕੈਦ ਹੋਣ ਦਾ ਫੈਸਲਾ ਕਰ ਲਿਆ। ਇਸੇ ਕੋਠੜੀ ਵਿੱਚ ਕਈ ਵਾਰੀ ਸ਼ਾਇਰਾਂ ਤੇ ਅਦੀਬਾਂ ਦਾ ਇੱਕਠ ਹੁੰਦਾ ਤੇ ਨਵੀਆਂ ਰਚਨਾਵਾਂ ਸੁਣਾਈਆਂ ਜਾਂਦੀਆਂ ਤੇ ਉਨ੍ਹਾਂ ਉੱਪਰ ਵਿਚਾਰ ਵਟਾਂਦਰਾ ਤੇ ਬਹਿਸਾਂ ਹੁੰਦੀਆਂ। ਆਸੀ ਨੇ ਆਪਣੀ ਵਿੱਦਿਆ ਜ਼ਿੰਦਗੀ ਦੀ ਪਾਠਸ਼ਾਲਾ ਤੋਂ ਹਾਸਿਲ ਕੀਤੀ। ਉਹ ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿੱਚ ਨਹੀਂ ਗਿਆ। ਉਹ ਪੰਡਿਤ ਹੈ ਤੇ ਭਗਤ ਕਬੀਰ ਦੇ ਇਸ ਦੋਹੇ ਦੇ ਹਵਾਲੇ ਨਾਲ ਕਿ-

"ਪੋਥੀ ਪੜ੍ਹੀ ਪੜ੍ਹੀ ਜਗ ਮੁਆ, ਪੰਡਿਤ ਭਇਆ ਨਾ ਕੋਏ
ਢਾਈ ਅਕਸ਼ਰ ਪ੍ਰੇਮ ਕੇ ਪੜ੍ਹੇ ਸੋ ਪੰਡਿਤ ਹੋਏ।"

ਉਸਨੇ ਵੀ ਪ੍ਰੇਮ ਦੇ ਢਾਈ ਅਖ਼ਰ ਪੜ੍ਹੇ ਤੇ ਆਪਣੀ ਸ਼ਾਇਰੀ ਵਿੱਚ ਵਰਤੇ। ਇਹ ਗੱਲ ਵੱਖਰੀ ਹੈ ਕਿ ਇਹ ਪ੍ਰੇਮ ਅਕਸ਼ਰ ਉਸਨੂੰ ਆਪਣੇ ਨਿੱਜੀ ਜੀਵਨ ਵਿੱਚ ਰਾਸ ਨਹੀਂ ਆਏ।

"ਰੂਹ ਕੀ ਪਿਆਸ ਹੈ, ਲਫ਼ਜ਼ੋਂ ਸੇ ਕਹਾਂ ਬੁਝਤੀ ਹੈ
ਬੰਦ ਕਰਦੋ ਯੇ ਸਹੀਫੇ, ਯੇ ਕਿਤਾਬੇਂ ਅਪਨੀ।"

-0-0-0-

"ਜਿਸ ਕਮਨਸੀਬ ਸ਼ਖ਼ਸ ਕੋ ਗ਼ਮ ਭੀ ਨਾ ਆਏ ਰਾਸ
ਦੁਨੀਆ ਮੇਂ ਐਸੇ ਸ਼ਖ਼ਸ ਕਾ ਜੀਨਾ ਭੀ ਕਿਆ ਹੁਆ।"

-0-0-0-

"ਨਾ ਜਾਨੇ ਕਿਸ ਘੜੀ ਛਿਨ ਜਾਏ ਹਮ ਸੇ
ਯੇ ਜ਼ਾਲਮ ਜਿਸਮ ਭੀ ਅਪਨਾ ਨਹੀਂ ਹੈ।"

-0-0-0-

"ਮੁਸੱਰਤ ਚੀਜ਼ ਕਿਆ ਹੈ, ਰੰਜ ਕਿਆ ਹੈ
ਯੇ ਸਾਰਾ ਖੇਲ ਇੱਕ ਅਹਿਸਾਸ ਕਾ ਹੈ।"

-0-0-0-


CC-0. Sohail Kazmi Collection, Jammu. Digitized by eGangotri

"ਕਤਰੇ ਕੀ ਔਕਾਤ ਹੀ ਕਿਆ ਹੈ
ਕਤਰਾ ਕਤਰਾ, ਦਰਿਆ ਦਰਿਆ
ਤੇਰੀ ਇੱਜ਼ਤ, ਮਹਿਫਲ ਮਹਿਫਲ
ਮੈਂ, ਸ਼ਾਇਰ, ਆਵਾਰਾ, ਰੁਸਵਾ।"

-0-0-0-

"ਕਿਉਂ ਨਾ ਹਮ ਆਜ ਹਕੀਕਤ ਹੀ ਬਤਾ ਦੇਂ ਅਪਨੀ
ਜਿਸਮ ਅਪਨਾ ਹੈ ਨਾ ਇਸ ਜਿਸਮ ਮੇਂ ਸਾਂਸੇਂ ਅਪਨੀ
ਜਾਨੇ ਕਿਸ ਵਕਤ ਹੋਂ ਅੰਦਰ ਕੇ ਸਫਰ ਕਾ ਆਗਾਜ਼
ਜਾਨੇ ਕਬ ਖ਼ਤਮ ਹੋਂ ਬਾਹਰ ਕੀ ਇਹ ਦੌੜੇਂ ਅਪਨੀ
ਆਇਨਾ ਆਇਨਾ ਹੈ ਆਪ ਕੋ ਕਿਆ ਦੇਖੇਗਾ
ਦੇਖ ਸਕਤੀ ਹੈਂ ਕਹਾਂ ਖ਼ੁਦ ਕੋ ਨਿਗਾਹੇਂ ਅਪਨੀ।"

-0-0-0-

"ਏਕ ਦਿਨ ਸਾਰੇ ਨਸ਼ੇ ਉਤਰ ਜਾਏਂਗੇ
ਤੁਮ ਭੀ ਮਰ ਜਾਉਗੇ ਹਮ ਭੀ ਮਰ ਜਾਏਂਗੇ
ਨਾ ਖ਼ੁਦਾਉਂ ਕੀ ਪਹਿਚਾਨ ਹੋਨੇ ਤੋਂ ਦੋ
ਲੋਗ ਖੁਦ ਕਿਸ਼ਤਿਉਂ ਸੇ ਉਤਰ ਜਾਏਂਗੇ।"

-0-0-0-

"ਸਿਰਫ ਹਵੇਲੀ ਊਂਚੀ ਹੋ
ਖੋਟੇ ਭੀ ਚਲ ਜਾਤੇ ਹੈਂ
ਮਰ ਕਰ ਭੀ ਆਰਾਮ ਕਹਾਂ
ਦੀਵਾਰੋਂ ਪੇਂ ਲਟਕੇ ਹੈਂ
ਆਸੀ ਘਰ ਉਜੜੇ ਯਾ ਦਿਲ
ਬਸਤੇ ਬਸਤੇ, ਬਸਤੇ ਹੈਂ।"

-0-0-0-

"ਜਿਸ ਸੇ ਬੜ ਜਾਏਂ ਦਿਲੋਂ ਕੀ ਦੂਰੀਆਂ
ਐਸੇ ਮਜ਼੍ਹਬ ਕੋ ਹਮਾਰੀ ਬੰਦਗੀ।"

ਆਸੀ ਨੇ ਆਪਣੀਆਂ ਗਜ਼ਲਾਂ ਰਾਹੀਂ ਜ਼ਿੰਦਗੀ ਦੀ ਤਰਜ਼ੁਮਾਨੀ ਕੀਤੀ ਹੈ। ਗਿਆਨ, ਕਲਾ ਤੇ ਸਾਹਿਤ ਤੇ ਰਿਸ਼ਤੇ ਸਮਾਜਿਕ ਕਦਰਾਂ ਨਾਲ ਜੁੜੇ ਹੁੰਦੇ ਹਨ। ਇਸੇ ਲਈ ਚੰਗੇ ਸ਼ਾਇਰ ਦੇ ਕਲਾਮ ਵਿੱਚ ਸਦਾਕਤ ਤੇ ਖਲੂਸ ਹੁੰਦਾ ਹੈ ਤੇ ਉਸਦੀ ਸ਼ਾਇਰੀ ਵਿੱਚ ਜ਼ਿੰਦਗੀ ਦੇ ਕੋਝੇ ਰੰਗ ਬੜੇ ਗੂੜ੍ਹੇ ਹੁੰਦੇ ਹਨ, ਜਿਵੇਂ ਆਸੀ ਦੀਆਂ


CC-0. Sohail Kazmi Collection, Jammu. Digitized by eGangotri

ਗ਼ਜ਼ਲਾਂ ਪੜ੍ਹ ਕੇ ਮਹਿਸੂਸ ਹੁੰਦਾ ਹੈ। ਸ਼ਾਇਰੀ ਵਿੱਚ ਆਸੀ ਦਾ ਰਿਸ਼ਤਾ ਦਾਗ਼ ਸਕੂਲ ਨਾਲ ਜੁੜਦਾ ਹੈ, ਪਰ ਉਹ ਪਰੰਪਰਾ ਤੇ ਰਵਾਇਤ ਤੋਂ ਹਟ ਕੇ ਵੀ ਸ਼ਾਇਰੀ ਕਰਦਾ ਹੈ। ਜੰਮੂ-ਕਸ਼ਮੀਰ ਦੇ ਸਾਹਿਤਕ ਮੰਜ਼ਰਨਾਮੇ ਵੱਲ ਝਾਤ ਮਾਰੀਏ ਤਾਂ ਸਾਨੂੰ ਉਰਦੂ ਦੇ ਚਾਰ-ਪੰਜ ਸ਼ਾਇਰ ਹੀ ਅਜਿਹੇ ਮਿਲਣਗੇ ਜਿਨ੍ਹਾਂ ਪਾਠਕਾਂ ਨੂੰ ਪ੍ਰਭਾਵਿਤ ਕੀਤਾ ਹੈ ਤੇ ਉਨ੍ਹਾਂ ਵਿੱਚ ਇੱਕ ਨਾਂ ਯਕੀਨਨ ਆਸੀ ਦਾ ਵੀ ਹੈ। ਆਸੀ ਨੇ ਆਪਣੀ ਜ਼ਾਤੀ ਜ਼ਿੰਦਗੀ ਦੇ ਹਵਾਲੇ ਨਾਲ ਸਮਾਜ ਦੀ ਤਸਵੀਰ ਪੇਸ਼ ਕੀਤੀ ਹੈ। ਆਸੀ ਨੇ ਸਾਰੀ ਉਮਰ ਸਿਰਫ਼ ਸ਼ਾਇਰੀ ਕੀਤੀ ਤੇ ਬੜੀ ਖ਼ੂਬਸੂਰਤ ਤੇ ਦਿਲ ਖਿੱਚਵੀਂ ਸ਼ਾਇਰੀ, ਜਿਵੇਂ-

"ਰਾਤ ਹੈ ਚਾਂਦ ਹੈ ਸਿਤਾਰੇ ਹੈਂ
ਬੇਸਹਾਰੋਂ ਕੇ ਸੌ ਸਹਾਰੇ ਹੈਂ
ਜ਼ਿੰਦਗੀ ਤੁਮ ਸੇ ਹਮ ਨਹੀਂ ਹਾਰੇ
ਅਪਨੀ ਕਮਜ਼ੋਰੀਉਂ ਸੇ ਹਾਰੇ ਹੈਂ।"

-0-0-0-

ਯੇ ਹਾਹਾਕਾਰ ਕੁਛ ਹੈ,
ਗ਼ਲਤ ਸਰਕਾਰ ਕੁਛ ਹੈ
ਮੁਹੱਬਤ ਪਿਆਰ ਕੁਛ ਹੈ,
ਹਮੇਂ ਦਰਕਾਰ ਕੁਛ ਹੈ
ਸਿਆਸਤ ਯਾਰ ਕੁਛ ਹੈ,
ਵਤਨ ਸੇ ਪਿਆਰ ਕੁਛ ਹੈ
ਮੈਂ ਕੈਸਾ ਆਦਮੀ ਹੂੰ,
ਜ਼ੁਬਾਂ ਕਿਰਦਾਰ ਕੁਛ ਹੈ।"

-0-0-0-

"ਝੂਠ ਕਾ ਆਸਰਾ ਨਹੀਂ ਲੇਤੇ,
ਦਰਦ ਵਾਲੇ ਦਵਾ ਨਹੀਂ ਲੇਤੇ
ਕੌਨ ਜਾਨੇ ਵੋਹ ਦਿਲ ਸੇ ਦੇਤਾ ਹੈ,
ਹਮ ਕਿਸੀ ਕੀ ਦੁਆ ਨਹੀਂ ਲੇਤੇ।"

-0-0-0-

"ਆਪ ਹੀ ਕੇ ਨਹੀਂ,
ਹਮ ਕਿਸੀ ਕੇ ਨਹੀਂ
ਲੋਗ ਕਾਬਿਲ ਤੋਂ ਹੈਂ,


CC-0. Sohail Kazmi Collection, Jammu. Digitized by eGangotri

ਦੋਸਤੀ ਕੇ ਨਹੀ
ਹਰ ਤਰਫ ਬਸਤੀਆਂ,
ਘਰ ਕਿਸੀ ਕੇ ਨਹੀਂ
ਦਿਲ ਸੇ ਮਿਲਤੇ ਹੈਂ ਦਿਲ,
ਹਰ ਕਿਸੀ ਸੇ ਨਹੀਂ।"

-0-0-0-

"ਕਿਸ ਕੋ ਕਿਸ ਕਾ ਹੈ ਆਸਰਾ, ਮਾਲੂਮ
ਮੁਝ ਕੋ ਮਾਲੂਮ ਤੁਮ ਕੋ ਕਿਆ ਮਾਲੂਮ
ਸਾਰੀ ਹਮਦਰਦੀਆਂ ਦਿਖਾਵੇ ਕੀ
ਯਾਰ ਲੋਗੋਂ ਕਾ ਹੌਸਲਾ ਮਾਲੂਮ।
ਜੀਨੇ ਜੀਨੇ ਮੇਂ ਫਰਕ ਹੋਤਾ ਹੈ
ਯੇ ਹਕੀਕਤ ਸਭੀ ਕੋ ਕਿਆ ਮਾਲੂਮ
ਆਪ ਇਨਸਾਂ ਨਹੀਂ ਫਰਿਸ਼ਤਾ ਹੈਂ
ਆਪ ਕੋ ਭੂਕ ਪਿਆਸ ਕਿਆ ਮਾਲੂਮ।
ਤਲਖ਼-ਓ-ਸ਼ੀਰੀਂ ਕੀ ਬਾਤ ਕਰਤੇ ਹੋ
ਕਿਤਨੇ ਲੋਗੋਂ ਕੋ ਜ਼ਾਇਕਾ ਮਾਲੂਮ
ਐਨ ਪਿਛਲੇ ਪਹਿਰ ਮਰਾ ਪਾਇਆ
ਨਾਮ ਆਸੀ ਥਾ, ਸ਼ਖ਼ਸ ਨਾ ਮਾਲੂਮ।"

ਆਸੀ ਨੇ ਸ਼ਾਇਰੀ ਦਾ ਆਰੰਭ ਜੰਮੂ ਤੋਂ ਕੀਤਾ ਤੇ ਸ਼ਾਇਰੀ ਦੇ ਮੁੱਢਲੇ ਸਬਕ ਅਰਸ਼ ਸਹਿਬਾਈ ਕੋਲੋਂ ਲਏ, ਪਰ ਛੇਤੀ ਹੀ ਅਰਸ਼ ਸਾਹਿਬ ਨੂੰ ਪਤਾ ਲੱਗ ਗਿਆ ਕਿ ਚੇਲਾ ਗੁਰੂ ਨਾਲੋਂ ਤੇਜ਼ ਹੈ। ਇਸ ਲਈ ਅਰਸ਼ ਸਹਿਬਾਈ ਨੇ ਛੇਤੀ ਹੀ ਆਪਣਾ ਹੱਥ ਖਿੱਚ ਲਿਆ, ਜਿਸ ਕਾਰਨ ਆਸੀ ਦੇ ਦਿਲ ਨੂੰ ਠੇਸ ਪੁੱਜੀ, ਪਰ ਉਸਨੇ ਹਿੰਮਤ ਨਹੀਂ ਹਾਰੀ ਤੇ ਆਪਣੇ ਬਲਬੂਤੇ ਤੇ ਸ਼ਾਇਰੀ ਕਰਨ ਲੱਗਾ। ਉਸਤਾਦ ਤੇ ਪੁਰਾਣੇ ਸ਼ਾਇਰਾਂ ਨੂੰ ਪੜ੍ਹਣ ਨਾਲ ਉਸਦਾ ਗਿਆਨ ਵਧਿਆ। ਆਪਣੀ ਜ਼ਾਤ ਨਾਲ ਬੀਤੀਆਂ ਘਟਨਾਵਾਂ ਨੇ ਅਨੁਭਵ ਨੂੰ ਜਨਮ ਦਿੱਤਾ ਤੇ ਉਸਦੀਆਂ ਗਜ਼ਲਾਂ ਉਰਦੂ ਦੇ ਅਦਬੀ ਖੇਤਰ ਵਿੱਚ ਸਰਾਹੀਆਂ ਜਾਣ ਲੱਗੀਆਂ।

"ਫੂੰਕ ਰਹਾ ਥਾ ਮੇਰਾ ਘਰ
ਭੂਲ ਗਿਆ ਥਾ ਅਪਨਾ ਘਰ
ਆਜ ਤਲਕ ਸ਼ਰਮਿੰਦਾ ਹੂੰ
ਬਚਪਨ ਮੇਂ ਸੋਚਾ ਥਾ ਘਰ



CC-0. Sohail Kazmi Collection, Jammu. Digitized by eGangotri

ਹਮ ਸਬ ਲੋਗ ਤਮਾਸ਼ਾਈ
ਦੁਨੀਆ ਏਕ ਤਮਾਸ਼ਾ ਘਰ
ਮਕਸਦ ਤੋ ਖ਼ੈਰਾਤ ਸੇ ਹੈ
ਕਿਸ ਕਾ ਦਰ ਔਰ ਕਿਸ ਕਾ ਘਰ
ਮਰਕਜ਼ ਫਿਤਨਾਸਾਜ਼ੋਂ ਕੇ
ਮੰਦਿਰ, ਮਸਜਿਦ, ਗਿਰਜਾਘਰ
ਅਪਨੇ ਘਰ ਕੀ ਬਾਤ ਹੀ ਕਿਆ
ਆਸੀ ਅਪਨਾ ਅਪਨਾ ਘਰ।"

-0-0-0-

ਪੰਡਿਤ ਵਿੱਦਿਆ ਰਤਨ ਆਸੀ ਦਾ ਰਿਸ਼ਤਾ ਜਜ਼ਬਾਤ ਦੀ ਦੁਨੀਆ ਨਾਲ ਬੜਾ ਡੂੰਘਾ ਹੈ। ਇੱਕ ਮਾੜੀ ਜਿਹੀ ਗੱਲ ਵੀ ਆਸੀ ਦੇ ਅੰਦਰ ਤੂਫ਼ਾਨ ਖੜਾ ਕਰ ਦਿੰਦੀ ਹੈ। ਉਹ ਕਈ-ਕਈ ਦਿਨ ਬੇਚੈਨ ਰਹਿੰਦਾ ਹੈ। ਫਿਰ ਕੋਈ ਨਵੀਂ ਗ਼ਜ਼ਲ ਜਨਮ ਲੈਂਦੀ ਹੈ ਤੇ ਤੂਫ਼ਾਨ ਸ਼ਾਂਤ ਹੋ ਜਾਂਦਾ ਹੈ। ਮੈਂ ਆਪਣਾ ਲੇਖ ਆਸੀ ਦੀਆਂ ਦੋ ਗ਼ਜ਼ਲਾਂ ਦੇ ਕੁੱਝ ਸ਼ੇਅਰਾਂ ਨਾਲ ਖ਼ਤਮ ਕਰਨਾ ਚਾਹਾਂਗਾ-

"ਕਿਸ ਕਿਸ ਕੋ ਮੁਜਰਿਮ ਠਹਿਰਾਏਂ
ਕੌਨ ਨਹੀਂ ਹੈ ਆਪਨਾ ਕਾਤਿਲ
ਵਾਅਦਾ ਕਰਨਾ ਔਰ ਨਿਭਾਨਾ
ਕਿਤਨਾ ਆਸਾਂ ਕਿਤਨਾ ਮੁਸ਼ਕਿਲ
ਆਸੀ ਜਬ ਡੂਬੇ ਤੋ ਜਾਨਾ
ਦਰਿਆ ਦਰਿਆ, ਸਾਹਿਲ ਸਾਹਿਲ।"

-0-0-0-

"ਖੁੱਲ ਹੀ ਜਾਏ ਭਲਾ ਯਾ ਬੁਰਾ ਕੌਨ ਹੈ
ਅਪਨੇ ਅੰਦਰ ਮਗਰ ਝਾਂਕਤਾ ਕੌਨ ਹੈ
ਦੌਰ ਦੌਰਾ ਮਜਾਜ਼ੀ ਖ਼ੁਦਾਉਂ ਕਾ ਹੈ
ਭੂਲ ਜਾਉ ਹਕੀਕੀ ਖ਼ੁਦਾ ਕੌਨ ਹੈ
ਮੈਨੇ ਸੋਚਾ ਬਹੁਤ, ਆਪ ਭੀ ਸੋਚਨਾ
ਆਜ ਤਕ ਇਸ ਅੰਨਾ ਸੇ ਬਚਾ ਕੌਨ ਹੈ
ਇਤਨੇ ਸ਼ੈਦਾਈ ਹੈਂ ਗੀਤਾ ਕੁਰਾਨ ਕੇ
ਗੀਤਾ ਕੁਰਾਨ ਕੀ ਮਾਨਤਾ ਕੌਨ ਹੈ।"

*** *** ***



CC-0. Sohail Kazmi Collection, Jammu. Digitized by eGangotri

# ਪੰਜਾਬੀ ਸੂਫ਼ੀ ਸ਼ਾਇਰੀ ਉਤੇ ਭਗਤੀ ਲਹਿਰ ਦਾ ਪ੍ਰਭਾਵ

ਸੂਫੀਵਾਦ ਦਾ ਮੁੱਢ ਯੂਨਾਨ (ਗ੍ਰੀਕ) ਵਿੱਚ ਪਿਆ। ਅਫਲਾਤੂਨ ਜਾਂ ਪਲੈਟੋ ਨੇ ਸੰਸਾਰ ਨੂੰ ਇਸ਼ਕ-ਏ-ਹਕੀਕੀ ਦਾ ਸੰਕਲਪ ਦਿੱਤਾ ਅਤੇ ਕੂੜ ਤੇ ਮਾਇਆ ਰੂਪੀ ਸੰਸਾਰ ਤੋਂ ਨਾਤਾ ਤੋੜਨ ਲਈ ਕਿਹਾ। ਅਫਲਾਤੂਨ ਦੇ ਇਸ ਫਲਸਫੇ ਨੂੰ ਫਲਾਤੇਨੂਸ ਨੇ ਅਗਾਂਹ ਵਧਾਇਆ ਤੇ ਕਿਹਾ ਕਿ ਰੱਬ ਹੀ ਅਸਲ ਹਕੀਕਤ ਹੈ ਤੇ ਉਸ ਤੋਂ ਵੱਖ ਕੁੱਝ ਵੀ ਨਹੀਂ ਹੈ। ਉਸਨੇ ਦੱਸਿਆ ਕਿ ਸੰਸਾਰ ਦੋ ਹਨ, ਇੱਕ ਬਾਹਰੋਂ ਦਿਸਣ ਵਾਲਾ ਪਦਾਰਥਵਾਦੀ ਅਤੇ ਦੂਜਾ ਹਕੀਕੀ। ਕਾਇਨਾਤ ਤੇ ਈਸ਼ਵਰ ਇੱਕ ਦੂਜੇ ਤੋਂ ਵੱਖ ਨਹੀਂ ਹਨ। ਰੂਹ ਜਾਂ ਆਤਮਾ ਦਾ ਰਿਸ਼ਤਾ ਹਕੀਕੀ ਦੁਨੀਆ ਨਾਲ ਹੈ। ਮਾਇਆ ਰੂਪੀ ਦੁਨੀਆ ਵਿੱਚ ਆ ਕੇ ਆਤਮਾ ਸਰੀਰ ਦੀ ਕੈਦ ਵਿੱਚ ਫਸ ਜਾਂਦੀ ਹੈ, ਪਰ ਤੱਪ ਤੇ ਤਿਆਗ ਨਾਲ ਆਤਮਾ ਨੂੰ ਇਸ ਕੈਦ ਤੋਂ ਰਿਹਾਈ ਮਿਲ ਸਕਦੀ ਹੈ। ਮਨੁੱਖ ਦੇ ਜੀਊਣ ਦਾ ਮਕਸਦ ਆਤਮਾ ਨੂੰ ਪਾਪੀ ਦੁਨੀਆ ਦੀ ਕੈਦ ਤੋਂ ਛੁਡਾਉਣਾ ਹੈ ਅਤੇ ਰੱਬ ਦੀ ਜ਼ਾਤ ਵਿੱਚ ਡੁੱਬ ਜਾਣਾ ਹੈ। ਸ੍ਰਿਸ਼ਟੀ ਤੇ ਕਾਇਨਾਤ ਹਮੇਸ਼ਾ ਕਾਇਮ ਰਹੇਗੀ ਤੇ ਇਸ ਦੀ ਹਰ ਸ਼ੈਅ ਸੱਚ ਹੈ ਅਤੇ ਸੂਫੀਆਂ ਲਈ ਇਸ਼ਕ-ਏ-ਹਕੀਕੀ ਹੀ ਮੂਲ ਸਿਧਾਂਤ ਹੈ। ਅਫਲਾਤੂਨ ਕਹਿੰਦਾ ਹੈ ਕਿ ਹਰ ਬੰਦੇ ਵਿੱਚ ਦੋ ਰੂਹਾਂ ਹੁੰਦੀਆਂ ਨੇ- ਇੱਕ ਫ਼ਾਨੀ ਯਾਨੀ ਖ਼ਤਮ ਹੋਣ ਵਾਲੀ ਤੇ ਦੂਜੀ ਗ਼ੈਰ-ਫ਼ਾਨੀ ਯਾਨੀ ਕਦੇ ਨਾ ਖ਼ਤਮ ਹੋਣ ਵਾਲੀ। ਗ਼ੈਰ-ਫ਼ਾਨੀ ਰੂਹ ਮਨੁੱਖ ਦੇ ਅੰਤਰ ਮਨ ਦੀਆਂ ਬਿਮਾਰੀਆਂ ਨੂੰ ਖ਼ਤਮ ਕਰਦੀ ਹੈ ਤੇ ਉਸਦਾ ਅੰਦਰ ਪਾਕ ਤੇ ਸਾਫ ਹੋ ਜਾਂਦਾ ਹੈ ਤੇ ਇਹੋ ਸਿਧਾਂਤ ਸੂਫ਼ੀ ਮੱਤ ਦੀ ਬੁਨਿਆਦ ਹੈ- ਅਰਬ ਫ਼ਿਲਾਸਫਰ ਬੂ-ਅਲੀ-ਸੀਨਾ ਜਾਂ ਇਬਨ-ਏ-ਸੀਨਾ (1037 ਈ.) ਦਾ ਵੀ ਇਹੋ ਕਹਿਣਾ ਹੈ ਕਿ ਜ਼ਾਹਿਰੀ ਦੁਨੀਆ ਨੂੰ ਅਸੀਂ ਆਪਣੀ ਅਕਲ ਤੇ ਸੂਝ ਨਾਲ ਸਮਝ ਸਕਦੇ ਹਾਂ, ਪਰ ਹਕੀਕੀ ਦੁਨੀਆ ਨੂੰ ਵਜੱਦ ਜਾਂ ਮਸਤੀ ਅਤੇ ਤੱਪ ਤੇ ਤਿਆਗ ਨਾਲ ਹਾਸਿਲ ਕਰ ਸਕਦੇ ਹਾਂ। ਇਬਨ-ਏ-ਸੀਨਾ ਕਹਿੰਦਾ ਹੈ ਕਿ ਰੱਬ ਦਾ ਵਜੂਦ ਇੱਕ ਹੈ ਤੇ ਬੰਦੇ ਦੀ ਖੁਸ਼ੀ ਦੀ ਹੱਦ ਇਹ ਹੋਣੀ ਚਾਹੀਦੀ ਹੈ ਕਿ ਉਹ ਆਪਣੀ ਜ਼ਾਤ ਨੂੰ ਰੱਬ ਦੀ ਜ਼ਾਤ ਵਿੱਚ ਫਨਾਹ (ਲੀਣ) ਕਰ ਦਏ।

ਵੇਦਾਂਤ ਸੂਤਰ ਨੂੰ ਬ੍ਰਹਮ ਸੂਤਰ ਵੀ ਕਹਿੰਦੇ ਹਨ। ਇਹ ਸੂਤਰ ਬਾਦਰਾਇਨ ਜਾਂ ਵਿਆਸ ਜੀ ਦੀ ਦੇਣ ਹੈ। ਵੇਦਾਂਤ ਅਨੁਸਾਰ ਪੁਰਸ਼ ਤੇ ਪ੍ਰਕਿਰਤੀ ਦਾ ਵੱਖੋ-



CC-0. Sohail Kazmi Collection, Jammu. Digitized by eGangotri

ਵੱਖ ਕੋਈ ਵਜੂਦ ਨਹੀਂ ਹੈ ਅਤੇ ਬ੍ਰਹਮ ਜਾਂ ਈਸ਼ਵਰ ਤੇ ਕਾਇਨਾਤ ਜਾਂ ਸ੍ਰਿਸ਼ਟੀ ਅਸਲ ਵਿੱਚ ਇੱਕੋ ਹਨ। ਇਹ ਜਗ ਬ੍ਰਹਮ ਜਾਂ ਜ਼ਾਤ-ਏ-ਹਕੀਕੀ ਦੀ ਲੀਲਾ ਹੈ, ਜਿਹੜੀ ਉਸਨੇ ਆਪਣੇ ਆਪ ਨੂੰ ਖੁਸ਼ ਕਰਨ ਲਈ ਰਚਾਈ ਹੈ। ਵੇਦਾਂਤ ਮੁਕਤੀ ਦੇ ਤਿੰਨ ਮਾਰਗ ਦੱਸਦਾ ਹੈ। ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ। ਵੇਦਾਂਤ ਦੇ ਦੋ ਵੱਡੇ ਪ੍ਰਚਾਰਕ ਸਨ, ਸ਼ੰਕਰ ਤੇ ਰਾਮਾਨੁਜ। ਸ਼ੰਕਰ, ਮਾਲਾਬਾਰ ਦੇ ਨੰਮਬੂਦਰੀ ਬਾਹਮਣਾਂ ਦਾ ਪੁੱਤਰ ਸੀ। ਉਹ 788 ਈਸਵੀਂ ਵਿੱਚ ਜੰਮਿਆ ਤੇ 820 ਈਸਵੀ ਨੂੰ ਅੱਖਾਂ ਨੋਟ ਗਿਆ। ਉਸਨੇ ਉਪਨਿਸ਼ਦਾਂ ਤੇ ਗੀਤਾਂ ਦੇ ਗਿਆਨ ਨੂੰ ਨਵੇਂ ਸਿਰਿਉਂ ਪ੍ਰਚਲਿਤ ਕੀਤਾ। ਭਗਤੀ ਲਹਿਰ ਦਾ ਆਰੰਭ ਵੀ 8ਵੀਂ ਸਦੀ ਈਸਵੀ ਵਿੱਚ ਹੋਇਆ ਤੇ ਇਹ ਲਹਿਰ ਸ਼ੰਕਰ ਤੇ ਰਾਮਾਨੁਜ ਦੇ ਭਜਨਾਂ ਤੋਂ ਸ਼ੁਰੂ ਹੋਈ। ਭਗਤਾਂ ਤੇ ਸੰਤਾਂ ਨੇ ਰਾਮ ਤੇ ਕ੍ਰਿਸ਼ਨ ਭਗਤੀ ਰਾਹੀਂ ਈਸ਼ਵਰ ਨਾਲ ਸੰਬੰਧ ਜੋੜੇ। ਕ੍ਰਿਸ਼ਨ ਭਗਤਾਂ ਵਿੱਚੋਂ ਸੂਰਦਾਸ, ਗੋਬਿੰਦਦਾਸ ਤੇ ਮੀਰਾ ਬਾਈ ਉੱਚ ਪੱਧਰ ਦੇ ਸ਼ਾਇਰ ਸਨ। ਉਨ੍ਹਾਂ ਦੀਆਂ ਰਚਨਾਵਾਂ ਤੇ ਭਜਨ ਅੱਜ ਵੀ ਲੋਕੀਂ ਬੜੇ ਚਾਅ ਨਾਲ ਗਾਉਂਦੇ ਨੇ। ਰਾਮ ਭਗਤਾਂ ਦਾ ਸਭ ਤੋਂ ਵੱਡਾ ਕਵੀ ਤੁਲਸੀ ਦਾਸ ਸੀ। ਰਾਮਾਨੰਦ ਨੇ ਰਾਮ ਭਗਤੀ ਨੂੰ ਉਤਰੀ ਭਾਰਤ ਵਿੱਚ ਫੈਲਾਇਆ। ਰਾਮਾਨੰਦ ਦਾ ਚੇਲਾ ਭਗਤ ਕਬੀਰ ਇੱਕ ਬੇਵਾ ਬਾਹਮਣੀ ਦਾ ਪੁੱਤਰ ਸੀ, ਜਿਹੜੀ ਉਹਨੂੰ ਜੰਮਦਿਆਂ ਹੀ ਬਾਨਾਰਸ ਦੇ ਇੱਕ ਤਲਾਅ ਕੋਲ ਸੁੱਟ ਗਈ ਸੀ ਤੇ ਆਪ ਭੱਜ ਗਈ ਸੀ। ਇੱਕ ਮੁਸਲਮਾਨ ਜੁਲਾਹੇ ਨੂਰ ਅਲੀ ਨੇ ਉਸਨੂੰ ਪਾਲਿਆ। ਕਬੀਰ ਜ਼ਾਤ-ਪਾਤ ਤੇ ਮਜ਼੍ਹਬੀ ਪਾਖੰਡਾਂ ਦਾ ਸਖ਼ਤ ਵਿਰੋਧ ਕਰਦਾ ਸੀ। ਉਹ ਕਹਿੰਦਾ ਹੈ-

"ਲੋਗਾਂ ਐਸੇ ਵਾਵਰੇ ਪਾਹੀ ਪੂਜਣ ਜਾਹੇ
ਘਰ ਕੀ ਚਕੀਆ ਕਾਹੇ ਨਾ ਪੂਜੇ ਜੇਹੀ ਕਾ ਪੀਸਾ ਖਾਹੇ।"

ਧਰਮ ਦੇ ਨਾਂ ਤੇ ਲੋਕਾਈ ਦੀ ਵੰਡ ਤੋਂ ਵੀ ਉਹ ਡਾਹਢਾ ਆਵਾਜ਼ਾਰ ਸੀ। ਉਹ ਲੋਕਾਂ ਨੂੰ ਸਮਝਾਉਂਦਾ ਹੈ-

"ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ
ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।"

ਗੁਰੂ ਨਾਨਕ ਦੇਵ ਜੀ (1469-1538 ਈ.) ਨੇ ਵੀ ਰੱਬ ਸੱਚੇ ਦੀ ਵੈਹਦਤ ਦਾ ਜ਼ਿਕਰ ਕੀਤਾ ਹੈ ਤੇ ਜ਼ਾਤ-ਪਾਤ ਨੂੰ ਨਿੰਦਿਆ ਹੈ। ਉਨ੍ਹਾਂ ਈਸ਼ਵਰ ਨੂੰ ਕਾਦਰ, ਮੁਖਤਾਰ ਕੁਲ, ਰੱਬ-ਏ-ਜਲੀਲ ਤੇ ਖਾਲਕ-ਏ-ਹਕੀਕੀ ਆਖਿਆ ਹੈ, ਜਿਵੇਂ-

"ਅੱਲਾ ਅਲਖ, ਅਗਮ ਕਾਦਰ ਕਰਣ ਹਾਰ ਕਰੀਮ
ਸਭ ਦੁਨੀ ਆਵਣ ਜਾਵਣ ਮੁਕਾਮ ਇੱਕ ਰਹੀਮ।"


CC-0. Sohail Kazmi Collection, Jammu. Digitized by eGangotri

ਗੁਰੂ ਨਾਨਕ ਦੇਵ ਜੀ ਨੇ ਨੇਕ ਤੇ ਹਲਾਲ ਰੋਜ਼ੀ ਨੂੰ ਧਰਮ ਦਾ ਅਸਲ ਦੱਸਿਆ ਹੈ। ਉਹ ਸੱਚੇ ਮੁਸਲਮਾਨ ਦੀ ਵਿਆਖਿਆ ਇੰਝ ਕਰਦੇ ਹਨ-

"ਮੇਹਰ ਮਸੀਤ, ਸਿਦਕ ਮੁਸੱਲਾ, ਹੱਕ ਹਲਾਲ ਕੁਰਾਨ,
ਸਰਮ ਸੁੰਨਤ ਸੇਲ ਰੋਜਾ ਹੋਏ ਮੁਸਲਮਾਣ
ਕਿਰਨੀ ਕਆਬਾ, ਸੱਚ ਪੀਰ ਕਲਮਾ ਕਰਮ ਨਵਾਜ
ਤਸਬੀ ਸਾਤਮ ਭਾਉ ਸੀ ਨਾਨਕ ਰਖੇ ਲਾਜ।"

ਕਸ਼ਮੀਰ ਵਿੱਚ ਵੀ ਰਿਸ਼ੀਆਂ ਤੇ ਸੰਤਾਂ ਨੇ ਆਪਣੀਆਂ ਆਂਤਰਿਕ ਕਲਪਨਾਵਾਂ ਨਾਲ ਕਸ਼ਮੀਰ ਨੂੰ ਸਵਾਰਿਆ ਅਤੇ ਆਪਣੇ ਆਤਮ ਪ੍ਰਕਾਸ਼ ਤੇ ਅਧਿਆਤਮ ਗਿਆਨ ਨਾਲ ਆਤਮਾ ਦੇ ਗੁਪਤ ਰਾਜ਼ਾਂ ਨੂੰ ਪ੍ਰਕਾਸ਼ਿਤ ਕੀਤਾ। ਕਸ਼ਮੀਰ ਵਿੱਚ ਬੁੱਧ ਮੱਤ ਤੋਂ ਪਹਿਲਾਂ, ਸ਼ਿਵ ਮੱਠ ਮੌਜੂਦ ਸਨ ਤੇ ਲੋਕਾਈ ਨੂੰ ਸ਼ਿਵ ਸ਼ਕਤੀ 'ਤੇ ਪੂਰਨ ਵਿਸ਼ਵਾਸ ਸੀ। ਕਸ਼ਮੀਰ ਵਿੱਚ ਸ਼ਿਵ ਦਰਸ਼ਨ ਦੀ ਜੋਤ ਜਗਾਣ ਵਾਲੀ ਸ਼ਿਵ ਯੋਗਣੀ ਤੇ ਕਵਿਤਰੀ ਲਲੇਸ਼ਵਰੀ ਜਾਂ ਲੱਲ ਮਾਂ ਸੀ। ਉਸਨੇ 1335 ਈ. ਵਿੱਚ ਇੱਕ ਬ੍ਰਾਹਮਣ ਦੇ ਘਰ ਜਨਮ ਲਿਆ। ਉਹ ਬਾਹਮਣੀ ਸੋਚ, ਜ਼ਾਤ-ਪਾਤ, ਰੰਗ, ਨਸਲ ਤੇ ਕੂੜ ਧਾਰਮਿਕ ਰਸਮਾਂ ਨੂੰ ਨਹੀਂ ਸੀ ਮੰਨਦੀ। ਉਸਨੇ ਗ੍ਰਹਿਸਤੀ ਜੀਵਨ ਤਿਆਗ ਦਿੱਤਾ ਤੇ ਈਸ਼ਵਰ ਦੇ ਸਰੂਪ ਵਿੱਚ ਲੀਨ ਹੋ ਗਈ। ਉਹਨੇ ਤਨ ਦੇ ਲੀੜੇ ਫਾੜ ਛੱਡੇ ਤੇ ਮਸਤੀ ਦੀ ਬੁੱਕਲ ਵਲੇਟ ਲਈ ਤੇ ਸ਼ੇਅਰ ਕਹਿਣ ਲੱਗੀ-

"ਸ਼ਿਵ ਤੈਨੂੰ ਟਿਕ ਟਿਕ ਤੱਕ ਰਿਹਾ ਹੈ
ਮੂਰਖ ਤੂੰ ਕਿਉਂ ਹਿੰਦੂ ਤੇ ਮੁਸਲਮਾਣ ਵਿੱਚ ਫਰਕ ਕਰਨਾ ਹੈਂ।
ਜੇ ਮੁਕਤੀ ਚਾਹਣਾ ਹੈਂ ਤਾਂ ਮਨੁੱਖ ਨੂੰ ਵੰਡਣ ਦੀ ਥਾਂ ਆਪਣੇ ਆਪ ਨੂੰ ਪਛਾਣ।"

ਇੱਕ ਹੋਰ ਸ਼ਲੋਕ ਵਿੱਚ ਉਹ ਕਹਿੰਦੀ ਹੈ-

"ਜੇ ਤੂੰ ਸੂਝਵਾਨ ਤੇ ਗਿਆਨੀ ਹੈਂ
ਤਾਂ ਬਾਹਰ ਦੀ ਦੁਨੀਆ ਵੱਲ ਜਾਣ ਦੀ ਥਾਂ
ਅੰਦਰ ਦੀ ਦੁਨੀਆ ਦੀ ਖੋਜ ਕਰ।"

ਇੱਕ ਹੋਰ ਥਾਂ ਉਹ ਕਹਿੰਦੀ ਹੈ-

"ਗੁਰੂ ਨੇ ਮੈਨੂੰ ਇੱਕੋ ਗੱਲ ਕਹੀ
ਬਾਹਰ ਤੋਂ ਅੰਦਰ ਪ੍ਰਵੇਸ਼ ਕਰ।
ਇਸ ਗੱਲ ਨੇ ਲੱਲ ਦੀ
ਕਾਇਆ ਕਲਪ ਕਰ ਦਿੱਤੀ।
ਤੇ ਉਹ ਮਸਤੀ ਵਿੱਚ ਨੱਚਣ ਲੱਗੀ।" (ਮੂਲ ਭਾਸ਼ਾ ਕਸ਼ਮੀਰੀ)

ਲੱਲ ਮਾਂ ਦਾ ਪੁੱਤਰ ਨੁੰਦ ਰਿਸ਼ੀ ਜਾਂ ਸ਼ੇਖ਼ ਨੂਰ ਦੀਨ ਵਲੀ (1377-1440



CC-0. Sohail Kazmi Collection, Jammu. Digitized by eGangotri

ਈ.), ਕਿਸ਼ਤਵਾੜ ਦੇ ਹਿੰਦੂ ਰਾਜਪੂਤ ਸਲਰ ਸੈਨ ਦਾ ਪੁੱਤਰ ਸੀ। ਲੱਲ ਮਾਂ ਦੀ ਗਿਆਨ ਤੇ ਇਰਫਾਨ ਭਰੀ ਗੋਦੀ ਵਿੱਚ ਉਸਨੇ ਅੱਖ ਖੋਲੀ। ਗਿਆਨ ਧਿਆਨ ਦੀਆਂ ਮੰਜ਼ਿਲਾਂ ਤੈਅ ਕਰਨ ਲਈ ਉਸਨੇ ਰੱਜ ਕੇ ਤਪੱਸਿਆ ਕੀਤੀ ਤੇ ਰੱਬੀ ਇਸ਼ਕ ਵਿੱਚ ਮਸਤ ਹੋ ਗਿਆ। ਉਸਦੇ ਵਾਕ ਤੇ ਸ਼ਲੋਕ ਸ਼ਿਵ ਦਰਸਨ ਤੇ ਇਸਲਾਮੀ ਤੌਹੀਦ ਦਾ ਨਿਚੋੜ ਹਨ। ਉਹ ਕਹਿੰਦਾ ਹੈ-

"ਗਰੂਰ ਅਹੰਕਾਰ ਤੇ ਮਾਇਆ
ਆਤਮਾ ਦੀਆਂ ਬਿਮਾਰੀਆ ਨੇ
ਜਿਹੜੀਆਂ ਬੰਦੇ ਨੂੰ ਜ਼ਲੀਲ ਕਰਦੀਆਂ ਨੇ।"

-0-0-0-

"ਆਪਣੇ ਅਮਲਾਂ ਦੇ ਖੇਤ 'ਚੋਂ
ਫਜ਼ੂਲ ਘਾਹ ਕੱਢਦੇ ਰਹੋ
ਉਸ ਉਤੇ ਸਵਾਗਾ ਫੇਰਦੇ ਰਹੋ
ਤਾਂ ਜੋ ਫਸਲ ਚੰਗੀ ਉਗੱ ਸਕੇ।"

-0-0-0-

"ਤੇਰੇ ਨਫਜ਼ ਦੇ ਖੂਹ ਵਿੱਚ
ਕੁੱਤਾ ਸੜ ਰਿਹਾ ਹੈ ਤੂੰ ਦੱਸ ਖਾਂ
ਤੇਰਾ ਪਾਣੀ ਕਿੰਝ ਪਾਕ ਹੋਏਗਾ।"

-0-0-0-

"ਮਾਂ ਦੇ ਦੁੱਧ ਨਾਲ ਸਰੀਰ ਪਲਦਾ ਹੈ
ਗਿਆਨ ਦੀ ਰੋਟੀ ਦਿਲ ਤੇ ਦਿਮਾਗ ਨੂੰ ਪਾਲਦੀ ਹੈ
ਗਿਆਨ ਜੀਵਨ ਦੀ ਰੂਹ ਹੈ।"

ਇਨ੍ਹਾਂ ਭਗਤਾਂ ਤੇ ਰਿਸ਼ੀ ਮੁਨੀਆਂ ਤੋਂ ਛੁੱਟ ਬਾਰ੍ਹਵੀਂ ਸਦੀ ਇਸਵੀ ਦੇ ਸੂਫੀ ਦਰਵੇਸ਼ ਤੇ ਚਿਸ਼ਤੀ ਸਿਲਸਿਲੇ ਦੇ ਤੀਜੇ ਖਲੀਫਾ ਬਾਬਾ ਫਰੀਦ ਵੀ ਕਹਿੰਦੇ ਹਨ-

"ਕਾਗਾ ਕਰੰਗ ਢੰਢੋਲਿਆ, ਸਗਲਾ ਖਾਇਉ ਮਾਸ
ਇਹ ਦੋਏ ਨੈਣਾ ਮਤ ਛੁਹਿਉ ਪਿਰ ਦੇਖਣ ਕੀ ਆਸ।"

-0-0-0-

"ਬੁੱਢਾ ਹੋਇਆ ਸ਼ੇਖ਼ ਫਰੀਦ ਕੰਬਣ ਲੱਗੀ ਦੇਹ
ਜੇ ਸੌ ਵਰਿਆ ਜੀਊਣਾ ਭੀ ਤਨ ਹੋਸੀ ਖੇਹ।"

ਇੰਝ ਹੀ ਤੁਕੱਾ ਰਾਮ, ਮਲੂਕ ਦਾਸ, ਧਰਨੀ ਦਾਸ, ਪਲਟੋ ਸਾਹਿਬ, ਰਵਿਦਾਸ, ਨਾਮਦੇਵ ਤੇ ਗੁਰੂ ਸਾਹਿਬਾਨ ਦੀ ਬਾਣੀ ਨੇ ਸੂਫੀ ਮਤ ਉਤੇ ਗੂੜ੍ਹਾ


CC-0. Sohail Kazmi Collection, Jammu. Digitized by eGangotri

ਪ੍ਰਭਾਵ ਪਾਇਆ।

ਪਹਿਲਾ ਮੁਸਲਮਾਨ ਵਿਦਵਾਨ ਜਿਸਨੇ ਪੰਜਾਬ ਵਿੱਚ ਆ ਕੇ ਸੰਸਕ੍ਰਿਤ ਪੜ੍ਹੀ ਤੇ ਉਪਨਿਸ਼ਦਾਂ, ਪੁਰਾਨਾਂ ਤੇ ਗੀਤਾ ਨੂੰ ਪੜ੍ਹਿਆ ਤੇ ਅਧਿਐਨ ਕੀਤਾ, ਉਹ ਅੱਬੂ ਰਿਹਾਨ-ਅਲਬਰੂਨੀ ਸੀ, ਜਿਹੜਾ ਗਜ਼ਨੀਆਂ ਦੀ ਸਰਕਾਰ ਵੇਲੇ ਬਾਗਾਂ ਵਾਲਾ ਜ਼ਿਲ੍ਹਾ ਜਿਹਲਮ ਪੰਜਾਬ ਵਿੱਚ ਰਹਿ ਕੇ ਪੰਡਿਤਾਂ ਕੋਲੋਂ ਸੰਸਕ੍ਰਿਤ ਭਾਸ਼ਾ ਸਿੱਖਦਾ ਰਿਹਾ। ਅਲਬਰੂਨੀ ਆਪਣੀ ਚਰਚਿਤ ਪੁਸਤਕ 'ਅਲ ਹਿੰਦ' ਵਿੱਚ ਲਿਖਦਾ ਹੈ ਕਿ ਫੇਹਸਾਗੋਰਸ ਦਾ ਸਿਧਾਂਤ ਹਿੰਦੀ ਵੇਦਾਂਤ ਅਤੇ ਤਸਵੁੱਫ ਵਿੱਚ ਬਹੁਤ ਸਾਰੇ ਖ਼ਿਆਲਾਂ ਦੀ ਸਾਂਝ ਹੈ। ਉਸਨੇ ਸੰਸਕ੍ਰਿਤ ਦੀਆਂ ਕਈ ਕਿਤਾਬਾਂ ਦੇ ਅਰਬੀ ਅਤੇ ਫਾਰਸੀ ਵਿੱਚ ਅਨੁਵਾਦ ਵੀ ਕੀਤੇ ਤੇ ਪਹਿਲੀ ਵਾਰੀ ਮੁਸਲਮਾਨਾਂ ਨੂੰ ਉਪਨਿਸ਼ਦਾਂ, ਯੋਗਾ ਤੇ ਪੁਰਾਨਾਂ ਦੇ ਗਿਆਨ ਤੋਂ ਜਾਣੂੰ ਕਰਵਾਇਆ।

ਸ਼ਾਹ ਜਹਾਂ ਦੇ ਵੱਡੇ ਪੁੱਤਰ ਦਾਰਾ ਸਿਕੋਹ ਨੇ ਵੀ ਉਪਨਿਸ਼ਦਾਂ ਦਾ ਫਾਰਸੀ ਵਿੱਚ ਅਨੁਵਾਦ ਕਰਵਾਇਆ ਤੇ 'ਸਿਰ-ਏ-ਅਕਬਰ' ਨਾਂ ਦੀ ਪੁਸਤਕ ਛਪਵਾਈ। ਕਾਦਰੀ ਤੇ ਚਿਸ਼ਤੀ ਸੂਫੀਆਂ ਨੂੰ ਵੀ ਵੇਦਾਂਤ ਤੇ ਵੈਹਦਤ ਵਜੂਦ ਵਿੱਚ ਸਾਂਝ ਦਾ ਗਿਆਨ ਹੋਇਆ।

ਪੰਜਾਬ ਦੇ ਮੁਸਲਮਾਨਾਂ ਦੀ ਬਹੁ ਗਿਣਤੀ ਹਿੰਦੂਆਂ ਤੋਂ ਹੀ ਮੁਸਲਮਾਨ ਹੋਈ ਸੀ। ਹਿੰਦੂ ਰੀਤੀ ਰਿਵਾਜ, ਸੱਭਿਆਚਾਰ, ਲੋਕ ਕਥਾਵਾਂ ਤੇ ਲੋਕ ਗੀਤਾਂ ਦੀ ਖਮੀਰ ਉਨ੍ਹਾਂ ਦੀ ਗੁੜਤੀ ਵਿੱਚ ਸੀ ਅਤੇ ਉਨ੍ਹਾਂ ਦੀ ਰਹਿਤਲ ਦਾ ਕਦੀਮੀ ਰੰਗ। ਇਸ ਲਈ ਇਸਲਾਮ ਕਬੂਲਣ ਮਗਰੋਂ ਵੀ ਉਨ੍ਹਾਂ ਆਪਣੇ ਸੱਭਿਆਚਾਰਕ ਵਿਰਸੇ ਨਾਲ ਗੂੜ੍ਹਾ ਤੇ ਨਿੱਘਾ ਸੰਬੰਧ ਕਾਇਮ ਰੱਖਿਆ। ਮੁਸਲਮਾਨਾਂ ਦੇ ਮਲੰਗ, ਕਲੰਦਰ ਤੇ ਫਕੀਰ, ਜੋਗੀਆਂ ਤੇ ਸਾਧੂਆਂ ਵਾਂਗ ਪਿੰਡੇ ਉਤੇ ਸਵਾਹ ਜਾਂ ਭਭੂਤ ਮਲਦੇ ਸਨ ਅਤੇ ਕਫਨੀ, ਨਾਦ, ਕਸ਼ਕੋਲ ਤੇ ਤ੍ਰਿਸ਼ੂਲ ਲਈ ਫਿਰਦੇ ਸਨ। ਬਾਬਾ ਗੋਰਖ ਨਾਥ ਦੀ ਸਿੱਧੀ ਲਹਿਰ ਨੇ ਨਸ਼ੇ ਨੂੰ ਜਾਇਜ਼ ਕਰਾਰ ਦਿੱਤਾ, ਜਿਸ ਦਾ ਪ੍ਰਭਾਵ ਵੀ ਮੁਸਲਿਮ ਸੂਫੀਆਂ ਉਪੱਰ ਪਿਆ। ਬਾਬਾ ਗੋਰਖ ਨਾਥ ਦੇ ਕਥਨ ਅਨੁਸਾਰ ਇਸ਼ਵਰ ਦੀ ਜ਼ਾਤ ਵਿੱਚ ਆਪਣੀ ਜ਼ਾਤ ਨੂੰ ਗੁੰਮ ਕਰਨ ਲਈ ਨਸ਼ਾ ਕਰਨਾ ਕੋਈ ਬੁਰੀ ਗੱਲ ਨਹੀਂ ਹੈ। ਬਾਬਾ ਗੋਰਖ ਨਾਥ ਦਾ ਜ਼ਿਕਰ ਕਈ ਸੂਫੀਆਂ ਨੇ ਆਪਣੇ ਕਲਾਮ ਵਿੱਚ ਕੀਤਾ ਹੈ। ਹੀਰ-ਵਾਰਿਸ ਸ਼ਾਹ ਵਿੱਚ ਵੀ ਗੋਰਖ ਨਾਥ ਦਾ ਜ਼ਿਕਰ ਆਉਂਦਾ ਹੈ। ਵੇਦਾਂ ਵਿੱਚ ਵੀ ਮੁਕਤੀ ਲਈ ਪੰਜ ਸ਼ੈਵਾਂ ਦਾ ਜ਼ਿਕਰ ਆਉਂਦਾ ਹੈ, ਜਿਸ ਵਿੱਚ ਮਧ ਜਾਂ ਨਸ਼ਾ ਵੀ ਸ਼ਾਮਿਲ ਹੈ। ਹਿੰਦੂ ਮੱਠਾਂ ਵਾਂਗ ਅੱਜ ਵੀ ਸੂਫੀਆਂ ਦੇ ਤੱਕੀਆਂ ਤੇ ਦਰਗਾਹਾਂ 'ਤੇ ਅਫੀਮ, ਚਰਸ ਤੇ ਭੰਗ ਪੀਣ ਦਾ ਰਿਵਾਜ ਹੈ। ਨਾਥ ਯੋਗੀਆਂ ਦਾ ਕਲਾਮ, ਬਾਬਾ ਨਾਨਕ ਤੇ ਭਗਤ ਕਬੀਰ ਦੀਆਂ ਬਾਣੀਆਂ



CC-0. Sohail Kazmi Collection, Jammu. Digitized by eGangotri

ਉਨ੍ਹਾਂ ਦੇ ਰੂਹ ਦੀ ਖੁਰਾਕ ਸਨ। ਇਸੇ ਲਈ ਪੰਜਾਬ ਦੇ ਸੂਫ਼ੀ ਕਵੀਆਂ ਨੇ ਵੀ ਭਗਤੀ ਭਾਸ਼ਾ ਵਰਤੀ। ਉਨ੍ਹਾਂ ਆਪਣੇ ਸ਼ੇਅਰਾਂ ਵਿੱਚ 'ਹਰ, ਕਾਨ੍ਹ, ਸ਼ਾਮ, ਸਾਂਵਲ, ਮਨਮੋਹਨ, ਸਤਿਗੁਰ, ਰਾਮ ਸਿਮਰਨ, ਅਉਗਣ, ਅਭਾਗਣ, ਯਮ, ਕੰਤ, ਪ੍ਰੀਤਮ, ਸਾਧ, ਅਲਖ, ਅਨੇਕ, ਅਗਮ, ਅਨੂਪ, ਪ੍ਰੇਮ ਨਗਰ, ਪ੍ਰੇਮ ਸਾਗਰ, ਲੋਭ, ਮਾਇਆ, ਕਾਮ, ਕ੍ਰੋਧ, ਅਹੰਕਾਰ, ਗਗਨ, ਅੰਬਰ, ਮੁਰਲੀ, ਸੰਸਾਰ, ਆਵਾ ਗਉਣ, ਕਾਸ਼ੀ ਤੇ ਬਿੰਦਰਾਬਨ ਵਰਗੇ ਬੇਸ਼ੁਮਾਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਮਿਸਾਲ ਵੱਜੋਂ ਮਾਧੋ ਲਾਲ ਸ਼ਾਹ ਹੁਸੈਨ ਕਹਿੰਦਾ ਹੈ-

"ਇੱਕ ਅਰਜ਼ ਨਿਮਾਨੀ ਦੀ ਸੁਣ ਜਿੰਦ ਨੀ
ਸੁਰਤ ਦਾ ਤਾਨਾ ਨ੍ਰਿਤ ਦਾ ਬਾਨਾ ਹਰ ਹਰ ਪਟਿਆਵਸ ਜਿੰਦ ਨੀ
ਕਾਹੇ ਝੂਰੇ ਤੇ ਝੱਖ ਮਾਰੇ ਰਾਮ ਭਜਨ ਬਿਨ ਬਾਜ਼ੀ ਹਾਰੇਂ
ਬੀਜਿਆ ਸੀ ਸੂਲਨ ਜਿੰਦ ਨੀ।"

ਇੱਕ ਹੋਰ ਥਾਈਂ ਸ਼ਾਹ ਹੁਸੈਨ ਕਹਿੰਦਾ ਹੈ-

"ਆਉ ਕੁੜੇ ਰਲ ਝੂਮਰ ਪਾਉ ਨੀ
ਆਉ ਕੁੜੇ ਰਲ ਰਾਮ ਧਿਆਉ ਨੀ।"

-0-0-0-

"ਸਾਜਣ ਤਿਮਰੇ ਰੋਸੜੇ ਮੋਹੇ ਆਦਰ ਕਰੇ ਨਾ ਕੋਏ
ਦੂਰ ਦੂਰ ਕਰਨ ਸਹੇਲੀਆਂ ਮੈਂ ਤੁਰ ਤੁਰ ਤਾਕੋਂ ਤੋਹੇ।"

-0-0-0-

"ਤੁਸੀਂ ਭਈ ਨਾ ਭੁਲੋ ਕਾਈ ਜੇ ਮੈਂ ਭੁਲੀਆਂ
ਪ੍ਰੇਮ ਪਿਆਲਾ ਸਤਿਗੁਰ ਵਾਲਾ ਪੀਵਤ ਹੀ ਮੈਂ ਝੁਲੀਆਂ
ਲੋਕ ਰਾਜ ਕੀ ਮਰਯਾਦਾ ਡਾਲ ਸਜਣ ਵਲ ਚਲੀਆਂ
ਕਹੇ ਹੁਸੈਨ ਫਕੀਰ ਸਾਈਂ ਦਾ ਨਾਮ ਤੇਰੇ ਮੈਂ ਹੁਲੀਆਂ।"

ਆਵਾਗਉਣ ਤੇ ਸੰਸਾਰ ਚੱਕਰ, ਹਿੰਦੂ ਮਤ ਦਾ ਮੁੱਢਲਾ ਸਿਧਾਂਤ ਹੈ, ਜਿਹਨੂੰ ਕਈ ਮੁਸਲਮਾਨ ਸੂਫ਼ੀਆਂ ਨੇ ਵੀ ਕਬੂਲ ਕੀਤਾ ਹੈ। ਵਾਰਸ ਸ਼ਾਹ ਆਪਣੀ ਸ਼ਾਹਕਾਰ ਕਿਰਤ 'ਹੀਰ' ਵਿੱਚ ਰਾਂਝੇ ਦੁਆਰਾ ਕਹਿੰਦਾ ਹੈ-

"ਮੇਰਾ ਤੇਰਾ ਪਿਆਰ ਅਜ਼ਲ ਤੋਂ ਹੈ।
ਸਾਡਿਆਂ ਹੱਥਾਂ ਦੀਆਂ ਰੇਖਾਵਾਂ ਇਹ ਦੱਸਦੀਆਂ ਹਨ।
ਹੀਰ ਪੁੱਛਿਆ, ਰਾਂਝਿਆ ਸੱਚ ਦੱਸ ਖਾਂ ਮੇਰਾ ਤੇਰਾ ਕੀ ਸੰਬੰਧ ਹੈ।
ਰਾਂਝਾ ਬੋਲਿਆ, ਜਦੋਂ ਮੈਂ ਰਾਜਾ ਇੰਦਰ ਕੋਲ ਸਾਂ ਅੱਦੂ ਤੂੰ ਉਥੇ ਅਪਸਰਾ ਸੈਂ।
ਮੈਂ ਨਾਮਾਨੰਦ ਬਣ ਗਿਆ ਤੇ ਤੂੰ ਸਵਾਣੀ ਗੋਰਖਾਂ ਸੈਂ।


CC-0. Sohail Kazmi Collection, Jammu. Digitized by eGangotri

ਜਦੋਂ ਮੈਂ ਰਾਧੇ ਕ੍ਰਿਸ਼ਣ ਸਾਂ ਉਸ ਵੇਲੇ ਤੂੰ ਪਰਖ ਭਾਣ ਦੀ ਧੀ ਸੈਂ।
ਫਿਰ ਮੈਂ ਤਖ਼ਤ ਹਜ਼ਾਰੇ ਦੇ ਰਾਂਝਿਆਂ ਦੇ ਘਰ ਜੰਮਿਆ
ਤੇ ਤੂੰ ਮੇਹਰ ਚੂਚਕ ਦੇ ਘਰ ਜਨਮ ਲਿਆ।"

ਬੁੱਲ੍ਹੇ ਸ਼ਾਹ ਦਾ ਭਗਤੀ ਰੰਗ ਵੀ ਵੇਖੋ-

"ਲੰਕਾ ਚੜ ਕੇ ਨਾਦ ਵਜਾਇਉ
ਲੰਕਾ ਰਾਮ ਕੋਲੋਂ ਲੁਟਵਾਇਉ।"

-0-0-0-

"ਗੋਪੀਆਂ ਨਾਲ ਕੀ ਚੱਜ ਕਮਾਇਆ
ਮੱਖਣ ਕਾਨ੍ਹ ਤੋਂ ਲੁਟਵਾਇਆ
ਰਾਜੇ ਕੰਸ ਨੂੰ ਪਕੜ ਮੰਗਵਾਇਆ
ਬੋਦੀ ਪਕੜ ਪਛਾੜਿਆ ਈ।"

ਸੂਫ਼ੀ ਦਰਵੇਸ਼ ਬੰਦੇ ਵਿੱਚ ਰੱਬ ਦੀ ਜ਼ਾਤ ਨੂੰ ਲੱਭਦੇ ਨੇ। ਉਹ ਕਹਿੰਦੇ ਨੇ, ਰੱਬ ਨਾਲ ਪ੍ਰੇਮ ਕਰਨ ਵਾਲਾ ਕਿਸੇ ਨਾਲ ਨਫ਼ਰਤ ਨਹੀਂ ਕਰ ਸਕਦਾ। ਸੂਫ਼ੀਆਂ ਲਈ ਰੰਗ, ਨਸਲ, ਧਰਮ ਤੇ ਜ਼ਾਤਾਂ ਕੋਈ ਅਰਥ ਨਹੀਂ ਰੱਖਦੀਆਂ। ਉਹ ਇਨਸਾਨ ਦੋਸਤੀ ਦੀ ਪਾਲਣਾ ਕਰਦੇ ਹਨ। ਬੁੱਲ੍ਹਾ ਕਹਿੰਦਾ ਹੈ-

"ਨਾ ਮੈਂ ਮੋਮਣ ਵਿੱਚ ਮਸੀਤਾਂ
ਨਾ ਮੈਂ ਵਿੱਚ ਕੁਫ਼ਰ ਦੀਆਂ ਰੀਤਾਂ
ਨਾ ਮੈਂ ਪਾਕਾਂ ਵਿੱਚ ਪਲੀਤਾਂ
ਨਾ ਮੈਂ ਮੂਸਾ ਨਾ ਫਿਰਿਉਨ
ਬੁੱਲਾ ਕੀ ਜਾਣਾ ਮੈਂ ਕੌਣ।"

-0-0-0-

"ਵੇਦ ਕੁਰਾਨ ਪੜ੍ਹ ਪੜ੍ਹ ਥੱਕੇ
ਸਜਦੇ ਕਰਦਿਆਂ ਘਸ ਗੇ ਮੱਥੇ
ਨਾ ਰੱਬ ਤੀਰਥ ਨਾ ਰੱਬ ਮੱਕੇ
ਜਿਸ ਪਾਇਆ ਤਿਸ ਨੂਰ ਅਨਵਾਰ
ਇਸ਼ਕ ਦੀ ਨਵੀਉਂ ਨਵੀਂ ਬਹਾਰ।"

ਸੂਫ ਉਨੱ ਵਾਲੀ ਚਾਦਰ ਜਾਂ ਖੱਦਰ ਨੂੰ ਕਹਿੰਦੇ ਹਨ। ਅਰਬੀ ਵਿੱਚ ਸੂਫ ਦਾ ਮਤਲਬ ਹੈ, ਉਨੀ ਖੱਦਰ ਦਾ ਬਾਨਾ ਪਾਉਣਾ। ਉਨੱ ਖੋਰੀ ਹੁੰਦੀ ਹੈ ਅਤੇ ਉਨੱ ਦਾ ਬਾਨਾ ਸਰੀਰ ਨੂੰ ਚੁਭਦਾ ਰਹਿੰਦਾ ਹੈ। ਸੂਫ਼ੀ ਤੇ ਸੰਸਾਰ ਨੂੰ ਤਰਕ ਕਰਨ ਵਾਲੇ, ਸੁਖਿਆਰੇ ਲੀੜੇ ਪਾਉਣ ਵਾਲਿਆਂ ਨੂੰ ਦੁਨੀਆਦਾਰ ਕਹਿੰਦੇ ਹਨ, ਜਦਕਿ ਸੂਫ਼ੀ


CC-0. Sohail Kazmi Collection, Jammu. Digitized by eGangotri

ਫਕੀਰਾਂ ਦਾ ਖ਼ਿਆਲ ਹੈ ਕਿ ਜੁੱਸੇ ਨੂੰ ਜਿੰਨਾ ਵੀ ਦੁੱਖ ਦਿੱਤਾ ਜਾਵੇ, ਬੰਦੇ ਦੀ ਰੂਹ ਉਹਨੀ ਹੀ ਨਿਰਮਲ ਤੇ ਪਾਕ ਹੁੰਦੀ ਹੈ। ਤਾਹੀਉਂ ਸੂਫ਼ੀ ਫਕੀਰ ਉਨੱ ਦੇ ਚੋਗੇ ਪਾਉਂਦੇ ਸਨ। ਅਲਬਰੂਨੀ ਦਾ ਕਹਿਣਾ ਸੀ ਕਿ ਸੂਫ਼ੀ ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜੋ ਸੂਫ਼ ਵਿੱਚੋਂ ਨਿਕਲਿਆ ਹੈ ਅਤੇ ਜਿਸਦੇ ਅਰਥ ਹਨ ਅਕਲ, ਸੂਝ, ਦਾਨਿਸ਼ ਤੇ ਗਿਆਨ। ਡਾ. ਸਰ ਇਕਬਾਲ ਦੇ ਕਥਨ ਅਨੁਸਾਰ ਤਸਵੁੱਫ (ਰੱਬ ਨੂੰ ਹਾਸਿਲ ਕਰਨ ਦਾ ਗਿਆਨ) ਇਸਲਾਮੀਂ ਦੁਨੀਆ ਵਿੱਚ ਇੱਕ ਓਪਰਾ ਰੁੱਖ ਸੀ ਤੇ ਇਸ ਰੁੱਖ ਦੀਆਂ ਜੜਾਂ ਨੂੰ ਅਫਲਾਤੂਨੀਅਤ, ਬੁੱਧ ਸ਼ਰਮਨ ਤੇ ਭਗਤੀ ਲਹਿਰ ਨੇ ਸਿੰਜਿਆ। ਇੰਞ ਇਹ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਸੂਫ਼ੀਵਾਦ ਭਾਰਤ ਵਿੱਚ ਬੁੱਧ ਸ਼ਰਮਨ, ਸ਼ਿਵ ਦਰਸ਼ਨ ਤੇ ਭਗਤੀ ਲਹਿਰ ਦਾ ਸੁਮੇਲ ਹੈ ਅਤੇ ਤੱਪ ਤੇ ਤਿਆਗ ਦੀ ਗੁੜਤੀ ਸੂਫ਼ੀਆਂ ਨੇ ਬੁੱਧ ਧਰਮ ਤੋਂ ਲਈ ਹੈ। ਇਸਲਾਮ ਵਿੱਚ ਤਸਵੁੱਫ ਖਵਾਜਾ ਹਸਨ ਬਸਰੀ ਰਾਹੀਂ ਫੈਲਿਆ। ਉਨ੍ਹਾਂ ਨੂੰ ਤਸਵੁੱਫ ਦਾ ਦੂਜਾ ਪੀਰ ਕਹਿੰਦੇ ਹਨ। ਸੱਤਵੀਂ ਤੇ ਅੱਠਵੀਂ ਸਦੀ ਇਸਵੀ ਵਿੱਚ ਸੂਫ਼ੀ ਅਰਬ ਖੇਤਰ ਵਿੱਚ ਦਿਸਣੇ ਸ਼ੁਰੂ ਹੋ ਗਏ ਸਨ। ਅਰਬ ਦਾ ਪਹਿਲਾ ਸੂਫ਼ੀ ਅੱਬੂ ਹਾਸ਼ਮ ਉਸਮਾਨ ਬਿਨ ਸ਼ਰੀਕ ਸੀ। ਤਸਵੁੱਫ (ਇਸ਼ਵਰ ਨੂੰ ਪਾਉਣ ਦਾ ਇਲਮ) ਉਹ ਗਿਆਨ ਹੈ ਜੋ ਇਨਸਾਨ ਦੇ ਅੰਦਰ ਨੂੰ ਪਾਕ ਤੇ ਸਾਫ ਬਣਾਉਂਦਾ ਹੈ। ਸਮਾਜੀ ਰਸਮਾਂ, ਮਜ਼੍ਹਬੀ ਦਿਖਾਵੇ, ਅਕੀਦੇ ਤੇ ਅੰਧ ਵਿਸ਼ਵਾਸੀ ਨੂੰ ਨਕਾਰਦਾ ਹੈ। ਤਸਵੁੱਫ ਰੱਬ ਦੇ ਇਸ਼ਕ ਵਿੱਚ ਗਰਕ ਹੋਣ ਦਾ ਨਾਂ ਹੈ ਅਤੇ ਇਸ਼ਕ-ਏ-ਹਕੀਕੀ ਦੀ ਰੀਤ ਰਾਬਿਆ ਬਸਰੀ ਤੋਂ ਸ਼ੁਰੂ ਹੁੰਦੀ ਹੈ, ਜਿਹੜੀ ਰੱਬੀ ਇਸ਼ਕ ਵਿੱਚ ਫਨਾ ਫਿੱਲਾ (ਲੀਣ ਹੋਣਾ) ਹੋ ਗਈ ਸੀ। ਸੂਫ਼ੀਆਂ ਨੇ ਤਸਵੁੱਫ ਦੀਆਂ ਸੱਤ ਮੰਜ਼ਿਲਾਂ ਦੱਸੀਆਂ ਹਨ, ਜੋ ਇੰਞ ਹਨ: ਤਲਬ (ਲੋੜ, ਇੱਛਾ), ਇਸ਼ਕ, ਮਾਰਫਤ (ਵਸੀਲਾ), ਬੇਨਿਆਜ਼ੀ (ਦੁਨੀਆ ਤੋ ਮੁੱਖ ਮੋੜਨਾ), ਤੌਹੀਦ (ਇੱਕ ਓਂਕਾਰ), ਹੈਰਤ (ਅਚੰਭਾ, ਹੈਰਾਨਗੀ) ਤੇ ਫਨਾ (ਰੱਬ ਦੇ ਇਸ਼ਕ ਵਿੱਚ ਲੀਣ ਹੋਣਾ) ਦੀ ਮੰਜ਼ਿਲ।

ਹੁਸੈਨ ਬਿਨ ਮੰਸੂਰ ਹਲਾਜ (922 ਈ.) ਨੇ 'ਅਨ-ਅਲ-ਹੱਕ' ਦਾ ਨਾਅਰਾ ਦਿੱਤਾ, ਜਿਸਦਾ ਅਰਥ ਹੈ, 'ਮੈਂ ਹੱਕ ਹਾਂ' ਜਾਂ 'ਮੈਂ ਖ਼ੁਦਾ ਹਾਂ'। ਫਰਔਨ ਤੇ ਅਬਲੀਸ ਮੇਰੇ ਸੱਜਣ ਮਿੱਤਰ ਨੇ। ਫਰਔਨ ਦਰਿਆ ਵਿੱਚ ਗਰਕ ਹੋ ਗਿਆ ਤੇ ਅਬਲੀਸ ਨੂੰ ਨਰਕ ਦੀ ਤੜ੍ਹੀ ਦਿੱਤੀ ਗਈ, ਪਰ ਉਨ੍ਹਾਂ ਦੋਹਾਂ ਤੌਬਾ ਨਹੀਂ ਕੀਤੀ। ਮੰਸੂਰ ਹੱਲਾਜ ਕਹਿੰਦਾ ਸੀ ਬਈ ਅਲਬੀਸ ਜਾਂ ਸ਼ੈਤਾਨ, ਆਦਮ ਜਾਂ ਇਨਸਾਨ ਨੂੰ ਸਜਦਾ ਕਿੰਞ ਕਰਦਾ, ਜਦ ਰੱਬ ਨੇ ਆਪ ਕਿਹਾ ਸੀ ਕਿ ਉਹਦੇ ਬਗੈਰ ਕਿਸੇ ਹੋਰ ਨੂੰ ਸਜਦਾ ਕਰਨਾ ਪਾਪ ਹੈ। ਉਹ ਮੁਲਵਾਣਿਆਂ ਨੂੰ ਕਹਿੰਦਾ ਸੀ ਕਿ ਤੁਸੀਂ


CC-0. Sohail Kazmi Collection, Jammu. Digitized by eGangotri

ਮੈਨੂੰ ਸੂਲੀ 'ਤੇ ਟੰਗ ਦਿਉ, ਪਰ ਮੈਂ ਤੌਬਾ ਨਹੀਂ ਕਰਨੀ ਤੇ 'ਅਨ-ਅਲ-ਹੱਕ' ਦਾ ਨਾਅਰਾ ਮਾਰਦੇ ਰਹਿਣਾ ਹੈ। ਕਾਜ਼ੀ ਨੇ ਉਸਨੂੰ ਮੌਤ ਦੀ ਸਜ਼ਾ ਸੁਣਾਈ ਤੇ ਖਲੀਫ਼ਾ ਅਲ-ਮੁਕਤੱਦਰ ਦੇ ਰਾਜ ਵਿੱਚ ਉਸਨੂੰ ਤਸੀਹੇ ਦੇ ਕੇ ਫਾਹ ਲਾ ਦਿੱਤਾ। ਉਸਦੀ ਲੋਥ ਤਿੰਨ ਦਿਨਾਂ ਤਕ ਚੌਰਾਹੇ ਲਟਕਦੀ ਰਹੀ। ਮੰਸੂਰ ਇਸਮਾਇਲੀ ਫਿਰਕੇ ਨਾਲ ਸੰਬੰਧ ਰੱਖਦਾ ਸੀ। ਮੰਸੂਰ ਹੱਲਾਜ ਨੇ ਆਪਣੇ ਵਿਚਾਰ, 'ਅਲ-ਤਵਾਸੀਨ' ਪੁਸਤਕ ਵਿੱਚ ਦਰਜ ਕੀਤੇ ਹਨ। ਮੰਸੂਰ ਕਹਿੰਦਾ ਹੈ-

1. "ਮੈਂ ਉਹ ਹਾਂ ਜੋ ਮੇਰਾ ਮਹਿਬੂਬ ਹੈ ਤੇ ਮੇਰਾ ਮਹਿਬੂਬ ਮੈਂ ਹਾਂ।"
2. "ਅਸੀਂ ਦੋ ਆਤਮਾਵਾਂ ਹਾਂ, ਜਿਹੜੀਆਂ ਇੱਕੋ ਜੁੱਸੇ ਵਿੱਚ ਮੌਜੂਦ ਹਾਂ।"
3. "ਤੁਸੀਂ ਮੈਨੂੰ ਵੇਖ ਕੇ ਉਸਨੂੰ ਵੇਖੋਗੇ ਤੇ ਉਹਨੂੰ ਵੇਖ ਕੇ ਮੈਨੂੰ ਵੇਖੋਗੇ।"

ਮੰਸੂਰ ਹੱਲਾਜ ਨੇ ਕਿਹਾ ਸੀ ਬਈ ਜਿਹੜਾ ਸੂਫੀ ਫਨਾ-ਫਿੱਲਾ ਜਾਂ ਰੱਬੀ ਹੱਕ 'ਤੇ ਕੁਰਬਾਨ ਹੋ ਜਾਏ, ਉਸਦਾ ਦਰਜਾ ਅਵਤਾਰ, ਪੈਗੰਬਰ ਨਾਲੋਂ ਉਚੱਾ ਹੋ ਜਾਂਦਾ ਹੈ, ਕਿਉਂਕਿ ਪੈਗੰਬਰ ਸਿਰਫ ਪ੍ਰਚਾਰ ਕਰਦਾ ਹੈ ਤੇ ਸੂਫੀ ਇਸ਼ਕ ਹਕੀਕੀ ਵਿੱਚ ਮਸਤ ਰਹਿੰਦਾ ਹੈ। ਮੰਸੂਰ ਦੇ ਸਿਧਾਂਤ ਨੂੰ ਸ਼ੇਖ਼ ਅਕਬਰ ਮੋਹੀ-ਉ-ਦੀਨ ਮੁਹੰਮਦ ਬਿਨ ਅਲੀ ਨੇ ਪ੍ਰਚਲਿਤ ਕੀਤਾ ਜੋ ਇਬਨ-ਏ-ਅਰਬੀ ਦੇ ਨਾਂ ਨਾਲ ਮਸ਼ਹੂਰ ਹੋਏ। ਇਬਨ-ਏ-ਅਰਬੀ ਦੇ ਵਿਚਾਰ ਵੀ ਜ਼ਾਹਿਰੀ ਮਜ਼੍ਹਬ ਦੇ ਖ਼ਿਲਾਫ ਸਨ। ਉਹ ਕਹਿੰਦਾ ਸੀ ਕਿ ਨਰਕ ਤੇ ਸਵਰਗ ਦਾ ਜ਼ਾਹਿਰੀ ਵਜੂਦ ਕੋਈ ਨਹੀਂ ਹੈ। ਰੱਬ ਦੀ ਜ਼ਾਤ ਨੂੰ ਵੱਖ ਸਮਝਣਾ ਨਰਕ ਹੈ ਤੇ ਰੱਬ ਦੀ ਜ਼ਾਤ ਨਾਲ ਇਮਮਿਕ ਹੋ ਜਾਣਾ ਸਵਰਗ ਹੈ। ਇਬਨ-ਏ-ਅਰਬੀ ਦੇ ਮਸ਼ਹੂਰ ਚੇਲੇ ਤੇ ਮੁਰੀਦ ਜਲਾਲ-ਉ-ਦੀਨ ਰੂਮੀ ਸਨ, ਜਿਹੜੇ ਅਰਬੀ ਤੇ ਫ਼ਾਰਸੀ ਦੇ ਪ੍ਰਸਿੱਧ ਗਿਆਨੀ, ਫਲਾਸਫਰ, ਸ਼ਾਇਰ ਤੇ ਸੂਫੀ ਸਨ। ਇਬਨ-ਏ-ਅਰਬੀ ਮੁਜਬ ਇਸ਼ਕ ਉਹ ਦਾਰੂ ਹੈ ਜੋ ਦਿਲ ਦੇ ਖੋਟ ਕਪਟ ਨੂੰ ਖ਼ਤਮ ਕਰਕੇ ਮਨ ਨੂੰ ਕੁੰਦਨ ਵਿੱਚ ਬਦਲ ਦਿੰਦਾ ਹੈ ਅਤੇ ਰੰਗ ਨਸਲ ਤੇ ਧਰਮ ਦੀਆਂ ਬੇੜੀਆਂ ਤੋੜ ਕੇ ਰੱਬ ਨਾਲ ਪਿਆਰ ਕਰਨਾ ਸਿਖਾਉਂਦਾ ਹੈ। ਉਹ ਕਹਿੰਦਾ ਹੈ ਕਿ ਮੇਰਾ ਦੀਨ ਇਸ਼ਕ ਹੈ ਤੇ ਮੇਰਾ ਇਮਾਨ ਵੀ ਇਸ਼ਕ ਹੈ। ਇਸੇ ਖ਼ਿਆਲ ਨੂੰ ਮਾਧੋ ਲਾਲ ਸ਼ਾਹ ਹੁਸੈਨ ਨੇ ਆਪਣੀ ਇੱਕ ਕਾਫੀ ਵਿੱਚ ਵਰਤਿਆ ਹੈ-

"ਮੇਰਾ ਦੀਨ ਵੀ ਤੂੰ, ਇਮਾਨ ਵੀ ਤੂੰ।
ਮੇਰਾ ਰੋਜ਼ਾ, ਨਿਮਾਜ਼, ਕਰੁਆਨ ਵੀ ਤੂੰ।"

ਭਾਰਤ ਵਿੱਚ ਸੂਫੀਆਂ ਦੇ ਚਾਰ ਸਿਲਸਿਲੇ ਪ੍ਰਚਲਿਤ ਹੋਏ:

1. ਚਿਸ਼ਤੀ ਸਿਲਸਿਲਾ
2. ਕਾਦਰੀ ਸਿਲਸਿਲਾ



CC-0. Sohail Kazmi Collection, Jammu. Digitized by eGangotri

3. ਸੋਹਰਵਰਦੀ ਸਿਲਸਿਲਾ
4. ਨਕਸ਼ਬੰਦੀ ਸਿਲਸਿਲਾ।

ਕਾਦਰੀ ਸੰਪਰਦਾਇ ਦੇ ਮੋਢੀ ਸ਼ੇਖ਼ ਅਬਦੁਲ ਕਾਦਿਰ ਗਿਲਾਨੀ (1070-1166 ਈ.) ਸਨ। ਚਿਸ਼ਤੀ ਸੂਫੀਆਂ ਦੇ ਮੋਢੀ ਸ਼ੇਖ਼ ਅਬੂ ਇਸਹਾਕ ਸ਼ਾਮੀ ਸਨ, ਜਿਹੜੇ ਇਰਾਕ ਤੋਂ ਇਰਾਨ ਦੇ ਇੱਕ ਸ਼ਹਿਰ ਚਿਸ਼ਤ ਵਿੱਚ ਵੱਸ ਗਏ। ਇਸੇ ਫਿਰਕੇ ਵਿੱਚੋਂ ਖਵਾਜਾ ਮੋਈਨ-ਉ-ਦੀਨ ਚਿਸ਼ਤੀ ਭਾਰਤ ਆਏ ਤੇ ਅਜਮੇਰ ਵਿੱਚ ਡੇਰਾ ਲਾਇਆ। ਚਿਸ਼ਤੀ ਸੰਪਰਦਾਇ ਦੇ ਦੂਜੇ ਸੂਫੀ ਦਰਵੇਸ਼ ਖਵਾਜਾ ਬੁਖਤਿਆਰ ਕਾਕੀ ਸਨ ਤੇ ਤੀਜੇ ਮਸੂਦ-ਉ-ਦੀਨ ਗੰਜ ਸ਼ੱਕਰ ਜਾਂ ਬਾਬਾ ਫਰੀਦ ਸਨ। ਸ਼ੋਹਾਬ-ਉ-ਦੀਨ ਸੋਹਰਵਰਦੀ (1234 ਈ.) ਬਗਦਾਦੀ, ਸੋਹਰਵਰਦੀ ਫਿਰਕੇ ਦੇ ਮੋਢੀ ਸਨ। ਉਨ੍ਹਾਂ ਦੇ ਮੁਰੀਦ ਬਹਾ-ਉ-ਦੀਨ ਜ਼ਿਕਰੀਆ ਮੁਲਤਾਨੀ ਨੇ ਇਸਨੂੰ ਭਾਰਤ ਵਿੱਚ ਫੈਲਾਇਆ। ਨਕਸ਼ਬੰਦੀ ਸਿਲਸਿਲਾ ਤੁਰਕੀਸਤਾਨ ਵਿੱਚ ਕਾਇਮ ਹੋਇਆ। ਇਸਨੂੰ ਖਵਾਜਾ ਬਾਕੀ-ਬਾ-ਅੱਲਾ (1403 ਈ.) ਭਾਰਤ ਲਿਆਏ। ਉਨ੍ਹਾਂ ਦੇ ਖਲੀਫਾ ਸ਼ੇਖ਼ ਅਹਿਮਦ ਸਰਹੰਦੀ ਨੇ ਇਸਨੂੰ ਪੰਜਾਬ ਵਿੱਚ ਫੈਲਾਇਆ, ਪਰ ਇਨ੍ਹਾਂ ਚਾਰਾਂ ਸੂਫੀ ਸਿਲਸਿਲਿਆਂ ਵਿੱਚੋਂ ਚਿਸ਼ਤੀ ਤੇ ਕਾਦਰੀ ਹੀ ਹਰਮਨ ਪਿਆਰੇ ਹੋਏ। ਅਸਲ ਵਿੱਚ ਸੂਫੀਵਾਦ ਨੂੰ ਪੰਜਾਬ ਵਿੱਚ ਇਨ੍ਹਾਂ ਦੋ ਧਿਰਾਂ ਨੇ ਹੀ ਪ੍ਰਚਲਿਤ ਕੀਤਾ। ਸੋਹਰਵਰਦੀ ਸਿਰਫ ਮੁਲਤਾਨ ਤਕ ਸੀਮਤ ਰਹੇ, ਪਰ ਨਸ਼ਕਬੰਦੀ ਸਿਲਸਿਲਾ ਪੰਜਾਬ ਵਿੱਚ ਫੈਲ ਨਹੀਂ ਸਕਿਆ। ਚਿਸ਼ਤੀ ਤੇ ਕਾਦਰੀ ਸੂਫੀਆਂ ਦਾ ਵਰਤਾਰਾ ਹਿੰਦੂਆਂ ਨਾਲ ਪਿਆਰ ਮੁਹੱਬਤ ਵਾਲਾ ਸੀ। ਇਹ ਦੋਵੇਂ ਧਿਰਾਂ ਸੰਗੀਤ ਨੂੰ ਜਾਇਜ਼ ਕਰਾਰ ਦਿੰਦੀਆਂ ਸਨ। ਇਨ੍ਹਾਂ ਦੀਆਂ ਮਜਲਿੱਸਾਂ ਵਿੱਚ ਕਾਫੀਆਂ, ਦੋਹੜੇ ਤੇ ਸੀਹਰਫੀਆਂ ਗਾਈਆਂ ਜਾਂਦੀਆਂ ਜੋ ਲੋਕਾਂ ਦੀ ਆਮ ਬੋਲੀ ਵਿੱਚ ਲਿਖੀਆਂ ਹੁੰਦੀਆਂ ਸਨ ਤੇ ਜਿਨ੍ਹਾਂ ਨੂੰ ਲੋਕ ਤਰਜ਼ਾਂ ਵਿੱਚ ਗਾਇਆ ਜਾਂਦਾ। ਇਹ ਕਲਾਮ ਲੋਕਾਂ ਦੀ ਰੂਹ ਅੰਦਰ ਉਤਰ ਕੇ ਮਸਤੀ ਪੈਦਾ ਕਰ ਦਿੰਦਾ ਸੀ ਅਤੇ ਸੁਣਨ ਵਾਲੇ ਵਜਦ ਵਿੱਚ ਨੱਚਣ ਲੱਗਦੇ ਸਨ। ਬਾਬਾ ਫਰੀਦ, ਸ਼ਾਹ ਲਤੀਫ ਭਟਾਈ, ਖਵਾਜਾ ਗੁਲਾਮ ਫਰੀਦ, ਮੀਆਂ ਮੁਹੰਮਦ ਬਖ਼ਸ਼, ਵਾਰਿਸ ਸ਼ਾਹ, ਹਾਸ਼ਿਮ ਸ਼ਾਹ, ਅਲੀ ਹੈਦਰ, ਸ਼ਾਹ ਹੁਸੈਨ, ਸੁਲਤਾਨ ਬਾਹੂ ਤੇ ਬੁੱਲ੍ਹੇ ਸ਼ਾਹ ਚਿਸ਼ਤੀ ਤੇ ਕਾਦਰੀ ਸੂਫੀ ਸਨ। ਇਨ੍ਹਾਂ ਦੇ ਕਲਾਮ ਵਿੱਚ ਭਗਤ ਕਵੀਆਂ ਅਤੇ ਸੰਤਾਂ ਦੇ ਵਿਚਾਰ ਥਾਈਂ ਥਾਈਂ ਮਿਲਦੇ ਹਨ। ਮੀਆਂ ਮੀਰ ਵੀ ਕਾਦਰੀ ਸੂਫੀ ਸਨ। ਉਨ੍ਹਾਂ ਦਾ ਅਸਲੀ ਨਾਂ ਸ਼ੇਖ਼ ਮੁਹੰਮਦ ਸੀ। ਸ਼ਾਹ ਜਹਾਂ ਬਾਦਸ਼ਾਹ ਦਾ ਪੁੱਤਰ ਦਾਰਾ ਸ਼ਿਕੋਹ ਵੀ ਕਾਦਰੀ ਮਸਲਕ ਨੂੰ ਮੰਨਦਾ ਸੀ ਤੇ ਉਹ ਮੀਆਂ ਮੀਰ ਦਾ ਚੇਲਾ ਵੀ ਸੀ। ਕਈ ਸੂਝਵਾਨਾਂ ਤੇ ਗਿਆਨੀਆਂ ਖ਼ਾਸਕਰ ਦਾਰਾ ਸ਼ਿਕੋਹ ਨੇ ਲਿਖਿਆ ਹੈ ਕਿ


CC-0. Sohail Kazmi Collection, Jammu. Digitized by eGangotri

ਮੁਸਲਮਾਨਾਂ ਦਾ ਤਸਵੁੱਫ ਤੇ ਭਗਤੀ ਲਹਿਰ ਇੱਕੋ ਕੁੱਝ ਹਨ। ਬੁੱਲ੍ਹੇ ਸ਼ਾਹ ਕਹਿੰਦਾ ਹੈ-

"ਕਿਤੇ ਮੁਲਾਂ ਹੋ ਬੁਲੇਂਦੇ ਹੋ, ਕਿਤੇ ਸੁੰਨਤ ਫਰਜ਼ ਦਿਸੇਂਦੇ ਹੋ।
ਕਿਤੇ ਰਾਮ ਦੁਹਾਈ ਦਿੰਦੇ ਹੋ, ਕਿਤੇ ਮੱਥੇ ਤਿਲਕ ਲਗਾਈ ਦਾ।
ਹੁਣ ਕਿਸ ਤੋਂ ਆਪ ਛੁਪਾਈ ਦਾ।"

-0-0-0-

"ਬੁਲਿਆ ਚਲ ਸੁਨਿਆਰ ਦੇ ਜਿੱਥੇ ਗਹਿਣੇ ਘੜੀਏ ਲਾਖ
ਸੂਰਤ ਆਪੋ ਆਪਣੀ ਤੂੰ ਇਕੋ ਰੂਪਾ ਆਖ।"

-0-0-0-

"ਇਲਮੋਂ ਬਸ ਕਰੀਂ-ਉਂ ਯਾਰ, ਇਕੋ ਅਲਫ ਤੇਰੇ ਦਰਕਾਰ।"

-0-0-0-

"ਮੁੱਲਾਂ ਮੈਨੂੰ ਸਬਕ ਪੜ੍ਹਾਇਆ, ਅਲਫੋਂ ਅਗੇ ਕੁੱਝ ਨਾ ਆਇਆ
ਉਹ ਬੇ ਈ ਬੇ ਪੁਕਾਰਦਾ ਈ, ਮੁੱਲਾਂ ਮੈਨੂੰ ਮਾਰਦਾ ਈ।"

-0-0-0-

"ਫੂਕ ਮਸੱਲਾ ਭੰਨ ਸੁਟ ਲੋਟਾ, ਨਾ ਫੜ ਤਸਬੀ ਆਸਾ ਸੋਟਾ
ਆਸ਼ਿਕ ਕਹਿੰਦੇ ਦੇ ਦੇ ਹੋਕਾ, ਤਰਕ ਹਲਾਲੂ ਖਾ ਮੁਰਦਾਰ।"

-0-0-0-

"ਭੱਠ ਨਮਾਜ਼ਾਂ ਚਿਕੜ ਰੋਜ਼ੇ, ਕਲਮੇਂ ਤੇ ਫਿਰ ਗਈ ਸਿਹਾਈ।
ਬੁਲ੍ਹੇ ਸ਼ਾਹ ਸ਼ੋਹ ਅੰਦਰੋਂ ਮਿਲਿਆ ਭੁੱਲੀ ਫਿਰੇ ਲੋਕਾਈ।"

-0-0-0-

ਅਲੀ ਹੈਦਰ ਕਹਿੰਦਾ ਹੈ-

"ਕਾਫਰ ਹੋਇਆਂ ਸੋਹਣੇ ਯਾਰ ਪਿੱਛੇ, ਮੁੱਲਾਂ ਧੱਕੀਂ ਨਮਾਜ਼ ਪੜ੍ਹਾਂਦੇ ਨੀ।
ਆਸ਼ਿਕ ਸਜਦਾ ਕਰਦੇ ਮੁਖ ਯਾਰ ਦੇ ਨੂੰ, ਵਲ ਕਾਬੇ ਨੂੰ ਸੀਸ ਨਿਭਾਂਦੇ ਨੀ।
ਦੀਨ ਮਜ਼੍ਹਬ ਨਹੀਉਂ ਇਨ੍ਹਾਂ ਆਸ਼ਕਾਂ ਦਾ, ਤਸਬੀ ਤੋੜ ਜੰਞੂ ਗਲ ਪਾਉਂਦੇ ਨੀ।
ਹੈਦਰ ਵਾਰੀ ਜਾਈਏ ਇਨ੍ਹਾਂ ਆਸ਼ਕਾਂ ਦੇ, ਜਿਹੜੇ ਕੁਫਰੋਂ ਰਾਹ ਨੂੰ ਪਾਉਂਦੇ ਨੀ।"

ਹਾਸ਼ਮ ਸ਼ਾਹ ਕਹਿੰਦਾ ਹੈ-

ਜਾਂ ਮੰਸੂਰ ਹੋਇਆ ਮਧ ਮਾਤਾ, ਤਦ ਸੂਲੀ ਨਾਲ ਪਰੋਤਾ
ਹਾਸ਼ਮ ਇਸ਼ਕ ਅਜਿਹਾ ਮਿਲਿਆ, ਜਿਸ ਦੀਨ ਮਜ਼੍ਹਬ ਸਭ ਧੋਤਾ।"

-0-0-0-

ਵਾਰਿਸ ਕਹਿੰਦਾ ਹੈ-


CC-0. Sohail Kazmi Collection, Jammu. Digitized by eGangotri

"ਰਾਂਝੇ ਆਖਿਆ ਖ਼ਿਆਲ ਨਾ ਪੋ ਮੇਰੇ, ਸ਼ੀਂਹ ਸੱਪ ਫਕੀਰ ਦਾ ਦੇਸ ਕੇਹਾ।
ਵਤਨ ਦਸਾਂ ਦੇ ਨਾਲ ਤੇ ਜ਼ਾਤ ਯੋਗੀ, ਸਾਡਾ ਸਾਕ ਕਬੀਲੜਾ ਖਵੇਸ਼ ਕੇਹਾ।
ਜਿਹੜਾ ਵਤਨ ਤੇ ਜ਼ਾਤ ਵਲ ਧਿਆਨ ਕਰਦਾ,
ਦੁਨੀਆਦਾਰ ਹੈ ਉਹ ਦਰਵੇਸ਼ ਕੇਹਾ।"

ਇੱਕ ਹੋਰ ਥਾਈਂ ਵਾਰਿਸ ਕਹਿੰਦਾ ਹੈ-

"ਵਾਰਿਸ ਇਸ਼ਕ ਹਕੀਕੀ ਦੀ ਲੈਣ ਲੱਜ਼ਤ,
ਪਹਿਲਾਂ ਚੱਖ ਕੇ ਲੂਣ ਮਜ਼ਾਜੀਆਂ ਦਾ।"

ਸ਼ਾਹ ਹੁਸੈਨ ਦੀਆਂ ਕਾਫੀਆਂ ਵਿੱਚ ਤੁੰਬਣ, ਵੇਲਣ, ਪਿੰਜਣ, ਕੱਤਣ ਤੇ ਬੁਣਨ ਦੇ ਕੰਮ ਨੇਕ ਅਮਲਾਂ ਦੇ ਚਿੰਨ੍ਹ ਹਨ, ਜਿਵੇਂ-

"ਕੱਤਣ ਸਿਖ ਨੀ ਵਲੱਲੀਏ ਕੁੜੀਏ, ਚੜਿਆ ਲੋੜ੍ਹੇ ਖਾਰੀ।
ਤੰਦ ਟੁੱਟੀ ਅਟੇਰਨ ਭੰਣਾ ਚਰਖੇ ਦੀ ਕਰ ਕਾਰੀ।
ਕਹੇ ਹੁਸੈਨ ਫਕੀਰ ਸਾਈਂ ਦਾ ਅਮਲਾਂ ਬਾਝ ਖੁਆਰੀ।"

ਕਾਦਰੀ ਸੂਫੀਆਂ ਵਿੱਚ ਕੁੱਝ ਸੂਫ਼ੀ ਮਲਾਮਤੀ ਤੇ ਕਲੰਦਰੀ ਵੀ ਹੋਏ ਹਨ। ਮਲਾਮਤੀ ਸੂਫੀ ਆਪਣੇ ਆਪ ਨੂੰ ਹੀਣਾ, ਪਾਪੀ, ਕੁੱਤਾ ਤੇ ਨੀਚ ਸਮਝਦੇ ਹਨ। ਮਲਾਮਤੀ ਤੇ ਕਲੰਦਰੀ ਸੂਫੀ ਲੋਕ-ਲਾਜ ਦੀ ਪ੍ਰਵਾਹ ਨਹੀਂ ਕਰਦੇ ਅਤੇ ਆਜ਼ਾਦੀ ਨਾਲ ਜੀਵਨ ਗੁਜ਼ਾਰਦੇ ਹਨ। ਯੂਨਾਨ ਦਾ ਪ੍ਰਸਿੱਧ ਫਿਲਾਸਫਰ ਸੁਕਰਾਤ ਵੀ ਮਲਾਮਤੀ ਸੀ, ਉਹ ਪਾਟੇ ਕੱਪੜੇ ਪਾ ਕੇ ਸਿਰੋਂ ਤੇ ਪੈਰੋਂ ਨੰਗਾ ਏਥਨਜ਼ ਦੇ ਬਾਜ਼ਾਰਾਂ ਵਿੱਚ ਫਿਰਦਾ ਰਹਿੰਦਾ ਸੀ। ਸਾਧੂ ਖ਼ਾਸਕਰ ਨਾਂਗੇ ਸਾਧੂ ਵੀ ਮਲਾਮਤੀ ਹੁੰਦੇ ਨੇ। ਸਰਮਦ ਵੀ ਮਲਾਮਤੀ ਸੀ, ਜਿਹੜਾ ਅਲਫ ਨੰਗਾ ਰਹਿੰਦਾ ਸੀ ਤੇ ਉਸਨੂੰ ਕਿਸੇ ਜੁਰਮ ਵਿੱਚ ਮਾਰ ਦਿੱਤਾ ਗਿਆ ਸੀ। ਮਲਾਮਤੀ ਸੂਫੀ ਚਾਰ ਚੀਜ਼ਾਂ ਨੂੰ ਛੱਡਣ ਲਈ ਕਹਿੰਦੇ ਹਨ, 'ਤਰਕ ਮਾਲ', 'ਤਰਕ ਜਾਨ', 'ਤਰਕ ਇੱਜ਼ਤ', 'ਤਰਕ ਦੀਨ'। ਸੁਲਤਾਨ ਬਾਹੂ ਦੇ ਹੇਠ ਦਰਜ ਚੁਮਿਸਰੇ ਵਿੱਚ ਬਾਹੂ ਕਹਿੰਦਾ ਹੈ ਕਿ ਯਾਰ (ਰੱਬ) ਲਈ ਗਾਲਾਂ, ਤਾਨ੍ਹੇ ਮੀਨ੍ਹੇ, ਉਲ੍ਹਾਮੇ ਤੇ ਖੱਜਲ ਖੁਆਰੀ ਵੀ ਬਰਦਾਸ਼ਤ ਕਰ ਲੈਂਦਾ ਹਾਂ-

"ਜੀਊਂਦਿਆਂ ਮਰ ਰਹਿਣਾ ਹੋਵੇ ਤਾਂ ਵੇਸ ਫਕੀਰੀ ਲਹੀਏ ਹੂ।
ਜੇ ਕੋਈ ਸੁੱਟੇ ਗੁਦੜ ਕੂੜਾ ਵਾਂਗ ਆਰੂੜੀ ਸਹੀਏ ਹੂ।
ਜੇ ਕੋਈ ਕੱਢੇ ਗਾਲਾਂ ਮੀਨ੍ਹਾ ਉਸਨੂੰ ਜੀ ਜੀ ਕਹੀਏ ਹੂ।
ਗਿਲ੍ਹਾ ਉਲ੍ਹਾਮਾ ਭੰਡੀ ਖੁਆਰੀ ਯਾਰ ਦੇ ਪਾਰੋਂ ਸਹੀਏ ਹੂ।"

ਮਾਧੋ ਲਾਲ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਵੀ ਮਲਾਮਤੀ ਕਲੰਦਰ ਹਨ। ਸ਼ਾਹ ਹੁਸੈਨ ਸ਼ਰਾਬ ਪੀ ਕੇ ਨੱਚਦਾ ਗਾਉਂਦਾ ਸੀ ਤੇ ਆਪਣੇ ਆਪ ਨੂੰ ਨਿਮਾਣਾ ਤੇ



CC-0. Sohail Kazmi Collection, Jammu. Digitized by eGangotri

ਨਿਤਾਣਾ ਦੱਸਦਾ ਸੀ। ਉਹ ਕਹਿੰਦਾ ਹੈ-

"ਔਗੁਣ ਹਾਰੀ ਨੂੰ ਕੋ ਗੁਣ ਨਾਹੀ, ਲੂੰ ਲੂੰ ਐਬ ਭਰੀਂ
ਕਹੇ ਹੁਸੈਨ ਫਕੀਰ ਨਿਮਾਣਾ, ਅਦਲੋਂ ਫਜ਼ਲ ਕਰੀਂ
ਰੱਬਾ ਮੇਰੇ ਔਗੁਣ ਚਿਤ ਨਾ ਧਰੀਂ।"

-0-0-0-

ਬੁੱਲ੍ਹੇ ਸ਼ਾਹ ਤਾਂ ਮਲਾਮਤੀ ਹੋਣ ਦਾ ਇਕਰਾਰ ਵੀ ਕਰਦਾ ਹੈ, ਜਿਵੇਂ-

"ਬੁਲਿਆ ਆਸ਼ਿਕ ਹੋਇਉਂ ਰੱਬ ਦਾ, ਮਲਾਮਤ ਹੋਈ ਲਾਖ
ਲੋਕ ਕਾਫਰ ਕਾਫਰ ਆਖਦੇ, ਤੂੰ ਆਖੋ ਆਖੋ ਆਖ।"

-0-0-0-

"ਬੁਲ੍ਹੇ ਕੋਲੋਂ ਚੁੱਲ੍ਹਾ ਚੰਗਾ, ਜਿਸ ਤੇ ਧਾਮ ਪਕਾਈ ਦਾ
ਰਲ ਫਕੀਰਾਂ ਮਜਲਸ ਕੀਤੀ, ਭੋਰਾ ਭੋਰਾ ਖਾਈ ਦਾ।"

-0-0-0-

"ਰਾਤੀਂ ਜਾਗਣ ਕਰੇਂ ਇਬਾਦਤ, ਰਾਤੀਂ ਜਾਗਣ ਕੁੱਤੇ- ਤੇਥੋਂ ਉਤੇ
ਭੌਂਕਣੂ ਬੰਦ ਮੂਲ ਨਾ ਹੁੰਦੇ, ਜਾ ਰੁੜੀ ਤੇ ਸੁਤੇ- ਤੇਥੋਂ ਉਤੇ
ਖਸਮ ਅਪਣੇ ਦਾ ਦਰ ਨਾ ਛੱਡਦੇ, ਭਾਵੇਂ ਬੱਜਣ ਜੁੱਤੇ- ਤੇਥੋਂ ਉਤੇ।
ਬੁੱਲ੍ਹੇ ਸ਼ਾਹ ਕੋਈ ਰਖਤ ਤਾਜ ਲੈ
ਨਹੀਂ ਤਾਂ ਬਾਜੀ ਲੈ ਗਏ ਕੁੱਤੇ- ਤੇਥੋਂ ਉਤੇ।"

ਅੱਜ ਵੀ ਪੰਜਾਬੀ ਸੂਫੀ ਕਵੀਆਂ ਦਾ ਕਲਾਮ ਸਜਰਾ ਤੇ ਦਿਲ ਨੂੰ ਮੋਹ ਲੈਣ ਵਾਲਾ ਹੈ। ਅੱਜ ਵੀ ਭਾਰਤ ਤੇ ਪਾਕਿਸਤਾਨ ਵਿੱਚ ਸੰਗੀਤ ਦੀ ਹਰ ਮਹਿਫਲ, ਪੰਜਾਬੀ ਸੂਫੀਆਂ ਦੇ ਕਲਾਮ ਨਾਲ ਸਜਦੀ ਹੈ। ਇਨ੍ਹਾਂ ਸੂਫੀਆਂ ਦੀ ਸ਼ਾਇਰੀ ਕਾਰਨ ਹੀ ਹਾਮਦ ਅਲੀ ਬੇਲਾ, ਪਠਾਨੇ ਖਾਂ, ਉਸਤਾਦ ਜੁੰਮਣ, ਆਲਮ ਲੁਹਾਰ, ਆਰਫ ਲੁਹਾਰ, ਮੁਨੀਰ ਹੁਸੈਨ ਭੱਟੀ, ਮੰਸੂਰ ਮਲੰਗੀ, ਉਸਤਾਦ ਹਾਮਦ ਅਲੀ, ਸ਼ੌਕਤ ਅਲੀ, ਆਬਦਾ ਪਰਵੀਨ, ਉਸਤਾਦ ਨੁਸਰਤ ਫਤਹਿ ਅਲੀ ਖਾਂ ਤੇ ਉਸਦੇ ਸ਼ਗਿਰਦ ਹੰਸ ਰਾਜ ਹੰਸ ਤੇ ਤੂਫੈਲ ਨਿਆਜ਼ੀ ਆਦਿ ਸਮੁੱਚੇ ਪੰਜਾਬੀ ਜਗਤ ਵਿੱਚ ਆਪਣੀ ਗਾਇਕੀ ਕਾਰਨ ਮਸ਼ਹੂਰ ਹੋਏ। ਅੱਜ ਵੀ ਪੰਜਾਬ ਵਿੱਚ ਸਭ ਤੋਂ ਵੱਧ ਗਾਉਣ ਵਾਲਾ ਕਲਾਮ ਇਨ੍ਹਾਂ ਸੂਫੀਆਂ ਦਾ ਹੀ ਹੈ। ਮੁੱਕਦੀ ਗੱਲ ਇਹ ਹੈ ਕਿ ਸੂਫੀਵਾਦ ਅਤੇ ਸੂਫੀਆਂ ਦੀ ਸ਼ਾਇਰੀ, ਭਗਤੀ ਰਸ ਦਾ ਹੀ ਵਿਸਤਾਰ ਹੈ। ਭਗਤਾਂ ਦੀ ਸ਼ਾਇਰੀ ਤੇ ਸੂਫੀਆਂ ਦਾ ਕਲਾਮ ਇਨਸਾਨ ਦੋਸਤੀ ਅਤੇ ਅਮਨ ਸ਼ਾਂਤੀ ਦੇ ਪਤਾਸੇ ਵੰਡਦਾ ਹੈ। ਇਹੋ ਕਾਰਨ ਹੈ ਕਿ ਸੂਫੀ ਸ਼ਾਇਰੀ ਸਾਰਿਆਂ ਪੰਜਾਬੀਆਂ ਲਈ, ਸੂਝਵਾਨਾਂ, ਲਿਖਾਰੀਆਂ ਤੇ ਕਲਾਕਾਰਾਂ ਲਈ ਨਿੱਘੀ ਖਿੱਚ ਰੱਖਦੀ ਹੈ। ਹਰ



CC-0. Sohail Kazmi Collection, Jammu. Digitized by eGangotri

ਨਸਲ, ਧਰਮ ਤੇ ਅਕੀਦਿਆਂ ਨੂੰ ਮੰਨਣ ਵਾਲੇ ਪੰਜਾਬੀ, ਸੂਫ਼ੀ ਸ਼ਾਇਰੀ ਨਾਲ ਗੂੜ੍ਹੀ ਤਰ੍ਹਾਂ ਜੁੜੇ ਹੋਏ ਹਨ। ਸੂਫ਼ੀ ਸੰਤਾਂ ਦਾ ਰੱਬੀ ਇਸ਼ਕ ਅਤੇ ਹੱਕ ਸੱਚ ਦਾ ਫ਼ਲਸਫ਼ਾ ਸਕੂਨ ਬਖ਼ਸ਼ਦਾ ਹੈ, ਜਿਸਦੀ ਅੱਜ ਦੇ ਸਮੇਂ ਵਿੱਚ ਡਾਹਢੀ ਲੋੜ ਹੈ।

*** *** ***



CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri

CC-0. Sohail Kazmi Collection, Jammu. Digitized by eGangotri



ਇਸ ਪੁਸਤਕ ਵਿੱਚ ਸਮਕਾਲੀ ਮਸਲਿਆਂ ਅਤੇ ਸਾਹਿਤਕ ਵਿਸ਼ਿਆਂ ਬਾਰੇ ਮਹੱਤਵਪੂਰਣ ਲੇਖ ਸ਼ਾਮਿਲ ਕੀਤੇ ਗਏ ਹਨ ਜੋ ਖ਼ਾਲਿਦ ਹੁਸੈਨ ਦੀ ਖੋਜੀ ਤਬੀਅਤ ਅਤੇ ਗੰਭੀਰ ਅਧਿਐਨ ਕਰਨ ਦੀ ਬਿਰਤੀ ਦਾ ਪ੍ਰਗਟਾਵਾ ਹਨ। ਇਨ੍ਹਾਂ ਵਿੱਚੋਂ ਕੁਝ ਅਹਿਮ ਲੇਖ ਹਨ - ਵੱਡੇ ਵਿਹੜੇ ਦੀ ਹੀਰ- ਅਮ੍ਰਿਤਾ ਪ੍ਰੀਤਮ, ਕਲਮ ਕਬੀਲੇ ਦਾ ਪਾਂਧੀ ਅਹਿਮਦ ਰਾਹੀ, ਸਾਂਝੀ ਰਹਿਤਲ ਦਾ ਪ੍ਰਤੀਕ- ਮੀਆਂ ਮੀਰ, ਮਾਸੂਮ ਜਜ਼ਬਿਆਂ ਦਾ ਸ਼ਾਇਰ ਬੀਬਾ ਬਲਵੰਤ, ਮੀਲਵੀ ਗ਼ੁਲਾਮ ਰਸੂਲ ਆਲਮਪੁਰੀ ਦਾ ਕਿੱਸਾ ਯੂਸਫ਼ ਜ਼ੁਲੈਖਾ ਅਤੇ ਸੂਫ਼ੀ ਸ਼ਾਇਰੀ ਉੱਤੇ ਭਗਤੀ ਲਹਿਰ ਦਾ ਪ੍ਰਭਾਵ। ਖਾਲਿਦ ਹੁਸੈਨ ਇਕ ਸਿਰਜਣਾਤਮਕ ਲੇਖਕ ਹੈ। ਉਸ ਕੋਲੋਂ ਕਿਸੇ ਕਿਸਮ ਦੇ ਕਸਬੀ ਆਲੋਚਕ ਜਾਂ ਅਕਾਦਮਿਕ ਚਿੰਤਕ ਦੀ ਆਸ ਨਹੀਂ ਰੱਖੀ ਜਾ ਸਕਦੀ। ਉਹ ਤਾਂ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਵਿਚਕਾਰ ਸਦਭਾਵਨਾ ਅਤੇ ਇਨਸਾਨ-ਦੋਸਤੀ ਦਾ ਸ਼ੈਦਾਈ ਹੈ। ਇਨ੍ਹਾਂ ਲੇਖਾਂ ਨੂੰ ਇਸੇ ਰੰਗ ਵਿੱਚ ਲਿਖਿਆ ਗਿਆ ਹੈ। ਸਚਮੁਚ ਹੀ ਇਹ ਲੇਖ ਖ਼ਾਲਿਦ ਹੁਸੈਨ ਦੇ ਰੰਗ ਦੇ ਅੱਖਰ ਹਨ। ਇਸ ਪੁਸਤਕ ਦਾ ਅਸਲ ਮਹੱਤਵ ਇਸਦੀ ਚਿੰਤਨਸ਼ੀਲ ਬਿਰਤੀ ਅਤੇ ਸਰਬ-ਸਾਂਝ ਦੀ ਬਾਤ ਪਾਉਣ ਵਾਲੀ ਭਾਵਨਾ ਵਿੱਚ ਲੁਕਿਆ ਹੋਇਆ ਹੈ।

*-ਜਗਬੀਰ ਸਿੰਘ*

ISBN 938285164-X
9 789382 851646

***Mere Rang De Akhar***

**₹ 300/-**

**Chetna Parkashan**
Punjabi Bhawan, **Ludhiana**-141001
(Pb.) INDIA. Ph. 0161-2413613, 2404928
B.O. : Qila Road, Opp. Bus Stand, **Kotkapura**.
e-mail:chetnaparkashan@gmail.com
website: www.chetnaparkashan.com

CC-0. Sohail Kazmi Collection, Jammu. Digitized by eGangotri